ISSN-0971-8397

ਇਕ ਵਿਕਾਸ ਮਾਸਿਕ

# ਯੋਜਨਾ

ਸਾਲ : 29 ਅੰਕ 9 ਅਪ੍ਰੈਲ, 2014 ₹20 ਸਾਲਾਨਾ ਚੰਦਾ ₹100

ਵਿਸ਼ੇਸ਼ ਅੰਕ

## ਭਾਰਤੀ ਆਰਥਿਕਤਾ
## ਕਾਰਗੁਜ਼ਾਰੀ, ਚੁਨੌਤੀਆਂ ਤੇ ਸੰਭਾਵਨਾਵਾਂ


ਭਾਰਤ ਦੇ ਤਿੰਨ ਤੀਰ : ਤੁਲਨਾਤਮਕ ਪਰਿਪੇਖ ਵਿਚ ਭਾਰਤੀ ਵਿਕਾਸ ਗਾਥਾ ਮੁੜ ਸ਼ੁਰੂ
ਅਲੋਕ ਸ਼ੀਲ

ਭਾਰਤ ਦਾ ਨਜ਼ਰੋਂ ਓਝਲ ਆਰਥਿਕ ਪਰਿਵਰਤਨ
ਕੁਨਾਲ ਸੇਨ

ਤਕਨਾਲੋਜੀਕਲ ਸਵੈ-ਨਿਰਭਰਤਾ ਨਾਲ ਆਰਥਿਕ ਵਿਕਾਸ, ਸੰਕੇਤਾਂ ਤੋਂ ਕੀ ਅਨੁਮਾਨ ਲਾਈਏ?
ਸੁਨੀਲ ਮਣੀ

ਉਤਪਾਦੀ ਰੁਜ਼ਗਾਰ ਤੇ ਅਧਿਕਾਰ ਭਰਪੂਰ ਸਿੱਖਿਆ : ਭਾਰਤ ਦੇ ਯੁਵਕਾਂ ਲਈ ਏਜੰਡਾ
ਰਾਘਬੇਂਦਰ ਝਾ

ਵਿਸ਼ੇਸ਼ ਲੇਖ
ਇੰਟਰਨੈੱਟ ਉੱਤੇ ਕਿਸ ਦਾ ਨਿਯੰਤ੍ਰਣ? ਸੁਤੰਤਰਤਾ ਤੇ ਰਾਸ਼ਟਰੀ ਸੁਰੱਖਿਆ ਵੱਲ ਸੰਕੇਤ
ਸੁਨੀਲ ਅਬਰਾਹਮ

# ਸੰਪਾਦਕੀ

ਸਾਮਰਾਜੀ ਨਿਜ਼ਾਮ ਦੇ ਰਾਜ ਹੇਠ ਆਉਣ ਤੋਂ ਲੈ ਕੇ ਮੌਜੂਦਾ ਸਮੇਂ ਤਕ, ਜਦੋਂ ਆਰਥਿਕ ਸੁਧਾਰਾਂ ਦੀ ਸ਼ੁਰੂਆਤ ਹੋਈ, ਭਾਰਤ ਦੇ ਆਰਥਿਕ ਇਤਿਹਾਸ ਵਿਚ ਵੱਖ-ਵੱਖ ਦੌਰ ਆਏ। 1757 ਦੀ ਪਲਾਸੀ ਦੀ ਲੜਾਈ ਤੋਂ ਬਾਅਦ, ਭਾਰਤ ਵਿਚ ਬਰਤਾਨਵੀ ਬਸਤੀਵਾਦੀ ਸ਼ਾਸਨ ਦੀ ਰਸਮੀ ਸ਼ੁਰੂਆਤ ਤੋਂ ਪਹਿਲਾਂ, ਭਾਰਤ ਦੁਨੀਆਂ ਦੇ ਅਮੀਰ ਦੇਸ਼ਾਂ ਵਿਚ ਸ਼ਾਮਿਲ ਸੀ। ਕੁੱਝ ਅਨੁਮਾਨਾਂ ਅਨੁਸਾਰ, ਮੁਗ਼ਲ ਕਾਲ ਦੌਰਾਨ ਭਾਰਤ ਦੂਜੀ ਵੱਡੀ ਆਰਥਿਕ ਸ਼ਕਤੀ ਸੀ ਜੋ ਵਿਸ਼ਵ ਆਰਥਿਕਤਾ ਦੀ 25 ਪ੍ਰਤਿਸ਼ਤ ਸੀ। ਦੋ ਸਦੀਆਂ ਦੇ ਸ਼ੋਸ਼ਣਕਾਰੀ ਬਰਤਾਨਵੀ ਬਸਤੀਵਾਦੀ ਰਾਜ ਦੌਰਾਨ ਭਾਰਤ ਦੀ ਦੌਲਤ ਵਿਦੇਸ਼ਾਂ ਵਿਚ ਚਲੀ ਗਈ ਅਤੇ ਉਦਯੋਗੀਕਰਨ ਵਿਰੋਧੀ ਪ੍ਰਕਿਰਿਆ ਨੇ ਭਾਰਤ ਦੇ ਲੋਕਾਂ ਦਾ ਘਾਣ ਕਰ ਕੇ ਰੱਖ ਦਿਤਾ। ਮਹਾਨ ਰਾਸ਼ਟਰਵਾਦੀ ਨੇਤਾ ਦਾਦਾਭਾਈ ਨਾਰੋਜੀ ਪਹਿਲਾ ਵਿਅਕਤੀ ਸੀ ਜਿਸ ਨੇ ਬੜੇ ਤਰੀਕੇ ਨਾਲ ਬਸਤੀਵਾਦੀ ਸ਼ੋਸ਼ਣ ਦੇ ਪੱਖ ਨੂੰ ਉਭਾਰਿਆ। ਉਸ ਦੇ ਮੁੱਲੰਕਣ ਨੇ ਸਿਧਾਂਤਕ ਤੌਰ ਤੇ ਆਜ਼ਾਦੀ ਅੰਦੋਲਨ ਦੀ ਨੀਂਹ ਰੱਖ ਦਿਤੀ ਜੋ 1947 ਵਿਚ ਭਾਰਤ ਦੀ ਆਜ਼ਾਦੀ ਨਾਲ ਤੋੜ ਚੜ੍ਹੀ।

ਆਜ਼ਾਦੀ ਪ੍ਰਾਪਤੀ ਹੋਣ ਸਮੇਂ ਭਾਰਤ ਨੂੰ ਗੀਤਹੀਣ ਆਰਥਿਕਤਾ ਵਿਰਸੇ ਵਿਚ ਮਿਲੀ। 1900-1950 ਦੇ ਸਮੇਂ ਦੌਰਾਨ ਭਾਰਤ ਦਾ ਅਸਲ ਕੁੱਲ ਘਰੇਲੂ ਉਤਪਾਦ ਲਗਭਗ ਸਿਫ਼ਰ ਸੀ। ਆਜ਼ਾਦ ਭਾਰਤ ਆਰਥਿਕ ਮੁੜ-ਉਸਾਰੀ ਅਤੇ ਵਿਕਾਸ ਦੇ ਰਸਤੇ 'ਤੇ ਚੱਲ ਨਿਕਲਿਆ। ਇਸ ਲਈ ਯੋਜਨਾਬੰਦੀ ਦਾ ਮਾਡਲ ਅਪਣਾਇਆ ਗਿਆ। ਸ਼ੁਰੂਆਤ ਮਹਲਨੋਬਿਸ-ਫੇਲਡਮੈਨ ਦੇ ਮਾਡਲ ਨਾਲ ਕੀਤੀ ਗਈ ਜਿਸ ਨੇ ਭਾਰਤ ਵਿਚ ਪੂੰਜੀਗਤ ਵਸਤਾਂ ਦੇ ਉਦਯੋਗਾਂ ਨੂੰ ਪ੍ਰਫੁੱਲਤ ਕਰਨ ਲਈ ਸਵੈ-ਨਿਰਭਰ ਵਿਕਾਸ ਦੀ ਨੀਂਹ ਰੱਖੀ। ਪਰ, 1980ਵਿਆਂ ਦੀ ਸ਼ੁਰੂਆਤ ਤੋਂ ਵਿਸ਼ਵ ਭਰ ਵਿਚ ਵਧੇਰੇ ਅੰਤਰਰਾਸ਼ਟਰੀ ਆਰਥਿਕ ਅਖੰਡਤਾ ਦੇ ਰੂਪ ਵਿਚ ਬਦਲਾਅ ਦੀਆਂ ਹਵਾਵਾਂ ਚੱਲ ਪਈਆਂ ਸਨ। ਭਾਰਤ ਨੇ ਮਹਿਸੂਸ ਕੀਤਾ ਕਿ ਇਸ ਦੀ ਵਿਕਾਸ ਦਰ, ਜਿਸ ਨੂੰ ਵਿਅੰਗ ਨਾਲ 'ਹਿੰਦੂ ਵਿਕਾਸ ਦਰ' ਆਖਿਆ ਜਾਂਦਾ ਸੀ, ਜੋ ਸਾਲਾਨਾ 3 ਪ੍ਰਤਿਸ਼ਤ ਸੀ, ਲੋਕਾਂ ਦੀਆਂ ਇੱਛਾਵਾਂ ਦੀ ਪੂਰਤੀ ਲਈ ਕਿਤੇ ਘੱਟ ਸੀ। ਯੋਜਨਾਬਧ ਆਰਥਿਕ ਪ੍ਰਕਿਰਿਆਵਾਂ ਵਿਚਲੀਆਂ ਕਮੀਆਂ 'ਲਾਇਸੰਸ ਪਰਮਿਟ ਰਾਜ' ਵਿਚ ਖੁੱਲ੍ਹ ਕੇ ਸਾਹਮਣੇ ਆਈਆਂ ਜਿਹੜਾ ਕਿਰਾਇਆ ਖਾਣ ਵਾਲੀ ਨੌਕਰਸ਼ਾਹੀ, ਠੇਕੇਦਾਰ, ਰਾਜਨੀਤਕ ਜਮਾਤ ਨੂੰ ਸਿਸਟਮ ਵਿਚੋਂ ਵੱਧ ਤੋਂ ਵੱਧ ਫ਼ਾਇਦਾ ਉਠਾਉਣ ਲਈ ਸਸ਼ਕਤ ਕਰਦਾ ਸੀ। ਇਹ ਉਹ ਸਮਾਂ ਸੀ ਜਦੋਂ ਆਰਥਿਕ ਸੁਧਾਰ ਸ਼ੁਰੂ ਹੋਏ ਜਿਸ ਦਾ ਕਾਰਨ ਵਿਸ਼ਵ ਆਰਥਿਕਤਾ ਵਿਚ ਵਿੱਤੀ ਪੂੰਜੀ ਦਾ ਵਧ ਰਿਹਾ ਦਾਇਰਾ ਸੀ।

1990 ਦੇ ਦਹਾਕੇ ਤਕ ਆਰਥਿਕ ਸੁਧਾਰਾਂ ਨੇ ਗਤੀ ਫੜ ਲਈ ਕਿਉਂਕਿ ਭਾਰਤ ਨੇ ਅੰਤਰਰਾਸ਼ਟਰੀ ਕਰਜ਼ੇ ਦੀ ਅਦਾਇਗੀ ਵਾਸਤੇ ਢਾਂਚਾਗਤ ਤਬਦੀਲੀਆਂ ਕਰਨੀਆਂ ਸਨ। ਇਹ ਸੁਧਾਰ ਤੇਜ਼ੀ ਨਾਲ ਸ਼ੁਰੂ ਹੋਏ ਜਿਸ ਵਿਚ ਆਰਥਿਕਤਾ ਨੂੰ ਖੋਲ੍ਹਣਾ, ਵਿੱਤੀ ਅਤੇ ਬੈਂਕਿੰਗ ਖੇਤਰਾਂ ਨੂੰ ਨਿਯੰਤ੍ਰਣ ਮੁਕਤ ਕਰਨਾ ਅਤੇ ਮਹੱਤਵਪੂਰਨ ਬਦਲਾਅ ਲਿਆਉਣਾ ਸ਼ਾਮਿਲ ਸੀ। ਜਨਤਕ ਖੇਤਰ ਦਾ 'ਆਰਥਿਕਤਾ ਦੀਆਂ ਸਿਖਰਾਂ ਨੂੰ ਛੋਹਣ ਤੋਂ ਬਾਜ਼ਾਰ ਆਧਾਰਤ ਖੁੱਲ੍ਹੀ ਆਰਥਿਕਤਾ ਵੱਲ ਮੋੜਾ ਇਕ ਜਟਿਲ ਅਤੇ ਬਹੁ-ਪਰਤੀ ਪ੍ਰਕਿਰਿਆ ਸੀ। ਇਸ ਬਦਲਾਅ ਸਦਕਾ ਭਾਰਤ ਦੇ ਕੁੱਲ ਘਰੇਲੂ ਉਤਪਾਦ ਦੀ ਦਰ 1991-92 ਤੋਂ 2003-04 ਦੇ ਸਮੇਂ ਦੌਰਾਨ ਵਧ ਕੇ 5 ਪ੍ਰਤਿਸ਼ਤ ਅਤੇ 2003-04 ਤੋਂ 2011-12 ਦੇ ਸਮੇਂ 6 ਪ੍ਰਤਿਸ਼ਤ ਹੋ ਗਈ। ਗਰੀਬੀ ਦੇ ਅਨੁਪਾਤ ਵਿਚ ਕਮੀ, ਸਿੱਧੇ ਵਿਦੇਸ਼ੀ ਨਿਵੇਸ਼ ਵਿਚ ਸੁਧਾਰ ਅਤੇ ਵਧੀਆ ਵਿਦੇਸ਼ੀ ਕਰੰਸੀ ਭੰਡਾਰ ਇਸ ਸਮੇਂ ਦੀਆਂ ਮਹੱਤਵਪੂਰਨ ਉਪਲਬਧੀਆਂ ਹਨ।

ਪਰ ਇਹ ਸਮਾਂ ਦੇਸ਼ ਵਿਚ ਨਾ-ਬਰਾਬਰੀ ਵਿਚ ਵਾਧੇ ਲਈ ਵੀ ਜਾਣਿਆ ਜਾਂਦਾ ਹੈ। 1990ਵਿਆਂ ਅਤੇ 2000ਵਿਆਂ ਦੇ ਸ਼ੁਰੂਆਤ ਦੀ ਇਕ ਖੋਜ ਮੁਤਾਬਕ ਦੇਸ਼ ਦੇ 10 ਪ੍ਰਤਿਸ਼ਤ ਧਨਾਢਾਂ ਕੋਲ ਕੁੱਲ ਅਸਾਸਿਆਂ ਦਾ 0.4 ਪ੍ਰਤਿਸ਼ਤ ਸੀ। ਭੂਮੀ ਦੇ ਮਾਮਲੇ ਵਿਚ ਇਹ ਨਾ-ਬਰਾਬਰੀ ਹੋਰ ਵੀ ਉਜਾਗਰ ਸੀ। ਵਿੱਤੀ ਅਸਾਸਿਆ ਦੀ ਮਾਲਕੀ ਹੋਰ ਵੀ ਤਗੜੀ ਸੀ ਕਿਉਂਕਿ ਤਕਰੀਬਨ ਸਾਰੀ ਵਿੱਤੀ ਪੂੰਜੀ ਕੁੱਲ ਵਸੋਂ ਦੇ 1 ਪ੍ਰਤਿਸ਼ਤ ਕੋਲ ਸੀ। ਇਸ ਗੱਲ ਨੂੰ ਉਜਾਗਰ ਕਰਨਾ ਬਣਦਾ ਹੈ ਕਿ ਸਰੋਤਾਂ ਦੀ ਨਾ-ਬਰਾਬਰੀ ਮੌਕਿਆਂ ਦੀ ਨਾ-ਬਰਾਬਰੀ 'ਤੇ ਜਾ ਕੇ ਖਤਮ ਹੁੰਦੀ ਹੈ ਜਿਸ ਨਾਲ ਸਮੁੱਚਿਤ ਵਿਕਾਸ ਦਾ ਉਦੇਸ਼ ਹੀ ਖਤਮ ਹੋ ਜਾਂਦਾ ਹੈ ਜੋ ਭਾਰਤ ਦੀ ਆਰਥਿਕ ਨੀਤੀ ਦਾ ਇਕ ਪ੍ਰਮੁੱਖ ਉਦੇਸ਼ ਹੈ। ਆਰਥਿਕ ਸੁਧਾਰਾਂ ਦੇ ਦੌਰ ਵਿਚ ਰੁਜ਼ਗਾਰ ਪੈਦਾ ਕਰਨ ਵੱਲ ਵੀ ਫਿਕਰਮੰਦੀ ਹੋਈ ਹੈ। ਇਸੇ ਤਰ੍ਹਾਂ, ਕੁੱਲ ਘਰੇਲੂ ਉਤਪਾਦ ਵਿਚ ਨਿਰਮਾਣ ਖੇਤਰ ਦੀ ਹਿੱਸੇਦਾਰੀ 16 ਪ੍ਰਤਿਸ਼ਤ ਰਹੀ ਜੋ ਕਾਫ਼ੀ ਘੱਟ ਹੈ। ਇਸ ਨਾਲ ਭਵਿੱਖ ਦੇ ਵਿਕਾਸ ਅਤੇ ਰੁਜ਼ਗਾਰ ਪੈਦਾ ਕਰਨ ਦੇ ਮੌਕਿਆਂ 'ਤੇ ਵੀ ਬੁਰਾ ਅਸਰ ਪੈਂਦਾ ਹੈ।

ਬਿਲਕੁਲ ਠੀਕ ਹੈ ਕਿ ਹੱਕ-ਆਧਾਰਤ ਸਮੁੱਚਿਤ ਵਿਕਾਸ ਦਾ ਮਾਡਲ ਉਦੋਂ ਹੀ ਸਫਲ ਹੋ ਸਕੇਗਾ ਜਦੋਂ ਵੱਧ ਤੋਂ ਵੱਧ ਲੋਕਾਂ ਨੂੰ ਉਨ੍ਹਾਂ ਦੇ ਉਤਪਾਦਕ ਅਖੰਡਤਾ ਪ੍ਰਕਿਰਿਆ ਵਿਚ ਸ਼ਾਮਿਲ ਕਰਨ ਲਈ 'ਪੂੰਜੀ ਦੇ ਦਾਇਰੇ' ਵਿਚ ਲਿਆਂਦਾ ਜਾਵੇ ਤਾਂ ਜੋ ਰਾਸ਼ਟਰੀ ਖਜ਼ਾਨੇ ਦਾ ਵਿਕਾਸ ਹੋ ਸਕੇ। ਕਿਉਂਕਿ ਪ੍ਰਸਿੱਧ ਅਰਥਸ਼ਾਸਤਰੀ ਜੋਨ ਰਾਬਿਨਸਨ ਨੇ ਠੀਕ ਹੀ ਕਿਹਾ ਸੀ ਕਿ 'ਸ਼ੋਸ਼ਿਤ ਹੋਣ ਨਾਲੋਂ ਬੁਰਾ ਕੀ ਹੈ" ਕਿ ਸ਼ੋਸ਼ਿਤ ਨਾ ਹੋਇਆ ਜਾਵੇ।

**– ਮੁੱਖ ਸੰਪਾਦਕ**

## ADVERTISEMENT UNIT
## PUBLICATIONS DIVISION
## MINISTRY OF INFORMATION & BROADCASTINGS

## COMMERCIAL ADVERTISEMENT RATES FOR DPD JOURNALS
## (w.e.f 1st June ,2013)

| Sl. No. | Name of Journal | Inside Text Page | | | | Back Cover | 2nd Cover page | 3rd cover page |
|---|---|---|---|---|---|---|---|---|
| | (Rate for each Journals for one edition) | Colour (Full Page) | Colour (Half Page) | Black & White (Full Page) | Black & White (Half Page) | Full Page | Full Page | Full Page |
| 1 | Yojana (English & Hindi) | 25000 | 15000 | 18000 | 11000 | 75000 | 50000 | 50000 |
| 2 | Kurukshetra (English & Hindi) | 20000 | 12000 | | | 30000 | 27000 | 25000 |
| 3 | Ajkal (Hindi & Urdu) | 10000 | 6000 | 7000 | 5000 | 15000 | 12000 | 11000 |
| 4 | Yojana ( Urdu/Punjabi/ Oriya/ Assamese/ Kannada/ Malayalam ) | 7000 | 4500 | 5000 | 3000 | 10000 | 9000 | 8000 |
| 5 | Bal Bharti, | 22000 | 13000 | | | 30000 | 27000 | 25000 |
| 6 | Yojana (Bengali/ Telgu/ Marathi/ Tamil/Gujrati) | 13000 | 8000 | 10000 | 6000 | 20000 | 17000 | 15000 |

COMMERCIAL ADVERTISEMENT RATES FOR INDIA/BHARAT

| | India | | Bharat | |
|---|---|---|---|---|
| | Colour | Black & White | Colour | Black & White |
| Full Page | 30000 | 20000 | 20000 | 10000 |
| 2nd Cover page | 60000 | | 50000 | |
| 3rd Cover page | 50000 | | 40000 | |

Note :

(i) Special issue - Yojana-(January, March, August & December), Kurukshetra – (October Annual Number)

ii) 2nd cover page of magazines will be reserved for the DAVP and Government Organizations. The above rate are only for PSU advertisement received directly.

iii) * 2% extra discount on each additional insertion of advertisement subject to maximum discount of 40%.

### Mechanical Details


| | Yojana | Ajkal/Kurukshetra | Bal Bharti |
|---|---|---|---|
| Overall Size | 19.5 x 27 cms | 21 x 28 cms | 18 x 24 cms |
| Print Area | 17 x 23 cms | 17 x 24 cms | 15 x 19.5 cms |
| | Advertisement material - Artpull/Artwork/CD/Positives | | |

**Full advance payment by D.D. in favour of ADG(I/c), Publications Division, M/o I&B payable at New Delhi.** Advertisement material and payment to be sent to the Business Manager (Advt.), Advertisement Unit, Publications Division, East Block 4, Level 7, R.K. Puram, New Delhi 110 066 26105590/26175516/26108979 Fax 26175516/26100207 Email: pdjucir@gmail.com


YOJANA (Punjabi)　April -2014　(Total Pages 72+IV)　Regd. RNI 43033/85

# ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਿਤ


## ਸ੍ਰੇਸ਼ਟ, ਰੋਚਕ ਅਤੇ ਗਿਆਨ ਭਰਪੂਰ ਪੁਸਤਕਾਂ





ਪੁਸਤਕ : ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
ਲੇਖਕ : ਕੁਲਦੀਪ ਸਿੰਘ ਧੀਰ
ਪੰਨੇ : 101, ਮੁੱਲ 130 ਰੁਪਏ





ਪੁਸਤਕ : ਭਗਤ ਸਿੰਘ ਅਮਰ ਵਿਦਰੋਹੀ
ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ
ਪੰਨੇ : 204, ਮੁੱਲ :200 ਰੁਪਏ





ਪੁਸਤਕ : ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
ਲੇਖਕ : ਡਾ. ਮੁਹੰਮਦ ਇਦਰੀਸ
ਪੰਨੇ : 190, ਮੁੱਲ : 155 ਰੁਪਏ




ਪੁਸਤਕ :ਡਾਇਬਟੀਜ਼ ਦੇ ਨਾਲ ਜੀਣ ਦੀ ਕਲਾ
ਲੇਖਕ : ਯਤੀਸ਼ ਅਗਰਵਾਲ
ਪੰਨੇ : 268, ਮੁੱਲ : 175 ਰੁਪਏ




ਪੁਸਤਕ : ਪੰਜਾਬ ਦੇ ਲੋਕ ਨਾਚ
ਲੇਖਕ : ਡਾ. ਜਗੀਰ ਸਿੰਘ ਨੂਰ
ਪੰਨੇ : 167, ਮੁੱਲ : 180 ਰੁਪਏ




ਪੁਸਤਕ : ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
ਲੇਖਕ : ਤਾਰਾ ਸਿੰਘ ਅਨਜਾਣ
ਪੰਨੇ : 184, ਮੁੱਲ :105 ਰੁਪਏ

### ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :

• ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610) • ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205) • ਕਾਮਰਸ ਹਾਊਸ, ਕਰੀਮਭਾਈ ਰੋਡ, ਬਾਲਾਰਡ ਪਾਇਰ, ਮੁੰਬਈ -400 038 (ਫ਼ੋਨ-22610081) • 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030) •'ਏ' ਵਿੰਗ, ਰਾਜਾਜੀ ਭਵਨ, ਬੇਸੰਟ ਨਗਰ, ਚੇਨੱਈ - 600 090 (ਫ਼ੋਨ-24917673) • ਪ੍ਰੈੱਸ ਰੋਡ, ਨਿਕਟ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650) • ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383) • ਪ੍ਰਥਮ ਤਲ, 'ਐਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244) • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2301823)• ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-8, ਅਲੀਗੰਜ, ਲਖਨਊ - 226 024, (ਫ਼ੋਨ-2325455)• ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669) • ਨੌਜਨ ਰੋਡ, ਉੱਜਾਨ ਬਜ਼ਾਰ, ਗੁਵਹਾਟੀ-781 001 (ਫ਼ੋਨ-2516792)

ਪ੍ਰਕਾਸ਼ਨ ਵਿਭਾਗ
ਸੂਚਨਾ ਅਤੇ ਪ੍ਰਸਾਰਣ ਮੰਤਰਾਲਾ
ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003

Printed & Published by Ira Joshi, Additional Director General & Head on behalf of Publications Division,Soochna Bhawan, C.G.O. Complex, Lodhi Road, New Delhi-110003. Printed at M/s Viba Press Pvt. Ltd., C-66/3, Okhla Industrial Area, Phase-II, New Delhi-110020, Editor : Balbir Madhopuri.

ISSN-0971-8354

# ਯੋਜਨਾ

ਯੋਜਨਾ ਅਤੇ ਵਿਕਾਸ ਨੂੰ ਸਮਰਪਿਤ
ਭਾਰਤ ਦੇ ਨਵ ਨਿਰਮਾਣ ਦਾ
**ਮਾਸਿਕ ਪੱਤਰ**

**ਸਾਲ : 29 ਅੰਕ 9 ਅਪ੍ਰੈਲ, 2014 ₹20 ਸਾਲਾਨਾ ਚੰਦਾ ₹100**

ਮੁੱਖ ਸੰਪਾਦਕ ਤੇ ਨਿਰਦੇਸ਼ਕ : **ਰਾਜੇਸ਼ ਕੇ. ਝਾ**
ਸੰਪਾਦਕ ਤੇ ਉਪ ਨਿਰਦੇਸ਼ਕ : **ਬਲਬੀਰ ਮਾਧੋਪੁਰੀ**
ਸੰਯੁਕਤ ਨਿਰਦੇਸ਼ਕ (ਉਤਪਾਦਨ) : **ਵੀ.ਕੇ. ਮੀਨਾ**

***ਸੰਪਾਦਕੀ ਦਫ਼ਤਰ***
***ਯੋਜਨਾ (ਪੰਜਾਬੀ)***
***ਈਸਟ ਬਲਾਕ-4, ਲੈਵਲ-7, ਆਰ. ਕੇ. ਪੁਰਮ,***
***ਨਵੀਂ ਦਿੱਲੀ-110066. ਫ਼ੋਨ ਤੇ ਫ਼ੈਕਸ : 011-26177591***

***e-mail : yojanapunjabi@yahoo.com***
ਵੈੱਬਸਾਈਟ ਪਤਾ : www.publicationsdivision.nic.in
ਈ-ਮੇਲ ਪਤਾ : a) dpd@sb.nic.in : b) dpd@hub.nic.in

ਦਰਾਂ (ਦੇਸ਼)
ਇਕ ਕਾਪੀ : ₹10 ਸਾਲਾਨਾ : ₹100
ਦੋ ਸਾਲ : ₹180 ਤਿੰਨ ਸਾਲ : ₹250

**ਹਵਾਈ ਡਾਕ ਦੁਆਰਾ : ਸਾਰਕ ਦੇਸ਼ਾਂ ਲਈ : ₹ 530 ਸਾਲਾਨਾ**
**ਹੋਰ ਦੇਸ਼ਾਂ ਲਈ : ₹ 730 ਸਾਲਾਨਾ**

ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫਟ ਰਾਹੀਂ ADG (i/c), ਪ੍ਰਕਾਸ਼ਨ ਵਿਭਾਗ ਦੇ ਨਾਂ 'ਤੇ ਹੇਠ ਲਿਖੇ ਪਤੇ ਉੱਤੇ ਭੇਜੋ। ਚੰਦੇ ਭੇਜਣ, ਨਵਿਆਉਣ, ਸੁਝਾਵਾਂ, ਸ਼ਿਕਾਇਤਾਂ ਅਤੇ ਵਿਗਿਆਪਨਾਂ ਲਈ ਸੰਪਰਕ ਕਰੋ :
*ਬਿਜ਼ਨਿਸ ਮੈਨੇਜਰ (ਵਿਗਿਆਪਨ ਤੇ ਸਰਕੂਲੇਸ਼ਨ)*
ਸੂਰੀਆਕਾਂਤ ਸ਼ਰਮਾ
ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਣ ਮੰਤਰਾਲਾ,
ਈਸਟ ਬਲਾਕ-4, ਲੈਵਲ-7, ਆਰ. ਕੇ. ਪੁਰਮ,
ਨਵੀਂ ਦਿੱਲੀ-110 066 ਫ਼ੋਨ: 011-26100207
ਟੈਲੀਫੈਕਸ : 011-26100207, *email-pdjucir@gmail.com*
**ਬਿਜ਼ਨਿਸ ਮੈਨੇਜਰ (ਹੈੱਡਕੁਆਰਟਰ):011-24367260, 24365609**

**ਯੋਜਨਾ (ਪੰਜਾਬੀ) ਮਾਸਿਕ ਪੱਤ੍ਰਿਕਾ, ਸੂਚਨਾ ਤੇ ਪ੍ਰਸਾਰਣ ਮੰਤਰਾਲਾ ਵੱਲੋਂ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਇਹ ਸਿਰਫ ਸਰਕਾਰੀ ਦ੍ਰਿਸ਼ਟੀਕੋਣ ਨੂੰ ਹੀ ਪੇਸ਼ ਕਰਨ ਤਕ ਸੀਮਤ ਨਹੀਂ ਹੈ। 'ਯੋਜਨਾ' ਪੰਜਾਬੀ ਸਮੇਤ ਅਸਾਮੀ, ਬੰਗਾਲੀ, ਅੰਗਰੇਜ਼ੀ, ਗੁਜਰਾਤੀ, ਹਿੰਦੀ, ਕੰਨੜ, ਮਲਿਆਲਮ, ਮਰਾਠੀ, ਤਮਿਲ, ਤੇਲਗੂ, ਓਡੀਆ ਅਤੇ ਉਰਦੂ ਆਦਿ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ।**

- ਯੋਜਨਾ (ਪੰਜਾਬੀ) ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਸਰਕਾਰ ਜਾਂ ਸੰਸਥਾਵਾਂ ਦੇ ਵਿਚਾਰਾਂ ਦੀ ਝਲਕ ਹੋਣ ਜਿਨ੍ਹਾਂ ਲਈ ਉਹ ਕੰਮ ਕਰਦੇ ਹਨ।
- ਯੋਜਨਾ (ਪੰਜਾਬੀ) ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੀਆਂ ਸਾਮੱਗਰੀਆਂ ਸੰਸਥਾਵਾਂ ਜਾਂ ਉਨ੍ਹਾਂ ਦੇ ਪ੍ਰਤਿਨਿਧਾਂ ਨਾਲ ਸੰਬੰਧਤ ਹਨ। ਯੋਜਨਾ (ਪੰਜਾਬੀ) ਇਨ੍ਹਾਂ ਵਿਗਿਆਪਨਾਂ ਦੀਆਂ ਸਾਮੱਗਰੀਆਂ/ਮੂਲ-ਪਾਠ ਤੋਂ ਉਤਪੰਨ ਦੇਣਦਾਰੀਆਂ ਪ੍ਰਤਿ ਕਿਸੇ ਤਰ੍ਹਾਂ ਵੀ ਜ਼ਿੰਮੇਵਾਰ ਨਹੀਂ ਹੈ।

## ਇਸ ਅੰਕ ਵਿਚ

2. ਭਾਰਤ ਦੇ ਤਿੰਨ ਤੀਰ : ਤੁਲਨਾਤਮਕ ਪਰਿਪੇਖ ਵਿਚ ਭਾਰਤੀ ਵਿਕਾਸ ਗਾਥਾ ਮੁੜ ਸ਼ੁਰੂ – ਅਲੋਕ ਸ਼ੀਲ
5. ਭਾਰਤ ਦਾ ਨਜ਼ਰੋਂ ਓਝਲ ਆਰਥਿਕ ਪਰਿਵਰਤਨ – ਕੁਨਾਲ ਸੇਨ
8. ਤਕਨਾਲੋਜੀਕਲ ਸਵੈ-ਨਿਰਭਰਤਾ ਨਾਲ ਆਰਥਿਕ ਵਿਕਾਸ – ਸੁਨੀਲ ਮਣੀ
12. ਉਤਪਾਦੀ ਰੁਜ਼ਗਾਰ ਤੇ ਅਧਿਕਾਰ ਭਰਪੂਰ ਸਿੱਖਿਆ – ਰਾਘਬੇਂਦਰ ਝਾ
17. ਕਰ ਸੁਧਾਰ ਤੇ ਜੀ ਐੱਸ ਟੀ – ਮਹੇਸ਼ ਸੀ ਪੁਰੋਹਿਤ
21. ਪਾਇਦਾਰ ਵਿਕਾਸ ਤੋਂ ਸਮੁੱਚੇ ਜਾਰੀ ਰਹਿਣਯੋਗ ਮਾਨਵ ਵਿਕਾਸ ਤਕ – ਅਰਤਿਕਾ ਵਤਸ
24. ਕੀ ਭਾਰਤ ਮੁੜ *ਹਿੰਦੂ ਵਿਕਾਸ* ਦਰ 'ਤੇ ਆ ਗਿਆ ਹੈ? – ਕੁਮਾਰ ਗੌਰਵ
28. ਅੰਤਰਿਮ ਬਜਟ 2014-15 : ਇਕ ਵਿਸ਼ਲੇਸ਼ਣ – ਸ.ਸ. ਛੀਨਾ
31. ਪੰਜਾਬੀਆਂ ਦਾ ਕੌਮਾਂਤਰੀ ਪਰਵਾਸ – ਗਿਆਨ ਸਿੰਘ
34. ਪੰਜਾਬ : ਸੱਨਅਤ ਤੋਂ ਸੇਵਾਵਾਂ ਵੱਲ ਆਰਥਿਕ ਵਿਕਾਸ ਦੀ ਪ੍ਰਕਿਰਿਆ ਨਾਲ ਜੁੜਿਆ ਹੋਇਆ ਹੈ – ਡਾ. ਸੁੱਚਾ ਸਿੰਘ ਗਿੱਲ – ਮੁਲਾਕਾਤੀ: ਮੁਹੰਮਦ ਇਦਰੀਸ
37. ਇੰਟਰਨੈੱਟ ਉੱਤੇ ਕਿਸ ਦਾ ਨਿਯੰਤ੍ਰਣ? – ਸੁਨੀਲ ਅਬਰਾਹਮ
41. ਖੁਰਾਕ ਸੁਰੱਖਿਆ ਬਿਲ : ਲੋੜ, ਲਾਗਤ ਤੇ ਵਿਕਲਪ – ਸੁਰਜੀਤ ਐੱਸ ਭੱਲਾ
44. ਹਾਸ਼ੀਏ 'ਤੇ ਪਏ ਭਾਈਚਾਰਿਆਂ ਦੇ ਵਿਕਾਸ ਲਈ ਜਨਤਕ ਸਰੋਤਾਂ ਦਾ ਢੁਕਵਾਂਪਨ – ਜਾਵੇਦ ਆਲਮ ਖ਼ਾਨ
48. ਅਨੁਸੂਚਿਤ ਜਾਤੀ ਉਪ-ਯੋਜਨਾ ਤੇ ਜਨਜਾਤੀ ਉਪ-ਯੋਜਨਾ – ਸੌਮਯਾ ਸ੍ਰੀਵਾਸਤਵ
54. ਉੱਚ ਕੁਸ਼ਲਤਾ ਵਾਲਾ ਚੱਕਵਾਂ ਚੁੱਲ੍ਹਾ (ਸਟੋਵ) – ਵੀ ਜੈਪ੍ਰਕਾਸ਼
56. ਰਵਾਇਤੀ ਸਿਆਣਪ ਦੀ ਰਖਵਾਲੀ – ਬਾਬਾ ਮਾਯਾਰਾਮ
57. ਚਿੱਟੇ ਮਾਰਕੇ ਵਾਲਾ ਏ ਟੀ ਐੱਮ ਕੀ ਹੈ? – ਹਸਨ ਜ਼ਿਆ
59. ਸਾਕਾ ਜਲ੍ਹਿਆਂਵਾਲਾ ਬਾਗ਼ – ਸੁਰਿੰਦਰ ਕੋਛੜ
61. ਭਾਰਤ ਦੇ ਚੋਣ ਕਾਨੂੰਨ –
63. ਪੰਜਾਬ ਵਿਚ ਕਾਂਜਲੀ ਜਲਗਾਹ – ਜਗਜੀਤ ਸਿੰਘ ਮਾਨ
65. ਗਾਜਰਬੂਟੀ ਦੇ ਖਾਤਮੇ ਲਈ ਉਪਰਾਲੇ ਜ਼ਰੂਰੀ – ਅਮਿਤ ਕੌਲ
67. ਡਾਇਬਟੀਜ਼ : ਸ਼ੰਕੇ, ਜਰਿਆਸਾ ਤੇ ਹੱਲ – ਯਤੀਸ਼ ਅਗਰਵਾਲ
70. ਖ਼ਬਰਾਂ ਵਿਚੋਂ ਖ਼ਬਰਾਂ –
71. ਪੁਸਤਕ ਪੜਚੋਲ – ਪਰਮਜੀਤ ਕੌਰ ਨੂਰ
– ਅਰਤਿੰਦਰ ਸੰਧੂ

***ਕਵਰ : ਗਜਾਨਨ ਪੀ. ਧੋਪੇ***

**ਯੋਜਨਾ (ਪੰਜਾਬੀ) ਡੀ. ਪੀ. ਆਈ. (ਕਾਲਜਾਂ) ਅਤੇ ਡੀ. ਪੀ. ਆਈ. (ਸਕੂਲਾਂ) ਪੰਜਾਬ, ਵਲੋਂ ਪੱਤਰ ਨੰ: 424- ਐਡੀਟਰ (ਬੁਕਸ) 2/14-89 ਮਿਤੀ 22-8-89 ਅਤੇ ਹੁਕਮ ਨੰ: 3/35-88-ਐਡੀਟਰ (ਪੰ:), ਮਿਤੀ 28-6-89 ਰਾਹੀਂ ਪੰਜਾਬ ਦੇ ਸਾਰੇ ਕਾਲਜਾਂ, ਸਕੂਲਾਂ ਅਤੇ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।**

# ਭਾਰਤ ਦੇ ਤਿੰਨ ਤੀਰ : ਤੁਲਨਾਤਮਕ ਪਰਿਪੇਖ ਵਿਚ ਭਾਰਤੀ ਵਿਕਾਸ ਗਾਥਾ ਮੁੜ ਸ਼ੁਰੂ

ਅਲੋਕ ਸ਼ੀਲ

ਅਮਰੀਕਾ, ਇੰਗਲੈਂਡ ਅਤੇ ਜਾਪਾਨ ਦੇ ਪਿਛਲੀ ਤਿਮਾਹੀ ਦੇ ਅੰਕੜਿਆਂ ਨੂੰ ਲਾਂਭੇ ਰੱਖ ਦੇਈਏ ਤਾਂ ਇਹ ਪਤਾ ਲਗਦਾ ਹੈ ਕਿ ਵਿਸ਼ਵ ਦੀ ਆਰਥਿਕਤਾ ਹਾਲੇ ਵੀ ਪੈਰਾਂ 'ਤੇ ਨਹੀਂ ਹੋਈ ਤੇ ਅਸਾਧਾਰਨ ਜੀਵਨ ਸਹਾਰੇ ਚੱਲ ਰਹੀ ਹੈ। ਮੰਗ ਨੂੰ ਮੁੜ-ਸੰਤੁਲਿਤ ਕਰਨ ਵਾਲੇ ਪੱਖਾਂ – ਆਧੁਨਿਕ ਤੋਂ ਉੱਭਰ ਰਹੀ ਬਾਜ਼ਾਰ ਆਰਥਿਕਤਾ ਅਤੇ ਜਨਤਕ ਤੋਂ ਨਿੱਜੀ – ਇਨ੍ਹਾਂ ਦੀ ਕਿਸਮਤ ਹਾਲੇ ਵੀ ਵਿਚਾਲੇ ਲਟਕ ਰਹੀ ਹੈ। 2010 ਅਤੇ 2011 ਦੀ ਸਿਰਫ਼ ਲਾਰਿਆਂ ਦੀ ਸਥਿਤੀ ਜਾਂ ਵਿਕਾਸ ਦੀ ਪ੍ਰਤੀਕ ਖ਼ਾਸ ਤੌਰ ਤੇ ਆਰਥਿਕ ਵਿਕਾਸ ਦੀ ਮਾਨਤਾ ਨਿਆਂਪੀਠ ਨੂੰ ਫ਼ੈਸਲਾ ਮੁਲਤਵੀ ਕਰਨ ਲਈ ਸਾਵਧਾਨ ਕਰਦੀ ਹੈ ਜਦੋਂ ਤਕ ਨੁਕਸਾਨ ਦੀ ਪੂਰਤੀ ਦਾ ਦੌਰ ਲੰਮੇ ਸਮੇਂ ਤਕ ਨਹੀਂ ਚੱਲਦਾ ਅਤੇ ਆਰਥਿਕਤਾ ਬਨਾਉਟੀ ਸਾਹਾਂ ਤੋਂ ਬਗ਼ੈਰ ਕੰਮ ਕਰੇ। ਇਸ ਬਨਾਉਟੀ ਸਹਾਇਤਾ ਦੇ ਨਾਲ ਹੀ ਅਮਰੀਕਾ ਅਤੇ ਜਾਪਾਨ ਨੂੰ ਛੱਡ ਕੇ, ਵੱਡੀਆਂ ਆਧੁਨਿਕ ਆਰਥਿਕ ਸ਼ਕਤੀਆਂ ਮਹਾਂਮੰਦੀ ਦੇ ਪ੍ਰਭਾਵਾਂ ਤੋਂ ਮੁਕਤ ਨਹੀਂ ਹੋ ਰਹੀਆਂ। ਅਮਰੀਕਾ, ਜੋ ਆਧੁਨਿਕ ਆਰਥਿਕਤਾਵਾਂ ਦਾ ਮੋਹਰੀ ਹੈ, 2003–2007 ਦੇ ਵਿਕਾਸ ਮਾਪਦੰਡ ਤਹਿਤ ਹੋਈ ਕਲਪਤ ਉਤਪਾਦਨ ਨੁਕਸਾਨ ਨੂੰ ਪੂਰਾ ਨਹੀਂ ਕਰ ਸਕਿਆ। ਇਹ ਗ਼ੈਰ-ਕੁਦਰਤੀ ਹੈ। ਮੰਦੀ ਦੇ ਦੌਰ ਤੋਂ ਉਪਰੰਤ ਉਪਰ ਵਰਣਿਤ ਵਿਕਾਸ ਮਾਪਦੰਡ ਸਾਹਮਣੇ ਆਉਂਦੇ ਹਨ ਜਿਨ੍ਹਾਂ ਨਾਲ ਹੋਣ ਵਾਲੇ ਨੁਕਸਾਨ ਦੀ ਪੂਰਤੀ ਹੁੰਦੀ ਹੈ।

ਵਿਸ਼ਵ ਦੀ ਨੁਕਸਾਨ ਪੂਰਤੀ ਨੂੰ ਦੋ ਤਰੀਕਿਆਂ ਨਾਲ ਵੇਖਿਆ ਜਾ ਸਕਦਾ ਹੈ। ਇਕ ਪਾਸੇ ਕੈਨਿਥ ਰੋਗੋਫ ਅਤੇ ਕਾਰਮਨ ਕੇਨਹਾਰਟ ਦੀ ਖੋਜ ਇਸ਼ਾਰਾ ਕਰਦੀ ਹੈ ਕਿ ਨੁਕਸਾਨ ਦੀ ਪੂਰਤੀ ਪਾਠਕ੍ਰਮ ਦੇ ਬਰਾਬਰ ਹੈ, ਕਿਉਂਕਿ ਇਹ ਵਿੱਤੀ ਸੰਕਟ ਦੇ ਚੱਲਦਿਆਂ ਕਾਫ਼ੀ ਮੱਠੀ ਅਤੇ ਦੁਖਦਾਇਕ ਹੈ। ਦੂਜਾ ਵਿਚਾਰ ਹੈ ਕਿ ਘੱਟ ਵਿਕਾਸ ਦੇ ਮਾਪਦੰਡ ਹਾਲੇ ਇਵੇਂ ਹੀ ਚੱਲਣਗੇ ਕਿ ਵਿਕਾਸ ਦਾ ਪੁਰਾਣਾ ਮਾਡਲ ਚਕਨਾਚੂਰ ਹੋ ਚੁੱਕਾ ਹੈ, ਕਿ 2003–2007 ਦੀ ਪ੍ਰਵਿਰਤੀ ਗ਼ੈਰ ਟਿਕਾਊ ਉਛਾਲ ਸੀ ਜੋ ਅਸਾਵੇਂਪਨ, ਖ਼ਾਸ ਕਰਕੇ ਵੱਡੀਆਂ ਆਰਥਿਕਤਾਵਾਂ ਅਮਰੀਕਾ, ਚੀਨ, ਜਰਮਨ ਅਤੇ ਯੋਰਪੀਅਨ ਯੂਨੀਅਨ 'ਤੇ ਆਧਾਰਤ ਸੀ। ਇਹ ਅਸਾਵਾਂਪਨ ਹੁਣ ਖਤਮ ਹੋ ਰਿਹਾ ਹੈ ਜਿਸ ਕਰਕੇ ਵਿਕਾਸ ਦੀ ਪ੍ਰਵਿਰਤੀ ਹੇਠਾਂ ਵੱਲ ਜਾ ਰਹੀ ਹੈ। ਹਾਰਵਰਡ ਯੂਨੀਵਰਸਿਟੀ ਦੇ ਲਾਰੰਸ ਸਮਰਜ਼ ਸੋਚਦੇ ਹਨ ਕਿ ਅਮਰੀਕਾ ਦੀ ਆਰਥਿਕਤਾ ਵਿਕਾਸ ਦੀ ਖੜੋਤ ਦੀ ਸ਼ਿਕਾਰ ਹੈ। ਦੂਰ-ਰਸੀ ਅਤੇ ਰਾਜਨੀਤਕ ਤੌਰ ਤੇ ਢਾਂਚਾਗਤ ਸੁਧਾਰਾਂ ਦੀ ਅਣਹੋਂਦ ਵਿਚ ਪੁਰਾਣੀ ਵਿਕਾਸ ਪ੍ਰਵਿਰਤੀ ਵੱਲ ਪਰਤਣਾ ਮੁਸ਼ਕਿਲ ਹੈ। ਦੂਜੀ ਤਰ੍ਹਾਂ ਸੋਚੀਏ ਤਾਂ ਨੁਕਸਾਨ ਦੀ ਪੂਰਤੀ ਦੀ ਪ੍ਰਕਿਰਿਆ ਵਿਸ਼ਵੀਕਰਨ, ਜ਼ਰੂਰਤ ਤੋਂ ਜ਼ਿਆਦਾ ਪੈਸੇ ਦੇਣ ਕਾਰਨ ਅਤੇ ਉਮਰ ਦਰਾਜ਼ੀ, ਕਾਰਨ ਸੰਕਟ ਵਿਚ ਘਿਰ ਗਈ ਹੈ ਜੋ ਸੰਕਟ ਤੋਂ ਪਹਿਲਾਂ, ਮੌਜੂਦ ਸਨ ਪਰ 'ਮਹਾਨ ਆਧੁਨਿਕਤਾ' ਕਰਕੇ ਥੋੜ੍ਹੇ ਕਾਬੂ ਵਿਚ ਸਨ। ਜਾਪਾਨ ਇਨ੍ਹਾਂ ਸੰਕਟਾਂ ਦਾ ਸਭ ਤੋਂ ਪਹਿਲਾ ਸ਼ਿਕਾਰ ਬਣਿਆ ਪਰ ਦੂਜੀਆਂ ਆਧੁਨਿਕ ਆਰਥਿਕਤਾਵਾਂ ਵੀ ਬਹੁਤੀਆਂ ਪਿੱਛੇ ਨਹੀਂ ਸਨ।

ਨੀਤੀ ਨਿਰਮਾਤਾਵਾਂ ਨੂੰ ਵਿਸ਼ਵ ਵਿਕਾਸ ਦੀ ਅਜੋਕੀ ਦਰ 3 ਤੋਂ 3.5 ਪ੍ਰਤਿਸ਼ਤ ਰਾਜਨੀਤਕ ਤੌਰ ਤੇ ਪ੍ਰਵਾਨ ਨਹੀਂ ਹੋਵੇਗੀ ਕਿਉਂਕਿ 2003–2007 ਦੀ ਔਸਤ ਦਰ 5 ਪ੍ਰਤਿਸ਼ਤ ਤੋਂ ਉੱਪਰ ਸੀ। ਪਰ ਜੇ 'ਨਿਊ ਨਾਰਮਲ' ਇਸੇ ਤਰ੍ਹਾਂ ਜਾਰੀ ਰਿਹਾ ਤਾਂ ਹੋਰ ਉਤਸ਼ਾਹ ਵਿਕਾਸ ਦੀ ਬਜਾਇ ਵਿਨਾਸ਼ ਨੂੰ ਜਨਮ ਦੇਵੇਗਾ। ਅਸਲ ਵਿਚ, ਕਾਫ਼ੀ ਸੰਕੇਤ ਆ ਰਹੇ ਹਨ ਕਿ ਅਜਿਹਾ ਹੋਣਾ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ।

2003–2007 ਦੇ ਮੁਕਾਬਲੇ ਆਧੁਨਿਕ ਆਰਥਿਕਤਾਵਾਂ ਅਤੇ ਉੱਭਰਦੇ ਬਾਜ਼ਾਰ, ਦੋਵਾਂ ਵਿਚ ਵਿਕਾਸ ਦੀ ਦਰ ਤੇਜ਼ੀ ਨਾਲ ਥੱਲੇ ਡਿੱਗੀ ਹੈ। ਪਰ ਵਿਸ਼ਵ ਵਿਕਾਸ ਦੀ ਦਰ ਬੇਸ਼ੱਕ ਇਸ ਉਛਾਲ ਤੋਂ 10 ਸਾਲ ਪਹਿਲਾਂ ਦੀ ਔਸਤ ਦੇ ਬਰਾਬਰ ਆ ਚੁੱਕੀ ਹੈ। ਵੱਡਾ ਫ਼ਰਕ ਇਹ ਹੈ ਕਿ ਉੱਭਰਦੇ ਬਾਜ਼ਾਰ ਹਾਲੇ ਵੀ 1994–2003 ਦੀ ਔਸਤ ਨਾਲੋਂ ਤੇਜ਼ ਗਤੀ ਨਾਲ ਵਿਕਾਸ ਕਰ ਰਹੇ ਹਨ। ਪਰ ਆਧੁਨਿਕ ਆਰਥਿਕਤਾਵਾਂ ਨਾਲ ਅਜਿਹਾ ਨਹੀਂ ਹੋ ਰਿਹਾ। 'ਵਿਕਾਸ ਦੀ ਖੜੋਤ' ਆਧੁਨਿਕ ਆਰਥਿਕਤਾਵਾਂ ਦੀ ਸਮੱਸਿਆ ਨਜ਼ਰ ਆ ਸਕਦੀ ਹੈ ਕਿਉਂਕਿ 2003–2007 ਦਾ ਉਛਾਲ ਉੱਭਰ ਰਹੇ ਬਾਜ਼ਾਰ ਦੀ ਘਟਨਾ ਸੀ। ਪਰ ਉੱਭਰ ਰਹੇ ਬਾਜ਼ਾਰ ਲਈ ਮੌਕੇ ਅਨਿਸ਼ਚਿਤ ਲੱਗ ਰਹੇ ਹਨ ਜੋ ਉਨ੍ਹਾਂ ਨੂੰ ਵਿਸ਼ਵ ਵਿੱਤੀ ਸੰਕਟ ਤੋਂ ਪਹਿਲਾਂ ਪ੍ਰਾਪਤ ਹੁੰਦੇ ਸਨ। ਅੰਤਰਰਾਸ਼ਟਰੀ ਵਿੱਤੀ ਫ਼ੰਡ ਦੀ ਹਾਲੀਆ 'ਵਿਸ਼ਵ ਆਰਥਿਕ ਦ੍ਰਿਸ਼ਟੀਕੋਣ' ਲਗਾਤਾਰ ਆਧੁਨਿਕ ਆਰਥਿਕਤਾਵਾਂ ਦੇ ਵਾਧੇ ਅਤੇ ਉੱਭਰ ਰਹੀ ਬਾਜ਼ਾਰ ਆਰਥਿਕਤਾਵਾਂ ਦੇ ਨੁਕਸਾਨ ਦੀ ਪੇਸ਼ੀਨਗੋਈ ਕਰਦਾ ਆ ਰਿਹਾ ਹੈ। ਪ੍ਰਤਿ ਵਿਅਕਤੀ ਆਮਦਨ ਨੂੰ ਧਿਆਨ ਵਿਚ ਰੱਖੀਏ ਤਾਂ ਦੋਨਾਂ ਵਿਚ ਵਿਕਾਸ ਦਾ ਫ਼ਰਕ ਹੋਰ ਘਟ ਜਾਂਦਾ ਹੈ।

ਸਚਾਈ ਇਹ ਹੈ ਕਿ ਤੇਜ਼ ਗਤੀ ਦੇ ਵਿਕਾਸ ਲਈ ਉੱਭਰਦੇ ਬਾਜ਼ਾਰ ਹਾਲੇ ਵੀ ਵਿਕਸਤ

ਆਰਥਿਕਤਾਵਾਂ 'ਤੇ ਨਿਰਭਰ ਹਨ। ਵਿਕਸਤ ਆਰਥਿਕਤਾਵਾਂ ਦੇ ਵਿਕਾਸ ਵਿਚ ਸਾਹਮਣੇ ਤੋਂ ਹਵਾਵਾਂ ਨੂੰ ਧਿਆਨ ਵਿਚ ਰੱਖੀਏ, ਤਾਂ ਜੋ ਉੱਭਰ ਰਹੀਆਂ ਆਰਥਿਕਤਾਵਾਂ ਨੂੰ ਦਰਮਿਆਨੀ ਗਤੀ ਨਾਲੋਂ ਤੇਜ਼ ਗਤੀ ਨਾਲ ਵਿਕਾਸ ਦੀ ਦਰ ਬਣਾਈ ਰੱਖਣੀ ਹੈ ਤਾਂ ਉਨ੍ਹਾਂ ਨੂੰ ਆਪਣੇ ਵਿਕਾਸ ਦੇ ਇੰਜਨਾਂ ਨੂੰ ਮੁੜ ਤੋਂ ਸੰਤੁਲਿਤ ਕਰਨਾ ਪਵੇਗਾ। ਵਿਕਸਤ ਅਰਥਵਿਵਸਥਾਵਾਂ ਵਾਂਗ ਉਨ੍ਹਾਂ ਨੂੰ ਵੀ ਰਾਜਨੀਤਕ ਤੌਰ ਤੇ ਔਖੇ, ਪਰ ਢਾਂਚਾਗਤ ਸੁਧਾਰਾਂ ਨੂੰ ਅੱਗੇ ਵਧਾਉਣਾ ਹੋਵੇਗਾ।

ਭਾਰਤ ਦੀ ਆਰਥਿਕਤਾ ਵੀ ਸਾਫ਼ ਤੌਰ ਤੇ ਸਮੱਸਿਆਵਾਂ ਵਿਚ ਘਿਰੀ ਹੋਈ ਹੈ ਹਾਲਾਂਕਿ ਇਸ ਦੇ ਸਾਹਮਣੇ ਚੁਣੌਤੀਆਂ ਕੁੱਝ ਵੱਖਰੀ ਕਿਸਮ ਦੀਆਂ ਹਨ ਪਰ ਇਹ ਦੂਜੀਆਂ ਵੱਡੀਆਂ ਉੱਭਰ ਰਹੀਆਂ ਆਰਥਿਕਤਾਵਾਂ ਨਾਲੋਂ ਵੱਖਰੀਆਂ ਨਹੀਂ ਹਨ। ਵਿਕਾਸ ਦੀ ਦਰ ਵਿਚ ਗਿਰਾਵਟ, ਅੰਦਰੂਨੀ, ਬਾਹਰੀ ਅਤੇ ਢਾਂਚਾਗਤ ਅਸੰਤੁਲਨ ਦੂਜੀਆਂ ਉੱਭਰ ਰਹੀਆਂ ਆਰਥਿਕਤਾਵਾਂ ਨਾਲ ਮੁਕਾਬਲਾ ਕਰਨ ਤੋਂ ਅਸਮਰਥ ਹਨ। ਹਾਲ ਹੀ ਵਿਚ ਭਾਰਤ ਨੇ ਜੀ-20 ਮੁਲਕਾਂ ਵਿਚ ਦੂਜੇ ਸਭ ਤੋਂ ਤੇਜ਼ੀ ਨਾਲ ਵਿਕਾਸ ਕਰ ਰਹੇ ਦੇਸ਼ ਦਾ ਰੁਤਬਾ ਇੰਡੋਨੇਸ਼ੀਆ ਕੋਲ ਗੁਆ ਦਿਤਾ ਹੈ। ਇਨ੍ਹਾਂ ਸਾਰਿਆਂ ਕਾਰਨਾਂ ਕਰਕੇ, 1997 ਅਤੇ 2008 ਵਾਂਗ ਨਹੀਂ, ਭਾਰਤ ਆਪਣੇ ਆਪ ਨੂੰ ਮੁਦਰਾ ਸੰਕਟ ਦੇ ਧਰੁਵੀ ਭੰਵਰ ਵਿਚ ਫਸਿਆ ਮਹਿਸੂਸ ਕਰ ਰਿਹਾ ਹੈ ਜੋ ਉੱਭਰ ਰਹੀਆਂ ਆਰਥਿਕਤਾਵਾਂ ਨੂੰ ਆਪਣੇ ਲਪੇਟੇ ਵਿਚ ਲੈ ਰਿਹਾ ਹੈ।

ਮੱਧ ਦਰਜੇ ਦੀ ਵਿਕਾਸ ਦਰ ਤੋਂ ਤੇਜ਼ ਵਿਕਾਸ ਦਰ ਪ੍ਰਾਪਤ ਕਰਨ ਦੇ ਕੀ ਮੌਕੇ ਹਨ ਅਤੇ ਇਹ ਕਿਹੜੇ ਗੰਭੀਰ ਮੁੱਦਿਆਂ 'ਤੇ ਅਟਕੀ ਹੋਈ ਹੈ। ਹਾਲਾਂਕਿ ਵਿਸ਼ਵ ਆਰਥਿਕਤਾ ਦੇ ਲੀਹ 'ਤੇ ਆਉਣ ਦੇ ਸੰਕੇਤ ਇੰਨੇ ਹੌਸਲਾ ਵਧਾਊ ਨਹੀਂ, ਪਰ ਭਾਰਤ ਲਈ ਦੋ ਕਾਰਨਾਂ ਕਰਕੇ ਮੱਧ ਦਰਜੇ ਲਈ ਆਸ ਭਰੇ ਸੰਕੇਤ ਨਜ਼ਰ ਆ ਰਹੇ ਹਨ। ਪਹਿਲਾ, ਦੋ ਪ੍ਰਮੁੱਖ ਕਾਰਨ ਜਿਨ੍ਹਾਂ ਕਰਕੇ ਭਾਰਤ ਦੀ ਹਾਲੀਆ ਵਿਕਾਸ ਦੀ ਪ੍ਰਵਿਰਤੀ 5.5-6.5 ਪ੍ਰਤਿਸ਼ਤ ਤੋਂ 8-9 ਪ੍ਰਤਿਸ਼ਤ ਦੀ ਦਰ ਤਕ ਪੁੱਜੀ ਹੈ, ਉਹ ਕਾਰਨ ਹਾਲੇ ਵੀ ਬਰਕਰਾਰ ਹਨ।

ਨਿਰਭਰਤਾ ਦਾ ਅਨੁਪਾਤ ਲਗਾਤਾਰ ਘਟ ਰਿਹਾ ਹੈ ਜਦ ਕਿ ਕੁੱਲ ਘਰੇਲੂ ਉਤਪਾਦ ਵਿਚ ਘਰੇਲੂ ਬਚਤ ਦਾ ਲਗਭਗ 10 ਪ੍ਰਤਿਸ਼ਤ ਵਾਧਾ ਮੁੱਖ ਤੌਰ ਤੇ ਬਣਿਆ ਹੋਇਆ ਹੈ ਪਰ ਇਸ ਨਾਲ ਵਿੱਤੀ ਬਚਤ ਨੂੰ ਅਲਪ ਕਾਲੀਨ ਨੁਕਸਾਨ ਵੀ ਹੋਇਆ ਹੈ। ਦੂਜਾ ਹੈਰਾਨ ਕਰਨ ਵਾਲਾ ਤੱਥ ਹੈ ਕਿ ਮੰਗ ਦੀ ਲਾਚਾਰੀ ਤੋਂ ਪ੍ਰਭਾਵਤ ਦੁਨੀਆਂ ਵਿਚ ਭਾਰਤ ਪੂਰਤੀ ਦੀਆਂ ਸਮੱਸਿਆਵਾਂ ਕਰਕੇ ਘਰੇਲੂ ਸੰਕਟਾਂ ਨਾਲ ਜੂਝ ਰਿਹਾ ਹੈ। ਦੂਸਰੇ ਉੱਭਰ ਰਹੇ ਬਾਜ਼ਾਰਾਂ ਵਾਂਗ, ਜੋ ਉੱਚ ਵਿਕਾਸ ਦਰ ਵੱਲ ਪਰਤਣ ਲਈ ਬਾਹਰੀ ਸਹਾਰਿਆਂ ਦੀ ਲੋੜ ਮਹਿਸੂਸ ਕਰਦੇ ਹਨ, ਸਾਡੇ ਸਹਾਰੇ ਘਰੇਲੂ ਹਨ। ਇਨ੍ਹਾਂ ਸਹਾਰਿਆਂ ਰੂਪੀ ਲੀਵਰਾਂ (ਤੁਲਾਂ) ਨੂੰ ਚੁੱਕਣ ਲਈ ਉੱਛਾਲ ਦਾ ਸਮਾਂ ਬਿਲਕੁਲ ਉਪਯੁਕਤ ਸੀ। ਦਰਦ ਨੂੰ ਜਜ਼ਬ ਕਰਨ ਲਈ ਉੱਚ ਵਿਕਾਸ ਜਿਹਾ ਕੋਈ ਸਮਾਂ ਨਹੀਂ ਹੋ ਸਕਦਾ। ਪਰ ਸਚਾਈ ਇਹ ਵੀ ਹੈ ਕਿ ਉੱਛਾਲ ਦਾ ਸਮਾਂ ਹੀ ਉਹ ਹੁੰਦਾ ਹੈ ਜਦੋਂ ਇਸ ਭਰਮ ਹੇਠ ਕਿ ਅਸੀਂ ਇਨ੍ਹਾਂ ਬਿਨਾਂ ਗੁਜ਼ਾਰਾ ਕਰ ਸਕਦੇ ਹਾਂ, ਮੁਸ਼ਕਿਲ ਸੁਧਾਰਾਂ ਵੱਲ ਤੁਰਿਆ ਜਾ ਸਕਦਾ ਹੈ। ਜਦਕਿ ਅਪੂਰਤੀ ਵਾਲੇ ਸੰਕਟ ਸਾਡੇ ਆਪਣੇ ਬਣਾਏ ਹੋਏ ਹਨ ਨਾ ਕਿ ਕਿਸੇ ਬਾਹਰੀ ਦਬਾਅ ਕਰਕੇ, ਤਾਂ ਇਨ੍ਹਾਂ ਦੇ ਹੱਲ ਵੀ ਸਾਡੇ ਆਪਣੇ ਹੱਥ ਵਿਚ ਹਨ। ਅਜਿਹਾ ਕਰਨਾ ਆਸਾਨ ਨਹੀਂ ਹੋਵੇਗਾ। ਅੰਗਰੇਜ਼ ਕਵੀ ਥਾਮਸ ਇਲੀਅਟ ਦੇ ਅਮਰ ਸ਼ਬਦਾਂ ਵਿਚ - ਵਿਚਾਰ ਅਤੇ ਸਚਾਈ ਦੇ ਦਰਮਿਆਨ ਛਾਇਆ ਆਉਂਦੀ ਹੈ। ਇਨ੍ਹਾਂ ਘਰੇਲੂ ਲੀਵਰਾਂ ਨੂੰ ਚੁੱਕਣਾ ਰਾਜਨੀਤਕ ਤੌਰ ਤੇ ਵੱਡੀ ਚੁਨੌਤੀ ਹੈ।

ਇਹ ਸਮਾਂ ਇਨ੍ਹਾਂ ਲੀਵਰਾਂ ਦੀ ਗਿਣਤੀ ਕਰਨ ਦਾ ਨਹੀਂ। ਬਜਾਇ ਇਸ ਦੇ ਕਿ ਇਨ੍ਹਾਂ ਤਿੰਨ ਸੰਗੀਨ ਲੀਵਰਾਂ 'ਤੇ ਜ਼ੋਰ ਦੇਣਾ ਉੱਚਿਤ ਹੋਵੇਗਾ। ਜਿਵੇਂ ਅੱਜਕੱਲ੍ਹ ਫ਼ੈਸ਼ਨ ਹੈ - ਤਿੰਨ ਵੱਡੇ ਤੀਰ, ਬ੍ਰਹਮਅਸਤਰ - ਜਿਨ੍ਹਾਂ ਨੂੰ ਦਾਗਿਆ ਜਾਣਾ ਜ਼ਰੂਰੀ ਹੈ। ਇਹ ਹਨ - ਖੇਤੀਬਾੜੀ ਜਿਹੜੀ ਮਹਿੰਗਾਈ ਦੀ ਸਮੱਸਿਆ 'ਤੇ ਨਿਸ਼ਾਨਾ ਲਾਉਂਦੀ ਹੈ, ਕਿਰਤ ਮੁਖੀ ਨਿਰਮਾਣ ਜਿਹੜਾ ਚਲੰਤ ਖਾਤਾ ਘਾਟੇ 'ਤੇ ਚੋਟ ਲਾਉਂਦਾ ਹੈ ਅਤੇ ਵਿੱਤੀ ਪੁਨਰਗਠਨ ਜੋ ਢਾਂਚਾਗਤ ਘਾਟੇ ਨੂੰ ਨੱਥ ਪਾਉਂਦਾ ਹੈ।

ਵੱਡੇ ਅਰਥਸ਼ਾਸਤਰੀ ਦੀ ਤੁਲਨਾ ਇਕ ਆਮ ਡਾਕਟਰ ਨਾਲ ਕੀਤੀ ਜਾ ਸਕਦੀ ਹੈ ਜਿਹੜਾ ਆਮ ਬੀਮਾਰੀ ਨੂੰ ਪਛਾਣ ਕੇ ਮੁਢਲੀ ਦਵਾਈ ਲਿਖਦਾ ਹੈ। ਉਸ ਕੋਲ ਪੱਕੇ ਇਲਾਜ ਸੁਝਾਉਣ ਲਈ ਨਾ ਤਾਂ ਮੁਹਾਰਤ ਹੁੰਦੀ ਹੈ, ਨਾ ਤਜਰਬਾ। ਅਜਿਹਾ ਆਮ ਤੌਰ ਤੇ ਮਾਹਰ ਡਾਕਟਰਾਂ ਵਲੋਂ ਬੀਮਾਰੀ ਦੀ ਤਫਸੀਲ ਨਾਲ ਜਾਂਚ ਕਰਨ ਤੋਂ ਬਾਅਦ ਹੀ ਕੀਤਾ ਜਾਂਦਾ ਹੈ। ਲੇਖਕ ਕੋਲ ਨਾ ਤਾਂ ਜਾਣਕਾਰੀ ਹੈ ਅਤੇ ਨਾ ਹੀ ਬ੍ਰਹਮਅਸਤਰਾਂ ਨੂੰ ਬਣਾਉਣ ਅਤੇ ਸਹੀ ਦਿਸ਼ਾ ਵਿਚ ਦਾਗਣ ਦਾ ਤਜਰਬਾ। ਪਰ ਉਸ ਨੂੰ ਇਹ ਭਰੋਸਾ ਜ਼ਰੂਰ ਹੈ ਕਿ ਜੇ ਇਨ੍ਹਾਂ ਤਿੰਨਾਂ ਬ੍ਰਹਮਅਸਤਰਾਂ ਨੂੰ ਸੁਸ਼ਾਸਨ ਰੂਪੀ ਧਨੁਸ਼ 'ਤੇ ਚਾੜ੍ਹ ਕੇ ਸਹੀ ਦਿਸ਼ਾ ਵਿਚ ਛੱਡਿਆ ਜਾਵੇ ਤਾਂ ਇਹ ਵਰਤਮਾਨ ਦੇ ਵੱਡੇ ਆਰਥਿਕ ਅਸੰਤੁਲਨ ਨੂੰ ਠੀਕ ਕਰਨ ਦੇ ਸਮਰੱਥ ਹਨ ਅਤੇ ਉੱਚ ਵਿਕਾਸ ਦਰ ਪ੍ਰਾਪਤ ਕਰਨ ਲਈ ਇਕ ਮਜ਼ਬੂਤ ਬੁਨਿਆਦ ਰੱਖ ਸਕਦੇ ਹਨ।

ਇਕ ਸਮੇਂ ਜਦੋਂ ਮਹਿੰਗਾਈ ਦੀਆਂ ਪ੍ਰਵਿਰਤੀਆਂ ਹੋਰ ਜ਼ਿਆਦਾ ਵਿਸ਼ਵ ਪੱਧਰ 'ਤੇ ਸ਼੍ਰੇਣੀਬਧ ਹੋ ਰਹੀਆਂ ਹਨ ਤਾਂ ਭਾਰਤ ਵਿਚ ਉੱਭਰਦੇ ਬਾਜ਼ਾਰ ਦੇ ਮਾਪਦੰਡਾਂ ਮੁਤਾਬਕ ਉੱਚ ਮਹਿੰਗਾਈ ਦਾ ਮੌਜੂਦ ਰਹਿਣਾ ਥੋੜ੍ਹਾ ਦੋਚਿੱਤੀ ਵਾਲਾ ਲਗਦਾ ਹੈ। ਵਿਸ਼ਵ ਦੀ ਪ੍ਰਵਿਰਤੀ ਅੱਜਕੱਲ੍ਹ ਮਹਿੰਗਾਈ ਵਿਰੋਧੀ ਹੈ। ਭਾਰਤ ਵਿਚ ਮਹਿੰਗਾਈ ਦੀਆਂ ਜੜ੍ਹਾਂ ਵੱਡੇ ਆਰਥਿਕ ਅਸੰਤੁਲਨ ਵਿਚ ਨਹੀਂ ਜਾਪਦੀਆਂ।ਪਰ ਜੇ ਖਾਣ-ਪੀਣ ਦੀਆਂ ਵਸਤਾਂ ਦੀ ਮਹਿੰਗਾਈ ਖਲਨਾਇਕ ਹੈ ਤਾਂ ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੋਵੇਗੀ ਕਿ ਵਿਸ਼ਵ ਵਿਚ ਖਾਣ-ਪੀਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਨਰਮ ਹਨ। ਇਸ ਤੋਂ ਸਵਾਲ ਉਪਜਦਾ ਹੈ ਕਿ ਭਾਰਤ ਇਸ ਤੋਂ ਬਾਹਰ ਕਿਉਂ ਹੈ?

ਭਾਰਤ ਵਿਚ ਖਾਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਰਵਾਇਤੀ ਤੌਰ ਤੇ ਦੁਨੀਆਂ ਦੀਆਂ ਕੀਮਤਾਂ ਨਾਲੋਂ ਘਟ ਰਹੀਆਂ ਹਨ। ਇਹ ਉੱਚ ਮੁਦਰਾ ਸਫ਼ਿਤੀ, ਸਬਜ਼ੀਆਂ ਅਤੇ ਬਾਗ਼ਬਾਨੀ ਉਤਪਾਦਾਂ ਦੀਆਂ ਕੀਮਤਾਂ ਵਿਚ ਅਸਥਿਰਤਾ ਦੇ ਬਾਵਜੂਦ ਨਿਰੰਤਰ ਘਟ ਹੀ ਰਹੀਆਂ ਹਨ। ਇਸ ਕਰਕੇ ਅੰਤਰਰਾਸ਼ਟਰੀ ਵਪਾਰ ਦੇ ਘਰੇਲੂ ਖਾਧ ਪਦਾਰਥਾਂ ਦੀ ਮਹਿੰਗਾਈ ਨੂੰ ਰੋਕਣ ਦੀ ਆਸ ਨਹੀਂ ਕੀਤੀ ਜਾ ਸਕਦੀ। ਭਾਰਤ ਵਿਚ ਖਾਧ ਪਦਾਰਥਾਂ ਦੀ ਮਹਿੰਗਾਈ ਦੀਆਂ ਜੜ੍ਹਾਂ ਘਰੇਲੂ ਹਨ, ਜੋ ਬਾਜ਼ਾਰ ਦੀ ਅਸਫਲਤਾ ਦਾ ਹਿੱਸਾ ਹਨ। ਇਸ ਤੋਂ ਹੈਰਾਨ ਹੋਣ ਵਾਲੀ ਗੱਲ ਨਹੀਂ ਕਿਉਂਕਿ ਖੇਤੀਬਾੜੀ ਅਜਿਹਾ ਖੇਤਰ ਹੈ ਜੋ 1990 ਦੇ ਮੁਢਲੇ ਸਾਲਾਂ ਤੋਂ ਭਾਰਤੀ ਆਰਥਿਕਤਾ ਦੇ ਉਦਾਰੀਕਰਨ ਤੋਂ ਮਿਲਣ ਵਾਲੇ ਨਿਪੁੰਨਤਾ ਦੇ

ਲਾਭਾਂ ਦੇ ਫ਼ਾਇਦੇ ਲੈਣ ਤੋਂ ਨਾਕਾਮ ਰਿਹਾ ਹੈ।

ਸਮਰਥਨ ਕੀਮਤਾਂ ਵਿਚ ਲਗਾਤਾਰ ਵਾਧੇ ਕਾਰਨ ਅਨਾਜ ਦੀਆਂ ਕੀਮਤਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਨੇ ਮੰਗ ਦੇ ਅਮੁਦਰਾ ਸਫ਼ਿਤੀ ਦੇ ਦਬਾਵਾਂ ਨੂੰ ਨਕਾਰਾ ਕਰ ਦਿਤਾ ਹੈ ਜੋ ਵਧਦੀਆਂ ਕੀਮਤਾਂ ਕਰਕੇ ਅਨਾਜ ਤੋਂ ਗ਼ੈਰ-ਅਨਾਜ ਵਸਤਾਂ ਵੱਲ ਰੁਝਾਨ ਵਧਣ ਦਾ ਕਾਰਨ ਹੈ। ਗ਼ੈਰ-ਅਨਾਜ ਵਸਤਾਂ ਦੀ ਕੀਮਤ ਵਿਚ ਵਾਧੇ ਦਾ ਮੁੱਖ ਕਾਰਨ ਪੁਰਾਣਾ ਬਾਜ਼ਾਰ ਪ੍ਰਬੰਧ ਅਤੇ ਢਾਂਚਾ ਹਨ ਜਿਸ ਕਰਕੇ ਉਤਪਾਦਿਕਤਾ ਘਟਦੀ ਹੈ, ਵੱਡੀ ਤਦਾਦ ਵਿਚ ਨੁਕਸਾਨ, ਖੇਤੀ ਅਤੇ ਅੰਤਮ ਉਪਭੋਗਤਾ ਦਰਮਿਆਨ ਕੀਮਤਾਂ ਦਾ ਵੱਡਾ ਫ਼ਰਕ ਆਉਂਦਾ ਹੈ। ਕੀਮਤਾਂ ਨਿਰਧਾਰਤ ਕਰਨ ਦੀ ਪ੍ਰਣਾਲੀ ਜੋ ਬਾਜ਼ਾਰ ਵਿਚ ਮੰਗ ਅਤੇ ਪੂਰਤੀ ਨੂੰ ਸੰਤੁਲਿਤ ਕਰਨ ਲਈ ਜ਼ਰੂਰੀ ਹੈ, ਕਾਫ਼ੀ ਕਮਜ਼ੋਰ ਹੈ। ਖੇਤੀਬਾੜੀ ਦੇ ਬ੍ਰਹਮਅਸਤਰ ਨੂੰ ਖੇਤੀ ਖੇਤਰ ਅਤੇ ਖੇਤੀ ਸੰਬੰਧਿਤ ਬਾਜ਼ਾਰ ਵਿਚਲੀਆਂ ਕਮੀਆਂ ਨੂੰ ਦੂਰ ਕਰਨਾ ਹੋਵੇਗਾ। ਤਕਨੀਕ ਦੇ ਲਈ ਨਿਯੰਤ੍ਰਣ, ਭਾਰਤੀ ਖੇਤੀ ਕੋਲ ਇਕ ਵਿਸ਼ਵਵਿਆਪੀ ਫ਼ਾਇਦਾ ਹੈ ਜੋ ਵਰਤੋਂ ਵਿਚ ਆਉਣ ਦੀ ਉਡੀਕ ਵਿਚ ਹੈ।

ਦੂਜਾ ਬ੍ਰਹਮਅਸਤਰ ਜਿਸ ਨੂੰ ਦਾਗਣ ਦੀ ਲੋੜ ਹੈ, ਉਹ ਹੈ ਸਹਾਇਕ ਵਾਤਾਵਰਨ ਦੀ ਸਿਰਜਣਾ ਜੋ ਕਿਰਤ ਮੁਖੀ ਨਿਰਮਾਣ ਖੇਤਰ ਵਿਚ ਭਾਰਤ ਦੇ ਫ਼ਾਇਦਿਆਂ ਦਾ ਉਤੋਲਨ ਕਰੇਗਾ। ਇਸ ਸਦਕਾ ਵੱਡੀ ਗਿਣਤੀ ਵਿਚ ਘੱਟ ਉਤਪਾਦਕ ਵਾਲੇ ਖੇਤਰ ਜਿਵੇਂ ਖੇਤੀ, ਵਿਚ ਲੱਗੇ ਕਾਮਿਆਂ ਨੂੰ ਜ਼ਿਆਦਾ ਉਤਪਾਦਕਤਾ ਵਾਲੇ ਖੇਤਰ, ਜਿਵੇਂ ਨਿਰਮਾਣ ਆਦਿ ਵਿਚ ਤਬਦੀਲ ਕੀਤਾ ਜਾ ਸਕੇਗਾ। ਇਸ ਨਾਲ ਆਮਦਨ ਦਾ ਪੱਧਰ ਵਧੇਗਾ ਅਤੇ ਕਿਰਤ ਸ਼ਕਤੀ ਵਿਚ ਵਾਧਾ ਹੋਵੇਗਾ। ਨਿਰਮਾਣ ਖੇਤਰ ਵਿਚ ਭਾਰਤ ਨੂੰ ਚੀਨ ਜਿਹੇ ਫ਼ਾਇਦੇ ਹਾਸਲ ਹਨ। ਇਸ ਨੂੰ ਹੋਰ ਵਾਧੂ ਫ਼ਾਇਦਾ ਮਜ਼ਬੂਤ ਨਿੱਜੀ ਉੱਦਮੀਆਂ ਅਤੇ ਵਿਕਸਤ ਪੂੰਜੀ ਬਾਜ਼ਾਰ ਦਾ ਵੀ ਹੈ। ਭੂਮੀ, ਮਜ਼ਦੂਰ, ਕਰ, ਕੌਸ਼ਲ ਦਾ ਨਿਰਮਾਣ ਸਿੱਖਿਆ ਅਤੇ ਸੁਸ਼ਾਸਨ ਦਾ ਮੁਕਾਬਲੇ ਵਾਲਾ ਢਾਂਚਾ ਹੋਣ ਕਰਕੇ ਕੋਈ ਕਾਰਨ ਨਹੀਂ ਭਾਰਤ ਨਿਰਮਾਣ ਖੇਤਰ ਵਿਸ਼ਵ ਵਿਚ ਚੀਨ ਵਾਂਗ ਆਪਣੀ ਪੈਠ ਸਥਾਪਿਤ ਨਾ ਕਰ ਸਕੇ। ਇਸ ਨਾਲ ਭਾਰਤ ਦੇ ਚਾਲੂ ਖਾਤਾ ਅਸੰਤੁਲਨ ਨੂੰ ਠੀਕ ਕਰਨ ਵਿਚ ਵੀ ਮਦਦ ਮਿਲੇਗੀ।

ਤੀਜਾ ਬ੍ਰਹਮਅਸਤਰ ਵਿੱਤੀ ਹੈ। ਵਿੱਤੀ ਸੁਧਾਰਾਂ ਬਾਰੇ ਦੁਚਿੱਤੀ ਨੂੰ ਇਕ ਪਾਸੇ ਰੱਖਿਆ ਜਾ ਸਕਦਾ ਹੈ ਕਿਉਂਕਿ ਅਸੀਂ ਸਿਲਸਿਲੇਦਾਰ ਅਤੇ ਢਾਂਚਾਗਤ ਬਜਟ ਘਾਟੇ ਵਿਚ ਫ਼ਰਕ ਨਹੀਂ ਕਰਦੇ। ਘਟਦੀ ਵਿਕਾਸ ਦਰ ਨਾਹਵਾਚਕ ਮਾਲੀਏ ਦੇ ਝਟਕੇ ਕਾਰਨ ਬਜਟ ਘਾਟੇ ਵਿਚ ਵਾਧੇ ਦਾ ਕਾਰਨ ਬਣਦੀ ਹੈ। ਦੋਨਾਂ ਹਾਲਤਾਂ ਵਿਚ ਢਾਂਚਾਗਤ ਸੰਤੁਲਨ ਵਿਚ ਬਦਲਾਅ ਨਹੀਂ ਆਉਂਦਾ। ਇਕ ਆਖਰੀ ਕੰਮ ਜੋ ਨੀਤੀਘਾੜੇ ਕਰ ਸਕਦੇ ਹਨ, ਉਹ ਹੈ ਸਰਕਾਰੀ ਮੰਗ ਨੂੰ ਘੱਟ ਕਰਕੇ ਆਰਥਿਕ ਮੰਦੀ ਨੂੰ ਹੋਰ ਭੈੜਾ ਕਰਨਾ ਜਦੋਂ ਨਿੱਜੀ ਮੰਗ ਘੱਟ ਹੋਵੇ ਤਾਂ ਕਿ ਨਾਮਾਤਰ ਵਿੱਤੀ ਘਾਟੇ ਵਿਚ ਕੋਈ ਬਦਲਾਅ ਨਾ ਹੋਵੇ।

ਚੰਗੀ ਗੱਲ ਹੈ ਕਿ ਭਾਰਤ ਦਾ ਢਾਂਚਾਗਤ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦ ਦੀ ਔਸਤ ਮੁਤਾਬਕ ਜਨਤਕ ਕਰਜ਼ੇ ਵਿਚ ਖਰਾਬੀ ਦਾ ਕਾਰਨ ਨਹੀਂ ਬਣਿਆ। ਇਹ ਅਸਲ ਵਿਚ ਘਟ ਰਿਹਾ ਹੈ। ਵਿੱਤੀ ਬ੍ਰਹਮਅਸਤਰ ਭਾਰਤ ਦੇ ਢਾਂਚਾਗਤ ਬਜਟ ਦੀ ਬਣਤਰ ਬਾਰੇ ਨਹੀਂ ਹੈ।

ਵਿਕਾਸ ਦੇ ਮੁਢਲੇ ਦੌਰ ਵਿਚ ਉੱਚ ਵਿਕਾਸ ਦਰ ਭੌਤਿਕ ਅਤੇ ਸਮਾਜਿਕ ਢਾਂਚੇ ਵਿਚ ਨਿਵੇਸ਼ ਲਈ ਆਪਣੀ ਵਿੱਤੀ ਥਾਂ ਬਣਾ ਲੈਂਦੀ ਹੈ ਜੋ ਉੱਚ ਵਿਕਾਸ ਦਰ ਨੂੰ ਬਣਾਈ ਰੱਖਣ ਅਤੇ ਇਨਸਾਨਾਂ ਦੇ ਭਲੇ ਲਈ ਜ਼ਰੂਰੀ ਹੁੰਦਾ ਹੈ। ਇਤਿਹਾਸਕ ਤਜਰਬੇ ਤੋਂ ਇਹ ਸੰਕੇਤ ਮਿਲਦੇ ਹਨ ਕਿ ਨਿੱਜੀ ਨਿਵੇਸ਼ ਇਸ ਨੂੰ ਇਕ ਹੱਦ ਤਕ ਹੀ ਸਹਾਰਾ ਪ੍ਰਦਾਨ ਕਰ ਸਕਦਾ ਹੈ, ਉਹ ਵੀ ਤਾਂ ਜੇ ਨੀਤੀਗਤ ਵਾਤਾਵਰਨ ਸਹਾਇਕ ਹੋਵੇ। ਜੇ ਘਟੀਆ ਵਸਤਾਂ ਅਤੇ ਸੇਵਾਵਾਂ 'ਤੇ ਸਬਸਿਡੀ ਦੇ ਕੇ ਇਹ ਨੀਤੀਗਤ ਥਾਂ ਗੁਆ ਲਈ ਜਾਵੇ ਤਾਂ ਵਿਕਾਸ ਅਤੇ ਲਗਾਈ ਗਈ ਪੂੰਜੀ ਦਾ ਨੁਕਸਾਨ ਹੋਣਾ ਲਾਜ਼ਮੀ ਹੈ ਅਤੇ ਨਾਲ ਦੀ ਨਾਲ ਉਪਭੋਗਤਾ ਦੀ ਭਲਾਈ ਦਾ ਵੀ। ਵਿੱਤੀ ਪੁਨਰਗਠਨ ਲਈ ਕਰ ਸੁਧਾਰ, ਜਿਵੇਂ ਵਸਤਾਂ ਅਤੇ ਸੇਵਾ ਕਰ, ਸਿੱਧਾ ਕਰ ਕੋਡ ਅਤੇ ਸੁਧਰੇ ਹੋਏ ਕਰ ਪ੍ਰਬੰਧਨ 'ਤੇ ਧਿਆਨ ਦੇਣਾ ਪਵੇਗਾ ਤਾਂ ਕਿ ਕੁੱਲ ਘਰੇਲੂ ਉਤਪਾਦ ਨੂੰ ਮਾਲੀਏ ਦੀ ਉੱਛਾਲ ਮਿਲ ਸਕੇ। ਖਰਚੇ ਵਾਲੇ ਪੱਖ ਤੋਂ ਵੇਖੀਏ ਤਾਂ ਗ਼ੈਰ ਨਿਸ਼ਾਨੇ ਵਾਲੀਆਂ ਸਬਸਿਡੀਆਂ ਤੋਂ ਹਟ ਕੇ ਢਾਂਚਾਗਤ ਜਨਤਕ ਨਿਵੇਸ਼, ਭੌਤਿਕ ਅਤੇ ਸਮਾਜਿਕ ਕਰਨਾ ਪਵੇਗਾ। ਰਾਜਨੀਤਕਾਂ ਨੂੰ ਮੌਜੂਦਾ ਸਮਾਜਿਕ ਤਾਣੇ-ਬਾਣੇ ਨੂੰ ਮੁੜ ਤੋਂ ਵੇਖਣਾ ਪਵੇਗਾ ਕਿਉਂਕਿ ਥੋੜ੍ਹ-ਚਿਰੇ ਸੁਧਾਰ ਹਮੇਸ਼ਾ ਔਖ ਦੇਣ ਵਾਲੇ ਹੁੰਦੇ ਹਨ। ਜਿਵੇਂ ਕਿ ਜਰਮਨ ਦੇ ਚਾਂਸਲਰ ਗੇਰਾਹਰਡ ਸ਼ਰੋਡਰ ਨੇ ਇਕ ਦਹਾਕਾ ਪਹਿਲਾਂ ਦਿਖਾਇਆ ਕਿ ਗੰਭੀਰ ਦੌਰ ਵਿਚੋਂ ਗੁਜ਼ਰਦੇ ਹੋਏ, ਸੋਚੀ-ਸਮਝੀ ਅਤੇ ਨਿਸ਼ਾਨੇ ਵਾਲੀ ਸਮਾਜਿਕ ਸੁਰੱਖਿਆ ਤਾਣੇ-ਬਾਣੇ ਦੇ ਤਹਿਤ ਇਨ੍ਹਾਂ ਸੁਧਾਰਾਂ ਨੂੰ ਹੋਰ ਸੁਆਦਲਾ ਬਣਾਇਆ ਜਾ ਸਕਦਾ ਹੈ।

ਅੰਤ ਵਿਚ, ਮੈਂ ਆਪਣੀਆਂ ਕੇਂਦਰੀ ਦਲੀਲਾਂ 'ਤੇ ਧਿਆਨ ਦਿਵਾਉਣਾ ਚਾਹੁੰਦਾ ਹਾਂ। ਕਿਸੇ ਵੀ ਤਰ੍ਹਾਂ ਵਿਸ਼ਵ ਦੀ ਆਰਥਿਕਤਾ ਸੰਕਟ ਵਿਚੋਂ ਬਾਹਰ ਨਹੀਂ ਹੈ। ਪੈਰਾਂ 'ਤੇ ਹੋਣ ਦੀ ਕੋਸ਼ਿਸ਼ ਹਾਲੇ ਵੀ ਕਮਜ਼ੋਰ ਹੈ, ਦੋ ਵੱਡੇ ਮੁੜ ਤੋਂ ਸੰਤੁਲਨ ਕਰਨ ਵਾਲੇ ਪੱਖਾਂ ਦੀ ਕਿਸਮਤ ਅਨਿਸ਼ਚਿਤ ਹੈ ਅਤੇ ਅਸਾਧਾਰਨ ਜੀਵਨ ਸਹਾਇਕ ਪ੍ਰਣਾਲੀ ਹਾਲੇ ਵੀ ਮੌਜੂਦ ਹੈ। ਵਿਕਾਸ ਦਰ ਵਧਾਉਣ ਲਈ ਲੰਮੇ ਸਮੇਂ ਤਕ ਵੱਡੀਆਂ ਆਰਥਿਕ ਨੀਤੀਆਂ 'ਤੇ ਨਿਰਭਰ ਕਾਰਨ ਖਾਮੀਆਂ ਪੈਦਾ ਹੋ ਸਕਦੀਆਂ ਹਨ। ਇਹ ਪਹਿਲਾਂ ਨਜ਼ਰ ਆ ਰਿਹਾ ਹੈ। ਨੀਤੀ ਨਿਰਮਾਤਾਵਾਂ ਨੂੰ ਦੂਰਗਾਮੀ, ਰਾਜਨੀਤਕ ਤੌਰ ਤੇ ਮੁਸ਼ਕਿਲ, ਵਿਕਸਤ ਅਤੇ ਉੱਭਰ ਰਹੀਆਂ ਆਰਥਿਕਤਾਵਾਂ ਵਿਚ ਢਾਂਚਾਗਤ ਸੁਧਾਰਾਂ 'ਤੇ ਜ਼ੋਰ ਦੇਣਾ ਚਾਹੀਦਾ ਹੈ ਤਾਂ ਕਿ ਇਨ੍ਹਾਂ ਦੀ ਆਰਥਿਕਤਾ ਨੂੰ ਮੁੜ-ਸੰਤੁਲਿਤ ਕੀਤਾ ਜਾ ਸਕੇ ਅਤੇ ਵਿਕਾਸ ਦੇ ਨਵੇਂ ਰਾਹ ਤਲਾਸ਼ੇ ਜਾ ਸਕਣ। ਜਦ ਕਿ ਭਾਰਤੀ ਅਰਥਵਿਵਸਥਾ ਵੀ ਖ਼ਤਰੇ ਵਿਚ ਹੈ। ਇਸ ਦੇ ਸਾਹਮਣੇ ਮੌਜੂਦ ਚੁਨੌਤੀਆਂ ਥੋੜ੍ਹੀਆਂ ਵੱਖਰੀਆਂ ਹਨ। ਜਿਹੜੇ ਲੀਵਰਾਂ ਨੂੰ ਚੁੱਕਣ ਦੀ ਲੋੜ ਹੈ, ਉਹ ਜ਼ਿਆਦਾ ਘਰੇਲੂ ਹਨ ਅਤੇ ਮੰਗ ਪੱਖ 'ਤੇ ਨਾ ਹੋ ਕੇ ਪੂਰਤੀ ਪੱਖ 'ਤੇ ਹਨ। ਤਿੰਨੇ ਵੱਡੇ ਤੀਰ – ਖੇਤੀਬਾੜੀ, ਕਿਰਤ ਮੁਖੀ ਨਿਰਮਾਣ ਅਤੇ ਵਿੱਤ, ਇਨ੍ਹਾਂ ਨੂੰ ਸ਼ਾਸਨ ਦੇ ਚੰਗੇ ਵਾਤਾਵਰਨ 'ਚ ਦਾਗਣ ਦੀ ਜ਼ਰੂਰਤ ਹੈ। ਇਸ ਨਾਲ ਘਰੇਲੂ ਅਤੇ ਬਾਹਰੀ ਵੱਡੀ ਆਰਥਿਕਤਾ ਦਾ ਮੁੜ ਤੋਂ ਸੰਤੁਲਨ ਸਥਾਪਤ ਹੋ ਸਕੇਗਾ ਅਤੇ ਜਾਰੀ ਰਹਿਣ ਵਾਲੀ ਉੱਚ ਵਿਕਾਸ ਦਰ ਦੀ ਪ੍ਰਾਪਤੀ ਹੋ ਸਕੇਗੀ।

*(ਲੇਖਕ ਸਕੱਤਰ, ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਪਰਿਸ਼ਦ ਹੈ। ਇਹ ਵਿਚਾਰ ਉਸ ਦੇ ਆਪਣੇ ਹਨ ਅਤੇ ਨਾ ਕਿ ਪਰਿਸ਼ਦ ਜਾਂ ਭਾਰਤ ਸਰਕਾਰ ਦੇ।)*

*e-mail :aloksheel@aloksheel.com*

# ਭਾਰਤ ਦਾ ਨਜ਼ਰੋਂ ਓਝਲ ਆਰਥਿਕ ਪਰਿਵਰਤਨ

ਕੁਨਾਲ ਸੇਨ

## ਵਿਕਾਸ ਅਤੇ ਢਾਂਚਾਗਤ ਬਦਲਾਅ

ਆਜ਼ਾਦੀ ਤੋਂ ਬਾਅਦ ਦੇ ਛੇ ਦਹਾਕਿਆਂ ਦੌਰਾਨ ਭਾਰਤੀ ਆਰਥਿਕਤਾ ਦੇ ਢਾਂਚੇ ਵਿਚ ਮਹੱਤਪੂਰਨ ਬਦਲਾਅ ਆਏ ਹਨ। 1955 ਵਿਚ ਕੁੱਲ ਉਤਪਾਦਨ ਦਾ 57 ਪ੍ਰਤਿਸ਼ਤ ਖੇਤੀਬਾੜੀ ਤੋਂ ਆਉਂਦਾ ਸੀ। 2008 ਵਿਚ ਇਹ ਕੁੱਲ ਉਤਪਾਦਨ ਦਾ ਮਹਿਜ਼ 19.8 ਪ੍ਰਤਿਸ਼ਤ ਰਹਿ ਗਿਆ। 1955 ਵਿਚ ਸੱਨਅਤੀ ਨਿਰਮਾਣ ਕੁੱਲ ਉਤਪਾਦਨ ਦਾ 9.9 ਪ੍ਰਤਿਸ਼ਤ ਸੀ ਜੋ 2008 ਵਿਚ ਵਧ ਕੇ 15.6 ਪ੍ਰਤਿਸ਼ਤ ਹੋ ਗਿਆ। ਇਸ ਦਾ ਮੁੱਖ ਕਾਰਨ ਸੰਗਠਿਤ ਅਤੇ ਰਸਮੀ ਨਿਰਮਾਣ ਦੇ ਉਤਪਾਦਨ ਵਿਚ ਵਾਧਾ ਸੀ ਜੋ 1955 ਦੇ 4.9 ਪ੍ਰਤਿਸ਼ਤ ਦੇ ਮੁਕਾਬਲੇ 2008 ਵਿਚ 10.6 ਪ੍ਰਤਿਸ਼ਤ ਹੋ ਗਿਆ। ਸ਼ਾਇਦ ਭਾਰਤ ਦੀ ਆਰਥਿਕਤਾ ਦੇ ਢਾਂਚਾਗਤ ਬਦਲਾਅ ਦਾ ਸਭ ਤੋਂ ਵਿਸ਼ੇਸ਼ ਪਹਿਲੂ ਸੇਵਾ ਖੇਤਰ ਦਾ ਹਿੱਸਾ ਰਿਹਾ ਹੈ ਜੋ 1955 ਵਿਚ ਕੁੱਲ ਘਰੇਲੂ ਉਤਪਾਦ ਦਾ 19 ਪ੍ਰਤਿਸ਼ਤ ਸੀ। ਇਹ 2008 ਵਿਚ ਵਧ ਕੇ 40.7 ਪ੍ਰਤਿਸ਼ਤ ਤਕ ਅੱਪੜ ਗਿਆ। ਇਹ ਇਕ ਜਾਣਿਆਂ ਪਛਾਣਿਆਂ ਸੱਚ ਹੈ ਕਿ ਭਾਰਤ ਦੇ ਆਰਥਿਕ ਵਿਕਾਸ ਦੀ ਰੂਪ-ਰੇਖਾ ਬੜੀ ਅਨੋਖੀ ਹੈ ਜਿਸ ਵਿਚ ਸੇਵਾ ਖੇਤਰ ਦਾ ਆਰਥਿਕ ਸਰਗਰਮੀਆਂ ਵਿਚ ਕਾਫ਼ੀ ਵੱਡਾ ਹਿੱਸਾ ਰਿਹਾ ਹੈ ਜੋ ਭਾਰਤ ਦੀ ਪ੍ਰਤਿ ਵਿਅਕਤੀ ਆਮਦਨ ਨੂੰ ਧਿਆਨ ਵਿਚ ਰੱਖਦਿਆਂ ਥੋੜ੍ਹਾ ਅਜੀਬ ਲਗਦਾ ਹੈ। 1993–2004 ਦੇ ਸਮੇਂ ਦੌਰਾਨ ਤੇਜ਼ੀ ਨਾਲ ਵਿਕਾਸ ਕਰਨ ਵਾਲੇ ਸੇਵਾ ਖੇਤਰਾਂ ਵਿਚ ਵਪਾਰਕ ਸੇਵਾਵਾਂ (24.3 ਪ੍ਰਤਿਸ਼ਤ) ਅਤੇ ਸੰਚਾਰ (20.3 ਪ੍ਰਤਿਸ਼ਤ) ਸ਼ਾਮਿਲ ਸਨ। ਇਸ ਦਾ ਮੁੱਖ ਕਾਰਨ ਸੈਲੂਲਰ ਤਕਨੀਕ ਦੀ ਖੋਜ ਸੀ ਕਿਉਂਕਿ ਸਰਕਾਰ ਨੇ ਸੰਚਾਰ ਸੇਵਾਵਾਂ 'ਤੇ ਅਧਿਕਾਰ ਖਤਮ ਕਰਕੇ ਇਸ ਖੇਤਰ ਦੇ ਦਰਵਾਜ਼ੇ ਨਿੱਜੀ ਖੇਤਰ ਵਾਸਤੇ ਖੋਲ੍ਹ ਦਿਤੇ ਸਨ (ਕੋਤਵਾਲ, 2010)।

**ਜਿਨ੍ਹਾਂ ਆਰਥਿਕ ਸੁਧਾਰਾਂ ਕਰਕੇ ਸੇਵਾ ਖੇਤਰ ਵਿਚ ਵਿਦੇਸ਼ੀ ਕੰਪਨੀਆਂ ਦੇ ਦਾਖ਼ਲੇ ਦੀ ਰਾਹ ਅਸਾਨ ਹੋਈ, ਉਨ੍ਹਾਂ ਕਰਕੇ ਵੀ ਸੇਵਾ ਖੇਤਰ ਦੇ ਵਿਕਾਸ ਲਈ ਸਿੱਧੇ ਤੌਰ ਤੇ ਜ਼ਿੰਮੇਵਾਰ ਸਨ ਕਿਉਂਕਿ ਸੇਵਾ ਖੇਤਰ ਵਿਚ ਸਿੱਧਾ ਵਿਦੇਸ਼ੀ ਨਿਵੇਸ਼ 1990ਵਿਆਂ ਦੇ ਸ਼ੁਰੂਆਤੀ ਸਮੇਂ ਦੇ 10.5 ਪ੍ਰਤਿਸ਼ਤ ਤੋਂ ਵਧ ਕੇ ਦਹਾਕੇ ਦੇ ਪਿਛਲੇ ਅੱਧ ਤਕ 30 ਪ੍ਰਤਿਸ਼ਤ ਹੋ ਗਿਆ। 1992 ਤੋਂ ਬਾਹਰਲੇ ਸਿੱਧੇ ਵਿਦੇਸ਼ੀ ਨਿਵੇਸ਼ ਦੀ ਸੂਚਨਾ ਤਕਨਾਲੋਜੀ ਖੇਤਰ ਵਿਚ ਦਾਖ਼ਲੇ ਦੀ ਬਦੌਲਤ ਦੁਨੀਆਂ ਦੇ ਸੇਵਾ ਖੇਤਰ ਦੇ ਨਿਰਯਾਤ ਦੇ ਮੁਕਾਬਲੇ ਭਾਰਤ ਦਾ ਸਾਫ਼ਟਵੇਅਰ ਨਿਰਯਾਤ ਛੇ ਗੁਣਾ ਜ਼ਿਆਦਾ ਤੇਜ਼ੀ ਨਾਲ ਵਿਕਸਤ ਹੋਇਆ।**

ਨਿਰਮਾਣ ਖੇਤਰ ਦੀ ਗੱਲ ਕਰੀਏ ਤਾਂ ਇਸ ਦਾ ਨਿਵੇਕਲਾ ਪੱਖ ਇਸ ਦਾ ਦੋਹਰਾਪਨ ਹੈ – ਰਸਮੀ ਖੇਤਰ ਦੀਆਂ ਛੋਟੀਆਂ ਇਕਾਈਆਂ ਦੀ ਹੋਂਦ ਜਿਨ੍ਹਾਂ ਵਿਚ ਬਹੁਤ ਵੱਡੀ ਗਿਣਤੀ ਸੁਰੱਖਿਅਤ ਕਾਮਿਆਂ ਦੀ ਹੁੰਦੀ ਹੈ, ਨਾਲ ਹੀ ਨਾਲ ਗ਼ੈਰ-ਰਸਮੀ ਖੇਤਰ ਵਿਚ ਮੌਜੂਦ ਬਹੁਤ ਸਾਰੀਆਂ ਇਕਾਈਆਂ ਜਿਥੇ ਕਾਮਿਆਂ ਨੂੰ ਸਮਾਜਿਕ ਸੁਰੱਖਿਆ, ਨੌਕਰੀ ਦੀ ਸੁਰੱਖਿਆ ਅਤੇ ਦੂਸਰੇ ਲਾਭ ਨਹੀਂ ਮਿਲਦੇ (ਮਜੂਮਦਾਰ ਤੇ ਸਰਕਾਰ 2008)। ਰਸਮੀ ਖੇਤਰ ਦੀਆਂ ਇਕਾਈਆਂ ਗ਼ੈਰ-ਰਸਮੀ ਖੇਤਰ ਦੀਆਂ ਇਕਾਈਆਂ ਨਾਲੋਂ ਕਾਮਿਆਂ ਦੀ ਉਤਪਾਦਕਤਾ ਅਤੇ ਉਨ੍ਹਾਂ ਨੂੰ ਦਿਤੀ ਜਾਂਦੀ ਉਜਰਤ ਦੇ ਮਾਮਲੇ ਵਿਚ ਬਹੁਤ ਭਿੰਨ ਹੁੰਦੀਆਂ ਹਨ। ਰਸਮੀ ਖੇਤਰ ਵਿਚ ਕਾਮਿਆਂ ਦੀ ਉਤਪਾਦਕਤਾ ਗ਼ੈਰ-ਰਸਮੀ ਖੇਤਰ ਦੀਆਂ ਇਕਾਈਆਂ ਨਾਲੋਂ 28 ਗੁਣਾ ਵੱਧ ਹੁੰਦੀ ਹੈ। 2005–2006 ਵਿਚ ਉਜਰਤ ਪੰਜ ਗੁਣਾ ਵੱਧ ਸੀ। ਹੋਰ ਮਹੱਤਵਪੂਰਨ ਗੱਲ – ਉਤਪਾਦਕਤਾ ਦਾ ਫ਼ਰਕ ਸਮੇਂ ਨਾਲ ਵਧਦਾ ਜਾ ਰਿਹਾ ਹੈ। ਰਸਮੀ ਖੇਤਰ ਵਿਚ ਕਾਮਿਆਂ ਦੀ ਉਤਪਾਦਕਤਾ ਗ਼ੈਰ-ਰਸਮੀ ਖੇਤਰ ਦੇ ਮਾਮਲੇ ਵਿਚ 1984-85 ਵਿਚ ਪੰਜ ਗੁਣਾ ਸੀ। ਕੁੱਲ ਘਰੇਲੂ ਉਤਪਾਦ ਵਿਚ ਸੰਗਠਿਤ ਨਿਰਮਾਣ ਦਾ ਹਿੱਸਾ ਵਧਿਆ ਹੈ, ਖ਼ਾਸ ਕਰਕੇ 1980 ਤੋਂ ਜਦੋਂ ਕਿ ਗ਼ੈਰ ਸੰਗਠਿਤ ਦਾ ਕੁੱਲ ਘਰੇਲੂ ਉਤਪਾਦ ਵਿਚ ਹਿੱਸਾ ਆਜ਼ਾਦੀ ਤੋਂ ਲੈ ਕੇ ਸੱਠ ਸਾਲ ਬਾਅਦ ਵੀ ਇਕ ਸਾਰ ਰਿਹਾ ਹੈ, ਕੁੱਲ ਘਰੇਲੂ ਉਤਪਾਦ ਦਾ ਲਗਭਗ 5 ਪ੍ਰਤਿਸ਼ਤ। ਕੁੱਲ ਨਿਰਮਾਣ ਉਤਪਾਦਨ ਵਿਚ ਇਸ ਦੀ ਘਟ ਰਹੀ ਮਹੱਤਤਾ ਦੇ ਮੁਕਾਬਲੇ ਰਸਮੀ ਖੇਤਰ ਵਿਚ ਨਿਰਮਾਣ ਦੇ ਖੇਤਰ ਵਿਚ ਰੁਜ਼ਗਾਰ ਦੇਣ ਦੀ ਦਰ ਸਮੇਂ ਨਾਲ ਇਕੋ ਜਿਹੀ ਰਹੀ ਹੈ। 1984–95 ਦਰਮਿਆਨ ਰਸਮੀ ਖੇਤਰ ਦੇ ਨਿਰਮਾਣ ਵਿਚ ਲੱਗੇ ਕਾਮਿਆਂ ਦੀ ਪ੍ਰਤਿਸ਼ਤ 83 ਸੀ ਜੋ 2005–2006 ਵਿਚ ਥੋੜ੍ਹੀ ਜਿਹੀ ਘਟ ਕੇ 80 ਪ੍ਰਤਿਸ਼ਤ ਹੋ ਗਈ। ਭਾਰਤੀ ਨਿਰਮਾਣ ਵਿਵਸਥਾ ਵਿਚ ਦੋਹਰੇਪਨ ਦੀ ਮੌਜੂਦਗੀ ਅਤੇ ਨਿਮਨ ਨਿਰਮਾਣ ਅਤੇ ਨਿਮਨ ਉਜਰਤ ਵਾਲੇ ਰਸਮੀ ਖੇਤਰ ਦੀ ਮੌਜੂਦਗੀ, ਪ੍ਰਮੁੱਖ ਅਤੇ ਤੇਜ਼ੀ ਨਾਲ ਹੋ ਰਹੇ ਆਰਥਿਕ ਬਦਲਾਵਾਂ ਦੇ ਮੱਦੇਨਜ਼ਰ, ਨੀਤੀ ਦੇ ਫਿਕਰ ਵਾਲਾ ਮਾਮਲਾ ਬਣਿਆ ਹੋਇਆ ਹੈ।

ਇਸ ਨੇ ਆਰਥਿਕ ਵਿਕਾਸ ਦੇ ਕਮਜ਼ੋਰ ਪ੍ਰਭਾਵ ਵਿਚ ਬਣਦਾ ਹਿੱਸਾ ਪਾਇਆ ਹੈ ਜੋ ਭਾਰਤ ਵਿਚ ਗਰੀਬੀ ਘਟਾਉਣ ਲਈ ਮਹੱਤਵਪੂਰਨ ਹੈ।

ਭਾਰਤ ਦੇ ਆਰਥਿਕ ਵਿਕਾਸ ਦਾ ਇਕ ਹੋਰ ਪ੍ਰਮੁੱਖ ਪਹਿਲੂ ਹੈ ਖੇਤੀ ਖੇਤਰ ਤੋਂ ਨਿਰਮਾਣ ਅਤੇ ਸੇਵਾਵਾਂ ਦੇ ਖੇਤਰ ਵੱਲ ਮਜ਼ਦੂਰ ਦਾ ਦੇਰ ਨਾਲ ਆਕਰਸ਼ਿਤ ਹੋਣਾ। ਜਿਵੇਂ-ਜਿਵੇਂ ਦੇਸ਼ ਵਿਕਾਸ ਕਰਦੇ ਹਨ ਅਤੇ ਖੇਤੀਬਾੜੀ ਤੋਂ ਦੂਰ ਜਾਂਦੇ ਹਨ, ਕਾਮੇ ਸਮੇਂ ਦੇ ਨਾਲ ਘਾਟੇ ਦਾ ਸੌਦਾ ਸਾਬਤ ਹੁੰਦੀ ਖੇਤੀ ਤੋਂ ਨਿਰਮਾਣ ਅਤੇ ਸੇਵਾਵਾਂ ਦੇ ਖੇਤਰਾਂ ਵੱਲ ਚਲੇ ਜਾਂਦੇ ਹਨ। ਇਹ ਤਬਦੀਲੀ ਜਿੰਨੀ ਤੇਜ਼ੀ ਨਾਲ ਹੋਵੇਗੀ, ਆਰਥਿਕ ਵਿਕਾਸ ਦੀ ਦਰ ਉਨੀ ਵੱਧ ਹੋਵੇਗੀ। ਭਾਰਤ ਵਿਚ ਖੇਤੀ ਖੇਤਰ ਤੋਂ ਨਿਰਮਾਣ ਅਤੇ ਸੇਵਾਵਾਂ ਦੇ ਖੇਤਰ ਵੱਲ ਮੁੜੇ ਮਜ਼ਦੂਰ ਦਾ ਢੁਕਵੇਂ ਥਾਂ 'ਤੇ ਲੱਗਣ ਦਾ ਅਮਲ ਚੀਨ ਨਾਲੋਂ ਮੱਠਾ ਹੈ। 1980 ਵਿਚ ਖੇਤੀਬਾੜੀ ਵਿਚ ਰੁਜ਼ਗਾਰ ਦਾ ਹਿੱਸਾ ਚੀਨ ਵਿਚ 68.7 ਪ੍ਰਤਿਸ਼ਤ ਸੀ ਜੋ ਭਾਰਤ ਦੇ 68.1 ਪ੍ਰਤਿਸ਼ਤ ਨਾਲ ਮਿਲਦਾ ਜੁਲਦਾ ਸੀ। ਪਰ ਸੰਨ 2000 ਵਿਚ ਖੇਤੀ ਆਧਾਰਤ ਰੁਜ਼ਗਾਰ ਦੀ ਦਰ ਚੀਨ ਵਿਚ ਘਟ ਕੇ 50 ਪ੍ਰਤਿਸ਼ਤ ਰਹਿ ਗਈ ਜਦ ਕਿ ਭਾਰਤ ਵਿਚ ਇਹ ਮਜ਼ਬੂਤੀ ਨਾਲ 59.3 ਪ੍ਰਤਿਸ਼ਤ 'ਤੇ ਖੜ੍ਹੀ ਰਹੀ (ਕੋਚਰ 2006)। ਖੇਤੀ ਤੋਂ ਰੁਜ਼ਗਾਰ ਦੇ ਮਾਮਲੇ ਵਿਚ ਤਬਦੀਲੀ ਜ਼ਿਆਦਾ ਸੇਵਾਵਾਂ ਦੇ ਖੇਤਰ ਵਿਚ ਰਹੀ ਹੈ ਜਿਸ ਤਹਿਤ 1983 ਦੇ 20 ਪ੍ਰਤਿਸ਼ਤ ਦੇ ਮੁਕਾਬਲੇ 2004 ਵਿਚ ਇਸ ਦਾ ਹਿੱਸਾ 29 ਪ੍ਰਤਿਸ਼ਤ ਹੋ ਗਿਆ। ਇਸ ਦੇ ਮੁਕਾਬਲੇ ਕੁੱਲ ਰੁਜ਼ਗਾਰ ਦੇ ਮਾਮਲੇ ਵਿਚ ਨਿਰਮਾਣ ਖੇਤਰ ਦੇ ਹਿੱਸੇ ਵਿਚ ਕੋਈ ਖ਼ਾਸ ਵਾਧਾ ਨਹੀਂ ਹੋਇਆ। 1983 ਦੇ 10.6 ਪ੍ਰਤਿਸ਼ਤ ਦੇ ਮੁਕਾਬਲੇ 2004 ਵਿਚ ਇਹ 11.7 ਪ੍ਰਤਿਸ਼ਤ ਹੋਇਆ, ਜੋ ਬਹੁਤ ਨਿਗੂਣਾ ਹੈ। ਤੇਜ਼ੀ ਨਾਲ ਵਿਕਾਸ ਕਰ ਰਹੇ ਨਿਰਮਾਣ ਅਤੇ ਸੇਵਾਵਾਂ ਦੇ ਖੇਤਰਾਂ ਵਿਚ ਕਾਮਿਆਂ ਨੂੰ ਜਜ਼ਬ ਨਾ ਕਰ ਸਕਣ ਦਾ ਅਸਰ ਆਰਥਿਕਤਾ ਦੇ ਰੁਜ਼ਗਾਰ ਦੇ ਵਸੀਲੇ ਪੈਦਾ ਕਰਨ ਤੇ ਨਾਂਹਵਾਚਕ ਹੋ ਰਿਹਾ ਹੈ।

ਇਸ ਕਰਕੇ ਭਾਰਤ ਦੀ ਆਰਥਿਕ ਵਿਕਾਸ ਦੀ ਦਰ ਨੌਕਰੀਆਂ ਪੈਦਾ ਕਰਨ ਵਾਲੀ ਨਹੀਂ ਹੈ। ਉਤਪਾਦਨ ਦੀ ਰੁਜ਼ਗਾਰ ਦੀ ਲੋਚ – ਇਕ ਪ੍ਰਤਿਸ਼ਤ ਕੁੱਲ ਘਰੇਲੂ ਉਤਪਾਦ ਦੇ ਮੁਕਾਬਲੇ ਰੁਜ਼ਗਾਰ ਵਿਚ ਪ੍ਰਤਿਸ਼ਤ ਵਾਧਾ, ਜੋ 1983–1993 ਵਿਚ 0.40 ਪ੍ਰਤਿਸ਼ਤ ਸੀ, 1993–2004 ਵਿਚ ਘਟ ਕੇ 0.29 ਪ੍ਰਤਿਸ਼ਤ ਰਹਿ ਗਿਆ। ਰੁਜ਼ਗਾਰ ਵਾਧੇ ਦੀ ਸਾਲਾਨਾ ਦਰ 1993–2004 ਵਿਚ 1.79 ਪ੍ਰਤਿਸ਼ਤ ਸੀ ਜੋ 1990 ਦੀ ਉੱਚ ਆਰਥਿਕ ਵਿਕਾਸ ਦੀ ਦਰ ਹੋਣ ਦੇ ਬਾਵਜੂਦ 1.99 ਪ੍ਰਤਿਸ਼ਤ ਸੀ, 1980 ਦੇ ਦਹਾਕੇ ਦੇ ਮੁਕਾਬਲਤਨ। ਪਰ, 1990 ਅਤੇ 2000 ਦੇ ਦਹਾਕਿਆਂ ਦੀ ਕੁੱਲ ਰੁਜ਼ਗਾਰ ਪੈਦਾ ਕਰਨ ਦੀ ਦਰ ਕੁਸ਼ਲਤਾ ਦੇ ਵਰਗ ਵਿਚ ਰੁਜ਼ਗਾਰ ਪੈਦਾ ਕਰਨ ਦੇ ਤਰੀਕਿਆਂ ਵਿਚ ਬਦਲਾਅ ਦੀ ਝਾਤ ਪਾਉਂਦਾ ਹੈ। ਸ਼ਾਇਦ, ਗਰੀਬੀ ਘੱਟ ਕਰਨ ਦੇ ਪੱਖ ਤੋਂ, ਸਭ ਤੋਂ ਵੱਧ ਪ੍ਰਸੰਗਿਕ ਸੂਚਨਾ ਗ਼ੈਰ-ਹੁਨਰਮੰਦ ਕਾਮਿਆਂ ਦੇ ਰੁਜ਼ਗਾਰ ਦੇ ਵਿਕਾਸ ਦੀ ਦਰ ਹੈ।

**ਕੋਤਵਾਲ (2010) ਦੱਸਦੇ ਹਨ ਕਿ 1980ਵਿਆਂ ਦੌਰਾਨ ਤੇਜ਼ੀ ਨਾਲ ਵਿਕਾਸ ਕਰ ਰਹੇ ਖੇਤਰਾਂ ਨੇ ਗ਼ੈਰ-ਹੁਨਰਮੰਦ ਕਾਮਿਆਂ ਨੂੰ ਨਾਂ ਦੇ ਬਰਾਬਰ ਰੁਜ਼ਗਾਰ ਪ੍ਰਦਾਨ ਕੀਤਾ ਸਗੋਂ, ਬਹੁਤ ਸਾਰੇ ਤੇਜ਼ੀ ਨਾਲ ਵਿਕਸਤ ਹੋ ਰਹੇ ਖੇਤਰਾਂ ਵਲੋਂ ਗ਼ੈਰ-ਹੁਨਰਮੰਦ ਕਾਮਿਆਂ ਨੂੰ ਲਾਂਭੇ ਕਰ ਦਿਤਾ ਗਿਆ। ਇਸ ਸਥਿਤੀ ਵਿਚ 1990 ਦੇ ਦਹਾਕੇ ਦੌਰਾਨ ਬਦਲਾਅ ਆਇਆ ਜਦੋਂ ਤੇਜ਼ੀ ਨਾਲ ਵਿਕਾਸ ਕਰ ਰਹੇ ਖੇਤਰਾਂ ਵਲੋਂ ਗ਼ੈਰ-ਹੁਨਰਮੰਦ ਕਾਮਿਆਂ ਨੂੰ ਰੁਜ਼ਗਾਰ ਪ੍ਰਦਾਨ ਕਰਨ ਦੇ ਮਾਮਲੇ ਵਿਚ ਜਿੰਨਾ ਤੇਜ਼ੀ ਨਾਲ ਵਿਕਾਸ ਕਰ ਰਹੇ ਖੇਤਰਾਂ ਨੇ ਅਹਿਮ ਯੋਗਦਾਨ ਪਾਇਆ, ਉਨ੍ਹਾਂ ਵਿਚ ਵਪਾਰ ਅਤੇ ਨਿਰਮਾਣ ਖੇਤਰ ਸ਼ਾਮਿਲ ਸਨ ਜਿਨ੍ਹਾਂ ਨੇ 1990 ਦੇ ਸ਼ੁਰੂਆਤ ਤੋਂ ਕੁੱਲ ਘਰੇਲੂ ਉਤਪਾਦ ਵਿਚ ਆਪਣਾ ਯੋਗਦਾਨ ਤੇਜ਼ੀ ਨਾਲ ਵਧਾਇਆ।**

1990 ਦੇ ਦਹਾਕੇ ਦੌਰਾਨ ਕਾਮਿਆਂ ਦੀ ਛਾਂਟੀ ਦੇ ਵੀ ਘੱਟ ਸਬੂਤ ਮਿਲਦੇ ਹਨ। ਗ਼ੈਰ-ਖੇਤੀ ਖੇਤਰ ਵਿਚ ਰੁਜ਼ਗਾਰ 1993–2004 ਦੇ ਦੌਰਾਨ 60.2 ਮਿਲੀਅਨ ਕਾਮਿਆਂ ਦੇ ਹਿਸਾਬ ਨਾਲ ਤੇਜ਼ੀ ਨਾਲ ਵਧਿਆ ਜੋ ਕਿ 1983–1993 ਦੇ ਦਹਾਕੇ ਵਿਚ 35.9 ਮਿਲੀਅਨ ਸੀ।

## ਪਰਿਵਰਤਨ ਜੋ ਕਦੇ ਹੋਇਆ ਹੀ ਨਹੀਂ

ਭਾਰਤੀ ਅਰਥਵਿਵਸਥਾ ਦੇ ਉੱਚ ਵਿਕਾਸ ਦੇ ਯੁਗ ਵਿਚ ਨੌਕਰੀਆਂ ਪੈਦਾ ਹੋਣ ਦੀ ਘੱਟ ਦਰ ਇਕ ਸਵਾਲ ਖੁੱਲ੍ਹਾ ਛੱਡਦੀ ਹੈ : ਅਜਿਹਾ ਕਿਉਂ ਹੋਇਆ? ਇਸ ਸਵਾਲ ਦਾ ਜਵਾਬ ਦੇਣ ਲਈ ਸਾਨੂੰ ਇਹ ਮੰਨਣਾ ਪਵੇਗਾ ਕਿ ਭਾਰਤ ਦੀ ਵਿਕਾਸ ਦੀ ਪੱਧਤੀ ਬਹੁਤ ਹੀ ਵਚਿੱਤਰ ਕਿਸਮ ਦੀ ਹੈ ਅਤੇ ਇਸ ਨੇ ਦੂਜੀਆਂ ਅਰਥਵਿਵਸਥਾਵਾਂ ਵਲੋਂ ਅਪਣਾਇਆ ਪੱਕਾ ਰਸਤਾ ਅਖ਼ਤਿਆਰ ਨਹੀਂ ਕੀਤਾ ਜਿਸ ਵਿਚ ਵਿਸ਼ੇਸ਼ ਕਰਕੇ ਗ਼ੈਰ-ਹੁਨਰਮੰਦ ਕਾਮਿਆਂ ਨੂੰ ਤਵੱਜੋ ਜ਼ਿਆਦਾ ਦਿਤੀ ਜਾਂਦੀ ਹੈ। ਏਸ਼ੀਆ ਦੀਆਂ ਤਕਰੀਬਨ ਸਾਰੀਆਂ ਪ੍ਰਮੁੱਖ ਅਰਥਵਿਵਸਥਾਵਾਂ, ਜਿਵੇਂ ਜਾਪਾਨ, ਕੋਰੀਆ, ਸਿੰਗਾਪੁਰ, ਤਾਈਵਾਨ ਅਤੇ ਹਾਲ ਹੀ ਵਿਚ ਚੀਨ ਅਤੇ ਵੀਅਤਨਾਮ ਨੇ ਆਪਣਾ ਰੁਖ ਆਯਾਤ ਮੁਖੀ ਆਰਥਿਕਤਾ ਤੋਂ ਨਿਰਯਾਤ ਮੁਖੀ ਵਿਕਾਸ ਨੀਤੀਆਂ ਵੱਲ ਮੋੜ ਲਿਆ ਹੈ ਜਿਸ ਦੇ ਮੁਢਲੇ ਸਾਲਾਂ ਦੌਰਾਨ ਨਿਰਮਾਣ ਖੇਤਰ ਵਿਚ ਮਜ਼ਦੂਰਾਂ ਦੇ ਵਿਕਾਸ ਵਿਚ ਚੋਖਾ ਵਾਧਾ ਵੇਖਿਆ ਗਿਆ ਹੈ। ਇਨ੍ਹਾਂ ਸਾਰੇ ਦੇਸ਼ਾਂ ਵਿਚ ਜਿਵੇਂ-ਜਿਵੇਂ ਉਨ੍ਹਾਂ ਦੀ ਆਰਥਿਕਤਾ ਦੁਨੀਆਂ ਦੇ ਬਾਜ਼ਾਰਾਂ ਨਾਲ ਏਕਾਕ੍ਰਿਤ ਹੁੰਦੀ ਗਈ, ਆਰਥਿਕ ਵਿਕਾਸ ਅਤੇ ਖੇਤੀ ਆਧਾਰਤਿ ਆਰਥਿਕਤਾ ਤੋਂ ਨਿਰਮਾਣ ਖੇਤਰ ਵੱਲ ਢਾਂਚਾਗਤ ਪਰਿਵਰਤਨ ਨਾਲ-ਨਾਲ ਚਲਦੇ ਰਹੇ। ਘੱਟ ਉਤਪਾਦਕ ਖੇਤਰ, ਜਿਵੇਂ ਖੇਤੀ ਤੋਂ ਬਹੁਤ ਵੱਡੀ ਗਿਣਤੀ ਵਿਚ ਕਾਮਿਆਂ ਨੂੰ ਕੱਢ ਕੇ ਵੱਧ ਉਤਪਾਦਕ ਖੇਤਰਾਂ ਜਿਵੇਂ ਨਿਰਮਾਣ ਖੇਤਰ ਵਿਚ ਲਿਆਂਦਾ ਗਿਆ। ਮੁੱਢਲੇ ਸਾਲਾਂ ਵਿਚ ਆਰਥਿਕ ਵਿਕਾਸ ਨੂੰ ਤੇਜ਼ੀ ਨਾਲ ਫੈਲੇ ਕਿਰਤ ਮੁਖੀ ਨਿਰਮਾਣ ਖੇਤਰ ਨੇ ਭਰਪੂਰ ਹੁਲਾਰਾ ਦਿਤਾ ਜੋ ਜ਼ਿਆਦਾਤਰ ਆਯਾਤ ਲਈ ਉਤਪਾਦਨ ਕਰਦੇ ਸੀ (ਕਰੂਗਰ 1997)। ਭਾਰਤ ਵਿਚ ਅਜਿਹਾ ਨਹੀਂ ਸੀ ਜਿਥੇ ਕਾਮਿਆਂ 'ਤੇ ਆਧਾਰਿਤ ਨਿਰਮਾਣ ਖੇਤਰ ਵਿਕਾਸ ਦਾ ਇੰਜਣ ਨਹੀਂ ਬਣ ਸਕਿਆ। ਅਸਲ ਵਿਚ, ਇਹ ਜਾਣਕਾਰੀ ਆਧਾਰਿਤ ਸੇਵਾਵਾਂ ਦਾ ਖੇਤਰ ਸੀ ਜਿਹੜਾ ਕੁੱਝ ਪੂੰਜੀ ਆਧਾਰਿਤ ਨਿਰਮਾਣ ਖੇਤਰਾਂ ਨਾਲ ਮਿਲ ਕੇ ਭਾਰਤ ਵਿਚ ਵਿਕਾਸ ਦੀ ਗੱਡੀ ਦਾ ਮੁਹਰੈਲ ਬਣਿਆ। ਪਰ ਇਹ ਖੇਤਰ ਆਪਣੇ ਆਪ ਵਿਚ ਰੁਜ਼ਗਾਰ ਪੈਦਾ

ਕਰਨ ਵਾਲੇ ਨਹੀਂ ਸਨ। ਖੇਤੀ ਖੇਤਰ ਤੋਂ ਬਾਹਰ ਜੋ ਵੀ ਰੁਜ਼ਗਾਰ ਦੇ ਮੌਕੇ ਪੈਦਾ ਹੋਏ ਉਹ ਜ਼ਿਆਦਾਤਰ ਘੱਟ ਉਤਪਾਦਨ, ਘੱਟ ਉਜਰਤ ਵਾਲੇ ਗ਼ੈਰ-ਰਸਮੀ ਖੇਤਰਾਂ (ਵਪਾਰ, ਹੋਟਲ ਅਤੇ ਰੈਸਟੋਰੈਂਟ) ਆਦਿ ਵਿਚ ਬਣੇ। ਪਰ ਅਸੀਂ ਜਾਣਦੇ ਹਾਂ ਕਿ ਇਹ ਗ਼ੈਰ-ਰਸਮੀ ਸੇਵਾਵਾਂ ਦਾ ਖੇਤਰ ਵਿਕਾਸ ਖਾਤਰ ਦੂਜੇ ਖੇਤਰਾਂ 'ਤੇ ਨਿਰਭਰ ਕਰਦਾ ਹੈ, ਇਸ ਲਈ ਇਹ ਵਿਕਾਸ ਦਾ ਮੋਹਰੀ ਖੇਤਰ ਨਹੀਂ ਬਣ ਸਕਦਾ, ਇਸ ਕਰਕੇ ਖੇਤੀਬਾੜੀ ਦੇ ਮੁਕਾਬਲੇ ਵੱਧ ਕਾਮਿਆਂ ਨੂੰ ਰੁਜ਼ਗਾਰ ਦੇਣ ਦੇ ਸਮਰੱਥ ਨਹੀਂ।

ਸਮੇਂ ਦੇ ਨਾਲ ਨਿਰਮਾਣ ਉਤਪਾਦਨ ਅਤੇ ਰੁਜ਼ਗਾਰ ਵਿਚ ਇਕ ਖੜੋਤ ਆਈ ਹੈ। ਸੇਵਾਵਾਂ ਦੇ ਰਸਮੀ ਅਤੇ ਗ਼ੈਰ-ਰਸਮੀ ਖੇਤਰਾਂ ਦੇ ਕੁੱਲ ਉਤਪਾਦਨ ਵਿਚ ਵਾਧਾ ਹੋਇਆ ਹੈ, ਕੁੱਲ ਰੁਜ਼ਗਾਰ ਦੇ ਮਾਮਲੇ ਵਿਚ ਗ਼ੈਰ-ਰਸਮੀ ਖੇਤਰਾਂ ਦੇ ਵਿਕਾਸ ਵਿਚ ਵਾਧਾ ਹੋਇਆ ਹੈ। ਨਾ ਸਿਰਫ਼ ਕੁੱਲ ਉਤਪਾਦਨ ਅਤੇ ਕੁੱਲ ਰੁਜ਼ਗਾਰ ਦੇ ਮਾਮਲੇ ਵਿਚ ਨਿਰਮਾਣ ਖੇਤਰ ਵਿਚ ਖੜੋਤ ਆਈ ਹੈ ਸਗੋਂ ਰਸਮੀ ਨਿਰਮਾਣ ਖੇਤਰ ਦਾ ਕਿਰਤ ਮੁਖੀ ਖੇਤਰ ਵੀ ਸਮੇਂ ਨਾਲ ਸੁੰਗੜਿਆ ਹੈ।

ਅਜਿਹਾ ਕਿਉਂ ਵਾਪਰਿਆ ? ਇਸ ਦੇ ਅਨੇਕ ਕਾਰਨ ਹਨ। ਪਹਿਲਾ, ਭਾਰਤ ਦਾ ਵਪਾਰਕ ਨਿਜ਼ਾਮ ਹਾਲੇ ਵੀ ਪੂੰਜੀਗਤ ਵਸਤਾਂ ਅਤੇ ਮੱਧ-ਵਰਤੀ ਖੇਤਰਾਂ ਲਈ ਸੁਰੱਖਿਆ ਨੂੰ ਘੱਟ ਕੀਤਾ ਗਿਆ ਹੈ। ਖੇਤਰੀ ਔਸਤ ਦੇ ਮੁਕਾਬਲੇ ਭਾਰਤ ਵਿਚ ਪ੍ਰਸ਼ਾਸਨਿਕ ਹਾਲੇ ਵੀ ਕਾਫ਼ੀ ਜ਼ਿਆਦਾ ਹਨ (ਅਥੁਕੋਰਾਲਾ 2003)। ਨਾਲ ਹੀ ਨਾਲ, 1996-2000, ਮੱਧ ਵਰਤੀ ਨਿਵੇਸ਼ ਅਤੇ ਖਪਤਕਾਰੀ ਵਸਤਾਂ ਦਾ ਹਿੱਸਾ, ਗ਼ੈਰ-ਪ੍ਰਸ਼ਾਨਿਕ ਰੁਕਾਵਟਾਂ ਦੇ ਮਾਮਲੇ ਵਿਚ, 28 ਅਤੇ 33 ਪ੍ਰਤਿਸ਼ਤ ਤਕ ਸੀ (ਦਾਸ 2003)। ਦੂਜਾ, ਰੁਜ਼ਗਾਰ ਸੁਰੱਖਿਆ ਦੀ ਕਰੜੀ ਸ਼ਰਤ, ਜੋ ਦੁਨੀਆਂ ਦੇ ਰਸਮੀ ਕਾਮਿਆਂ ਨੂੰ ਸਭ ਤੋਂ ਵੱਧ ਸੁਰੱਖਿਆ ਦਿੰਦੀ ਹੈ, ਨੇ ਫਰਮਾਂ ਦੇ ਲਾਭ ਘਟਾ ਦਿਤੇ ਹਨ, ਵਿਸ਼ੇਸ਼ ਕਰਕੇ ਜੋ ਰੁਜ਼ਗਾਰ ਸੁਰੱਖਿਆ ਕਾਨੂੰਨ ਦੇ ਕਾਰਜ ਖੇਤਰ ਵਿਚ ਆਉਂਦੇ ਹਨ, ਕਾਮਿਆਂ ਨੂੰ ਪੱਕੇ ਤੌਰ ਤੇ ਠੇਕੇ 'ਤੇ ਰੱਖਣਾ, ਉਨ੍ਹਾਂ ਨੂੰ ਪੂੰਜੀਗਤ ਨਿਰਮਾਣ ਖੇਤਰ ਵੱਲ ਧੱਕਣਾ ਆਦਿ। (ਡੋਹਰਟੀ 2008) ਮੰਨਦਾ ਹੈ ਕਿ ਵੱਡੀਆਂ ਫਰਮਾਂ (ਉਹ ਫਰਮਾਂ ਜਿਨ੍ਹਾਂ ਵਿਚ 100 ਜਾਂ ਇਸ ਤੋਂ ਵੱਧ ਕਾਮੇ ਕੰਮ ਕਰਦੇ ਹਨ), ਉਨ੍ਹਾਂ ਵਿਚ ਰੁਜ਼ਗਾਰ ਠੇਕੇ 'ਤੇ ਰੱਖੇ ਕਾਮਿਆਂ ਨੂੰ ਮਿਲਿਆ ਹੈ, ਉਹ ਕਾਮੇ ਜੋ ਦਲਾਲਾਂ ਦੇ ਮਾਧਿਅਮ ਰਾਹੀਂ ਭਰਤੀ ਕੀਤੇ ਜਾਂਦੇ ਹਨ ਅਤੇ ਜਿਨ੍ਹਾਂ ਨੂੰ ਰੁਜ਼ਗਾਰ ਸੁਰੱਖਿਆ ਕਾਨੂੰਨ ਦਾ ਕੋਈ ਫ਼ਾਇਦਾ ਨਹੀਂ ਮਿਲਦਾ। ਇਨ੍ਹਾਂ ਫਰਮਾਂ ਵਿਚ ਪੱਕੇ ਕਾਮਿਆਂ ਦੀ ਗਿਣਤੀ ਘਟੀ ਹੈ।

**ਰੁਜ਼ਗਾਰ ਸੁਰੱਖਿਆ ਕਾਨੂੰਨ 100 ਜਾਂ ਇਸ ਤੋਂ ਵੱਧ ਕਾਮਿਆਂ ਵਾਲੀਆਂ ਫਰਮਾਂ 'ਤੇ ਲਾਗੂ ਹੁੰਦਾ ਹੈ, ਇਸ ਤੋਂ ਇਹ ਪਤਾ ਲਗਦਾ ਹੈ ਕਿ ਕਿਰਤ ਕਾਨੂੰਨਾਂ ਦੇ ਚਲਦਿਆਂ ਫਰਮਾਂ ਪੱਕੇ ਕਾਮਿਆਂ ਦੀ ਬਜਾਇ ਕੱਚੇ ਕਾਮਿਆਂ ਨੂੰ ਤਰਜੀਹ ਦੇਣ ਲੱਗੀਆਂ ਹਨ। ਗੁਪਤਾ (2008) ਦਾ ਕਹਿਣਾ ਹੈ ਕਿ ਗ਼ੈਰ ਲਚਕੀਲੇ ਕਿਰਤ ਕਾਨੂੰਨ ਲਾਗੂ ਕਰਨ ਵਾਲੇ ਭਾਰਤੀ ਰਾਜਾਂ ਵਿਚ ਉਦਯੋਗਾਂ ਦੀ ਮੱਠੀ ਵਿਕਾਸ ਦਰ ਵੇਖੀ ਗਈ ਹੈ ਅਤੇ ਰੁਜ਼ਗਾਰ ਦੀ ਦਰ ਵੀ ਠੰਢੀ ਰਹੀ ਹੈ।**

ਸਾਹਾ, ਸੇਨ ਅਤੇ ਮੈਤੀ (2013) ਦਾ ਕਹਿਣਾ ਹੈ ਕਿ ਜਿਹੜੇ ਰਾਜਾਂ ਦੇ ਕਿਰਤ ਕਾਨੂੰਨ ਪੱਕੇ ਕਾਮਿਆਂ ਪੱਖੀ ਹਨ, ਉਨ੍ਹਾਂ ਵਿਚ ਨਿਯਮਤ ਕਾਮਿਆਂ ਦੇ ਮੁਕਾਬਲੇ ਠੇਕੇ 'ਤੇ ਭਰਤੀ ਕੀਤੇ ਕਾਮਿਆਂ ਦੀ ਵਿਕਾਸ ਦਰ ਵਧ ਰਹੀ ਹੈ। ਰਸਮੀ ਨਿਰਮਾਣ ਖੇਤਰ ਵਿਚ ਰੁਜ਼ਗਾਰ ਰਹਿਤ ਵਿਕਾਸ ਦਾ ਇਕ ਤੀਜਾ ਕਾਰਨ ਹੈ ਢਾਂਚਾਗਤ ਰੁਕਾਵਟਾਂ (ਵਿਸ਼ੇਸ਼ ਕਰਕੇ ਬਿਜਲੀ ਪ੍ਰਾਪਤੀ) ਅਤੇ ਛੋਟੇ ਉੱਦਮੀਆਂ ਨੂੰ ਪੇਸ਼ ਆਉਣ ਵਾਲੀਆਂ ਦੂਸਰੀਆਂ ਰੁਕਾਵਟਾਂ, ਜਿਵੇਂ ਵੱਧ ਲਾਗਤ ਖਰਚੇ, ਲਘੂ ਉਦਯੋਗ ਰਾਖਵਾਂਕਰਨ ਨੀਤੀ ਜੋ ਕਿਰਤ ਮੁਖੀ ਸੱਨਅਤਾਂ ਅੰਦਰ ਵੱਡੀਆਂ ਫਰਮਾਂ ਦੇ ਦਾਖ਼ਲੇ ਨੂੰ ਰੋਕਦੀ ਹੈ (ਜੋਸ਼ੀ 2010)। ਆਖ਼ਿਰ, ਆਰਥਿਕਤਾ ਦੇ ਬੂਹੇ ਖੋਲ੍ਹਣ ਨਾਲ, ਬਾਹਰ ਤੋਂ ਸਸਤੀਆਂ ਪੂੰਜੀਗਤ ਵਸਤਾਂ ਦੀ ਉਪਲਬਧਤਾ ਅਤੇ ਮੁਕਾਬਲੇ ਪੱਖੀ ਤਾਕਤਾਂ ਵਿਚ ਵਾਧੇ ਨਾਲ, ਜੋ ਆਰਥਿਕ ਸੁਧਾਰਾਂ ਕਰਕੇ ਹੋਂਦ ਵਿਚ ਆਏ, ਇਸ ਨਾਲ ਫਰਮਾਂ ਦੀ ਕੁਸ਼ਲਤਾ ਅਤੇ ਪੂੰਜੀਗਤ ਵਿਵਸਥਾ ਵਿਚ ਵਾਧਾ ਹੋਇਆ। ਉਨ੍ਹਾਂ ਫਰਮਾਂ ਵਿਚ ਵੀ ਜਿਹੜੀਆਂ ਗ਼ੈਰ-ਰਸਮੀ ਖੇਤਰਾਂ ਵਿਚ ਹਨ, ਜਿਸ ਨਾਲ ਵਿਦੇਸ਼ੀ ਮੁਕਾਬਲੇ ਨੂੰ ਦੂਰ ਰੱਖਿਆ ਜਾ ਸਕੇ (ਸੇਨ 2008, ਰਾਜ ਅਤੇ ਸੇਨ 2012, ਕਥੂਰੀਆ, ਰਾਜ ਅਤੇ ਸੇਨ 2010)।

ਅਖੀਰ ਵਿਚ, ਇਸ ਲੇਖ ਵਿਚ ਅਸੀ ਵੇਖਿਆ ਹੈ ਕਿ ਵਿਕਾਸਸ਼ੀਲ ਦੇਸ਼ਾਂ ਦੀਆਂ ਪਿਛਲੀਆਂ ਸਫਲਤਾਵਾਂ ਦੀਆਂ ਕਹਾਣੀਆਂ, ਵਿਸ਼ੇਸ਼ ਕਰਕੇ ਏਸ਼ੀਅਨ ਦੇਸ਼ਾਂ ਦੇ ਮੁਕਾਬਲੇ, ਭਾਰਤ ਦੀ ਵਿਕਾਸ ਪੱਧਤੀ ਗ਼ੈਰ-ਮਾਨਕ, ਜਿਸ ਨੂੰ ਵਿਗੜਿਆ ਰਸਤਾ ਕਹਿ ਸਕਦੇ ਹਾਂ, ਰਹੀ ਹੈ। ਅਜਿਹੀ ਵਿਕਾਸ ਪੱਧਤੀ ਜੋ ਜਾਣਕਾਰੀ ਮੁਖੀ ਸੇਵਾਵਾਂ ਅਤੇ ਪੂੰਜੀਗਤ ਨਿਰਮਾਣ 'ਤੇ ਆਧਾਰਿਤ ਹੋਵੇ ਨਾ ਕਿ ਕਿਰਤ ਮੁਖੀ ਨਿਰਮਾਣ ਖੇਤਰ ਦੇ, ਤਾਂ ਇਹ ਭਾਰਤ ਦੇ ਲੰਮੇ ਸਮੇਂ ਦੇ ਹਿੱਤ ਵਿਚ ਨਹੀਂ ਹੋਵੇਗੀ। ਨਿਪੁੰਨਤਾ ਜਾਂ ਉੱਚਿਤਤਾ ਦੇ ਪੱਖੋਂ ਵੀ ਨਹੀਂ ਕਿਉਂਕਿ ਇਹ ਭਾਰਤ ਵਿਚ ਪਾਈ ਜਾਣ ਵਾਲੀ ਗ਼ੈਰ-ਹੁਨਰਮੰਦ ਕਿਰਤ ਨਿਰਮਾਣ ਦੇ ਜਨਮਜਾਤ ਫਾਇਦੇ ਦੀ ਨੀਂਹ 'ਤੇ ਨਹੀਂ ਖੜ੍ਹੀ ਅਤੇ ਇਸ ਨਾਲ ਆਰਥਿਕ ਵਿਕਾਸ ਤਹਿਤ ਗਰੀਬੀ ਘੱਟ ਕਰਨ ਦੇ ਪ੍ਰਭਾਵ ਨੂੰ ਖੋਰਾ ਲਾਇਆ ਹੈ (ਸੇਨ 2008)। ਸਾਫ ਤੌਰ ਤੇ, ਕੀ ਭਾਰਤ ਭਵਿੱਖ ਵਿਚ ਆਰਥਿਕ ਵਿਕਾਸ ਨੂੰ ਕਾਇਮ ਰੱਖ ਸਕੇਗਾ ਅਤੇ ਨਾਲ ਹੀ ਭਵਿੱਖ ਵਿਚ ਨਿਆਂ ਸੰਗਤ ਵਿਕਾਸ ਨੀਤੀ ਬਣਾ ਸਕੇਗਾ, ਇਹ ਸਾਰਾ ਕੁਝ ਇਸ ਦੇ ਗੁਆਚੇ ਹੋਏ ਪਰਿਵਰਤਨ ਦੀ ਦਿਸ਼ਾ ਦੀ ਥਾਹ ਪਾਉਣ, ਜੋ ਖੇਤੀ ਖੇਤਰ ਤੋਂ ਨਿਰਮਾਣ ਖੇਤਰ ਦੀ ਆਰਥਿਕਤਾ ਦੀ ਗੱਲ ਕਰੇ, 'ਤੇ ਨਿਰਭਰ ਕਰੇਗਾ।

*(ਲੇਖਕ ਪ੍ਰੋ. ਵਿਕਾਸ ਆਰਥਿਕਤਾ, ਆਈ ਡੀ ਪੀ ਐੱਮ, ਯੂਨੀਵਰਸਿਟੀ ਆਫ਼ ਮਾਨਚੈਸਟਰ, ਯੂ.ਕੇ. ਹੈ।)*

*e-mail :kunal.sen@manchester.ac.uk*

***ਵਿਚਾਰ***

- ਉੱਚੇ ਉਦੇਸ਼ ਵਾਲੇ ਬੰਦੇ ਨੂੰ ਆਰਾਮਤਲਬੀ ਤੇ ਲੋਕਪ੍ਰਿਯਤਾ ਤੋਂ ਬਚਣਾ ਚਾਹੀਦਾ ਹੈ। – (ਐਮਰਸਨ)
- ਉਦੇਸ਼ਹੀਨ ਜੀਵਨ ਵਿਅਰਥ ਹੈ। (ਅਨਾਮ)
- ਜੋ ਫੁੱਲ ਸੂਰਜ ਵੱਲ ਮੁੱਖ ਰੱਖਦਾ ਹੈ, ਉਹ ਬੱਦਲਾਂ ਵਾਲੇ ਦਿਨ ਵੀ ਉਵੇਂ ਹੀ ਰਹਿੰਦਾ ਹੈ। – (ਲਿਟਨ)
- ਸਾਰੀਆਂ ਸਰਕਾਰਾਂ ਦਾ ਉਦੇਸ਼ ਸਮਾਜ ਦਾ ਕਲਿਆਣ ਹੈ। – (ਵਾਸ਼ਿੰਗਟਨ)

# ਤਕਨਾਲੋਜੀਕਲ ਸਵੈ-ਨਿਰਭਰਤਾ ਨਾਲ ਆਰਥਿਕ ਵਿਕਾਸ
## ਸੰਕੇਤਾਂ ਤੋਂ ਕੀ ਅਨੁਮਾਨ ਲਾਈਏ?

ਸੁਨੀਲ ਮਣੀ

ਭਾਰਤ ਦੇ ਆਰਥਿਕ ਵਿਕਾਸ ਵਿਚ ਹਾਲ ਹੀ ਦਾ ਮੁੜ ਉੱਭਾਰ ਬਹੁਤ ਵਿਚਾਰ-ਵਟਾਂਦਰੇ ਅਤੇ ਵਾਦ-ਵਿਵਾਦ ਦਾ ਵਿਸ਼ਾ ਬਣਿਆ ਹੈ। ਭਾਰਤ ਨੂੰ ਦੁਨੀਆਂ ਵਿਚ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਦੂਜਾ ਦੇਸ਼ ਜਾਣਿਆ ਜਾਂਦਾ ਹੈ ਪਰ ਨੇੜਲੇ ਸਮੇਂ ਵਿਚ ਇਸ ਦੀ ਵਿਕਾਸ ਦਰ ਵਿਚ ਕਮੀ ਆਈ ਹੈ। ਕਈ ਅਧਿਐਨਾਂ ਨੇ ਤਕਨਾਲੋਜੀ ਵਿਕਾਸ ਨੂੰ ਭਾਰਤ ਦੇ ਮਜ਼ਬੂਤ ਆਰਥਿਕ ਵਿਕਾਸ ਦੇ ਡਰਾਈਵਰਾਂ ਵਿਚੋਂ ਇਕ ਦੱਸਿਆ ਹੈ। ਪਿਛਲੇ ਵੀਹ ਸਾਲਾਂ ਜਾਂ ਇਸ ਤੋਂ ਵੱਧ ਸਮੇਂ ਵਿਚ ਦੇਸ਼ ਦੀ ਵਿਗਿਆਨ ਤੇ ਤਕਨਾਲੋਜੀ ਪ੍ਰਣਾਲੀ ਵਿਚ ਕਾਫ਼ੀ ਤਬਦੀਲੀਆਂ ਦੇਖਣ ਵਿਚ ਆਈਆਂ ਹਨ। ਪਿਛਲੇ ਕੁਝ ਸਾਲਾਂ ਵਿਚ, ਮੀਡੀਆ ਵਿਚ ਭਾਰਤ ਵਿਚ ਨਵੀਆਂ ਖੋਜਾਂ ਉਪਰ ਕਾਫ਼ੀ ਬਹਿਸ ਹੋਈ ਹੈ। ਹੇਠ ਲਿਖੇ ਸੰਕੇਤਕ ਇਸ ਬਹਿਸ ਦਾ ਕਾਰਨ ਹੋ ਸਕਦੇ ਹਨ :

- ਸੇਵਾ ਦੇ ਖੇਤਰ ਵਿਚ, ਖ਼ਾਸ ਤੌਰ ਤੇ ਸਿਹਤ ਸੰਭਾਲ ਖੇਤਰ ਵਿਚ ਕਈ ਨਵੀਆਂ ਖੋਜਾਂ ਹੋਈਆਂ ਹਨ। ਅੱਜਕੱਲ੍ਹ ਸੇਵਾ ਖੇਤਰ ਸਮੁੱਚੇ ਘਰੇਲੂ ਉਤਪਾਦ ਦਾ ਦੋ ਤਿਹਾਈ ਹਿੱਸਾ ਹੈ ਅਤੇ ਸੇਵਾ ਤੇ ਉਤਪਾਦਨ ਦੋਵੇਂ ਖੇਤਰ ਬਹੁਤ ਵਧੀਆ ਕਾਰਗੁਜ਼ਾਰੀ ਕਰ ਰਹੇ ਹਨ। ਬਹੁਤ ਲੰਮੇ ਸਮੇਂ ਤਕ, ਭਾਰਤੀ ਨੀਤੀ ਨਿਰਧਾਰਕ ਤਕਨਾਲੋਜੀਕਲ ਸਰਗਰਮੀਆਂ ਨਾਲ ਸੰਬੰਧਿਤ ਦਸਤਾਵੇਜ਼ਾਂ ਵਿਚ ਵਿਸ਼ੇਸ਼ ਤੌਰ ਤੇ 'ਕਾਢ' ਸ਼ਬਦ ਵਰਤਣ ਤੋਂ ਬਚਦੇ ਰਹੇ ਹਨ। ਸ਼ਬਦ 'ਕਾਢ' ਸਭ ਤੋਂ ਪਹਿਲਾਂ 2008 ਦੇ 'ਰਾਸ਼ਟਰੀ ਕਾਢ ਐਕਟ' ਨੀਤੀ ਦਸਤਾਵੇਜ਼ ਵਿਚ ਵਰਤੋਂ ਵਿਚ ਆਇਆ। ਇਸ ਨਾਲ ਨੀਤੀ ਅਤੇ ਵਪਾਰਕ, ਦੋਹਾਂ ਖੇਤਰਾਂ ਵਿਚ ਮੋਟੇ ਤੌਰ ਤੇ ਇਹ ਆਭਾਸ ਹੋਇਆ ਕਿ ਦੇਸ਼ ਵਧੇਰੇ ਖੋਜੀ ਬਣ ਰਿਹਾ ਹੈ – ਜਾਂ ਘੱਟੋ-ਘੱਟ ਕੁੱਝ ਉਦਯੋਗਾਂ ਵਿਚ।

- ਭਾਰਤ ਦੇ ਸਮੁੱਚੇ ਉਤਪਾਦਨ ਵਿਚ ਗਿਆਨ ਆਧਾਰਤ ਵਾਧਾ ਹੋਇਆ ਹੈ। ਅੱਜ ਸਮੁੱਚੇ ਰਾਸ਼ਟਰੀ ਘਰੇਲੂ ਉਤਪਾਦ ਦਾ ਲਗਭਗ 14 ਪ੍ਰਤਿਸ਼ਤ ਹਿੱਸਾ ਗਿਆਨ ਆਧਾਰਤ ਉਤਪਾਦਨ ਤੋਂ ਆਉਂਦਾ ਹੈ ਅਤੇ ਇਸ ਵਿਚੋਂ ਵਧੇਰੇ ਕਰਕੇ ਸੇਵਾ ਖੇਤਰ ਵਿਚ ਹੈ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਗਿਆਨ ਆਧਾਰਤ ਉਤਪਾਦਨ ਖੇਤਰ ਦਾ ਵਿਕਾਸ ਸਮੁੱਚੇ ਆਰਥਿਕ ਵਿਕਾਸ ਨਾਲੋਂ ਵੀ ਵੱਧ ਹੈ। ਅੰਕੜੇ ਦੱਸਦੇ ਹਨ ਕਿ ਨਵੀਆਂ ਕੰਪਨੀਆਂ ਦੇ ਯੋਗਦਾਨ ਵਿਚੋਂ ਵੱਡਾ ਯੋਗਦਾਨ ਗਿਆਨ ਆਧਾਰਤ ਕੰਪਨੀਆਂ ਦਾ ਹੈ ਅਤੇ ਪਿਛਲੇ ਸੱਤ ਸਾਲਾਂ ਜਾਂ ਕੁੱਝ ਵੱਧ ਸਮੇਂ ਵਿਚ ਇਨ੍ਹਾਂ ਕੰਪਨੀਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। 1991 ਵਿਚ ਆਰਥਿਕ ਸੁਧਾਰ ਲਾਗੂ ਹੋਣ ਤੋਂ ਬਾਅਦ ਦੇ ਸਭ ਉਦਯੋਗਿਕ ਪ੍ਰਸਤਾਵਾਂ ਦੇ ਤਕਨਾਲੋਜੀ ਵਿਸ਼ੇ ਵਸਤੂ ਦੀ ਰੌਂ ਇਸ ਗੱਲ ਦਾ ਸਬੂਤ ਹੈ। ਇਕ ਵਾਰੀ ਫਿਰ, ਕੱਪੜਾ ਉਦਯੋਗ ਅਤੇ ਇਕ ਅੱਧੇ ਹੋਰ ਉਦਯੋਗ ਨੂੰ ਛੱਡ ਕੇ ਸਭ ਖੇਤਰਾਂ ਜਿਵੇਂ ਕਿ ਰਸਾਇਣ, ਊਰਜਾ, ਬਿਜਲੀ ਸਾਜ਼-ਸਾਮਾਨ ਅਤੇ ਹੋਰ ਉਦਯੋਗ ਤਕਨਾਲੋਜੀ ਆਧਾਰਤ ਹਨ।

ਭਾਰਤ ਵਲੋਂ ਸਿੱਧੇ ਵਿਦੇਸ਼ੀ ਨਿਵੇਸ਼ (ਐਫ਼ ਡੀ ਆਈ) ਵਿਚ ਵਾਧਾ ਹੋਇਆ ਹੈ। ਇਹ ਵਾਧਾ 1993 ਦੇ ਸਿਰਫ਼ ਦੋ ਮਿਲੀਅਨ ਅਮਰੀਕੀ ਡਾਲਰ ਤੋਂ ਵਧ ਕੇ 2010-11 ਵਿਚ 17 ਮਿਲੀਅਨ ਅਮਰੀਕੀ ਡਾਲਰ ਹੋ ਗਿਆ। ਇਨ੍ਹਾਂ ਵਿਚ ਕੁਝ ਉੱਚ ਪੱਧਰ ਤਕਨਾਲੋਜੀ ਆਧਾਰਤ ਅਦਾਰੇ ਵੀ ਹਨ ਜੋ ਭਾਰਤੀ ਕੰਪਨੀਆਂ ਨੇ ਹਾਸਲ ਕੀਤੇ ਹਨ। ਪਰ ਇਨ੍ਹਾਂ ਦੇ ਚਲਣ ਦੀ ਦਰ ਕੀ ਹੈ, ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਭਾਰਤ ਤੋਂ ਬਹੁਤ ਥੋੜ੍ਹਾ ਜਿਹਾ ਪੂੰਜੀ ਨਿਵੇਸ਼ ਬਾਹਰ ਹੁੰਦਾ ਸੀ ਪਰ ਇਹ ਬੂੰਦ-ਬੂੰਦ 2005 ਤੋਂ ਮੂਸਲਾਧਾਰ ਹੋ ਗਈ। ਇਨ੍ਹਾਂ ਵਿਚੋਂ ਵਧੇਰੇ ਨਿਵੇਸ਼ ਵਿਕਸਤ ਅਰਥਤੰਤਰਾਂ ਦੇ ਤਕਨਾਲੋਜੀ ਆਧਾਰਤ ਉਤਪਾਦਨ ਖੇਤਰ ਲਈ ਗਿਆ ਹੈ। ਉਹ ਭਾਰਤੀ ਫਰਮਾਂ, ਜਿਨ੍ਹਾਂ ਨੇ ਅਜਿਹੀ ਸਮਰਥਾ ਅਤੇ ਕਾਬਲੀਅਤ ਬਣਾਈ, ਦਾ ਇਤਿਹਾਸ ਲੰਬਾ ਹੈ ਅਤੇ ਉਹ ਲੰਬੇ ਸਮੇਂ ਵਿਚ ਉੱਭਰ ਕੇ ਆਈਆਂ ਹਨ। ਇਕੋਨੋਮਿਸਟ (2009) ਅਨੁਸਾਰ ਤਕਨਾਲੋਜੀ ਖੋਜ ਬਾਹਰੀ ਅਦਾਰੇ ਹਾਸਲ ਕਰਨ ਦਾ ਇਕ ਵੱਡਾ ਉਦੇਸ਼ ਹਨ। ਟਾਟਾ ਸਟੀਲ ਵਲੋਂ ਯੂਰਪ ਦੇ ਦੂਜੇ ਸਭ ਤੋਂ ਵੱਡੇ ਸਟੀਲ ਉਤਪਾਦਕ ਅਦਾਰੇ *ਕੋਰਸ* ਨੂੰ ਖਰੀਦਣ ਤੋਂ ਪਹਿਲਾਂ, ਜਿਸ ਦੀ ਸਾਲਾਨਾ ਪੂੰਜੀ ਲਗਭਗ 1200 ਕਰੋੜ ਪਾਊਂਡ ਸੀ, ਭਾਰਤੀ ਸਟੀਲ ਉਤਪਾਦਕ ਕੋਲ ਇਕ ਵੀ ਅਮਰੀਕੀ ਪੇਟੈਂਟ ਨਹੀਂ ਸੀ। ਇਸ ਨੂੰ ਹਾਸਲ ਕਰਨ ਨਾਲ 80 ਤੋਂ ਵੱਧ ਪੇਟੈਂਟ ਅਤੇ ਲਗਭਗ 1000 ਖੋਜ ਅਮਲਾ ਇਸ ਕੋਲ ਆ ਗਿਆ। ਇਸ ਤਰ੍ਹਾਂ ਚਾਲੂ ਅਦਾਰਿਆਂ ਨੂੰ ਹਾਸਲ ਕਰਨ ਦੀ ਵਧ ਰਹੀ ਪ੍ਰਵਿਰਤੀ ਨੇ ਤਕਨਾਲੋਜੀਕਲ ਸ਼ਬਦਾਂ ਵਿਚ ਭਾਰਤੀ ਕੰਪਨੀਆਂ ਨੂੰ ਬਿਨਾਂ ਮੁੱਢ ਤੋਂ ਬਣਾਉਣ ਦੇ ਤਕਨਾਲੋਜੀਕਲ ਸਮਰਥਾ ਤਕ ਬਹੁਤ ਪਹੁੰਚ ਦਿਤੀ ਹੈ ਜੋ ਉਨ੍ਹਾਂ ਵਲੋਂ ਹਾਸਲ ਕੀਤੀਆਂ ਕੰਪਨੀਆਂ ਕੋਲ ਸੀ। ਇਹ ਹਾਲਾਤ ਇਕ ਦੂਜੇ ਵਿਚ ਸਮਾ ਜਾਣ ਨਾਲ ਪੈਦਾ ਹੁੰਦੇ ਹਨ।

- ਭਾਰਤ ਉੱਚ ਤਕਨੀਕ ਖੇਤਰਾਂ ਵਿਚ

ਵਧੇਰੇ ਮੁਕਾਬਲੇ ਦਾ ਦੇਸ਼ ਹੋ ਗਿਆ ਹੈ। ਭਾਵੇਂ ਘੱਟ ਤਕਨੀਕੀ ਉਤਪਾਦਨ ਹਾਲੇ ਵੀ ਨਿਰਯਾਤ ਉਪਰ ਭਾਰੂ ਹਨ ਪਰ ਉੱਚ ਤਕਨੀਕ ਉਤਪਾਦਨਾਂ ਦਾ ਨਿਰਯਾਤ ਪਿਛਲੇ 20 ਸਾਲਾਂ ਵਿਚ ਦੁੱਗਣਾ ਹੋ ਗਿਆ ਹੈ। ਭਾਰਤ ਦੁਨੀਆਂ ਵਿਚ ਸੂਚਨਾ ਤਕਨਾਲੋਜੀ ਸੇਵਾਵਾਂ ਨਿਰਯਾਤ ਕਰਨ ਵਾਲਾ 2005 ਤੋਂ ਸਭ ਤੋਂ ਮੋਢੀ ਦੇਸ਼ ਬਣਿਆ ਹੋਇਆ ਹੈ ਅਤੇ ਉਸ ਸਮੇਂ ਤੋਂ ਇਹ ਸਥਾਨ ਬਣਾ ਕੇ ਰਖਿਆ ਹੋਇਆ ਹੈ। ਭਾਰਤ ਦਾ ਸੂਚਨਾ ਤਕਨਾਲੋਜੀ ਸੇਵਾਵਾਂ ਦਾ ਨਿਰਯਾਤ 2011-12 ਵਿਚ 62 ਮਿਲੀਅਨ ਡਾਲਰ ਦਾ ਸੀ। ਇਸ ਦੇ ਪੁਲਾੜ ਸੰਬੰਧੀ ਉਤਪਾਦਨਾਂ ਦਾ ਨਿਰਯਾਤ 74 ਪ੍ਰਤਿਸ਼ਤ ਦੇ ਹਿਸਾਬ ਵਧ ਰਿਹਾ ਹੈ ਜੋ ਇਨ੍ਹਾਂ ਉਤਪਾਦਨਾਂ ਦੇ ਦੁਨੀਆਂ ਦੇ 15 ਪ੍ਰਤਿਸ਼ਤ ਨਿਰਯਾਤ ਦੇ ਮੁਕਾਬਲੇ ਹੈ। ਭਾਰਤ ਦੀ ਪੁਲਾੜੀ ਜਹਾਜ਼ਾਂ ਦੇ ਨਮੂਨੇ ਅਤੇ ਉਤਪਾਦਨ ਦੀ ਤਕਨਾਲੋਜੀਕਲ ਸਮਰਥਾ ਦੀ ਕਾਫ਼ੀ ਸਾਖ਼ ਹੈ ਅਤੇ ਰਿਮੋਟ ਸੈਸਿੰਗ ਵਿਚ ਇਸ ਨੂੰ ਵਿਸ਼ਵੀ ਲੀਡਰ ਮੰਨਿਆ ਜਾਂਦਾ ਹੈ। ਫੁਟਰੋਨ ਦੀ 2011 ਦੀ 10 ਪੁਲਾੜ ਮੁਕਾਬਲਾ ਸੂਚੀ ਵਾਲੇ ਦੇਸ਼ਾਂ ਵਿਚ, ਭਾਰਤ ਦਾ ਸਥਾਨ ਕੋਰੀਆ ਗਣਰਾਜ, ਇਜ਼ਰਾਈਲ ਅਤੇ ਬ੍ਰਾਜ਼ੀਲ ਤੋਂ ਉਪਰ ਹੈ। ਪਰ ਇਸ ਖੇਤਰ ਵਿਚ ਵਧੇਰੇ ਕਰਕੇ ਨਵੀਆਂ ਖੋਜਾਂ ਸਰਕਾਰੀ ਖੇਤਰ ਵਿਚੋਂ ਆਉਣੀਆਂ ਹਨ ਅਤੇ ਨਾ ਕਿ ਉਦਯੋਗ ਖੇਤਰ ਵਿਚੋਂ। ਮੈਂ ਇਹ ਕਹਿ ਸਕਦਾ ਹਾਂ ਕਿ ਭਾਰਤ ਸਰਕਾਰ ਨੇ ਸੁਰੱਖਿਆ ਦੇ ਮੱਦੇਨਜ਼ਰ ਪੁਲਾੜ ਜਹਾਜ਼ੀ ਉਦਯੋਗ ਵਿਚ ਖੋਜਾਂ ਦੇ ਖੇਤਰ ਵਿਚ ਖੰਡ ਪ੍ਰਣਾਲੀ ਸ਼ੁਰੂ ਕਰਨ ਦੀਆਂ ਸਭ ਕੋਸ਼ਿਸ਼ਾਂ ਨਕਾਰ ਦਿਤੀਆਂ। ਇਸ ਨੀਤੀ ਨੇ ਦੇਸ਼ ਨੂੰ ਸਭ ਮੁਹਾਰਤਾਂ ਹੋਣ ਦੇ ਬਾਵਜੂਦ ਸਿਵਲ ਪੁਲਾੜ ਹਵਾਬਾਜ਼ੀ ਵਿਚ ਇਕ ਟੱਕਰ ਦੀ ਤਾਕਤ ਨਹੀਂ ਬਣਨ ਦਿਤਾ। ਪਰ ਇਹ ਹਾਲਾਤ ਹੁਣ ਬਦਲ ਕੇ ਰਹਿਣਗੇ। ਹਾਲ ਹੀ ਦੇ ਸਮੇਂ ਵਿਚ ਭਾਰਤ ਤੋਂ ਪੁਲਾੜ ਸੰਬੰਧੀ ਨਿਰਯਾਤ ਵਿਚ ਕਈ ਗੁਣਾ ਵਾਧਾ ਹੋਇਆ ਹੈ ਭਾਵੇਂ ਕਿ ਇਹ ਜਹਾਜ਼ਾਂ ਦੇ ਕਲ-ਪੁਰਜ਼ਿਆਂ ਸੰਬੰਧੀ ਹੀ ਕਿਹਾ ਸੀ। ਇਸ ਖੇਤਰ ਵਿਚ ਲਗਭਗ 300 ਛੋਟੇ ਅਤੇ ਦਰਮਿਆਨੇ ਦਰਜੇ ਦੇ ਉਦਯੋਗ ਲੱਗੇ ਹੋਣ ਨਾਲ, ਭਾਰਤ ਹੌਲੀ-ਹੌਲੀ ਉਨ੍ਹਾਂ ਥੋੜ੍ਹੇ ਜਿਹੇ ਵਿਕਾਸਸ਼ੀਲ ਦੇਸ਼ਾਂ ਦੀ ਸ਼੍ਰੇਣੀ ਵਿਚ ਆ ਰਿਹਾ ਹੈ ਜੋ ਪੁਲਾੜ ਉਦਯੋਗ ਜਿਹੇ ਉੱਚ ਤਕਨਾਲੋਜੀ ਦੀ ਸਮਰਥਾ ਰਖਦੇ ਹਨ।

- ਭਾਰਤ ਨਵੀਆਂ ਸੰਜਮ ਖੋਜਾਂ ਦੀ ਧੁਰੀ ਬਣ ਗਿਆ ਹੈ। ਕਈ ਨਵੀਆਂ ਖੋਜਾਂ, ਜਿਨ੍ਹਾਂ ਨੂੰ ਸੰਜਮੀ ਕਿਹਾ ਜਾਂਦਾ ਹੈ, ਭਾਰਤ ਨੇ ਕੀਤੀਆਂ ਹਨ। ਸੰਜਮੀ ਖੋਜਾਂ ਲਾਜ਼ਮੀ ਤੌਰ ਤੇ ਪਹਿਲਾਂ ਤਾਂ ਉਪਲਬਧ ਵਸਤਾਂ ਦੇ ਸੁਧਾਰੇ ਮਾਡਲ ਹਨ। ਜਿਵੇਂ ਕਿ ਨੈਨੋ ਕਾਰ, ਸਵੈਚ ਪਾਣੀ ਫਿਲਟਰ, ਚੋਟੋਕੂਲ ਰੈਫਰੀਜਰੇਟਰ) ਜਾਂ ਸੇਵਾਵਾਂ (ਜਿਵੇਂ ਕਿ ਅਰਵਿੰਦ ਅੱਖਾਂ ਦਾ ਕਲਿਨਿਕ, ਨਾਰਾਇਣ ਹਰਿਦਿਆਲਯ-ਸਸਤੀ ਦਿਲ ਦੀ ਸਰਜਰੀ ਲਈ ਅਤੇ ਲਾਈਫ਼ ਸਪਰਿੰਗਜ਼ ਹਸਪਤਾਲ - ਸਸਤੀ ਜੱਚਾ-ਬੱਚਾ ਸੰਭਾਲ ਲਈ)।
- ਕਈ ਅੱਖੋਂ ਓਹਲੇ ਖੋਜਾਂ ਦੀਆਂ ਉਦਾਹਰਣਾਂ ਵੀ ਹਨ ਜੋ ਵਪਾਰਾਂ ਦੇ ਅੰਦਰ ਹਨ (ਬੀ2 ਬੀ)। ਉਦਾਹਰਣ ਦੇ ਤੌਰ ਤੇ ਵਿਸ਼ਵੀ ਵਿਤਰਣ ਮਾਡਲ, ਇਕ ਅਜਿਹਾ ਕਾਰਜ ਹੈ ਜਿਸ ਨੂੰ ਅੱਜ ਸਭ ਕੋਈ ਸਵੀਕਾਰ ਕਰਦਾ ਹੈ ਅਤੇ ਜਿਸ ਸਭ ਤੋਂ ਵੱਡੀ ਖੋਜ ਨੇ ਸਮੁੱਚੇ ਵਿਸ਼ਵ ਵਿਚ ਵਪਾਰ ਨੂੰ ਕੁਸ਼ਲ ਬਣਾ ਦਿਤਾ ਹੈ। ਪ੍ਰਕਿਰਿਆ ਖੋਜ, ਜੋ ਭਾਰਤ ਵਿਚ ਹਰ ਰੋਜ਼ ਵਪਾਰ ਨੂੰ ਵਧੇਰੇ ਅਤੇ ਹੋਰ ਵਧੇਰੇ ਕਾਰਗਰ ਬਣਾ ਰਹੀ ਹੈ। ਇਹ ਦਿਖਾਈ ਨਹੀਂ ਦਿੰਦੀਆਂ ਹਨ ਪਰ ਇਹ ਵਿਸ਼ਵੀ ਅਰਥਵਿਵਸਥਾ ਲਈ ਬਹੁਤ ਬਹੁਮੁੱਲੀਆਂ ਹਨ।

## ਤਕਨਾਲੋਜੀਕਲ ਵਿਕਾਸ ਦਾ ਮਾਪ

ਕਿਸੇ ਵੀ ਵਿਕਾਸਸ਼ੀਲ ਦੇਸ਼ ਵਿਚ ਤਕਨਾਲੋਜੀ ਵਿਕਾਸ ਘਰੇਲੂ ਤਕਨਾਲੋਜੀਕਲ ਕੋਸ਼ਿਸ਼ਾਂ ਅਤੇ ਵਿਦੇਸ਼ੀ ਤਕਨਾਲੋਜੀ ਆਯਾਤ ਉਪਰ ਭਰੋਸੇ ਨਾਲ ਕੀਤਾ ਜਾਂਦਾ ਹੈ। ਘਰੇਲੂ ਤਕਨਾਲੋਜੀਕਲ ਵਿਕਾਸ ਆਮ ਤੌਰ ਤੇ ਉਸ ਤਕਨਾਲੋਜੀ ਨੂੰ ਤਿਆਰ ਕਰਨ ਵਿਚ ਜੋ ਵਿੱਤੀ ਸਰੋਤ ਫਰਮਾਂ ਅਤੇ ਖੋਜ ਸੰਸਥਾਨ ਉਸ ਦੇ ਵਿਕਾਸ ਉਪਰ ਖਰਚ ਕਰਦੇ ਹਨ, ਵਿਚ ਮਾਪਿਆ ਜਾਂਦਾ ਹੈ। ਇਸ ਦੀ ਸਭ ਤੋਂ ਚੰਗੀ ਤਰ੍ਹਾਂ ਪੜਚੋਲ ਉਸ ਖਰਚੇ ਦੇ ਅਨੁਮਾਨ ਵਿਚ ਹੋ ਸਕਦੀ ਹੈ ਜੋ ਖੋਜ ਅਤੇ ਵਿਕਾਸ ਉਪਰ ਕੀਤਾ ਜਾਂਦਾ ਹੈ। ਪਰ ਖੋਜ ਅਤੇ ਵਿਕਾਸ ਉਪਰ ਨਿਵੇਸ਼ ਹਮੇਸ਼ਾ ਹੀ ਜ਼ਰੂਰੀ ਨਹੀਂ ਕਿ ਨਵੀਆਂ ਵਸਤਾਂ ਜਾਂ ਪ੍ਰਕਿਰਿਆਵਾਂ ਦਾ ਵਿਕਾਸ ਕਰ ਸਕੇ। ਇਸ ਲਈ, ਨਵੀਆਂ ਖੋਜਾਂ ਵਿਚ ਸਿਰਫ਼ ਨਿਵੇਸ਼ ਨੂੰ ਮਾਪਣ ਅਤੇ ਉਨ੍ਹਾਂ ਤੋਂ ਮਿਲਣ ਵਾਲੇ ਲਾਭ ਨੂੰ ਨਾ ਮਾਪਣ ਦੀ ਸਮੱਸਿਆ ਦੇ ਹੱਲ ਲਈ ਪੇਟੈਂਟ ਕਰਨ ਦੀ ਰੌ ਦਾ ਅਧਿਐਨ ਕੀਤਾ ਜਾਂਦਾ ਹੈ। ਖੋਜਾਂ ਦੇ ਲਾਭ ਦਾ ਅੰਦਾਜ਼ਾ ਲਗਾਉਣ ਲਈ ਪੇਟੈਂਟ ਗਿਣਤੀ ਇਕ ਚੰਗਾ ਪ੍ਰਤਿਨਿਧੀ ਹਨ। ਵਿਦੇਸ਼ੀ ਤਕਨਾਲੋਜੀ ਉਪਰ ਨਿਰਭਰਤਾ ਆਮ ਤੌਰ ਤੇ ਬਹੁਰਾਸ਼ਟਰੀ ਕੰਪਨੀਆਂ ਅਤੇ ਉਨ੍ਹਾਂ ਦੀਆਂ ਸੰਬੰਧਿਤ ਜਾਂ ਗ਼ੈਰ ਸੰਬੰਧਿਤ ਕੰਪਨੀਆਂ ਨਾਲ ਉਨ੍ਹਾਂ ਵਲੋਂ ਵਿਦੇਸ਼ੀ ਤਕਨੀਕੀ ਤਾਲਮੇਲ ਸਮਝੌਤਿਆਂ ਦੀ ਗਿਣਤੀ ਵਿਚ ਆਂਕੀ ਜਾਂਦੀ ਹੈ। ਅਸੀਂ ਇਥੇ ਪਹਿਲਾਂ ਘਰੇਲੂ ਤਕਨਾਲੋਜੀਕਲ ਵਿਕਾਸ ਵਿਚ ਹੋ ਰਹੀਆਂ ਤਬਦੀਲੀਆਂ ਬਾਰੇ ਵਿਚਾਰ ਕਰਾਂਗੇ ਤੇ ਫਿਰ ਹਾਲ ਹੀ ਦੇ ਵਿਦੇਸ਼ੀ ਤਕਨੀਕਾਂ ਉਪਰ ਨਿਰਭਰਤਾ ਬਾਰੇ ਜਾਣਾਂਗੇ।

## ਭਾਰਤ ਵਿਚ ਘਰੇਲੂ ਤਕਨਾਲੋਜੀਕਲ ਵਿਕਾਸ

***ਖੋਜ ਅਤੇ ਵਿਕਾਸ ਰੁਝਾਨ :*** ਭਾਰਤ ਵਿਚ 1991 ਵਿਚ ਅਰਥਵਿਵਸਥਾ ਦੇ ਉਦਾਰੀਕਰਨ ਤੋਂ ਹੁਣ ਤਕ ਸਮੁੱਚੀ ਆਰਥਿਕ ਖੋਜ ਅਤੇ ਵਿਕਾਸ ਦੀ ਨਾਂ-ਮਾਤਰ ਅਤੇ ਅਸਲੀ ਵਿਕਾਸ ਦਰ ਘਟੀ ਹੈ। ਦੇਸ਼ ਦੀ ਸਮੁੱਚੀ ਖੋਜ ਪ੍ਰਣਾਲੀ 0.80 ਪ੍ਰਤਿਸ਼ਤ ਦੀ ਦਰ ਨਾਲ ਲਗਭਗ ਸਾਵੀਂ ਹੀ ਰਹੀ ਹੈ ਜਦ ਕਿ ਚੀਨ ਵਿਚ ਸਮੁੱਚੀ ਆਰਥਿਕ ਖੋਜ ਅਤੇ ਵਿਕਾਸ ਦੀ ਦਰ ਕੁੱਲ ਘਰੇਲੂ ਉਤਪਾਦ ਦੇ ਮੁਕਾਬਲੇ ਦੁੱਗਣੀ ਤੋਂ ਵੱਧ ਹੋ ਕੇ 1.42 ਪ੍ਰਤਿਸ਼ਤ ਹੋ ਗਈ ਹੈ।

ਇਨ੍ਹਾਂ ਅੰਕੜਿਆਂ ਦੀ ਵਿਆਖਿਆ ਵਿਚ ਇਸ ਗੱਲ ਨੂੰ ਜਾਣਨ ਲਈ ਕਿ ਭਾਰਤੀ ਖੋਜ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਕਾਰਨ ਖੋਜ ਅਤੇ ਵਿਕਾਸ ਵਿਚ ਕੁੱਲ ਨਿਵੇਸ਼ ਵਿਚ ਕਮੀ ਆਈ ਹੈ ਸਾਵਧਾਨੀ ਵਰਤਣੀ ਹੋਵੇਗੀ। ਹੁਣ ਵੀ, ਦੇਸ਼ ਵਿਚ ਖੋਜ ਅਤੇ ਵਿਕਾਸ ਵਿਚ ਦੋ ਤਿਹਾਈ ਹਿੱਸਾ ਸਰਕਾਰੀ ਹੈ ਭਾਵੇਂ ਕਿ ਇਹ ਸਮੇਂ ਨਾਲ ਘਟਿਆ ਹੈ। ਇਹ ਵਪਾਰਕ ਘਰਾਣਿਆਂ ਵਲੋਂ ਖੋਜ ਅਤੇ ਵਿਕਾਸ ਵਿਚ ਵਧੇਰੇ ਨਿਵੇਸ਼ ਨਾਲ ਹਾਸਲ ਹੋਇਆ ਹੈ ਜੋ ਹੁਣ 1991 ਦੇ 14 ਪ੍ਰਤਿਸ਼ਤ ਦੇ ਮੁਕਾਬਲੇ ਲਗਭਗ 30 ਪ੍ਰਤਿਸ਼ਤ ਹੈ। ਚੀਨ ਵਿਚ ਵਪਾਰਕ ਘਰਾਣਿਆਂ ਦਾ ਇਹ ਹਿੱਸਾ 71 ਪ੍ਰਤਿਸ਼ਤ ਤਕ ਹੈ ਜਦ ਕਿ ਸਰਕਾਰੀ ਖੋਜ ਸੰਸਥਾਨ ਸਿਰਫ਼ 19 ਪ੍ਰਤਿਸ਼ਤ ਹਿੱਸਾ ਪਾਉਂਦੇ ਹਨ। ਨਿੱਜੀ ਖੇਤਰ ਵਲੋਂ ਖੋਜ ਅਤੇ ਵਿਕਾਸ ਵਿਚ ਵਧੇਰੇ ਹਿੱਸਾ ਆਮ ਤੌਰ ਤੇ ਇਕ ਚੰਗੀ ਤਬਦੀਲੀ ਹੈ ਕਿਉਂਕਿ ਵਪਾਰਕ ਅਦਾਰੇ ਆਪਣੀ ਖੋਜ ਦੇ ਨਤੀਜਿਆਂ ਨੂੰ ਆਪਣੇ ਉਤਪਾਦਨਾਂ ਅਤੇ ਪ੍ਰਕਿਰਿਆਵਾਂ ਵਿਚ ਸਰਕਾਰੀ ਖੇਤਰ ਨਾਲੋਂ ਤੇਜ਼ੀ ਨਾਲ ਅਪਣਾ

ਲੈਂਦੇ ਹਨ।

ਸਮੁੱਚੀ ਆਰਥਿਕ ਖੋਜ ਅਤੇ ਵਿਕਾਸ ਦੇ ਜੋੜ-ਤੋੜ ਵਿਚ, ਕੰਮ ਦੀ ਕਿਸਮ ਅਨੁਸਾਰ ਬੁਨਿਆਦੀ ਵਿਹਾਰਕ ਜਾਂ ਤਜਰਬੇਕਾਰੀ ਵਿਕਾਸ ਆਦਿ ਦੀ ਸੂਰਤ ਵਿਚ ਬੁਨਿਆਦੀ ਖੋਜ ਉਪਰ ਖਰਚਾ ਸਮੁੱਚੀ ਆਰਥਿਕ ਖੋਜ ਅਤੇ ਵਿਕਾਸ ਦੇ ਲਗਭਗ 18 ਪ੍ਰਤਿਸ਼ਤ ਤੋਂ ਵਧ ਕੇ 2006 ਵਿਚ ਲਗਭਗ 26 ਪ੍ਰਤਿਸ਼ਤ ਹੋ ਗਿਆ ਸੀ। ਭਾਰਤ ਵਿਚ ਖੋਜ ਅਤੇ ਵਿਕਾਸ ਵਿਚ ਸਰਕਾਰੀ ਖਰਚਾ ਵਧੇਰੇ ਕਰਕੇ ਪ੍ਰਮਾਣੂ ਊਰਜਾ, ਰੱਖਿਆ, ਪੁਲਾੜ, ਸਿਹਤ ਅਤੇ ਖੇਤੀਬਾੜੀ ਉਪਰ ਹੋ ਰਿਹਾ ਹੈ।

ਭਾਰਤੀ ਸੰਦਰਭ ਵਿਚ, ਸਰਕਾਰੀ ਖੋਜ ਨੂੰ ਸਿਵਲ ਵਰਤੋਂ ਵਿਚ ਲਿਆਉਣਾ ਬਹੁਤ ਸੀਮਤ ਹੈ ਭਾਵੇਂ ਕਿ ਹਾਲ ਹੀ ਦੇ ਸਮਿਆਂ ਵਿਚ ਸਰਕਾਰ ਨੇ ਸੋਚ ਸਮਝ ਕੇ ਅਜਿਹੀਆਂ ਕੋਸ਼ਿਸ਼ਾਂ ਕੀਤੀਆਂ ਹਨ ਕਿ ਖੋਜ ਨੂੰ ਸਮਾਜਿਕ-ਆਰਥਿਕ ਟੀਚੇ ਹਾਸਲ ਕਰਨ ਲਈ ਲਗਾਇਆ ਜਾਵੇ। ਹੌਲੀ-ਹੌਲੀ ਇਸ ਦੇ ਨਤੀਜੇ ਆਉਣੇ ਸ਼ੁਰੂ ਹੋ ਗਏ ਹਨ, ਖ਼ਾਸ ਤੌਰ ਤੇ ਪੁਲਾੜ ਖੋਜ ਦੇ ਖੇਤਰ ਵਿਚ ਵਾਤਾਵਰਨ ਨਿਗਰਾਨੀ ਉਪ-ਗ੍ਰਹਿ ਸੰਚਾਰ ਅਤੇ ਹੋਰ ਖੇਤਰਾਂ ਵਿਚ।

ਉਪਰ ਦਿਤੀ ਪੜਚੋਲ ਤੋਂ ਇਕ ਦਿਲਚਸਪ ਨਤੀਜਾ ਮਿਲਦਾ ਹੈ ਕਿ ਦੇਸ਼ ਵਿਚ ਉੱਚ ਸਿੱਖਿਆ ਦੇ ਖੇਤਰ ਵਿਚ ਖੋਜ ਅਤੇ ਵਿਕਾਸ ਉਪਰ ਅੰਸ਼ ਮਾਤਰ ਖਰਚਾ ਕੀਤਾ ਜਾਂਦਾ ਹੈ ਜਦ ਕਿ ਇਸ ਖੇਤਰ ਵਿਚ 1909 ਵਿਚ ਸਥਾਪਤ ਪ੍ਰਤਿਸ਼ਠਾਵਾਨ ਭਾਰਤੀ ਵਿਗਿਆਨ ਸੰਸਥਾਨ, 8 ਭਾਰਤੀ ਤਕਨਾਲੋਜੀ ਸੰਸਥਾਨ ਅਤੇ 300 ਤੋਂ ਵੱਧ ਯੂਨੀਵਰਸਿਟੀਆਂ ਹਨ। ਦੂਜੇ ਸ਼ਬਦਾਂ ਵਿਚ, ਭਾਰਤ ਵਿਚ ਉੱਚ ਸਿੱਖਿਆ ਦਾ ਖੇਤਰ ਉਦਯੋਗ ਲਈ ਤਕਨਾਲੋਜੀ ਦਾ ਸਰੋਤ ਨਹੀਂ ਹੈ (ਭਾਰਤੀ ਤਕਨਾਲੋਜੀ ਸੰਸਥਾਨਾਂ ਵਲੋਂ ਉਦਯੋਗ ਲਈ ਭਾੜੇ 'ਤੇ ਕੀਤੀ ਖੋਜ ਬਾਰੇ ਕੀ ਕਿਹਾ ਜਾਵੇ?)। ਪਰ ਫਿਰ ਵੀ, ਭਾਰਤ ਦੀ ਰਾਸ਼ਟਰੀ ਖੋਜ ਪ੍ਰਣਾਲੀ ਵਿਚ ਲੱਗੇ ਹੋਰਨਾਂ ਲਈ ਇਹ ਮਾਨਵੀ ਸਰੋਤ ਦਾ ਮੁੱਖ ਅੰਗ ਹਨ।

ਇਸ ਤਰ੍ਹਾਂ ਖੋਜ ਅਤੇ ਵਿਕਾਸ ਉਪਰ ਪਹਿਲਾਂ ਨਾਲੋਂ ਵਧੇਰੇ ਕੰਮ ਕਰਨ ਵਾਲਾ ਖੇਤਰ ਸਿਰਫ਼ ਉਦਯੋਗ ਹੈ, ਖ਼ਾਸ ਤੌਰ ਤੇ ਨਿੱਜੀ ਕੰਪਨੀਆਂ। ਅੱਜ, ਨਿੱਜੀ ਕੰਪਨੀਆਂ ਜਨਤਕ ਅਦਾਰਿਆਂ ਨਾਲੋਂ ਖੋਜ ਅਤੇ ਵਿਕਾਸ ਉਪਰ ਲਗਭਗ ਚਾਰ ਗੁਣਾ ਵਧੇਰੇ ਖਰਚਾ ਕਰਦੀਆਂ ਹਨ ਅਤੇ ਸਰਕਾਰੀ ਖੋਜ ਸੰਸਥਾਵਾਂ ਨਾਲੋਂ ਤਿੰਨ ਗੁਣਾ ਵਧੇਰੇ। ਦੂਜੇ ਸ਼ਬਦਾਂ ਵਿਚ, ਭਾਰਤ ਵਿਚ ਨਿੱਜੀ ਅਦਾਰੇ ਭਾਰਤੀ ਖੋਜ ਪ੍ਰਣਾਲੀ ਦੀ ਤਹਿ ਵੱਲ ਵਧ ਰਹੇ ਹਨ।

ਕਈ ਵਾਰ ਇਸ ਤਬਦੀਲੀ ਦੀ ਸਚਾਈ ਉਪਰ ਇਸ ਆਧਾਰ 'ਤੇ ਸ਼ੱਕ ਕੀਤਾ ਜਾਂਦਾ ਹੈ ਕਿ ਵਪਾਰਕ ਘਰਾਣੇ ਜੋ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਨੂੰ ਖੋਜ ਅਤੇ ਵਿਕਾਸ ਉਪਰ ਕੀਤੇ ਜਾਣ ਵਾਲੇ ਖਰਚੇ ਬਾਰੇ ਜਾਣਕਾਰੀ ਦਿੰਦੇ ਹਨ, ਇਸ ਮਦ ਉਪਰ ਆਪਣੇ ਖਰਚੇ ਦੀ ਅਤਿਕਥਨੀ ਕਰ ਰਹੇ ਹੋਣ ਤਾਂ ਜੋ ਭਾਰਤ ਵਿਚ ਖੋਜ ਅਤੇ ਵਿਕਾਸ ਉਪਰ ਕੰਪਨੀਆਂ ਵਲੋਂ ਕੀਤੇ ਜਾਣ ਵਾਲੇ ਖਰਚੇ ਉਪਰ ਮਿਲਣ ਵਾਲੀ ਕਰ ਛੋਟ ਲੈ ਸਕਣ। ਇਹ ਕਰ ਛੋਟ ਖੋਜ ਅਤੇ ਵਿਕਾਸ ਦੀ ਹਾਸਲ ਮਾਤਰਾ ਨਾਲ ਜੁੜੀ ਹੈ। ਇਸ ਲਈ ਇਸ ਨੂੰ ਵੱਧ ਦਿਖਾਉਣ ਦਾ ਲਾਲਚ ਆ ਜਾਂਦਾ ਹੈ। ਪਰ ਇਹ ਸ਼ੱਕ ਨਿਰਾਧਾਰ ਲਗਦਾ ਹੈ। ਇਸ ਦੀ ਸਚਾਈ ਜਾਣਨ ਲਈ, ਮੈਂ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਵਲੋਂ ਖੋਜ ਅਤੇ ਵਿਕਾਸ ਉਪਰ ਖਰਚ ਦੇ ਅੰਕੜਿਆਂ ਦੀ ਤੁਲਨਾ ਭਾਰਤੀ ਅਰਥਵਿਵਸਥਾ ਦੀ ਸ਼ਕਤੀ ਦੇ ਨਿਗਰਾਨ ਕੇਂਦਰ ਵਲੋਂ ਤਿਆਰ 1991-2003 ਦੇ ਅੰਕੜਿਆਂ ਨਾਲ ਕੀਤੀ। ਇਸ ਤੁਲਨਾ ਤੋਂ ਪਤਾ ਲੱਗਾ ਕਿ ਭਾਵੇਂ 1990 ਦੇ ਦਹਾਕੇ ਦੇ ਪਹਿਲੇ ਸਾਲਾਂ ਦੇ ਮੁਕਾਬਲੇ ਬਹੁਤੇ ਸਾਲਾਂ ਵਿਚ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਵਲੋਂ ਦਰਸਾਈ ਪੱਧਰ ਉੱਚੀ ਹੈ ਪਰ ਇਹ ਫਰਕ ਸਮੇਂ ਨਾਲ ਘਟ ਰਿਹਾ ਸੀ। ਇਸ ਤੋਂ ਇਲਾਵਾ, ਇਨ੍ਹਾਂ ਦੋਹਾਂ ਦੀ ਰੌ ਇਕੋ ਦਿਸ਼ਾ ਵੱਲ ਜਾ ਰਹੀ ਸੀ। ਇਸ ਲਈ ਇਹ ਵਿਚਾਰ ਕਿ ਨਿੱਜੀ ਕੰਪਨੀਆਂ ਵਲੋਂ ਖੋਜ ਅਤੇ ਵਿਕਾਸ ਉਪਰ ਖਰਚਾ ਸਿਰਫ਼ ਅੰਕੜਿਆਂ ਦੀ ਖੇਡ ਹੈ, ਠੀਕ ਨਹੀਂ ਲਗਦਾ।

ਚਾਰ ਵੱਡੇ ਉਦਯੋਗਾਂ ਦਾ ਖੋਜ ਅਤੇ ਵਿਕਾਸ ਪੂੰਜੀ ਨਿਵੇਸ਼ ਵਿਚ ਸਭ ਤੋਂ ਵੱਧ ਹਿੱਸਾ ਹੈ ਜਿਨ੍ਹਾਂ ਵਿਚ ਫਾਰਮੇਸੀ ਅਤੇ ਮੋਟਰਕਾਰ ਉਦਯੋਗ ਖੋਜ ਅਤੇ ਵਿਕਾਸ ਉਪਰ ਸਭ ਤੋਂ ਵੱਧ ਖਰਚ ਕਰਨ ਵਾਲਾ ਖੇਤਰ ਹੈ। ਅਸਲ ਵਿਚ, ਕਈ ਵਾਰ ਇਹ ਕਿਹਾ ਜਾਂਦਾ ਹੈ ਕਿ ਭਾਰਤ ਦਾ ਰਾਸ਼ਟਰੀ ਖੋਜ ਪ੍ਰਣਾਲੀ ਵਿਚ ਫਾਰਮੇਸੀ ਸਭ ਤੋਂ ਮੋਢੀ ਹੈ।

ਇਸ ਤਰ੍ਹਾਂ ਸਪੱਸ਼ਟ ਤੌਰ ਤੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਭਾਵੇਂ ਸਮੁੱਚੀ ਆਰਥਿਕ ਖੋਜ ਅਤੇ ਵਿਕਾਸ ਵਿਚ ਵਾਧਾ ਨਾ ਹੋਇਆ ਹੋਵੇ। ਨਿੱਜੀ ਉਦਯੋਗਿਕ ਖੇਤਰ ਵਿਚੋਂ ਫਾਰਮੇਸੀ ਉਦਯੋਗ ਵਿਚ ਖੋਜ ਅਤੇ ਵਿਕਾਸ ਖੇਤਰ ਉਪਰ ਖਰਚਾ ਬਹੁਤ ਵਧਿਆ ਹੈ। ਇਸ ਸੰਕੇਤਕ ਦੇ ਆਧਾਰ 'ਤੇ ਵਧੇਰੇ ਸਹੀ ਬਿਆਨ ਇਹ ਹੋਵੇਗਾ ਕਿ 1991 ਤੋਂ ਸਮੁੱਚਾ ਉਦਯੋਗਿਕ ਖੇਤਰ ਵਧੇਰੇ ਨਵੀਨਤਮ ਖੋਜਾਂ ਵਾਲਾ ਬਣਨ ਦਾ ਕੋਈ ਪ੍ਰਮਾਣ ਨਹੀਂ ਹੈ ਪਰ ਇਸ ਗੱਲ ਦੀ ਗਵਾਹੀ ਜ਼ਰੂਰ ਮਿਲ ਰਹੀ ਹੈ ਕਿ ਭਾਰਤ ਦਾ ਫਾਰਮੇਸੀ ਉਦਯੋਗ ਸਪੱਸ਼ਟ ਤੌਰ ਤੇ ਵਧੇਰੇ ਖੋਜੀ ਬਣ ਰਿਹਾ ਹੈ। ਮੈਂ ਇਸ ਬਿਆਨ ਦੀ ਵਧੇਰੇ ਖੋਜ ਕਰਨਾ ਚਾਹਾਂਗਾ ਪਰ ਇਸ ਵਾਰ ਨਿਵੇਸ਼ਕ ਆਧਾਰ ਨੂੰ ਲਾਗੂ ਕਰਕੇ ਜਿਸ ਵਿਚ ਮੰਗੇ ਅਤੇ ਮਿਲੇ ਪੇਟੈਂਟ ਦੀ ਗਿਣਤੀ ਨੂੰ ਆਧਾਰ ਮੰਨਿਆ ਗਿਆ ਹੈ।

## ਪੇਟੈਂਟ ਲੈਣ ਵਿਚ ਤਬਦੀਲੀਆਂ

ਜਿਵੇਂ ਕਿ ਉਪਰ ਦੱਸਿਆ ਜਾ ਚੁੱਕਾ ਹੈ, ਕਿਸੇ ਵੀ ਦੇਸ਼ ਦੇ ਖੋਜਕਾਰਾਂ ਨੂੰ ਮਿਲੇ ਪੇਟੈਂਟ ਦੀ ਗਿਣਤੀ ਨੂੰ ਖੋਜ ਦੀ ਗਿਣਤੀ ਦਾ ਪੈਮਾਨਾ ਜਾਂ ਤਕਨਾਲੋਜੀਕਲ ਵਿਕਾਸ ਕਰਕੇ ਮੰਨਿਆ ਜਾਂਦਾ ਹੈ। ਭਾਰਤੀ ਖੋਜਕਾਰ ਭਾਰਤ ਵਿਚ ਜਾਂ ਵਿਦੇਸ਼ਾਂ ਵਿਚ ਜਿਵੇਂ ਕਿ ਅਮਰੀਕਾ ਦਾ ਪੇਟੈਂਟ ਅਤੇ ਟਰੇਡ ਮਾਰਕ ਦਫ਼ਤਰ (ਯੂ ਐਸ ਪੀ ਟੀ ਓ) ਤੋਂ ਪੇਟੈਂਟ ਲੈ ਸਕਦੇ ਹਨ। ਪਿਛਲੇ ਦਸ ਸਾਲਾਂ ਜਾਂ ਇਸ ਤੋਂ ਕੁੱਝ ਵੱਧ ਸਮੇਂ ਵਿਚ, ਭਾਰਤ ਵਿਚੋਂ ਅਤੇ ਬਾਹਰੋਂ ਪੇਟੈਂਟ ਲੈਣ ਦੀ ਗਿਣਤੀ ਵਿਚ ਬਹੁਤ ਵਾਧਾ ਹੋਇਆ ਹੈ। ਪਰ ਇਨ੍ਹਾਂ ਪੇਟੈਂਟਾਂ ਦੀ ਮਲਕੀਅਤ ਦੀ ਵਿਆਪਕ ਪੜਚੋਲ ਤੋਂ ਪਤਾ ਲਗਦਾ ਹੈ ਕਿ ਭਾਰਤ ਵਿਚ ਦੋ ਤਿਹਾਈ ਤੋਂ ਵੱਧ ਪੇਟੈਂਟ ਲੈਣ ਦੀ ਕਾਰਗੁਜ਼ਾਰੀ ਜਾਂ ਅਮਰੀਕੀ ਪੇਟੈਂਟ ਅਤੇ ਟਰੇਡ ਮਾਰਗ ਦਫ਼ਤਰ ਤੋਂ ਪੇਟੈਂਟ ਲੈਣ ਦਾ ਕ੍ਰਮ ਭਾਰਤ ਵਿਚ ਚਲ ਰਹੀਆਂ ਵਿਦੇਸ਼ੀ ਕੰਪਨੀਆਂ ਵਲੋਂ ਕੀਤਾ ਗਿਆ। ਭਾਰਤ ਵਿਚ ਵਿਗਿਆਨ ਅਤੇ ਇੰਜੀਨੀਅਰਿੰਗ ਦੇ ਘੱਟ ਖਰਚੀਲੇ ਸਰੋਤਾਂ ਦੀ ਬਦੌਲਤ ਅਤੇ ਭਾਰਤੀ ਪੇਟੈਂਟ ਸ਼ਾਸਨ ਪ੍ਰਣਾਲੀ ਦੇ *ਟਰਿੱਪਸ* ਵਲੋਂ ਚਲਾਏ ਜਾ ਰਹੇ ਬੌਧਿਕ ਸੰਪਤੀ ਨਿਜ਼ਾਮ ਦੀ ਸਖਤੀ ਨਾਲ ਪਾਲਣਾ ਦੀ ਖਿੱਚ ਕਾਰਨ, ਬਹੁ-ਰਾਸ਼ਟਰੀ ਕੰਪਨੀਆਂ ਆਪਣੀ ਖੋਜ ਅਤੇ ਵਿਕਾਸ ਦਾ ਕੁੱਝ ਹਿੱਸਾ

ਭਾਰਤ ਵਿਚ ਕਰ ਰਹੀਆਂ ਹਨ ਅਤੇ ਇਨ੍ਹਾਂ ਘੋਖ ਅਤੇ ਵਿਕਾਸ ਸਰਗਰਮੀਆਂ ਦੇ ਸਿੱਟੇ ਵਜੋਂ ਹੋਏ ਉਤਪਾਦਨ ਦੇ ਆਧਾਰ 'ਤੇ ਪੇਟੈਂਟ ਲੈ ਰਹੀਆਂ ਹਨ। ਭਾਰਤੀ ਰੀਜ਼ਰਵ ਬੈਂਕ ਦੇ ਇਕ ਅਨੁਮਾਨ ਅਨੁਸਾਰ, ਵਿਦੇਸ਼ੀ ਕੰਪਨੀਆਂ ਭਾਰਤ ਵਿਚ ਹੋਣ ਵਾਲੀ ਉਦਯੋਗਿਕ ਖੋਜ ਅਤੇ ਵਿਕਾਸ ਵਿਚ ਲਗਭਗ 20 ਪ੍ਰਤਿਸ਼ਤ ਹਿੱਸਾ ਪਾਉਂਦੀਆਂ ਹਨ। ਇਸ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਭਾਰਤ ਨਵੀਨ ਖੋਜੀ ਨਹੀਂ ਬਣ ਰਿਹਾ ਸਗੋਂ ਖੋਜੀ ਸਰਗਰਮੀਆਂ ਦਾ ਇਕ ਮਹੱਤਵਪੂਰਨ ਕੇਂਦਰ ਬਣ ਰਿਹਾ ਹੈ।

## ਪ੍ਰਕਾਸ਼ਨਾਂ ਵਿਚ ਰੁਝਾਨ

ਥੌਮਸਨ ਰਾਇਟਰਜ਼ ਵੈੱਬ ਆਫ਼ ਸਾਇੰਸ ਅਨੁਸਾਰ, 2000 ਤੋਂ ਭਾਰਤ ਵਿਚ ਪੁਸਤਕ ਪ੍ਰਕਾਸ਼ਨ ਵਿਚ ਬਹੁਤ ਵਾਧਾ ਹੋਇਆ ਹੈ। 1998 ਵਿਚ ਸਿਰਫ਼ 16,50 ਕਿਤਾਬਾਂ ਭਾਰਤ ਵਿਚ ਪ੍ਰਕਾਸ਼ਤ ਹੋਈਆਂ। 2007 ਤਕ ਇਹ ਗਿਣਤੀ 3000 ਹੋ ਗਈ। ਭਾਰਤ ਵਿਚ ਪ੍ਰਕਾਸ਼ਨ ਦਰ ਵਿਚ ਵਾਧਾ ਸਭ ਤੋਂ ਵੱਧ ਹੈ। ਵੱਖ-ਵੱਖ ਖੇਤਰਾਂ ਵਿਚ, ਭਾਰਤ ਵਿਚ ਪ੍ਰਕਾਸ਼ਨ ਰਿਕਾਰਡ ਬਹੁਤ ਭਿੰਨ ਹੈ, ਹਾਲਾਂਕਿ ਜਿਵੇਂ ਉਮੀਦ ਕੀਤੀ ਜਾ ਰਹੀ ਸੀ ਕੈਮਿਸਟਰੀ ਅਤੇ ਖੇਤੀਬਾੜੀ ਨਾਲ ਸੰਬੰਧਿਤ ਪ੍ਰਕਾਸ਼ਨਾਂ ਉਪਰ ਸਭ ਤੋਂ ਅਧਿਕ ਜ਼ੋਰ ਦਿਤਾ ਗਿਆ।

## ਵਿਦੇਸ਼ੀ ਤਕਨਾਲੋਜੀ ਉਪਰ ਨਿਰਭਰਤਾ

*ਟਰਿੱਪਸ* (ਵਪਾਰ ਸੰਬੰਧੀ ਬੌਧਿਕ ਸੰਪਤੀ ਅਧਿਕਾਰ ਸਮਝੌਤਾ) ਦੀ ਪਾਲਣਾ ਬਾਰੇ ਸਭ ਤੋਂ ਮਹੱਤਵਪੂਰਨ ਬਿਆਨਾਂ ਵਿਚੋਂ ਇਕ ਸੀ ਕਿ ਇਸ ਨਾਲ ਭਾਰਤ ਜਿਹੇ ਵਿਕਾਸਸ਼ੀਲ ਦੇਸ਼ਾਂ ਵਿਚ ਬੌਧਿਕ ਸੰਪਤੀ ਅਧਿਕਾਰ ਸ਼ਾਸਨ ਇਸ ਕਦਰ ਕੱਸਿਆ ਗਿਆ ਹੈ ਕਿ ਮੋੜਵੀਂ ਇੰਜੀਨੀਅਰਿੰਗ ਲਗਭਗ ਅਸੰਭਵ ਹੋ ਗਈ ਹੈ। ਅਜਿਹੇ ਹਾਲਾਤ ਬਹੁਰਾਸ਼ਟਰੀ ਕੰਪਨੀਆਂ ਵਲੋਂ ਵਿਕਾਸਸ਼ੀਲ ਦੇਸ਼ਾਂ ਵਿਚ ਸਥਿਤ ਗ਼ੈਰ ਸੰਬੰਧਿਤ ਕੰਪਨੀਆਂ ਨੂੰ ਪਹਿਲਾਂ ਨਾਲੋਂ ਬਹੁਤ ਆਸਾਨੀ ਨਾਲ ਤਕਨਾਲੋਜੀ ਬਦਲੀ ਕਰਨ ਲਈ ਉਤਸ਼ਾਹਤ ਕਰਦੇ ਹਨ। ਹੁਣ *ਟਰਿੱਪਸ* ਦੀ ਪਾਲਣਾ ਨਾਲ, ਬੌਧਿਕ ਸੰਪਤੀ ਅਧਿਕਾਰ ਹੋਰ ਪ੍ਰਭਾਵੀ ਹੋਣ ਨਾਲ ਬਹੁਤ ਰਾਸ਼ਟਰੀ ਕੰਪਨੀਆਂ ਅਤੇ ਗ਼ੈਰ ਸੰਬੰਧਿਤ ਭਾਰਤੀ ਕੰਪਨੀਆਂ ਵਿਚਕਾਰ ਤਕਨਾਲੋਜੀ ਤਾਲਮੇਲ ਸਮਝੌਤੇ ਹੋਣ ਵਿਚ ਤੇਜ਼ੀ ਦੇਖਣ ਨੂੰ ਮਿਲਣੀ ਚਾਹੀਦੀ ਹੈ। *ਟਰਿੱਪਸ* ਦੀ ਪਾਲਣਾ ਦਾ ਸਮਾਂ, ਆਰਥਿਕ ਉਦਾਰੀਕਰਨ ਦੇ ਸਮੇਂ ਨਾਲ ਮੇਲ ਖਾਂਦਾ ਹੈ ਜਿਸ ਵਿਚ ਸਰਕਾਰ ਨੇ ਪਹਿਲਾਂ ਹੀ ਵਿਦੇਸ਼ੀ ਅਤੇ ਭਾਰਤੀ ਫਰਮਾਂ ਵਿਚਕਾਰ ਹੋਣ ਵਾਲੇ ਤਕਨੀਕੀ ਤਾਲਮੇਲ ਸਮਝੌਤਿਆਂ ਲਈ ਸ਼ਰਤਾਂ ਆਸਾਨ ਬਣਾ ਦਿਤੀਆਂ ਹਨ। ਇਸ ਤੋਂ ਇਲਾਵਾ, ਰਾਇਲਟੀ ਦੀ ਅਦਾਇਗੀ ਅਤੇ ਤਕਨੀਕੀ ਕਾਰੀਗਰੀ ਦੀ ਫੀਸ ਦੀ ਉਪਰ ਦੀ ਸੀਮਾ ਕਾਫੀ ਵਧਾ ਦਿਤੀ ਹੈ। ਇਸ ਨਾਲ ਲਾਇਸੰਸ ਲਈ ਬਹੁਤ ਸਮਝੌਤੇ ਹੋ ਜਾਣੇ ਚਾਹੀਦੇ ਸਨ - ਰਵਾਇਤੀ ਰਸਤਾ ਜੋ ਵਿਕਸਤ ਦੇਸ਼ਾਂ ਦੀਆਂ ਫਰਮਾਂ ਤੋਂ ਤਕਨੀਕੀ ਆਯਾਤ ਲਈ ਭਾਰਤੀ ਕੰਪਨੀਆਂ ਨੇ ਅਪਣਾਇਆ। ਇਸ ਬਾਰੇ ਜਾਣਕਾਰੀ ਹਾਸਲ ਕਰਨ ਲਈ, ਬਹੁ-ਰਾਸ਼ਟਰੀ ਕੰਪਨੀਆਂ ਅਤੇ ਭਾਰਤੀ ਕੰਪਨੀਆਂ ਵਿਚਕਾਰ ਦਸਤਖ਼ਤ ਹੋਏ ਲਾਇਸੰਸਾਂ ਦੇ ਸਮਝੌਤਿਆਂ ਦੀ ਮਿਕਦਾਰ ਦਾ ਪਤਾ ਲਗਾਉਣ ਲਈ ਦੋ ਵੱਖ-ਵੱਖ ਤਰੀਕੇ ਅੰਕੜੇ ਸੰਕਲਨ ਕੀਤੇ ਗਏ ਹਨ। ਕੁੱਲ ਜੋੜ ਪੱਧਰ 'ਤੇ ਅਸੀਂ ਟੁਕੜਿਆਂ ਵਿਚ ਮਿਲੇ ਅੰਕੜਿਆਂ ਨੂੰ ਤਾਲਮੇਲ ਸਮਝੌਤਿਆਂ ਦੀ ਕੁੱਲ ਗਿਣਤੀ ਵਿਚ ਸ਼ਾਮਿਲ ਕਰਦੇ ਹਾਂ ਅਤੇ ਉਨ੍ਹਾਂ ਤਾਲਮੇਲ ਸਮਝੌਤਿਆਂ ਦਾ ਉਹ ਹਿੱਸਾ ਕੁੱਲ ਜੋੜ ਵਿਚ ਸ਼ਾਮਿਲ ਕਰਦੇ ਹਾਂ ਜਿਸ ਵਿਚ ਕੋਈ ਇਕਵਿਟੀ ਅਦਾਇਗੀ ਨਹੀਂ ਕਰਨੀ ਪੈਂਦੀ।

ਇਸ ਤੋਂ ਪਤਾ ਲਗਦਾ ਹੈ ਕਿ ਬਹੁ-ਰਾਸ਼ਟਰੀ ਕੰਪਨੀਆਂ ਭਾਰਤੀ ਕੰਪਨੀਆਂ ਨੂੰ ਉਸ ਸੂਰਤ ਵਿਚ ਹੀ ਤਕਨਾਲੋਜੀ ਦੇਣ ਦੀ ਹਾਮੀ ਭਰਦੀਆਂ ਹਨ ਜੇ ਉਨ੍ਹਾਂ ਦੀਆਂ ਆਪਣੀਆਂ ਸੰਬੰਧਿਤ ਕੰਪਨੀਆਂ ਨੂੰ ਭਾਰਤ ਵਿਚ ਖੋਲ੍ਹਣ ਦੀ ਇਜਾਜ਼ਤ ਦਿਤੀ ਜਾਂਦੀ ਹੈ। ਅਸਲ ਵਿਚ, ਭਾਰਤ ਵਿਚ ਇਹ ਅੰਕੜੇ ਅਮਰੀਕੀ ਬਹੁ-ਰਾਸ਼ਟਰੀ ਕੰਪਨੀਆਂ ਵਲੋਂ ਵਿਦੇਸ਼ਾਂ ਤੋਂ ਆਈ ਰਾਇਲਟੀ ਦੀਆਂ ਰਸੀਦਾਂ ਦੇ ਸਰੋਤ ਨੂੰ ਦੇਖ ਕੇ ਮੁੜ ਤੋਂ ਜਾਂਚੇ ਜਾ ਸਕਦੇ ਹਨ - ਇਹ ਦੋ ਤਿਹਾਈ ਤੋਂ ਵੀ ਵੱਧ ਉਨ੍ਹਾਂ ਦੇ ਆਪਣੇ ਸੰਬੰਧਿਤ ਅਦਾਰਿਆਂ ਤੋਂ ਵਿਦੇਸ਼ਾਂ ਵਿਚੋਂ ਆਉਂਦੀ ਹੈ। ਇਥੇ ਇਹ ਦਲੀਲ ਦਿਤੀ ਜਾਂਦੀ ਹੈ ਕਿ ਭਾਵੇਂ ਤਾਲਮੇਲ ਸਮਝੌਤਿਆਂ ਦੀ ਕੁੱਲ ਗਿਣਤੀ ਵਧ ਗਈ ਹੋਵੇ (ਅਤੇ ਇਸ ਤਰ੍ਹਾਂ ਕੁੱਲ ਘਰੇਲੂ ਉਤਪਾਦ ਦੇ ਪ੍ਰਤਿ ਇਕਾਈ ਹਿਸਾਬ ਰਾਇਲਟੀ ਅਦਾਇਗੀ ਵੀ), ਇਨ੍ਹਾਂ ਵਿਚੋਂ ਬਹੁਤ ਜ਼ਿਆਦਾ ਲੈਣ ਦੇਣ ਫਰਮਾਂ ਵਿਚਕਾਰ ਆਪਸੀ ਲੈਣ ਦੇਣ ਹੁੰਦਾ ਹੈ, ਜਿਵੇਂ ਕਿ ਬਹੁ-ਰਾਸ਼ਟਰੀ ਕੰਪਨੀਆਂ ਅਤੇ ਭਾਰਤ ਵਿਚ ਉਨ੍ਹਾਂ ਦੇ ਸੰਬੰਧਿਤ ਅਦਾਰਿਆਂ ਵਿਚਕਾਰ ਅਤੇ ਨਾ ਕਿ ਬਹੁ-ਰਾਸ਼ਟਰੀ ਕੰਪਨੀਆਂ ਅਤੇ ਗ਼ੈਰ ਸੰਬੰਧਿਤ ਕੰਪਨੀਆਂ ਵਿਚਕਾਰ।

## ਸਿੱਟਾ

ਅਸੀਂ ਦੇਖਿਆ ਹੈ ਕਿ ਭਾਰਤ ਵਿਚ ਆਰਥਿਕ ਵਿਕਾਸ ਹੋਇਆ ਹੈ, ਖ਼ਾਸ ਤੌਰ ਤੇ ਪਿਛਲੇ ਪੰਜ ਸਾਲਾਂ ਵਿਚ। ਪਰ ਇਹ ਪ੍ਰਦਰਸ਼ਨ ਬਹੁਤ ਅਸੰਤੁਲਿਤ ਰਿਹਾ ਹੈ, ਕੁਝ ਖੇਤਰਾਂ ਅਤੇ ਆਮਦਨ ਗਰੁੱਪਾਂ ਦੀ ਬਹੁਤ ਤਰਫ਼ਦਾਰੀ ਹੋਈ ਹੈ। ਆਰਥਿਕ ਵਿਕਾਸ ਨੂੰ ਵਧੇਰੇ ਸਮਾਵੇਸ਼ੀ ਬਣਾਉਣ ਲਈ ਸਰਕਾਰ ਵਿਗਿਆਨ ਅਤੇ ਤਕਨਾਲੋਜੀ ਉਪਰ ਵਧੇਰੇ ਜ਼ੋਰ ਦੇ ਰਹੀ ਹੈ ਜਿਵੇਂ ਕਿ ਗਿਆਰ੍ਹਵੀਂ ਪੰਜ ਸਾਲਾ ਯੋਜਨਾ (2007-2012) ਵਿਚ ਵਿਗਿਆਨ ਅਤੇ ਤਕਨਾਲੋਜੀ ਦੇ ਬਜਟ ਵਿਚ ਬਹੁਤ ਅਧਿਕ ਵਾਧੇ ਨਾਲ ਦੇਖਣ ਵਿਚ ਆਇਆ। ਇਹ ਸਰਕਾਰੀ ਖੇਤਰ ਵਿਚ ਹੋਣ ਵਾਲੀਆਂ ਨਵੀਨ ਖੋਜਾਂ ਨੂੰ ਵਧੇਰੇ ਕਰਕੇ ਸਮਾਜਿਕ-ਆਰਥਿਕ ਵਿਕਾਸ ਦੇ ਟੀਚੇ ਹਾਸਲ ਕਰਨ ਲਈ ਇਨ੍ਹਾਂ ਦੀ ਦਿਸ਼ਾ ਉਧਰ ਹੀ ਨਿਰਧਾਰਨ ਕਰ ਰਹੀ ਹੈ।

ਦੇਸ਼ ਨੇ ਯਕੀਨੀ ਤੌਰ ਤੇ ਪੁਲਾੜ ਖੋਜ, ਜੀਵ ਵਿਗਿਆਨਾਂ ਅਤੇ ਖ਼ਾਸ ਤੌਰ ਤੇ ਜੀਵਕ ਫਾਰਮੇਸੀ ਉਤਪਾਦਨਾਂ ਅਤੇ ਸੂਚਨਾ ਤਕਨਾਲੋਜੀ ਵਿਚ ਵੱਡੀਆਂ ਪੁਲਾਂਘਾਂ ਭਰੀਆਂ ਹਨ। ਭਾਵੇਂ ਦੇਸੀ ਵਿਗਿਆਨ ਦਾ ਪੱਲੜਾ ਭਾਰੀ ਰਿਹਾ ਹੈ ਪਰ ਭਾਰਤ ਦੀ ਤਕਨਾਲੋਜੀ ਪ੍ਰਣਾਲੀ ਵਿਚ ਵਿਦੇਸ਼ੀ ਅਦਾਰਿਆਂ ਦੀ ਹੋਂਦ ਵੀ ਵਧ ਰਹੀ ਹੈ। ਸਰਕਾਰ ਸਾਹਮਣੇ ਵੱਡੀ ਚੁਨੌਤੀ ਵਿਗਿਆਨ ਅਤੇ ਤਕਨਾਲੋਜੀ ਵਿਚ ਲੱਗੇ ਕਾਰਕੁਨਾਂ ਦੀ ਗਿਣਤੀ ਅਤੇ ਉਨ੍ਹਾਂ ਦੀ ਕਾਬਲੀਅਤ ਵਧਾਉਣ ਦੀ ਹੈ। ਖ਼ੁਸ਼ਕਿਸਮਤੀ ਨਾਲ, ਨੀਤੀ ਨਿਰਧਾਰਕ ਇਸ ਸਮੱਸਿਆ ਦੇ ਹੱਲ ਵਿਚ ਜੁੜੇ ਹਨ ਅਤੇ ਉਨ੍ਹਾਂ ਨੇ ਇਸ ਲਈ ਕਈ ਸਾਹਸੀ ਕਦਮ ਉਠਾਏ ਹਨ। ਭਾਰਤ ਦੀ ਵਿਗਿਆਨ ਅਤੇ ਤਕਨਾਲੋਜੀ ਅਤੇ ਸੂਚਨਾ ਪ੍ਰਣਾਲੀ ਦੀ ਭਵਿੱਖ ਵਿਚ ਕਾਮਯਾਬੀ ਉਨ੍ਹਾਂ ਦੀ ਕਾਮਯਾਬੀ ਉਪਰ ਨਿਰਭਰ ਕਰਦੀ ਹੈ।

*(ਲੇਖਕ ਤ੍ਰਿਵਾਨੰਤਪੁਰਮ ਦੇ ਸੈਂਟਰ ਫਾਰ ਡਿਵੈਲਪਮੈਂਟ ਸਟਡੀਜ਼ ਵਿਚ ਯੋਜਨਾ ਕਮਿਸ਼ਨ ਦਾ ਚੇਅਰ ਪ੍ਰੋਫੈਸਰ ਹੈ।)*

*e-mail :mani@cds.edu*

# ਉਤਪਾਦੀ ਰੁਜ਼ਗਾਰ ਤੇ ਅਧਿਕਾਰ ਭਰਪੂਰ ਸਿੱਖਿਆ
## ਭਾਰਤ ਦੇ ਯੁਵਕਾਂ ਲਈ ਏਜੰਡਾ

ਰਾਘਬੇਂਦਰ ਝਾ

*ਬਹੁਤ ਸਾਰੀ ਮਿਹਨਤ ਅਤੇ ਸਮੇਂ ਦੀ ਕੀਮਤ 'ਤੇ ਕਿਸੇ ਮਨੁੱਖ ਨੂੰ ਸਿੱਖਿਆ ਦੇਣ ਦਾ ਮੁਕਾਬਲਾ ਇਕ ਮਹਿੰਗੀ ਮਸ਼ੀਨ ਨਾਲ ਕੀਤਾ ਜਾ ਸਕਦਾ ਹੈ। ਆਮ ਕਿਰਤ ਨਾਲ ਉਜਰਤ ਤੋਂ ਇਲਾਵਾ, ਜਿਹੜਾ ਕੰਮ ਉਹ ਕਰਨਾ ਸਿੱਖਦਾ ਹੈ, ਉਸ ਦੀ ਸਿੱਖਿਆ ਨੂੰ ਨਵੇਂ ਸਿਰਿਉਂ ਬਦਲ ਦੇਵੇਗਾ।*

*–ਐਡਮ ਸਮਿਥ, 1904 (1776) ਪੰਨਾ 101*

*ਸਭ ਤੋਂ ਵਧੇਰੀ ਮੁੱਲਵਾਨ ਪੂੰਜੀਕਾਰੀ ਉਹ ਹੈ ਜਿਸ ਦਾ ਮਨੁੱਖਤਾ ਲਈ ਨਿਵੇਸ਼ ਕੀਤਾ ਗਿਆ ਹੈ।*

*– ਐਲਫਰੇਡ ਮਾਰਸ਼ਲ 1961 (1890) ਸੰਸਕਰਣ, ਪੰਨਾ 564*

1776 ਤੋਂ ਘੱਟੋ-ਘੱਟ ਅਰਥਸ਼ਾਸਤਰ ਵਿਚ ਸਿੱਖਿਆ ਨੂੰ ਪ੍ਰਮੁੱਖਤਾ ਦਿਤੀ ਜਾਂਦੀ ਰਹੀ ਸੀ। ਅਰਥਸ਼ਾਸਤਰੀ ਐਡਮ ਸਮਿਥ ਦੇ ਕਾਰਜ ਦਾ ਇਹ ਮੁੱਖ ਕੇਂਦਰੀ ਥੰਮ੍ਹ ਸੀ ਅਤੇ 19ਵੀਂ ਸਦੀ ਦੇ ਮੋਢੀ ਅਰਥਸ਼ਾਸਤਰੀ ਐਲਫਰੇਡ ਮਾਰਸ਼ਲ ਵਲੋਂ ਵੀ ਸਿੱਖਿਆ ਦੇ ਤੱਤ ਦੀ ਪ੍ਰਸੰਗਕਤਾ 'ਤੇ ਜ਼ੋਰ ਦਿਤਾ ਗਿਆ ਸੀ। ਆਰਥਿਕਤਾ ਦੇ ਆਧੁਨਿਕ ਇਤਿਹਾਸ ਦੀ ਇਹ ਵਿਡੰਬਨਾ ਹੀ ਹੈ ਕਿ ਹੈਰੋਡ-ਡੋਮਰ ਅਤੇ ਨਵ-ਕਲਾਸਕੀ ਰਵਾਇਤਾਂ ਸਮੇਤ 20ਵੀਂ ਸਦੀ ਦੇ ਪ੍ਰਮੁੱਖ ਵਿਕਾਸ ਮਾਡਲਾਂ ਵਿਚ ਮਨੁੱਖੀ ਪੂੰਜੀ ਉਪਰ ਜ਼ੋਰ ਦਿਤੇ ਜਾਣ ਦੇ ਰੁਝਾਨ ਨੂੰ ਖਤਮ ਨਹੀਂ ਤਾਂ ਮੱਠੀ ਜਾਂ ਫਿੱਕੀ ਭਾ ਵਾਲਾ ਕਰ ਦਿਤਾ ਗਿਆ। ਇਹ ਬਾਅਦ ਵਿਚ 1980ਵਿਆਂ ਅਤੇ 1990ਵਿਆਂ ਦੇ ਸ਼ੁਰੂ ਵਿਚ ਅਜਿਹਾ ਵਾਪਰਿਆ ਕਿ ਅਰਥਸ਼ਾਸਤਰੀਆਂ ਨੇ ਦੇਸ਼ਾਂ ਦਰਮਿਆਨ ਵਿਕਾਸ ਦਰ ਅਤੇ ਪ੍ਰਤਿ ਵਿਅਕਤੀ ਆਮਦਨ ਦੇ ਫ਼ਰਕਾਂ ਬਾਰੇ ਦੱਸਣ ਲੱਗਿਆਂ ਉਸ ਸਮੇਂ ਪ੍ਰਚਲਿਤ ਵਿਕਾਸ ਮਾਡਲਾਂ, ਜਿਨ੍ਹਾਂ ਦਾ ਜ਼ੋਰ ਮਜ਼ਦੂਰੀ, ਪੂੰਜੀ ਅਤੇ ਤਕਨਾਲੋਜੀ 'ਤੇ ਸੀ, ਦੀਆਂ ਉਕਾਈਆਂ ਨੂੰ ਮੰਨਿਆ ਅਤੇ ਇਸ ਤੋਂ ਬਾਅਦ ਆਰਥਿਕ ਵਿਕਾਸ ਵਿਚ ਮਨੁੱਖੀ ਪੂੰਜੀ ਦਾ ਮਾਡਲ ਮਕਬੂਲ ਹੋਇਆ। ਜਿਵੇਂ ਕਿ ਨੋਬਲ ਇਨਾਮ ਜੇਤੂ ਅਰਥ ਵਿਗਿਆਨੀ ਰਾਬਰਟ ਲੂਕਾ (1988) ਨੇ ਟਿੱਪਣੀ ਕੀਤੀ ਸੀ, "ਇਕ ਵਾਰ ਜਦ ਕੋਈ ਇਸ ਬਾਰੇ ਵਿਚਾਰ ਕਰਨਾ ਸ਼ੁਰੂ ਕਰਦਾ ਹੈ ਤਾਂ ਕਿਸੇ ਹੋਰ ਗੱਲ ਬਾਰੇ ਸੋਚਣਾ ਮੁਸ਼ਕਿਲ ਹੋ ਜਾਂਦਾ ਹੈ।"

**ਇਸ ਵਿਚਾਰਧਾਰਾ ਨੂੰ ਅਮਲੀ ਰੂਪ ਵਿਚ ਵੀ ਤੇਜ਼ੀ ਨਾਲ ਅਤੇ ਭਰਵਾਂ ਪ੍ਰਗਟਾਵਾ ਮਿਲਿਆ। ਲਗਭਗ ਪਹਿਲੇ ਆਫ਼ ਦਿ ਬਲਾਕ 2001 ਵਿਚ 1965 ਤੋਂ 1995 ਦੇ ਕਾਲ ਅਤੇ ਤਕਰੀਬਨ 100 ਦੇਸ਼ਾਂ ਦੀਆਂ ਉਦਾਹਰਣਾਂ ਲੈਂਦਿਆਂ ਇਹ ਦਰਸਾਇਆ ਗਿਆ ਕਿ ਸਿੱਖਿਆ ਪ੍ਰਾਪਤੀ ਦਾ ਪ੍ਰਤਿ ਵਿਅਕਤੀ ਕੁੱਲ ਘਰੇਲੂ ਉਤਪਾਦ ਉਪਰ ਬਹੁਤ ਵੱਡਾ ਅਸਰ ਪੈਂਦਾ ਹੈ। ਖ਼ਾਸ ਕਰਕੇ ਇਸ ਮਨੁੱਖੀ ਪੂੰਜੀ ਤੱਤ ਦਾ ਪੂੰਜੀ ਦੇ ਸ਼ੁੱਧ ਭੰਡਾਰਨ ਵਾਲੇ ਰਵਾਇਤੀ ਪੂੰਜੀ ਸੰਕਲਪ ਨਾਲੋਂ ਕਿਤੇ ਵੱਧ ਪ੍ਰਭਾਵ ਹੈ। ਸਕੂਲੀ ਸਿੱਖਿਆ ਦਾ ਇਕ ਵਾਧੂ ਵਰ੍ਹਾ ਕੁੱਲ ਘਰੇਲੂ ਉਤਪਾਦ ਪ੍ਰਤਿ ਵਿਅਕਤੀ ਦਰ ਵਿਚ 0.44 ਪ੍ਰਤਿਸ਼ਤ ਦੀ ਦਰ ਨਾਲ ਵਾਧਾ ਕਰਦਾ ਹੈ ਅਤੇ ਸਿੱਖਿਆ ਵਿਚ ਪੂੰਜੀਕਾਰੀ ਦੀ ਸਮਾਜਿਕ ਵਾਪਸੀ ਦਰ 7 ਪ੍ਰਤਿਸ਼ਤ ਹੈ।**

ਵਿਗਿਆਨ ਅਤੇ ਗਣਿਤ ਦੀ ਸਿੱਖਿਆ ਦਾ ਵਿਸ਼ੇਸ਼ ਪ੍ਰਭਾਵ ਪੈਂਦਾ ਹੈ ਅਤੇ ਇਸ ਤੋਂ ਇਲਾਵਾ ਔਰਤਾਂ ਨੂੰ ਪ੍ਰਤਿ ਵਿਅਕਤੀ ਮਨੁੱਖੀ ਪੂੰਜੀ ਨਾਲ ਭਰਪੂਰ ਕਰਨ ਲਈ ਅਜੇ ਕਾਫ਼ੀ ਕੁੱਝ ਕੀਤੇ ਜਾਣ ਦੀ ਲੋੜ ਹੈ। ਉਦੋਂ ਮਾਲੀ ਵਿਕਾਸ ਦਾ ਅਮਲ ਤੇਜ਼ੀ ਨਾਲ ਖੋਜ ਦਾ ਮੁੱਖ ਵਿਸ਼ਾ ਹੋ ਗਏ ਹਨ ਅਤੇ ਆਰਥਿਕ ਵਿਕਾਸ ਲਈ ਸਿੱਖਿਆ ਦੀ ਮਹੱਤਤਾ ਨੂੰ ਲੈ ਕੇ ਸਰਬਸੰਮਤੀ ਰਾਇ ਬਣੀ ਰਹੀ। ਮੂਲ ਸੰਦੇਸ਼ ਸਪੱਸ਼ਟ ਹੈ। ਐਡਮ ਸਮਿਥ ਅਤੇ ਐਲਫਰੇਡ ਮਾਰਸ਼ਲ ਸਹੀ ਸਨ ਕਿ ਦਰਮਿਆਨੇ ਤੋਂ ਲੰਮੇ ਕਾਲ ਲਈ ਆਰਥਿਕ ਵਿਕਾਸ ਵਾਸਤੇ ਸਿੱਖਿਆ ਵਿਚ ਨਿਵੇਸ਼ ਘੱਟੋ-ਘੱਟ ਇੰਨਾ ਅਵੱਸ਼ ਹੀ ਜ਼ਰੂਰੀ ਹੈ ਜਿੰਨਾ ਕਿ ਹੋਰ ਪੂੰਜੀ ਵਸੀਲਿਆਂ ਵਿਚ।

ਪਰ ਭਾਰਤ ਦੀ ਆਜ਼ਾਦੀ ਤੋਂ ਬਾਅਦ ਆਰਥਿਕ ਵਿਕਾਸ ਲਈ ਯੋਜਨਾਬੰਦੀ ਕਰਨ ਲੱਗਿਆਂ ਮਨੁੱਖੀ ਪੂੰਜੀ ਭੰਡਾਰ ਨੂੰ ਬਹੁਤਾ ਕਰਕੇ ਅੱਖੋਂ ਪਰੋਖੇ ਕਰਦਿਆਂ ਪੂੰਜੀ, ਕਿਰਤ ਅਤੇ ਇਨ੍ਹਾਂ ਤੋਂ ਥੋੜ੍ਹਾ ਘੱਟ ਤਕਨਾਲੋਜੀ 'ਤੇ ਧਿਆਨ ਕੇਂਦਰਤ ਕੀਤਾ ਗਿਆ।

ਭਾਰਤ ਵਿਚ ਯੋਜਨਾਕਾਰਾਂ ਲਈ ਸਮਾਂ ਆ ਗਿਆ ਹੈ ਕਿ ਉਹ ਤੇਜ਼ ਆਰਥਿਕ ਵਿਕਾਸ ਲਈ ਸਿੱਖਿਆ ਉਪਰ ਖਰਚੇ ਨੂੰ ਲਾਜ਼ਮੀ ਪੂੰਜੀਕਾਰੀ ਮੰਨ ਕੇ ਚੱਲਣ। ਇਸ ਤੋਂ ਛੁੱਟ, ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਤੋਂ ਇਲਾਵਾ ਵਿਗਿਆਨ ਅਤੇ ਤਕਨਾਲੋਜੀ 'ਤੇ ਜ਼ੋਰ ਵਾਲੇ ਤੇਜ਼ ਵਿਦਿਅਕ ਪ੍ਰੋਗਰਾਮਾਂ ਦੀ ਵੀ ਲੋੜ ਹੈ ਜੋ ਭਾਰਤ ਦੀ ਤੇਜ਼ੀ ਨਾਲ ਵਿਕਾਸ ਕਰ ਰਹੀ ਨੌਜਵਾਨ ਵਸੋਂ ਨੂੰ ਅਧਿਕਾਰਾਂ ਨਾਲ ਭਰਪੂਰ ਕਰੇਗੀ ਜੋ ਅੱਗੋਂ ਦਰਮਿਆਨੇ ਅਤੇ ਲੰਮੇਂ ਸਮੇਂ ਲਈ ਜਾਰੀ ਰਹਿਣਯੋਗ

ਵਾਲੇ ਤੇਜ਼ ਮਾਲੀ ਵਿਕਾਸ ਲਈ ਨੀਂਹ ਪੱਥਰ ਦਾ ਕੰਮ ਕਰੇਗੀ।

## 1. ਭਾਰਤ ਦਾ ਜਨਤਕ ਲਾਭਾਂਸ਼

ਭਾਵੇਂ ਸਿੱਖਿਆ ਵਿਚ ਨਿਵੇਸ਼ ਦੀ ਵਾਪਸੀ ਦਰ ਬਾਰੇ ਗਿਣਾਤਮਕ ਅਨੁਮਾਨ ਉਪਲਬਧ ਨਹੀਂ ਹਨ ਪਰ ਭਾਰਤ ਦੀ ਤੇਜ਼ੀ ਨਾਲ ਵਿਕਸਤ ਹੋ ਰਹੀ ਨੌਜਵਾਨ ਵਸੋਂ, ਸਮਾਜਿਕ ਵਾਪਸੀ ਦਰ ਬਾਰੇ ਸਰਵੇਖਣ (2010) ਮੁਤਾਬਕ 7 ਪ੍ਰਤਿਸ਼ਤ ਰਹਿਣ ਅਤੇ ਭਵਿੱਖ ਵਿਚ ਮਜ਼ਬੂਤ ਬਣੇ ਰਹਿਣ ਦਾ ਅਨੁਮਾਨ ਹੈ।

ਤਾਲਿਕਾ-1 ਵਿਚ ਮੌਜੂਦਾ ਰੂਪ ਵਿਚ ਭਾਰਤ ਵਲੋਂ ਲਏ ਜਾ ਰਹੇ ਜਨ ਅੰਕੜਾ ਲਾਭਾਂਸ਼ ਨੂੰ ਸੰਖੇਪ ਵਿਚ ਦਰਸਾਇਆ ਗਿਆ ਹੈ। ਇਸ ਵਿਚ ਭਾਰਤ ਦੀ ਮੌਜੂਦਾ ਸਥਿਤੀ ਅਤੇ ਸੰਭਾਵਨਾਵਾਂ ਦਾ 2009 ਵਿਚ ਖਰੀਦ ਸਮਰੱਥਾ ਪੱਖੋਂ ਪ੍ਰਤਿ ਵਿਅਕਤੀ

**ਤਾਲਿਕਾ-1**

**ਜਨਸੰਖਿਆ ਅੰਕੜੇ : ਭਾਰਤ ਅਤੇ ਚੁਣੇ ਹੋਏ ਹੋਰ ਦੇਸ਼/ਸਮੂਹ**

| ਦੇਸ਼/ਸਮੂਹ | ਵਸੋਂ ਦਹਿਲੱਖ ਵਿਚ | | | ਔਸਤ ਸਾਲਾਨਾ ਜੰਨਸੰਖਿਆ ਵਿਕਾਸ(%) | | ਜਨਸੰਖਿਆ ਉਮਰ ਬਣਤਰ 2012 | | | ਨਿਰਭਰਤਾ ਦਰ 2012 | | ਕੱਚੀ ਮੌਤ ਦਰ 2011 | ਕੱਚੀ ਜਨਮ ਦਰ 2012 |
|---|---|---|---|---|---|---|---|---|---|---|---|---|
| | 2000 | 2012 | 2025 | 2000-12 | 2012-25 | 0-14 | 15-64 | 65+ | ਕੰਮਕਾਜੀ ਉਮਰ ਵਾਲੀ ਵਸੋਂ ਦਾ ਨੌਜਵਾਨ(%) | ਕੰਮਕਾਜੀ ਉਮਰ ਵਾਲੀ ਵਸੋਂ ਦਾ ਬਜ਼ੁਰਗ(%) | ਪ੍ਰਤਿ 1000 ਵਿਅਕਤੀ | ਪ੍ਰਤਿ 1000 ਵਿਅਕਤੀ |
| ਭਾਰਤ | 1,042.30 | 1,236.70 | 1,418.70 | 1 | 1 | 29 | 65 | 5 | 45 | 8 | 8 | 21 |
| ਚੀਨ | 1,262.60 | 1,350.70 | 1,415.90 | 1 | 0 | 18 | 73 | 9 | 25 | 12 | 7 | 12 |
| ਮੰਗੋਲੀਆ | 2.4 | 2.8 | 3.3 | 1 | 1 | 27 | 69 | 4 | 39 | 5 | 7 | 23 |
| ਵੀਅਤਨਾਮ | 77.6 | 88.8 | 95.8 | 1 | 1 | 23 | 71 | 7 | 32 | 9 | 6 | 16 |
| ਫਿਲੀਪੀਨ | 77.7 | 96.7 | 119.2 | 2 | 2 | 35 | 62 | 4 | 56 | 6 | 6 | 25 |
| ਇੰਡੋਨੇਸ਼ੀਆ | 208.9 | 246.9 | 282 | 1 | 1 | 29 | 66 | 5 | 45 | 8 | 6 | 20 |
| ਵਿਸ਼ਵ | 6,102.10 | 7,046.40 | 8,003.80 | 1 | 1 | 26 | 66 | 8 | 40 | 12 | 8 | 19 |
| ਨਿਮਨ ਆਮਦਨ | 648.2 | 846.5 | 1,113.20 | 2 | 2 | 39 | 57 | 4 | 69 | 7 | 9 | 33 |
| ਦਰਮਿਆਨੀ ਆਮਦਨ | 4,243.30 | 4,897.80 | 5,555.00 | 1 | 1 | 27 | 67 | 6 | 40 | 10 | 8 | 19 |
| ਨਿਮਨ ਤੇ ਦਰ-ਮਿਆਨੀ ਆਮਦਨ | 2,077.90 | 2,507.00 | 2,965.90 | 2 | 1 | 31 | 63 | 5 | 50 | 8 | 8 | 24 |
| ਉੱਚ ਦਰਮਿਆਨੀ ਆਮਦਨ | 2,165.40 | 2,390.80 | 2,589.10 | 1 | 1 | 22 | 70 | 8 | 31 | 11 | 7 | 15 |
| ਨਿਮਨ ਅਤੇ ਦਰਮਿਆਨੀ ਆਮਦਨ | 4,891.50 | 5,744.30 | 6,668.20 | 1 | 1 | 29 | 65 | 6 | 44 | 9 | 8 | 21 |
| ਪੂਰਬੀ ਏਸ਼ੀਆ ਅਤੇ ਪ੍ਰਸ਼ਾਂਤ ਮਹਾਂਸਾਗਰ ਹਲਕਾ | 1,812.20 | 1,991.60 | 2,142.80 | 1 | 1 | 21 | 71 | 8 | 30 | 11 | 7 | 14 |
| ਯੂਰਪ ਤੇ ਕੇਂਦਰੀ ਏਸ਼ੀਆ | 256.5 | 272.1 | 281.3 | 0 | 0 | 22 | 68 | 10 | 32 | 15 | 9 | 16 |
| ਲਾਤਿਨੀ ਅਮਰੀਕਾ ਅਤੇ ਕੈਰੇਬੀਅਨ | 500.3 | 581.4 | 660.2 | 1 | 1 | 28 | 66 | 7 | 42 | 11 | 6 | 19 |
| ਮੱਧ ਪੂਰਬ ਅਤੇ ਉੱਤਰੀ ਅਫਰੀਕਾ | 276.6 | 339.6 | 413.3 | 2 | 2 | 30 | 65 | 5 | 47 | 7 | 6 | 24 |
| ਦੱਖਣੀ ਏਸ਼ੀਆ | 1,382.20 | 1,649.20 | 1,909.70 | 1 | 1 | 30 | 65 | 5 | 47 | 8 | 8 | 22 |
| ਉੱਪ-ਸਹਾਰਾ ਅਫਰੀਕਾ | 663.7 | 910.4 | 1,261.00 | 3 | 3 | 43 | 54 | 3 | 80 | 6 | 12 | 38 |
| ਉੱਚ ਆਮਦਨ | 1,210.60 | 1,302.10 | 1,335.60 | 1 | 0 | 17 | 67 | 16 | 25 | 23 | 9 | 12 |
| ਯੂਰੋ ਖੇਤਰ | 315.1 | 333.8 | 331.4 | 0 | 0 | 15 | 66 | 19 | 23 | 29 | 9 | 10 |

*ਸਰੋਤ : ਵਿਸ਼ਵ ਵਿਕਾਸ ਸੰਕੇਤਕ 2013; ਵਿਸ਼ਵ ਬੈਂਕ*

ਕੁੱਲ ਘਰੇਲੂ ਉਤਪਾਦ ਵਿਚ ਸਮਾਨਤਾ ਵਾਲੇ ਅਤੇ ਦੁਨੀਆਂ ਦੇ ਕੁੱਝ ਹੋਰ ਚੋਣਵੇਂ ਦੇਸ਼ਾਂ/ਸਮੂਹਾਂ ਨਾਲ ਮੁਕਾਬਲਾ ਕੀਤਾ ਗਿਆ ਹੈ।

2012 ਵਿਚ ਭਾਰਤ ਦੀ ਵਸੋਂ ਦਾ 65 ਪ੍ਰਤਿਸ਼ਤ 15 ਤੋਂ 64 ਸਾਲਾਂ ਦੇ ਕੰਮਕਾਜੀ ਲੋਕ ਸਨ। ਮੌਜੂਦਾ ਵਸੋਂ ਵਿਕਾਸ ਰੁਝਾਨਾਂ ਨੂੰ ਦੇਖਦਿਆਂ ਇਸ ਦਰ ਦੇ ਚੀਨ ਦੀ ਇਸ ਬਾਰੇ ਦਰ ਨੂੰ ਪਾਰ ਕਰ ਜਾਣ ਦੀ ਸੰਭਾਵਨਾ ਹੈ। ਪਹਿਲਾਂ ਹੀ ਭਾਰਤ ਦੀ ਨਿਰਭਰਤਾ ਦਰ ਸਭ ਤੋਂ ਘੱਟ ਹੈ (ਕੰਮਕਾਜੀ ਵਸੋਂ ਦੇ ਮੁਕਾਬਲੇ ਬਜ਼ੁਰਗਾਂ ਦੀ ਵਸੋਂ ਦਾ) ਜਿਸ ਦਾ ਭਾਵ ਇਹ ਹੋਇਆ ਕਿ ਜੇ ਨੌਜਵਾਨ ਸ਼੍ਰੇਣੀ ਨੂੰ ਉਤਪਾਦਕਤਾ ਨਾਲ ਰੁਝੇਵਿਆਂ ਵਿਚ ਲਾਇਆ ਗਿਆ ਤਾਂ ਸਮਾਂ ਪਾ ਕੇ ਭਾਰਤ ਦੀ ਨਿੱਜੀ ਆਰਥਿਕ ਬਚਤ ਅਤੇ ਠੋਸ ਪੂੰਜੀ ਨਿਵੇਸ਼ ਦੇ ਤੇਜ਼ੀ ਨਾਲ ਵਧਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਚੀਨ ਦੇ ਮੁਕਾਬਲੇ, ਭਾਰਤ ਦੀ ਵਸੋਂ 2025 ਤੋਂ ਬਾਅਦ ਵੀ ਵਧਦੀ ਰਹੇਗੀ ਅਤੇ ਇਹ ਰੁਝਾਨ ਅੱਗੋਂ ਭਵਿੱਖ ਲਈ ਵੀ ਬਣੇ ਰਹਿਣਗੇ ਜਿਸ ਰਾਹੀਂ ਭਾਰਤ ਉੱਚ ਆਮਦਨ ਜਾਂ ਉੱਚ ਦਰਮਿਆਨੀ ਆਮਦਨ ਵਾਲਾ ਦੇਸ਼ ਬਣ ਸਕਦਾ ਹੈ। ਕਿਹਾ ਜਾ ਸਕਦਾ ਹੈ ਕਿ, ਮੌਜੂਦਾ ਸਮੇਂ ਵਿਚ ਅਜਿਹੀ ਹੈਰਾਨਕੁੰਨ ਉਤਪਾਦੀ ਸਥਿਤੀ ਵਾਲਾ ਕੋਈ ਦੂਜਾ ਦੇਸ਼ ਨਹੀਂ ਹੈ, ਲੋੜ ਇਸ ਗੱਲ ਦੀ ਹੈ ਕਿ ਭਾਰਤ ਇਸ ਦਾ ਲਾਹਾ ਲੈ ਸਕੇ।

## 2.ਸੰਭਾਵਨਾ ਅਤੇ ਕਾਰਗੁਜ਼ਾਰੀ – ਸਿੱਖਿਆ

ਭਾਰਤ ਲਈ ਲਾਹੇਵੰਦ ਆਰਥਿਕ ਸਥਿਤੀ ਲਈ ਨੌਜਵਾਨਾਂ ਨੂੰ ਵੱਡੇ ਪੱਧਰ 'ਤੇ, ਖ਼ਾਸ ਕਰਕੇ ਵਿਗਿਆਨ ਅਤੇ ਗਣਿਤ ਦੇ ਵਿਸ਼ਿਆਂ ਵਿਚ ਸਿੱਖਿਅਤ ਕਰਨਾ ਅਤੇ ਉਤਪਾਦਕਤਾ ਵਾਲੇ ਰੁਜ਼ਗਾਰ ਦੇਣਾ ਕੇਂਦਰੀ ਨੁਕਤਾ ਹੈ। ਤਾਲਿਕਾ–2 ਵਿਚ ਮੁਕਾਬਲੇ ਵਾਲੇ ਪ੍ਰਸੰਗ ਵਿਚ ਭਾਰਤ ਦੇ ਮੁੱਖ ਸਿੱਖਿਅਕ ਅੰਕੜਿਆਂ ਨੂੰ ਦਰਸਾਇਆ ਗਿਆ ਹੈ।

ਤਾਲਿਕਾ–2

ਭਾਰਤ ਲਈ ਸਿੱਖਿਆ ਅੰਕੜਿਆਂ ਦੀ ਵਿਸ਼ਵੀ ਤੁਲਨਾ

| ਸ਼੍ਰੇਣੀ | ਅੰਕੜੇ | ਸਾਲ ਜਿਸ ਲਈ ਅੰਕੜੇ ਜਾਰੀ ਕੀਤੇ ਗਏ | ਵਿਸ਼ਵ ਵਿਚ ਦਰਜਾ |
|---|---|---|---|
| ਬਾਲਗਾਂ ਦੀ ਸਕੂਲੀ ਸਿੱਖਿਆ ਦੇ ਔਸਤ ਸਾਲ | 5.1 ਸਾਲ | 2000 | 100 ਵਿਚੋਂ 65 ਵਾਂ |
| ਲਾਜ਼ਮੀ ਸਿੱਖਿਆ ਦਾ ਸਮਾਂ | 8 ਸਾਲ | 1997 | 12 ਵਿਚੋਂ 8 ਵਾਂ |
| ਸਿੱਖਿਆ ਦਾ ਸਮਾਂ (ਮੁੱਢਲੀ ਸਿੱਖਿਆ) | 6 ਸਾਲ | 2002 | 177 ਵਿਚੋਂ 62 ਵਾਂ |
| ਸਿੱਖਿਆ ਦਾ ਸਮਾਂ (ਸੈਕੰਡਰੀ ਸਿੱਖਿਆ) | 5 ਸਾਲ | 2002 | 176 ਵਿਚੋਂ 155 ਵਾਂ |
| ਮੁੱਢਲੀ ਸਿੱਖਿਆ ਸੰਪੂਰਨਤਾ ਦਰ | 90 ਪ੍ਰਤਿਸ਼ਤ | 2005 | 124 ਵਿਚੋਂ 71 ਵਾਂ |
| ਸਿੱਖਿਆ ਉੱਪਰ ਖਰਚਾ (ਕੁੱਲ ਘਰੇਲੂ ਉਤਪਾਦਨ ਦਾ ਪ੍ਰਤਿਸ਼ਤ) | 4.1 | 2002 | 131 ਵਿਚੋਂ 82 ਵਾਂ |
| ਨੌਂ ਸਾਲ ਦੇ ਵਿਦਿਆਰਥੀਆਂ ਲਈ ਪੜ੍ਹਾਈ ਦੇ ਘੰਟੇ | 1,051 ਘੰਟੇ | 2000 | 38 ਵਿਚੋਂ 38 ਵਾਂ |
| ਮੁੱਢਲੀ ਸਿੱਖਿਆ ਅਧਿਆਪਕ (ਪ੍ਰਤਿਸ਼ਤ ਇਸਤਰੀਆਂ) | 44 | 2003 | 135 ਵਿਚੋਂ 112 ਵਾਂ |
| ਮੁੱਢਲੀ ਸਿੱਖਿਆ ਅਧਿਆਪਕ (1000 ਪਿੱਛੇ) | 3.21 | 2011 | 134 ਵਿਚੋਂ 104 ਵਾਂ |
| ਪ੍ਰਤਿ ਵਿਦਿਆਰਥੀ ਸਰਕਾਰੀ ਖਰਚਾ (ਮੁੱਢਲੀ ਸਿੱਖਿਆ ਦੇ ਪੱਧਰ 'ਤੇ | 7.2 | 2002 | 70 ਵਿਚੋਂ 61 ਵਾਂ |
| ਯੂਨੀਵਰਸਿਟੀਆਂ (ਚੋਟੀ ਦੀਆਂ 100 ਪ੍ਰਤਿ ਮਿਲੀਅਨ) | 0.00177 | 2005 | 22 ਵਿਚੋਂ 22 ਵਾਂ |

*ਸਰੋਤ : "ਇੰਡੀਆ ਐਜੂਕੇਸ਼ਨ : ਸਟੈਟਿਸਟੀਕਲ ਪਰੋਫਾਈਲ", ਨੇਸ਼ਨ ਮਾਸਟਰ 28 ਫ਼ਰਵਰੀ, 2014*

ਬਾਲਗਾਂ ਦੇ ਸਕੂਲੀ ਸਿੱਖਿਆ ਲਈ ਜਾਣ ਦੀ ਔਸਤ ਵਰ੍ਹਿਆਂ ਵਿਚ ਸੌ ਦੇਸ਼ਾਂ ਵਿਚ ਭਾਰਤ 65ਵੇਂ ਸਥਾਨ 'ਤੇ ਹੈ। ਸੱਚ ਇਹ ਵੀ ਹੈ ਕਿ ਲਾਜ਼ਮੀ ਸਿੱਖਿਆ ਅਤੇ 9 ਸਾਲਾਂ ਦੀ ਉਮਰ ਦੇ ਬੱਚਿਆਂ ਲਈ ਪੜ੍ਹਾਈ ਦੇ ਘੰਟਿਆਂ ਨੂੰ ਛੱਡ ਕੇ ਭਾਰਤ ਦੀ ਇਸ ਪ੍ਰਸੰਗ ਵਿਚ ਸਮੁੱਚੀ ਕਾਰਗੁਜ਼ਾਰੀ ਪ੍ਰਭਾਵਹੀਣ ਹੈ। ਚਿੰਤਾ ਦਾ ਵਿਸ਼ੇਸ਼ ਕਾਰਨ ਇਹ ਵੀ ਹੈ ਕਿ ਤੇਜ਼ੀ ਨਾਲ ਵਿਗਸ ਰਹੀ ਨੌਜਵਾਨ ਸ਼੍ਰੇਣੀ ਵਾਲੇ ਦੇਸ਼ ਭਾਰਤ ਦੀਆਂ ਕੁਝ ਹੀ ਯੂਨੀਵਰਸਿਟੀਆਂ ਚੋਟੀ ਦੀਆਂ 100 ਯੂਨੀਵਰਸਿਟੀਆਂ ਤਹਿਤ ਆਉਂਦੀਆਂ ਹਨ। ਭਾਵੇਂ ਕੁਝ ਘਰੇਲੂ ਉਤਪਾਦ ਦੇ 6 ਪ੍ਰਤਿਸ਼ਤ ਹਿੱਸੇ ਨੂੰ ਸਿੱਖਿਆ ਲਈ ਰਾਖਵਾਂ ਕਰਨ ਦਾ ਵਿਚਾਰ ਆਜ਼ਾਦੀ ਪ੍ਰਾਪਤ ਹੁੰਦਿਆਂ ਹੀ ਪ੍ਰਵਾਨ ਕਰ ਲਿਆ ਗਿਆ ਸੀ ਪਰ ਭਾਰਤ ਨੇ, ਮਿਸਾਲ ਦੇ ਤੌਰ ਤੇ 2002 ਵਿਚ ਵੀ ਸਿਰਫ਼ 4.1 ਪ੍ਰਤਿਸ਼ਤ ਹੀ ਇਸ ਮਦ 'ਤੇ ਖਰਚ ਕੀਤਾ। ਕਈ ਵਿੱਦਿਅਕ ਚਿੰਤਕਾਂ ਨੇ 1980 ਅਤੇ 1990 ਦੇ ਅਰਸੇ ਨੂੰ ਭਾਰਤੀ ਉੱਚ ਸਿੱਖਿਆ ਦੇ ਪ੍ਰਸੰਗ ਵਿਚ ਖੁੱਸ ਗਏ ਦਹਾਕੇ ਮੰਨਿਆ ਹੈ (ਪੁਸ਼ਕਰ, 2013)। ਤਾਲਿਕਾ–2 ਸਪੱਸ਼ਟ ਦਰਸਾਉਂਦੀ ਹੈ ਕਿ ਕਿਵੇਂ ਸਾਲਾਂ ਤੋਂ ਭਾਰਤੀ ਉੱਚ ਸਿੱਖਿਆ ਖੇਤਰ ਨੂੰ ਬੁਰੀ ਤਰ੍ਹਾਂ ਨਜ਼ਰ-ਅੰਦਾਜ਼ ਕੀਤਾ ਗਿਆ। 11ਵੀਂ ਤੇ ਫਿਰ 12ਵੀਂ ਪੰਜ ਸਾਲਾ ਯੋਜਨਾ ਵਿਚ ਉੱਚ ਸਿੱਖਿਆ ਲਈ ਸਰਕਾਰੀ ਵਿੱਤੀ ਮਦਦ ਵਿਚ ਕਾਫ਼ੀ ਵਾਧਾ ਕੀਤਾ ਗਿਆ। ਪਰ ਇਸ ਵਾਧੇ ਤੋਂ ਲਾਹਾ ਲੈਣ

| ਤਾਲਿਕਾ-3 | | | | | | | | | | | | |
|---|---|---|---|---|---|---|---|---|---|---|---|---|
| **ਸਿੱਖਿਆ ਪ੍ਰਾਪਤੀਆਂ : ਭਾਰਤ ਅਤੇ ਹੋਰ ਚੋਣਵੇਂ ਦੇਸ਼/ਸਮੂਹ** | | | | | | | | | | | | |
| | ਮੁੱਢਲੀ ਸਿੱਖਿਆ ਦੀ ਪਹਿਲੀ ਜਮਾਤ ਵਿਚ ਦਾਖ਼ਲੇ ਦੀ ਕੁੱਲ ਦਰ | | | | | | ਟੋਲੀ ਦੇ ਕਾਇਮ ਰਹਿਣ ਦੀ ਦਰ | | ਮੁੱਢਲੀ ਸਿੱਖਿਆ ਵਿਚ ਮੁੜ ਦਾਖ਼ਲਾ ਲੈਣ ਵਾਲੇ | | ਸੈਕੰਡਰੀ ਸਿੱਖਿਆ ਵੱਲ ਜਾਣ ਦੀ ਦਰ | |
| | ਸੰਬੰਧਿਤ ਉਮਰ ਵਾਲੇ ਸਮੂਹ ਦੀ ਮਰਦ (%) | ਸੰਬੰਧਿਤ ਉਮਰ ਵਾਲੇ ਸਮੂਹ ਦੀ ਔਰਤ (%) | ਪੰਜਵੀਂ ਜਮਾਤ ਤਕ ਪਹੁੰਚਣਾ, ਪਹਿਲੀ ਜਮਾਤ ਵਾਲੇ ਵਿਦਿਆਰਥੀਆਂ ਦੀ ਮਰਦ (%) | | ਪੰਜਵੀਂ ਜਮਾਤ ਤਕ ਪਹੁੰਚਣਾ, ਪਹਿਲੀ ਜਮਾਤ ਵਾਲੇ ਵਿਦਿਆਰਥੀਆਂ ਦੀ ਔਰਤ (%) | | ਮੁੱਢਲੀ ਸਿੱਖਿਆ ਦੀ ਆਖ਼ਰੀ ਜਮਾਤ ਤਕ ਪਹੁੰਚਣਾ, ਪਹਿਲੀ ਜਮਾਤ ਵਾਲੇ ਵਿਦਿਆਰਥੀਆਂ ਦਾ ਮਰਦ (%) | ਮੁੱਢਲੀ ਸਿੱਖਿਆ ਦੀ ਆਖ਼ਰੀ ਜਮਾਤ ਤਕ ਪਹੁੰਚਣਾ, ਪਹਿਲੀ ਜਮਾਤ ਵਾਲੇ ਵਿਦਿਆਰਥੀਆਂ ਦਾ ਔਰਤ (%) | ਦਾਖ਼ਲੇ ਦਾ ਮਰਦ ਪ੍ਰਤਿਸ਼ਤ | ਦਾਖ਼ਲੇ ਦਾ ਔਰਤ ਪ੍ਰਤਿਸ਼ਤ | ਮਰਦ ਪ੍ਰਤਿਸ਼ਤ | ਔਰਤ ਪ੍ਰਤਿਸ਼ਤ |
| | **2011** | **2011** | **1999** | **2010** | **1999** | **2010** | **2010** | **2010** | **2011** | **2011** | **2010** | **2010** |
| ਭਾਰਤ | 112 | 114 | 63 | .. | 60 | .. | .. | .. | 5 | 5 | 88 | 89 |
| ਚੀਨ | 109 | 110 | 82 | .. | 80 | .. | .. | .. | 0 | 0 | .. | .. |
| ਮੰਗੋਲੀਆ | 106 | 104 | .. | 92 | .. | 94 | 92 | 94 | 0 | 0 | 98 | 99 |
| ਵੀਅਤਨਾਮ | .. | .. | 80 | .. | 86 | .. | .. | .. | .. | .. | .. | .. |
| ਫਿਲੀਪੀਨ | 130 | 120 | 69 | 75 | 79 | 82 | 72 | 80 | 3 | 2 | 99 | 97 |
| ਇੰਡੋਨੇਸ਼ੀਆ | 110 | 115 | 87 | .. | 92 | .. | .. | .. | 3 | 3 | 84 | 96 |
| ਵਿਸ਼ਵ | 114 | 111 | .. | .. | .. | .. | 74 | 76 | 5 | 5 | .. | .. |
| ਨਿਮਨ ਆਮਦਨ | 134 | 126 | .. | 60 | .. | 62 | 58 | 59 | 10 | 10 | .. | .. |
| ਦਰਮਿਆਨੀ ਆਮਦਨ | 111 | 109 | .. | .. | .. | .. | 76 | 78 | 4 | 4 | .. | .. |
| ਨਿਮਨ ਦਰਮਿਆਨੀ ਆਮਦਨ | 115 | 111 | 69 | .. | 72 | .. | 68 | 71 | 4 | 4 | 86 | 88 |
| ਉੱਚ ਦਰਮਿਆਨੀ ਆਮਦਨ | 104 | 106 | 83 | .. | 81 | .. | 88 | 88 | 4 | 4 | .. | .. |
| ਨਿਮਨ ਅਤੇ ਦਰਮਿਆਨੀ ਆਮਦਨ | 115 | 112 | .. | .. | .. | .. | 72 | 74 | 5 | 5 | .. | .. |
| ਪੂਰਬੀ ਏਸ਼ੀਆ ਅਤੇ ਪ੍ਰਸ਼ਾਂਤ | 106 | 109 | 83 | .. | 80 | .. | 88 | 89 | 2 | 1 | .. | .. |
| ਯੂਰਪ ਅਤੇ ਕੇਂਦਰੀ ਏਸ਼ੀਆ | 102 | 101 | .. | .. | .. | .. | 98 | 99 | 1 | 1 | 99 | 98 |
| ਲਾਤਿਨੀ ਅਮਰੀਕਾ ਅਤੇ ਕੈਰੇਬੀਅਨ | 115 | 112 | .. | .. | .. | .. | 81 | 86 | 9 | 8 | .. | .. |
| ਮੱਧ ਪੂਰਬ ਅਤੇ ਉੱਤਰੀ ਅਫ਼ਰੀਕਾ | 107 | 105 | 89 | 97 | 90 | 97 | 88 | 86 | 8 | 6 | .. | .. |
| ਦੱਖਣੀ ਏਸ਼ੀਆ | 122 | 119 | 63 | .. | 60 | .. | 61 | 65 | 5 | 5 | 86 | 88 |
| ਉੱਪ-ਸਹਾਰਾ ਅਫ਼ਰੀਕਾ | 120 | 111 | .. | 66 | .. | 67 | 58 | 57 | 8 | 9 | .. | .. |
| ਉੱਚ ਆਮਦਨ | 101 | 100 | .. | .. | .. | .. | 96 | 93 | 1 | 1 | .. | .. |
| ਯੂਰੋ ਖੇਤਰ | 100 | 99 | .. | .. | .. | .. | 96 | 97 | 1 | 4 | .. | .. |

*ਸਰੋਤ : ਵਿਸ਼ਵ ਵਿਕਾਸ ਸੰਕੇਤਕ 2013; ਵਿਸ਼ਵ ਬੈਂਕ*

ਦੇ ਰਾਹ ਵਿਚ ਅਜੇ ਕਈ ਅੜਿੱਕੇ ਹਨ (ਪੁਸ਼ਕਰ 2013), ਜਿਵੇਂ ਕਿ ਕੇਂਦਰੀ ਅਤੇ ਰਾਜ ਸਰਕਾਰਾਂ ਕੋਲ ਉੱਚ ਸਿੱਖਿਆ ਪ੍ਰਬੰਧਨ ਦੇ ਅਧਿਕਾਰ ਹਨ ਅਤੇ ਕਈ ਵਾਰ ਦੋਹਾਂ ਵਿਚਕਾਰ ਸੁਖਾਵਾਂ ਸੰਬੰਧ ਨਾ ਹੋਣ ਕਰਕੇ ਦਿੱਕਤਾਂ ਪੇਸ਼ ਆਉਂਦੀਆਂ ਹਨ।

ਤਾਲਿਕਾ-3 ਅੱਗੋਂ ਮੁਢਲੀ ਅਤੇ ਸੈਕੰਡਰੀ ਸਿੱਖਿਆ ਲਈ ਅੰਕੜੇ ਮੁਹੱਈਆ ਕਰਾਉਂਦੀ ਹੈ। 1999 ਵਿਚ ਪਹਿਲੀ ਜਮਾਤ ਵਿਚ ਦਾਖਲ ਹੋਏ ਬੱਚਿਆਂ ਵਿਚੋਂ 63 ਪ੍ਰਤਿਸ਼ਤ ਮੁੰਡੇ ਅਤੇ 60 ਪ੍ਰਤਿਸ਼ਤ ਕੁੜੀਆਂ ਹੀ ਪੰਜਵੀਂ ਜਮਾਤ ਤਕ ਪਹੁੰਚ ਸਕੇ।

ਇਹ ਦਰ ਹੇਠਲੀ ਦਰਮਿਆਨੀ ਆਮਦਨ ਵਾਲੇ ਦੇਸ਼ਾਂ ਦੀ ਦਰ ਨਾਲੋਂ ਵੀ ਘੱਟ ਹੈ। ਅਜਿਹੀ ਸਿੱਖਿਆ ਦੇ ਮਿਆਰ ਅਤੇ ਆਮਦਨ ਦੀਆਂ ਵੱਖ-ਵੱਖ ਸ਼੍ਰੇਣੀਆਂ ਤਕ ਇਸ ਦੀ ਪਹੁੰਚ ਵਿਚ ਅਸਾਵੇਂਪਨ ਨੂੰ ਅੱਖੋਂ ਪਰੋਖੇ ਕਰ ਵੀ ਦਈਏ ਤਾਂ

ਤਾਲਿਕਾ-4

**ਕਮਜ਼ੋਰ ਵਰਗਾਂ ਦੀ ਚਿੰਤਾਜਨਕ ਦਸ਼ਾ : ਤੁਲਨਾਤਮਕ ਪ੍ਰਸੰਗ ਵਿਚ ਭਾਰਤ ਦੀ ਸਥਿਤੀ**

| | ਵਸੋਂ ਦਰ ਲਈ ਰੁਜ਼ਗਾਰ | | | | ਕਮਜ਼ੋਰ ਵਰਗਾਂ ਨੂੰ ਰੁਜ਼ਗਾਰ | | | | ਕਿਰਤ ਉਤਪਾਦਕਤਾ | |
|---|---|---|---|---|---|---|---|---|---|---|
| | ਕੁੱਲ 15 ਸਾਲ ਅਤੇ ਉਸ ਤੋਂ ਵੱਧ ਦਾ ਪ੍ਰਤਿਸ਼ਤ | | ਨੌਜਵਾਨ 15-24 ਸਾਲਾਂ ਦਾ ਪ੍ਰਤਿਸ਼ਤ | | ਅਦਾਇਗੀ-ਰਹਿਤ ਪਰਿਵਾਰਕ ਕਿਰਤੀ ਅਤੇ ਆਪਣੇ ਖਾਤੇ ਵਾਲੇ ਕਿਰਤੀ, ਮਰਦ (ਮਰਦ ਰੁਜ਼ਗਾਰ ਦਰ) | | ਅਦਾਇਗੀ-ਰਹਿਤ ਪਰਿਵਾਰਕ ਕਿਰਤੀ ਅਤੇ ਆਪਣੇ ਖਾਤੇ ਵਾਲੇ ਕਿਰਤੀ, ਔਰਤਾਂ (ਔਰਤ ਰੁਜ਼ਗਾਰ ਦਰ) | | ਪ੍ਰਤਿ ਵਿਅਕਤੀ ਕੁੱਲ ਘਰੇਲੂ ਉਤਪਾਦ (ਵਿਕਾਸ ਪ੍ਰਤਿਸ਼ਤ) | |
| | **1991** | **2011** | **1991** | **2011** | **1990-92** | **2008-11** | **1990-92** | **2008-11** | **1990-92** | **2009-11** |
| ਭਾਰਤ | 58 | 54 | 46 | 34 | .. | 79 | .. | 85 | 1 | 5.2 |
| ਚੀਨ | 75 | 68 | 71 | 51 | .. | .. | .. | .. | 6.8 | 9.4 |
| ਮੰਗੋਲੀਆ | 55 | 59 | 38 | 32 | .. | 57 | .. | 52 | .. | .. |
| ਵੀਅਤਨਾਮ | 77 | 75 | 73 | 59 | .. | .. | .. | .. | 4.6 | 3.5 |
| ਫਿਲੀਪੀਨ | 60 | 61 | 42 | 41 | .. | 42 | .. | 46 | -3.3 | 2.7 |
| ਇੰਡੋਨੇਸ਼ੀਆ | 61 | 63 | 42 | 40 | .. | 62 | .. | 67 | 6.2 | 3.9 |
| ਵਿਸ਼ਵ | 62 | 60 | 52 | 42 | .. | .. | .. | .. | 0.6 | 3.4 |
| ਨਿਮਨ ਆਮਦਨ | 72 | 72 | 59 | 56 | .. | .. | .. | .. | -3.5 | 4.3 |
| ਦਰਮਿਆਨੀ ਆਮਦਨ | 63 | 59 | 52 | 40 | .. | .. | .. | .. | 2.7 | 5.7 |
| ਨਿਮਨ ਦਰਮਿਆਨੀ ਆਮਦਨ | 58 | 55 | 43 | 36 | .. | .. | .. | .. | 0.4 | 4.9 |
| ਉੱਚ ਦਰਮਿਆਨੀ ਆਮਦਨ | 67 | 63 | 60 | 45 | .. | .. | .. | .. | 4.1 | 6.6 |
| ਨਿਮਨ ਅਤੇ ਦਰਮਿਆਨੀ ਆਮਦਨ | 64 | 61 | 53 | 43 | .. | .. | .. | .. | 2.4 | 5.5 |
| ਪੂਰਬੀ ਏਸ਼ੀਆ ਅਤੇ ਪ੍ਰਸ਼ਾਂਤ | 73 | 68 | 66 | 49 | .. | .. | .. | .. | 6.7 | 7.9 |
| ਯੂਰਪ ਅਤੇ ਕੇਂਦਰੀ ਏਸ਼ੀਆ | 55 | 51 | 40 | 32 | .. | .. | .. | .. | -5.9 | 4.1 |
| ਲਾਤਿਨੀ ਅਮਰੀਕਾ ਅਤੇ ਕੈਰੇਬੀਅਨ | 57 | 62 | 48 | 46 | .. | .. | .. | .. | 0.8 | 2.4 |
| ਮੱਧ ਪੂਰਬ ਅਤੇ ਉੱਤਰੀ ਅਫ਼ਰੀਕਾ | 41 | 41 | 26 | 23 | .. | .. | .. | .. | 1.9 | 0.6 |
| ਦੱਖਣੀ ਏਸ਼ੀਆ | 59 | 55 | 47 | 37 | .. | .. | .. | .. | 3.1 | 4.7 |
| ਉੱਪ-ਸਹਾਰਾ ਅਫ਼ਰੀਕਾ | 64 | 65 | 47 | 47 | .. | .. | .. | .. | -5.2 | 2.2 |
| ਉੱਚ ਆਮਦਨ | 57 | 56 | 45 | 37 | .. | .. | .. | .. | 0.9 | 1.9 |
| ਯੂਰੋ ਹਲਕਾ | 50 | 51 | 42 | 34 | .. | .. | .. | .. | 2.3 | 1.9 |

*ਸਰੋਤ : ਵਿਸ਼ਵ ਵਿਕਾਸ ਸੰਕੇਤਕ 2013; ਵਿਸ਼ਵ ਬੈਂਕ*

ਵੀ ਇਹ ਅੰਕੜੇ ਆਪਣੇ ਆਪ ਵਿਚ ਹੀ ਅੱਖਾਂ ਖੋਲ੍ਹਣ ਲਈ ਕਾਫ਼ੀ ਹਨ।

### 3. ਸੰਭਾਵਨਾਵਾਂ ਤੇ ਕਾਰਗੁਜ਼ਾਰੀ – ਰੁਜ਼ਗਾਰ

ਭਾਰਤ ਅਤੇ ਕਈ ਹੋਰ ਦੇਸ਼ਾਂ ਦੇ ਬੇਰੁਜ਼ਗਾਰੀ ਬਾਰੇ ਅੰਕੜੇ ਸੰਸੇ ਵਿਚ ਪਾਉਣ ਵਾਲੇ ਹਨ, ਤਾਂ ਵੀ ਅੰਤਰਰਾਸ਼ਟਰੀ ਵਿਕਾਸ ਦੇ 2013 (ਵਿਸ਼ਵ ਬੈਂਕ) ਦੇ ਮਾਪਦੰਡਾਂ ਮੁਤਾਬਕ 2008-11 ਦੌਰਾਨ ਭਾਰਤ ਦੀ ਨੌਜਵਾਨ ਬੇਰੁਜ਼ਗਾਰੀ ਦਰ ਮਰਦਾਂ ਲਈ 10 ਪ੍ਰਤਿਸ਼ਤ ਅਤੇ ਔਰਤਾਂ ਲਈ 12 ਪ੍ਰਤਿਸ਼ਤ ਸੀ। ਇਸੇ ਕਾਲ ਦੌਰਾਨ ਮੁਢਲੀ ਸਿੱਖਿਆ ਹਾਸਲ 12 ਪ੍ਰਤਿਸ਼ਤ ਲੋਕ ਬੇਰੁਜ਼ਗਾਰ ਸਨ ਜਦ ਕਿ ਸੈਕੰਡਰੀ ਅਤੇ ਇਸ ਤੋਂ ਉੱਚੇਰੀ ਸਿੱਖਿਆ ਲਈ ਇਹ ਦਰ ਕ੍ਰਮਵਾਰ 42 ਪ੍ਰਤਿਸ਼ਤ ਅਤੇ 23 ਪ੍ਰਤਿਸ਼ਤ ਸੀ।

ਤਾਲਿਕਾ-4 ਵਿਚ ਇਕ ਦਹਾਕੇ ਤੋਂ ਖ਼ਾਸ ਕਰਕੇ ਨੌਜਵਾਨ ਸ਼੍ਰੇਣੀ ਦੀ ਬੇਰੁਜ਼ਗਾਰੀ ਦੇ ਪ੍ਰਸੰਗ ਵਿਚ ਰੁਜ਼ਗਾਰ ਦੇ ਢਾਂਚੇ ਉਪਰ ਰੌਸ਼ਨੀ ਪਾਉਂਦੀ ਹੈ। ਭਾਰਤ ਦੀ ਰੁਜ਼ਗਾਰ ਦਰ 15 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ 1991 ਵਿਚ 58 ਪ੍ਰਤਿਸ਼ਤ ਸੀ ਜੋ ਕਿ 2011 ਵਿਚ ਘਟ ਕੇ 54 ਪ੍ਰਤਿਸ਼ਤ ਹੋ ਗਈ। ਕਿਰਤੀ ਸ਼੍ਰੇਣੀ ਵਿਚ ਨੌਜਵਾਨਾਂ ਦੀ ਭਾਈਵਾਲੀ ਦੀ ਦਰ ਹੇਠਲੀ ਅਤੇ ਦਰਮਿਆਨੀ ਆਮਦਨ ਦੇ ਦੇਸ਼ਾਂ ਦੀ ਦਰ ਨਾਲੋਂ ਵੀ ਘੱਟ ਸੀ ਖ਼ਾਸ ਕਰਕੇ ਔਰਤਾਂ ਲਈ ਬਿਨਾਂ ਕਿਸੇ ਉਜਰਤ ਦੇ ਪਰਿਵਾਰਕ ਕੰਮਕਾਜ ਕੁੱਲ ਰੁਜ਼ਗਾਰ ਦਾ ਵੱਡਾ

*ਬਾਕੀ ਸਫ਼ਾ 20 ਉੱਤੇ*

# ਕਰ ਸੁਧਾਰ ਤੇ ਜੀ ਐੱਸ ਟੀ : ਭਵਿੱਖ ਦੇ ਸੁਧਾਰਾਂ ਲਈ ਚੁਨੌਤੀਆਂ

ਮਹੇਸ਼ ਸੀ ਪੁਰੋਹਿਤ

ਆਜ਼ਾਦੀ ਤੋਂ ਬਾਅਦ ਭਾਰਤ ਨੇ ਯੋਜਨਾਬਧ ਆਰਥਿਕ ਵਿਕਾਸ ਦਾ ਰਸਤਾ ਅਪਨਾਇਆ। ਸ਼ੁਰੂ ਵਿਚ ਭਾਰਤੀ ਆਰਥਿਕ ਨੀਤੀ ਦਾ ਉਦੇਸ਼ ਸਮਾਜਿਕ ਨਿਆਂ ਦੇ ਨਾਲ-ਨਾਲ ਵਿਕਾਸ ਦਰ ਨੂੰ ਤੇਜ਼ੀ ਨਾਲ ਵਧਾਉਣਾ ਯਕੀਨੀ ਬਣਾਉਣਾ ਸੀ। ਇਸ ਟੀਚੇ ਨੂੰ ਸਾਹਮਣੇ ਰਖਦਿਆਂ ਯੋਜਨਾਬਧ ਆਰਥਿਕ ਵਿਕਾਸ ਦੇ ਸਮੇਂ ਦੌਰਾਨ ਆਰਥਿਕ ਨੀਤੀ ਦਾ ਆਰਥਿਕਤਾ ਦੀ ਸਮੁੱਚੀ ਵਿਕਾਸ ਦਰ ਉਪਰ ਮਹੱਤਵਪੂਰਨ ਅਸਰ ਪਿਆ ਪਰ ਆਰਥਿਕਤਾ ਦੀ ਸਮੁੱਚੀ ਵਿਕਾਸ ਦਰ ਅਜੇ ਵੀ ਆਸ ਤੋਂ ਘੱਟ ਸੀ ਅਤੇ ਕਈ ਮੋਰਚਿਆਂ 'ਤੇ ਲੋੜੀਂਦੇ ਨਤੀਜੇ ਪ੍ਰਾਪਤ ਨਹੀਂ ਹੋਏ। ਅਜਿਹੀਆਂ ਸਥਿਤੀਆਂ ਵਾਲੇ ਕਈ ਦੇਸ਼ਾਂ ਨੇ ਇਸੇ ਸਮੇਂ ਦੌਰਾਨ, ਬਹੁਤ ਤੇਜ਼ ਵਿਕਾਸ ਦਰ ਪ੍ਰਾਪਤ ਕਰਦਿਆਂ ਭਾਰਤ ਨੂੰ ਵਿਕਾਸ ਦੀ ਰਾਹ 'ਤੇ ਕਾਫ਼ੀ ਪਿੱਛੇ ਛੱਡ ਦਿਤਾ। ਮੱਠੀ ਵਿਕਾਸ ਦਰ ਅਤੇ ਆਰਥਿਕ ਘਾਟੇ ਕਾਰਨ, 1991 ਵਿਚ ਢਾਂਚਾਗਤ ਬਦਲਾਅ ਪ੍ਰੋਗਰਾਮ ਆਪਣਾਏ ਜਾਣ ਤੋਂ ਪਹਿਲਾਂ, ਆਰਥਿਕ ਸਥਿਰਤਾ ਬਹੁਤ ਹੀ ਡਾਵਾਂਡੋਲ ਸਥਿਤੀ ਵਿਚ ਪਹੁੰਚ ਚੁੱਕੀ ਸੀ।

## ਕਰ ਸੁਧਾਰ

1991 ਤੋਂ ਆਰਥਿਕ ਨੀਤੀ ਦਾ ਮੁੱਖ ਜ਼ੋਰ ਕਰ ਨੀਤੀ ਅਤੇ ਪ੍ਰਸ਼ਾਸਨ ਵਿਚ ਸਮੁੱਚੇ ਸੁਧਾਰਾਂ 'ਤੇ ਸੀ। ਸ਼ੁਰੂ ਵਿਚ ਸਿੱਧੇ ਕਰ ਸੁਧਾਰਾਂ ਵਿਚ ਦਰ ਦੇ ਢਾਂਚੇ ਨੂੰ ਸਾਦਾ ਅਤੇ ਤਰਕ-ਸੰਗਤ ਬਣਾਉਣ, ਉੱਚ ਸੀਮਾਂਤ ਦਰਾਂ ਅਤੇ ਦਰਾਂ ਦੀਆਂ ਸ਼੍ਰੇਣੀਆਂ ਘਟਾਉਣ, ਫੈਲਾਅ ਵਿਚ ਕਮੀ ਲਿਆਉਣ ਅਤੇ ਕਰ ਦਰਾਂ ਨੂੰ ਹੇਠਾਂ ਲਿਆਉਣ ਉਪਰ ਜ਼ੋਰ ਦਿਤਾ ਗਿਆ ਸੀ। ਪਰ ਆਮਦਨ ਅਤੇ ਜ਼ਮੀਨ-ਜਾਇਦਾਦ ਉਪਰ ਸਾਰੇ ਕਰਾਂ ਬਾਰੇ ਮੂਲ ਕਾਨੂੰਨਾਂ ਵਿਚ ਵੱਡੇ ਬਦਲਾਵਾਂ ਨਾਲ ਕਰ ਢਾਂਚਾ ਹੁਣ ਕਾਫ਼ੀ ਗੁੰਝਲਦਾਰ ਹੋ ਗਿਆ ਹੈ। ਇਸ ਦੇ ਨਤੀਜੇ ਵਜੋਂ, ਸਮੁੱਚੇ ਆਮਦਨ ਕਰ ਕਾਨੂੰਨ ਨੂੰ ਨਵੇਂ ਸਿਰਿਉਂ ਤਿਆਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ।

**ਸਿੱਧਾ ਕਰ ਜ਼ਾਬਤਾ ਦੇ ਨਾਂ ਵਾਲੇ ਸੋਧੇ ਕਾਨੂੰਨ ਵਿਚ ਸਿੱਧੇ ਕਰਾਂ ਨਾਲ ਸੰਬੰਧਿਤ ਸਾਰੇ ਕਾਨੂੰਨਾਂ ਜਿਵੇਂ ਕਿ ਆਮਦਨ ਕਰ, ਲਾਭਾਂਸ਼-ਵੰਡ ਕਰ, ਫਰਿੰਜ ਲਾਭ-ਕਰ ਅਤੇ ਧਨ-ਸੰਪਤੀ ਕਰ ਨੂੰ ਇਕੱਠਾ ਕਰ ਦਿਤਾ ਗਿਆ ਤਾਂ ਜੋ ਆਰਥਿਕ ਤੌਰ ਤੇ ਕਾਰਗਰ ਅਸਰਪੂਰਨ ਅਤੇ ਸਾਵੇਂ ਸਿੱਧੇ ਕਰ ਸਿਲਸਿਲੇ ਨੂੰ ਕਾਇਮ ਕੀਤਾ ਜਾ ਸਕੇ। ਅਸਿੱਧੇ ਕਰਾਂ ਦੇ ਮਾਮਲੇ ਵਿਚ, ਦਰਾਂ ਦੀ ਬਹੁਲਤਾ ਨੂੰ ਘਟਾਉਣ, ਢਾਂਚੇ ਨੂੰ ਤਰਕਸੰਗਤ ਬਣਾਉਣ ਅਤੇ ਵੈਟ ਨੂੰ ਕੇਂਦਰੀ ਮਹਿਸੂਲ ਅਤੇ ਵਿੱਕਰੀ-ਕਰ ਵਿਚ ਪ੍ਰਵਾਨ ਕੀਤੇ ਜਾਣ ਨੂੰ ਸੁਗਮ ਬਣਾਉਣ 'ਤੇ ਜ਼ੋਰ ਦਿਤਾ ਗਿਆ ਹੈ। ਇਸ ਨਾਲ ਦੂਹਰੇ ਵੈਟ ਨੂੰ ਲਾਗੂ ਕਰਨਾ ਜ਼ਿਕਰਯੋਗ ਪ੍ਰਾਪਤੀ ਹੈ।**

ਕਰ ਦੇ ਦੀਰਘ ਅਸਰ ਨੂੰ ਖਤਮ ਕਰਨ ਅਤੇ ਵਪਾਰ ਨੂੰ ਵਧੇਰੇ ਮੁਕਾਬਲੇਬਾਜ਼ੀ ਵਾਲਾ ਬਣਾਉਣ ਵਿਚ ਮਦਦ ਮਿਲੀ ਹੈ ਪਰ ਇਹ ਛੋਟੀ ਮਿਆਦ ਵਾਲਾ ਸੁਧਾਰ ਸੀ। ਦੂਹਰੇ ਵੈਟ ਨੇ ਕਰ-ਪ੍ਰਣਾਲੀ ਵਿਚਲੀਆਂ ਖਾਮੀਆਂ ਨੂੰ ਆਪਣੇ ਦਾਇਰੇ ਵਿਚ ਨਹੀਂ ਲਿਆ ਅਤੇ ਅਜੇ ਵੀ ਇਸ ਵਿਚ ਹੇਠ ਲਿਖੀਆਂ ਕਮੀਆਂ ਮੌਜੂਦ ਹਨ :

- ਕੇਂਦਰੀ ਵੈਟ ਕਿਸੇ ਵਸਤੂ ਨੂੰ ਪਰਿਭਾਸ਼ਿਤ ਕਰਨ ਬਾਰੇ ਕਈ ਮੁੱਦੇ ਉਠਾਉਂਦੀ ਹੈ ਕਿ ਇਹ ਕਿਸੇ ਵਿਸ਼ੇਸ਼ ਦਰ ਵਾਲੀ ਸ਼੍ਰੇਣੀ ਵਿਚ ਆਉਂਦੀ ਹੈ ਅਤੇ ਜਾਇਜ਼ਾ ਲੈਣ ਵਿਚ ਸਮੱਸਿਆ ਪੇਸ਼ ਆਉਣ ਕਾਰਨ ਵੱਡੀ ਗਿਣਤੀ ਵਿਚ ਕਾਨੂੰਨੀ ਟਕਰਾਅ ਪੇਸ਼ ਆਉਂਦੇ ਹਨ।
- ਇਸ ਦਾ ਆਧਾਰ ਸੀਮਤ ਹੈ ਜਿਸ ਕਾਰਨ ਕਰ ਪ੍ਰਣਾਲੀ ਨਿਰਪੱਖਤਾ ਵਾਲੀ ਨਾ ਰਹਿਣ ਕਰਕੇ ਨਹੀਂ ਬਣੀ ਰਹਿ ਸਕਦੀ।
- ਸੇਵਾਵਾਂ ਉਪਰ ਕਰ ਕੇਂਦਰ ਵਲੋਂ ਹੀ ਲਗਾਇਆ ਜਾਂਦਾ ਹੈ ਅਤੇ ਇਨ੍ਹਾਂ ਸੇਵਾਵਾਂ ਉਪਰ ਕਰ ਵਸਤੂ ਉਪਰ ਲੱਗਣ ਵਾਲੇ ਦੂਜੇ ਕਰਾਂ ਤੋਂ ਇਲਾਵਾ ਹੁੰਦਾ ਹੈ। ਇਸ ਨਾਲ ਸੰਗਠਿਤ ਠੇਕੇ ਜਾਂ ਮਿਆਦੀ ਠੇਕੇ ਦੇ ਹਿੱਸੇ ਵਜੋਂ ਸਪਲਾਈ ਕੀਤੇ ਜਾਣ ਵਾਲੇ ਸਾਜ਼-ਸਾਮਾਨ ਉਪਰ ਕਰ ਲਾਉਣ ਵਿਚ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ।
- ਵਿੱਕਰੀ ਕਰ ਹੇਠ ਕੇਂਦਰੀ ਕਰ ਅਤੇ ਕੇਂਦਰੀ ਵੈਟ ਹੇਠ ਵਿੱਕਰੀ ਕਰ ਬਣਿਆ ਰਹਿੰਦਾ ਹੈ। ਇਹੀ ਗੱਲ ਕੇਂਦਰੀ ਵਿੱਕਰੀ ਕਰ ਉਪਰ ਵੀ ਲਾਗੂ ਹੁੰਦੀ ਹੈ।
- ਮੌਜੂਦਾ ਪ੍ਰਣਾਲੀ ਆਯਾਤ ਦੇ ਹੱਕ ਵਿਚ ਭੁਗਤ ਰਹੀ ਹੈ ਜੋ ਕਿ ਨਿਵੇਸ਼ ਉਪਰ ਕਰਾਂ ਦੀ ਲੁਕੀ ਹੋਈ ਲਾਗਤ ਨੂੰ ਆਪਣੇ ਸਿਰ ਨਹੀਂ ਲੈਂਦੀ।
- ਕੇਂਦਰ ਅਤੇ ਰਾਜ ਦੋਹਾਂ ਪੱਧਰਾਂ 'ਤੇ ਕਰ ਪ੍ਰਸ਼ਾਸਨ ਅਜੇ ਵੀ ਬਹੁਤ ਉਲਝਿਆ ਹੋਇਆ ਅਤੇ ਗੁੰਝਲਦਾਰ ਹੈ।

ਉਪਰ ਲਿਖੀਆਂ ਉਕਾਈਆਂ ਦੇ ਮੱਦੇ ਨਜ਼ਰ ਹੁਣ ਇਹ ਪੇਸ਼ਕਸ਼ ਕੀਤੀ ਗਈ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ ਦੋਹਾਂ ਵਲੋਂ ਲਾਏ ਜਾਣ

ਵਾਲੇ ਮੌਜੂਦਾ ਦੂਹਰੇ ਵੈਟ, ਸੇਵਾ ਕਰ ਅਤੇ ਕੁਝ ਹੋਰ ਵਸਤੂ ਕਰਾਂ ਦੇ ਵਿਕਲਪ ਵਜੋਂ ਇਕ ਸਾਜ਼-ਸਾਮਾਨ ਅਤੇ ਸੇਵਾ-ਕਰ ਲਾਗੂ ਕੀਤਾ ਜਾਵੇ।

## ਜੀ ਐਸ ਟੀ ਦਾ ਖ਼ਾਕਾ

2009 ਵਿਚ ਰਾਜ ਵਿੱਤ ਮੰਤਰੀਆਂ ਦੀ ਅਧਿਕਾਰ ਪ੍ਰਾਪਤ ਕਮੇਟੀ ਨੇ ਜੀ ਐਸ ਟੀ ਲਈ ਵੇਰਵੇ ਸਹਿਤ ਢਾਂਚਾ ਤਿਆਰ ਕਰਨ ਲਈ ਇਕ ਸਾਂਝਾ ਕਾਰਜਕਾਰੀ ਗਰੁਪ ਗਠਿਤ ਕੀਤਾ। ਜੇ ਡਬਲਯੂ ਜੀ ਮੁਤਾਬਿਕ ਕੇਂਦਰੀ ਸਰਕਾਰ ਲਈ ਜੀ ਐਸ ਟੀ ਕੇਂਦਰੀ ਵੈਟ (ਕੇਂਦਰੀ ਮਹਿਸੂਲ ਡਿਊਟੀ ਸਮੇਤ), ਪਾਨ-ਮਸਾਲੇ, ਪੈਟਰੋਲੀਅਮ ਅਤੇ ਤੰਬਾਕੂ ਉਤਪਾਦਾਂ ਉਪਰ ਲਾਈ ਗਈ ਵਾਧੂ ਮਹਿਸੂਲ ਡਿਊਟੀ (ਚੁੰਗੀ), 1957 ਦੇ ਵਿਸ਼ੇਸ਼ ਮਹੱਤਤਾ ਵਾਲੇ ਸਾਜ਼-ਸਾਮਾਨ ਉਪਰ ਲਾਈ ਗਈ ਵਾਧੂ ਮਹਿਸੂਲ ਚੁੰਗੀ, ਸੀ ਵੀ ਡੀ ਵਾਲੀ ਵਾਧੂ ਕਸਟਮ ਚੁੰਗੀ ਅਤੇ ਘਰੇਲੂ ਅਤੇ ਦਰਾਮਦੀ ਸਾਜ਼-ਸਾਮਾਨ ਵਿਚ ਸਾਵਾਂਪਨ ਲਿਆਉਣ ਲਈ ਲਾਏ ਜਾਣ ਵਾਲੇ ਹੋਰ ਘਰੇਲੂ ਕਰ, ਕੇਂਦਰ ਵਲੋਂ ਲਾਏ ਜਾਣ ਵਾਲੇ ਸਰਚਾਰਜ ਅਤੇ ਸੈੱਸ ਅਤੇ ਮੋਟਰ ਸਪਿਰਿਟ ਅਤੇ ਹਾਈ ਸਪੀਡ ਡੀਜ਼ਲ ਉਪਰ ਵਿਸ਼ੇਸ਼ ਵਾਧੂ ਮਹਿਸੂਲ ਚੁੰਗੀ ਆਦਿ ਨੂੰ ਆਪਣੇ ਦਾਇਰੇ ਹੇਠ ਲਏਗਾ। ਰਾਜ ਦੇ ਕਰਾਂ ਵਿਚੋਂ ਜੀ ਐਸ ਜੀ, ਰਾਜ ਵੈਟ, ਖਰੀਦ ਕਰ, ਮਨੋਰੰਜਨ ਕਰ, ਐਸ਼ੋ-ਇਸ਼ਰਤ ਬਾਰੇ ਕਰ ਅਤੇ ਚੁੰਗੀ ਤੋਂ ਇਲਾਵਾ ਦਾਖ਼ਲਾ ਕਰ ਨੂੰ ਆਪਣੇ ਦਾਇਰੇ ਹੇਠ ਲਏਗਾ ਪਰ ਇਸ ਵਲੋਂ ਪੈਟਰੋਲੀਅਮ, ਕੱਚੇ ਤੇਲ ਅਤੇ ਇਸ ਦੇ ਉਤਪਾਦਾਂ ਉਪਰ ਕਰਾਂ ਨੂੰ ਆਪਣੇ ਦਾਇਰੇ ਹੇਠ ਨਹੀਂ ਲਿਆ ਜਾਵੇਗਾ।

ਪੈਟਰੋਲੀਅਮ, ਕੱਚੇ ਤੇਲ ਅਤੇ ਇਸ ਦੇ ਉਤਪਾਦਾਂ ਨੂੰ ਜੀ ਐਸ ਟੀ ਦੇ ਦਾਇਰੇ ਤੋਂ ਬਾਹਰ ਰੱਖਣ ਦਾ ਕਾਰਨ ਦੀਰਘ ਕਿਸਮ ਦੇ ਕਰਾਂ ਰਾਹੀਂ ਵਧੇਰੇ ਵਸੀਲੇ ਇਕੱਤਰ ਕਰਨਾ ਹੈ। ਜਿਸ ਨਾਲ ਪੂੰਜੀ ਵਸਤਾਂ ਸਮੇਤ ਨਿਵੇਸ਼ ਉਪਰ ਕਰਾਂ ਦੀ ਗਿਣਤੀ ਵਿਚ ਵਾਧਾ ਹੋਵੇਗਾ ਜਿਸ ਨਾਲ ਪੈਟਰੋਲੀਅਮ ਦੀ ਸਮੁੱਚੀ ਕਾਰਗੁਜ਼ਾਰੀ ਪ੍ਰਭਾਵਤ ਹੋਵੇਗੀ। ਇਸ ਲਈ ਇਹ ਸੁਝਾਅ ਦਿਤਾ ਗਿਆ ਹੈ ਕਿ ਸਮੁੱਚੇ ਪੈਟਰੋਲੀਅਮ ਖੇਤਰ ਨੂੰ ਵਾਧੂ ਅਤੇ ਵਿਸ਼ੇਸ਼ ਮਹਿਸੂਲ ਅਤੇ ਵਿੱਕਰੀ ਕਰ ਦੇ ਕੇ ਵੀ ਜੀ ਐੱਸ ਟੀ ਪ੍ਰਣਾਲੀ ਦੇ ਹੇਠ ਲਿਆਂਦਾ ਜਾਵੇ।

ਤੰਬਾਕੂ ਦੇ ਮਾਮਲੇ ਵਿਚ ਸੁਝਾਅ ਹੈ ਕਿ ਇਹ ਜੀ ਐਸ ਟੀ ਦੇ ਆਧਾਰ ਦਾ ਹਿੱਸਾ ਹੋਵੇਗਾ ਪਰ ਕੇਂਦਰ ਇਸ ਦੀਆਂ ਸਰਗਰਮੀਆਂ ਲਈ ਵਧੇਰੇ ਕਰ ਵਸੀਲੇ ਇਕੱਤਰ ਕਰਨ ਲਈ ਵਿਸ਼ੇਸ਼ ਮਹਿਸੂਲ ਲਾਏਗਾ ਅਤੇ ਰਾਜ ਇਸ ਉਪਰ ਕੋਈ ਵਾਧੂ ਕਰ ਨਹੀਂ ਲਾਉਣਗੇ। ਇਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੇਂਦਰ ਅਤੇ ਰਾਜਾਂ ਲਈ ਇਹ ਅਸਾਵੇਂਪਨ ਵਾਲਾ ਆਧਾਰ ਕਿਉਂ?

ਦੋਹਾਂ ਵਲੋਂ ਅੰਤ ਵਿਚ ਜੋ ਵੀ ਆਧਾਰ ਮੰਨਿਆ ਜਾਵੇ, ਤਜਵੀਜ਼ਸ਼ੁਦਾ ਜੀ ਐੱਸ ਟੀ ਦੇ ਦੋ ਹਿੱਸੇ ਹੋਣਗੇ – ਸੀ ਜੀ ਐੱਸ ਟੀ (ਕੇਂਦਰ ਵਲੋਂ ਲਈ ਜਾਂਦੀ ਲੇਵੀ) ਅਤੇ ਐੱਸ ਜੀ ਐੱਸ ਟੀ (ਰਾਜਾਂ ਵਲੋਂ ਲਈ ਜਾਂਦੀ ਲੇਵੀ)। ਇਨ੍ਹਾਂ ਦੋਹਾਂ ਹਿੱਸਿਆਂ ਦੀਆਂ ਦਰਾਂ ਬਾਰੇ ਫ਼ੈਸਲਾ ਕੇਂਦਰ ਅਤੇ ਰਾਜਾਂ ਦੀ ਮਾਲ-ਆਮਦਨ, ਕੁੱਲ ਕਰ ਬੋਝ ਅਤੇ ਕਰ ਦੀ ਆਮ ਪ੍ਰਵਾਨਗੀ ਦੇ ਆਧਾਰ 'ਤੇ ਹੋਵੇਗਾ।

**ਇਸ ਪ੍ਰਸੰਗ ਵਿਚ ਅਧਿਕਾਰ ਪ੍ਰਾਪਤ ਕਮੇਟੀ ਨੇ ਸ਼ੁਰੂ ਵਿਚ ਸੁਝਾਅ ਦਿਤਾ ਸੀ ਕਿ ਕੁੱਲ 15 ਪ੍ਰਤਿਸ਼ਤ ਵਿਚੋਂ 7 ਪ੍ਰਤਿਸ਼ਤ ਦੀ ਦਰ ਨਾਲ ਸੀ ਜੀ ਐੱਸ ਟੀ ਅਤੇ 8 ਪ੍ਰਤਿਸ਼ਤ ਦੀ ਦਰ ਨਾਲ ਐੱਸ ਜੀ ਐੱਸ ਟੀ ਵਲੋਂ ਕਰ ਲਾਏ ਜਾਣ ਜੋ ਕਿ ਇਸ ਧਾਰਨਾ 'ਤੇ ਆਧਾਰਿਤ ਸੀ ਕਿ ਮੌਜੂਦਾ ਸਮੇਂ ਵਿਚ ਅਮਲੀ ਕਰ ਦਰ 13.5 ਪ੍ਰਤਿਸ਼ਤ ਰਾਜ ਵੈਟ ਦੀ ਹੈ, 10 ਪ੍ਰਤਿਸ਼ਤ ਕੇਂਦਰੀ ਵੈਟ ਦੀ ਹੈ ਜਦ ਕਿ 12 ਪ੍ਰਤਿਸ਼ਤ ਸੇਵਾ ਕਰ ਦੀ ਹੈ।**

ਕੇਂਦਰੀ ਸਰਕਾਰ ਨੇ ਦੂਜੇ ਪਾਸੇ ਇਹ ਸੁਝਾਅ ਦਿਤਾ ਸੀ ਕਿ ਜੀ ਐੱਸ ਟੀ ਲਾਗੂ ਕੀਤੇ ਜਾਣ ਦੇ ਪਹਿਲੇ ਸਾਲ 6 ਪ੍ਰਤਿਸ਼ਤ ਜ਼ਰੂਰੀ ਵਸਤਾਂ, 8 ਪ੍ਰਤਿਸ਼ਤ ਸੇਵਾਵਾਂ ਅਤੇ 10 ਪ੍ਰਤਿਸ਼ਤ ਮਿਥੀ ਹੋਈ ਦਰ ਵਾਲਾ ਤਿੰਨ ਪੱਧਰੀ ਦਰ ਸ਼੍ਰੇਣੀ ਸਿਲਸਿਲਾ ਕੰਮ ਕਰੇਗਾ। ਤੈਅ ਨੀਤੀ ਹੋਈ ਦਰ ਦੂਜੇ ਸਾਲ 9 ਪ੍ਰਤਿਸ਼ਤ ਤੇ ਉਸ ਤੋਂ ਅਗਲੇ ਸਾਲਾਂ ਦੌਰਾਨ 8 ਪ੍ਰਤਿਸ਼ਤ ਰਹੇਗੀ। ਇਸੇ ਤਰ੍ਹਾਂ ਜ਼ਰੂਰੀ ਵਸਤਾਂ ਉਪਰ 6 ਪ੍ਰਤਿਸ਼ਤ ਦਰ ਤੀਜੇ ਸਾਲ ਵਧ ਕੇ 8 ਪ੍ਰਤਿਸ਼ਤ ਹੋ ਜਾਵੇਗੀ। ਇੰਝ ਤੀਜੇ ਸਾਲ ਜੀ ਐੱਸ ਟੀ ਦੀ ਇਕ ਦਰ ਹੋਵੇਗੀ।

ਪਰ ਰਾਜਾਂ ਨੇ ਇਸ ਤੋਂ ਭਿੰਨ ਵਿਚਾਰ ਪ੍ਰਗਟ ਕੀਤਾ। ਸਗੋਂ ਅਧਿਕਾਰ ਪ੍ਰਾਪਤ ਕੇਮਟੀ ਵਲੋਂ ਵਿੱਤ ਮੰਤਰੀਆਂ ਦੇ ਹਾਲ ਹੀ ਵਿਚ ਕੁਝ ਦੂਜੇ ਦੇਸ਼ਾਂ ਦੇ ਦੌਰੇ ਤੋਂ ਬਾਅਦ ਇਹ ਵਿਚਾਰ ਦਿਤਾ ਗਿਆ ਕਿ ਜਦ ਯੂਰਪੀ ਦੇਸ਼ ਆਪਣੇ ਵੈਟ ਪ੍ਰਬੰਧ ਵਿਚ ਇਕ ਤੋਂ ਵੱਧ ਦਰਾਂ ਰੱਖ ਸਕਦੇ ਹਨ ਤਾਂ ਇਸੇ ਤਰ੍ਹਾਂ ਭਾਰਤ ਵਿਚ ਕਰਨਾ ਕਿਉਂ ਸੰਭਵ ਨਹੀਂ ਹੋ ਸਕਦਾ।

ਮੌਜੂਦਾ ਦੂਹਰੇ ਵੈਟ ਸਿਲਸਿਲੇ ਤਹਿਤ ਅੰਤਰ-ਰਾਜੀ ਵਪਾਰ ਉਪਰ ਕਰ ਮੂਲ ਆਧਾਰੀ ਹੈ ਅਤੇ ਇਸ ਨੂੰ ਕੇਂਦਰੀ ਵਿੱਕਰੀ ਕਰ ਕਾਨੂੰਨ 1956 ਤਹਿਤ ਸਾਜ਼-ਸਾਮਾਨ ਭੇਜਣ ਵਾਲੇ ਰਾਜ ਵਲੋਂ ਇਕੱਤਰ ਕੀਤਾ ਜਾਂਦਾ ਹੈ। ਮੂਲ ਆਧਾਰੀ ਸੀ ਐੱਸ ਟੀ, ਜੀ ਐੱਸ ਟੀ ਨਾਲ ਮੇਲ ਨਹੀਂ ਖਾਂਦਾ। ਇਸ ਲਈ ਮੌਜੂਦਾ ਸੀ ਐੱਸ ਟੀ, ਸਿਲਸਿਲੇ ਨੂੰ ਪਹੁੰਚ ਸਥਾਨ ਆਧਾਰਤ ਸੰਗਠਿਤ ਜੀ ਐੱਸ ਟੀ ਸਿਲਸਿਲੇ ਵਿਚ ਬਦਲਣ ਦਾ ਸੁਝਾਅ ਹੈ। ਇਸ ਤਰ੍ਹਾਂ, ਦਰਾਮਦੀ ਰਾਜਾਂ ਵੱਲ ਕੋਈ ਕਰ ਬਰਾਮਦ ਨਹੀਂ ਹੋਵੇਗੀ। ਪੂੰਜੀ ਵਸਤਾਂ ਸਮੇਤ ਸਾਰੇ ਨਿਵੇਸ਼ ਨੂੰ ਗਤੀਸ਼ੀਲ ਕੀਤਾ ਜਾਵੇਗਾ। ਬਰਾਮਦਾਂ ਨੂੰ ਸਿਫ਼ਰ ਦਰ ਵਾਲਾ ਕੀਤਾ ਜਾਵੇਗਾ। ਇਸ ਮੁੱਦੇ ਨੂੰ ਲੈ ਕੇ ਪਹਿਲਾਂ ਭਾਵੇਂ ਕੁਝ ਰਜ਼ਾਮੰਦੀ ਸੀ ਪਰ ਲਗਦਾ ਹੈ ਅੰਤਰ-ਰਾਜੀ ਕਰ ਪ੍ਰਣਾਲੀਆਂ ਦੇ ਵੱਖ-ਵੱਖ ਨਮੂਨੇ ਫਿਰ ਸਿਰ ਖੜ੍ਹਾ ਕਰ ਰਹੇ ਹਨ ਜੋ ਕਿ ਮੰਦਭਾਗੀ ਗੱਲ ਹੈ ਅਤੇ ਇਸ ਮੁੱਦੇ ਨੂੰ ਨਿਬੜਿਆ ਹੋਇਆ ਸਮਝਿਆ ਜਾਣਾ ਚਾਹੀਦਾ ਹੈ।

## ਸੰਵਿਧਾਨਿਕ ਸੋਧਾਂ

ਸੰਵਿਧਾਨ ਦੇ ਮੌਜੂਦਾ ਪ੍ਰਬੰਧਾਂ ਤਹਿਤ ਕੇਂਦਰ ਨੂੰ ਨਿਰਮਾਣ ਤੋਂ ਇਲਾਵਾ ਲੇਵੀ ਕਰ ਲਾਉਣ ਅਤੇ ਰਾਜਾਂ ਨੂੰ ਸੇਵਾਵਾਂ ਉਪਰ ਕਰ ਲਾਉਣ ਦਾ ਅਧਿਕਾਰ ਨਹੀਂ ਹੈ। ਇਸ ਲਈ ਜੀ ਐੱਸ ਟੀ ਲਾਗੂ ਕਰਨ ਲਈ ਪਹਿਲਾਂ ਸੰਵਿਧਾਨ ਵਿਚ ਸੋਧ ਕਰਨੀ ਜ਼ਰੂਰੀ ਹੈ। ਇਸ ਲਈ 22 ਮਾਰਚ 2011 ਨੂੰ ਵਿੱਤ ਮੰਤਰਾਲਾ ਵਲੋਂ ਲੋਕ ਸਭਾ ਵਿਚ 115ਵਾਂ ਸੋਧ ਬਿਲ ਪੇਸ਼ ਕੀਤਾ ਗਿਆ। ਅਹਿਮ ਗੱਲ ਹੈ ਕਿ ਇਸ ਬਿਲ ਤੋਂ ਪਹਿਲਾਂ ਅਧਿਕਾਰ ਪ੍ਰਾਪਤ ਕਮੇਟੀ ਨੇ ਕੇਂਦਰੀ ਸਰਕਾਰ ਵਲੋਂ ਭੇਜੇ ਗਏ ਸੰਵਿਧਾਨਕ ਸੋਧ ਬਿਲ ਦੇ ਤਿੰਨ ਖਰੜਿਆਂ ਉਪਰ ਵਿਚਾਰ ਕੀਤਾ। ਰਾਜਾਂ ਨੂੰ ਬਿਲ ਵਿਚਲੇ ਪ੍ਰਬੰਧਾਂ ਉਪਰ ਹੇਠ ਲਿਖੇ ਗੰਭੀਰ ਇਤਰਾਜ਼ ਹਨ :

ਪਹਿਲਾ, ਤਜਵੀਜ਼ਸ਼ੁਦਾ ਸੰਵਿਧਾਨਕ ਸੋਧ ਵਿਚ ਕਰ ਦੀਆਂ ਦਰਾਂ, ਛੋਟਾਂ ਅਤੇ ਹੱਦਾਂ ਤੈ ਕਰਨ ਜਿਹੇ ਮੁੱਦਿਆਂ ਉਪਰ ਸਿਫ਼ਾਰਸ਼ਾਂ ਦੇਣ ਲਈ ਜੀ ਐੱਸ ਟੀ ਕੌਂਸਿਲ ਬਣਾਉਣ ਦੀ ਗੱਲ ਕਹੀ ਗਈ ਹੈ।

**ਬਿਲ ਰਾਸ਼ਟਰਪਤੀ ਨੂੰ ਇਹ ਅਧਿਕਾਰ ਦਿੰਦਾ ਹੈ ਕਿ ਉਹ ਕੇਂਦਰੀ ਵਿੱਤ ਮੰਤਰੀ ਨੂੰ ਮੁਖੀ ਅਤੇ ਮਾਲੀਏ ਬਾਰੇ ਕੇਂਦਰੀ ਰਾਜ ਮੰਤਰੀ ਅਤੇ ਵੱਖ-ਵੱਖ ਰਾਜਾਂ ਦੇ ਵਿੱਤ ਮੰਤਰੀਆਂ ਨੂੰ ਮੈਂਬਰ ਵਜੋਂ ਲੈ ਕੇ ਇਕ ਪਰਿਸ਼ਦ ਕਾਇਮ ਕਰੇ ਪਰ ਰਾਜ ਪਰਿਸ਼ਦ ਵਿਚ ਬਰਾਬਰ ਦਾ ਅਧਿਕਾਰ ਮੰਗਦੇ ਹਨ। ਜਿਸ ਦੇ ਮੱਦੇ ਨਜ਼ਰ ਸਾਡਾ ਸੁਝਾਅ ਹੈ ਕਿ ਜੀ ਐੱਸ ਟੀ ਪਰਿਸ਼ਦ ਮੌਜੂਦਾ ਅਧਿਕਾਰ ਪ੍ਰਾਪਤ ਕਮੇਟੀ ਦੀ ਤਰਜ਼ 'ਤੇ ਬਣਾਈ ਜਾਵੇ ਜਿਸ ਦਾ ਇਕ ਦਹਾਕੇ ਤੋਂ ਕਰ ਸਿਲਸਿਲੇ ਸੁਧਾਰਾਂ ਬਾਰੇ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਣ ਦਾ ਇਤਿਹਾਸ ਹੈ। ਇੰਝ, ਤਜਵੀਜ਼ਸ਼ੁਦਾ ਪਰਿਸ਼ਦ ਵਿਚ ਕੇਂਦਰੀ ਵਿੱਤ ਮੰਤਰੀ ਅਤੇ ਰਾਜਾਂ ਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿਚ ਸਾਰੇ ਵਿੱਤ ਮੰਤਰੀ ਮੈਂਬਰ ਵਜੋਂ ਸ਼ਾਮਿਲ ਕੀਤੇ ਜਾਣ।**

ਦੂਜਾ, ਬਿਲ ਵਿਚ ਜੀ ਐੱਸ ਟੀ ਵਿਵਾਦ ਨਿਬੇੜਨ ਬਾਰੇ ਅਥਾਰਿਟੀ ਕਾਇਮ ਕਰਨ ਦੀ ਗੱਲ ਕਹੀ ਗਈ ਹੈ ਜਿਸ ਤਹਿਤ ਜੀ ਐੱਸ ਟੀ ਕੌਂਸਿਲ ਦੀਆਂ ਸਿਫ਼ਾਰਸ਼ਾਂ ਵਿਚ ਕਿਸੇ ਅਸੰਗਤੀ ਕਾਰਨ ਪੈਦਾ ਹੋਣ ਵਾਲੇ ਵਿਵਾਦ ਦੇ ਹੱਲ ਲਈ ਇਕ ਚੇਅਰਪਰਸਨ ਅਤੇ ਦੋ ਮੈਂਬਰ ਹੋਣਗੇ। ਰਾਜਾਂ ਨੂੰ ਅਜਿਹਾ ਅਦਾਰਾ ਕਾਇਮ ਕੀਤੇ ਜਾਣ ਦੀ ਲੋੜ ਨੂੰ ਲੈ ਕੇ ਵੀ ਖਦਸ਼ਾ ਹੈ।

ਤੀਜਾ, ਪੈਟਰੋਲੀਅਮ ਉਤਪਾਦਾਂ ਨੂੰ ਜੀ ਐੱਸ ਟੀ ਦੇ ਦਾਇਰੇ ਤੋਂ ਬਾਹਰ ਰੱਖਣ ਦੇ ਫ਼ੈਸਲੇ ਉਪਰ ਮੁੜ ਵਿਚਾਰ ਦੀ ਲੋੜ ਹੈ। ਕਰ ਦੇ ਵਿਸਤ੍ਰਿਤ ਆਧਾਰ ਲਈ ਪੈਟਰੋਲੀਅਮ ਉਤਪਾਦਾਂ ਨੂੰ ਜੀ ਐੱਸ ਟੀ ਵਿਚ ਸ਼ਾਮਿਲ ਕੀਤਾ ਜਾਵੇ ਭਾਵੇਂ ਜੀ ਐੱਸ ਟੀ ਇਸ ਵੇਲੇ ਇਨ੍ਹਾਂ ਵਸਤਾਂ ਉਪਰ ਲਾਗੂ ਨਹੀਂ ਹੈ ਪਰ ਇਨ੍ਹਾਂ ਨੂੰ ਜੀ ਐੱਸ ਟੀ ਦੇ ਦਾਇਰੇ ਤੋਂ ਬਾਹਰ ਰੱਖ ਕੇ ਸੰਵਿਧਾਨਕ ਸੋਧ ਬਿਲ ਲਿਆਉਣ ਨਾਲ ਕਰ ਪ੍ਰਣਾਲੀ ਗ਼ੈਰ-ਲਚਕੀਲੀ ਰਹੇਗੀ। ਭਵਿੱਖ ਵਿਚ ਰਾਜ ਜਾਂ ਕੇਂਦਰ ਵਲੋਂ ਇਨ੍ਹਾਂ ਵਸਤਾਂ ਉਪਰ ਜੀ ਐੱਸ ਟੀ ਲਾਗੂ ਕਰਨ 'ਤੇ ਮੁੜ ਸੰਵਿਧਾਨ ਸੋਧ ਦੀ ਲੋੜ ਹੋਵੇਗੀ। ਆਸ ਹੈ ਕਿ ਇਨ੍ਹਾਂ ਮੁੱਦਿਆਂ ਬਾਰੇ ਕੇਂਦਰ ਤੇ ਰਾਜਾਂ ਵਿਚਕਾਰ ਆਮ ਰਾਇਮ ਕਾਇਮ ਹੋ ਸਕੇਗੀ।

## ਜੀ ਐੱਸ ਟੀ ਦਾ ਪ੍ਰਸ਼ਾਸਨ

ਜੀ ਐੱਸ ਟੀ ਨੂੰ ਚਲਾਉਣਾ ਆਪਣੇ ਆਪ ਵਿਚ ਗੁੰਝਲਦਾਰ ਮੁੱਦਾ ਬਣ ਗਿਆ ਹੈ। ਅਧਿਕਾਰ ਪ੍ਰਾਪਤ ਕਮੇਟੀ ਵਲੋਂ ਨਿਯੁਕਤ ਸਾਂਝੇ ਕਾਰਜਕਾਰੀ ਗਰੁਪ ਨੇ ਸੁਝਾਅ ਦਿਤਾ ਹੈ ਕਿ ਇਕ ਹੱਦ ਤੋਂ ਹੇਠਾਂ ਵਾਲੇ ਤੈਸ਼ੁਦਾ ਕਰ ਦਾਤਾ ਦਿਨ ਪ੍ਰਤਿ ਦਿਨ ਦੇ ਪ੍ਰਸ਼ਾਸਨਿਕ ਮਾਮਲਿਆਂ ਵਿਚ ਰਾਜ ਅਥਾਰਿਟੀਆਂ ਨੂੰ ਜਵਾਬਦੇਹ ਹੋਣਗੇ ਜਿਸ ਵਿਚ ਕਿ ਸੀ ਜੀ ਐੱਸ ਟੀ ਅਤੇ ਐੱਸ ਜੀ ਐੱਸ ਵੀ ਦੋਹਾਂ ਬਾਰੇ ਰਜਿਸਟ੍ਰੇਸ਼ਨ, ਇਕੱਤਰਤਾ ਅਤੇ ਆਮਦਨ ਕਰ ਜਿਹੇ ਮੁੱਦੇ ਸ਼ਾਮਿਲ ਹਨ ਜਦ ਕਿ ਇਕ ਖ਼ਾਸ ਹੱਦ ਤੋਂ ਬਾਅਦ ਵਾਲੇ ਕਰ-ਦਾਤਾ ਕੇਂਦਰ ਅਤੇ ਰਾਜ ਅਥਾਰਿਟੀਆਂ ਦੋਹਾਂ ਨੂੰ ਜਵਾਬਦੇਹ ਹੋਣਗੇ। ਅਧਿਕਾਰ ਪ੍ਰਾਪਤ ਕਮੇਟੀ ਨੇ ਇਨ੍ਹਾਂ ਸਿਫ਼ਾਰਸ਼ਾਂ ਉੱਪਰ ਅੱਗੋਂ ਗੌਰ ਕਰਦਿਆਂ ਭਾਰਤ ਵਿਚ ਜੀ ਐੱਸ ਟੀ ਬਾਰੇ ਦਿਸ਼ਾ-ਨਿਰਦੇਸ਼ ਅਤੇ ਨਮੂਨਾ ਦੇ ਨਾਂ ਦਾ ਦਸਤਾਵੇਜ਼ ਜਾਰੀ ਕੀਤਾ। ਇੰਝ ਹੀ, ਪ੍ਰਸ਼ਾਸਨਿਕ ਕਾਰਜਾਂ ਦੀ ਜ਼ਿੰਮੇਵਾਰੀ, ਸਾਜ਼-ਸਾਮਾਨ ਜਾਂ ਸੇਵਾਵਾਂ ਦੇ ਹੇਠ ਲਿਖੇ ਤੈਸ਼ੁਦਾ ਕੁੱਲ ਟਰਨ ਓਵਰ (ਵੱਟਤ) ਮਤਾਬਿਕ ਹੋਵੇਗੀ।

- 1.5 ਕਰੋੜ ਰੁਪਏ ਦੇ ਸਾਜ਼-ਸਾਮਾਨ ਦੀ ਕੁੱਲ ਟਰਨ ਓਵਰ ਨੂੰ ਰਾਜਾਂ ਵਲੋਂ ਦੇਖਿਆ ਜਾਵੇਗਾ।
- 1.5 ਕਰੋੜ ਰੁਪਏ ਦੀ ਸੇਵਾਵਾਂ ਬਾਰੇ ਟਰਨ ਓਵਰ ਨੂੰ ਕੇਂਦਰ ਵਲੋਂ ਵੇਖਿਆ ਜਾਵੇਗਾ।
- 1.5 ਕਰੋੜ ਰੁਪਏ ਤੋਂ ਵੱਧ ਕੁੱਲ ਟਰਨ ਓਵਰ ਨੂੰ ਦੋਹਾਂ ਸਰਕਾਰਾਂ ਵਲੋਂ ਕੇਂਦਰ ਵੱਲ ਸੀ ਜੀ ਐੱ ਟੀ ਦੇ ਪ੍ਰਸ਼ਾਸਨ ਲਈ ਅਤੇ ਰਾਜਾਂ ਵੱਲ ਐੱਸ ਜੀ ਐੱਸ ਟੀ ਦੇ ਪ੍ਰਸ਼ਾਸਨ ਲਈ ਦੇਖਿਆ ਜਾਵੇਗਾ।

ਜੀ ਐੱਸ ਟੀ ਪ੍ਰਸ਼ਾਸਨ ਦੇ ਇਸ ਢਾਂਚੇ ਵਿਚ ਨਾ ਸਿਰਫ਼ ਸਰਕਾਰ ਦੇ ਦੋਵੇਂ ਪੱਧਰ ਸ਼ਾਮਿਲ ਹੋਣਗੇ ਸਗੋਂ ਵਪਾਰੀਆਂ ਅਤੇ ਕੇਂਦਰ ਅਤੇ ਰਾਜਾਂ ਦੇ ਕਰ ਪ੍ਰਸ਼ਾਸਨ ਅਧਿਕਾਰੀਆਂ ਦਰਮਿਆਨ ਸੰਵਾਦ ਵੀ ਕਾਇਮ ਹੋਵੇਗਾ।

ਪਰ ਕਰ ਦਾਤਾ ਦੀ ਸਹੂਲਤ ਦੇ ਨੇਮਾਂ ਅਤੇ ਕਰ ਭੁਗਤਾਨ ਕਰਾਉਣ ਉਪਰ ਘੱਟੋ-ਘੱਟ ਲਾਗਤ ਦੇ ਮੱਦੇ ਨਜ਼ਰ ਇਹ ਸੁਝਾਅ ਦਿਤਾ ਜਾਂਦਾ ਹੈ ਕਿ ਪ੍ਰਸ਼ਾਸਨਿਕ ਕਾਰਜਾਂ ਵਿਚ ਦੋਹਾਂ ਸਰਕਾਰਾਂ ਨੂੰ ਉਲਝਾਉਣ ਦੀ ਬਜਾਇ ਕੇਂਦਰ ਤੇ ਰਾਜਾਂ ਦੋਹਾਂ ਨੂੰ ਵਿਸ਼ੇਸ਼ ਚੋਣਵੇਂ ਕਾਰਜ ਦਿਤੇ ਜਾਣ। ਇਸ ਲਈ ਭਾਰਤ ਵਿਚ ਤਰਕਸੰਗਤ ਜੀ ਐੱਸ ਟੀ ਸਿਲਸਿਲੇ ਨੂੰ ਲਾਗੂ ਕਰਨ ਲਈ ਹੇਠ ਲਿਖੇ ਸੁਝਾਅ ਪੇਸ਼ ਹਨ।

ਪਹਿਲਾ, ਜੀ ਐੱਸ ਟੀ ਵਿਭਾਗ (ਐੱਸ ਜੀ ਐੱਸ ਟੀ ਅਤੇ ਸੀ ਜੀ ਐੱਸ ਟੀ) ਦਾ ਮੁੜ ਨਿਰਮਾਣ ਕੀਤਾ ਜਾਵੇ ਤਾਂ ਜੋ ਕੇਂਦਰੀ ਅਤੇ ਰਾਜ ਦੋਹਾਂ ਪੱਧਰਾਂ ਦੇ ਹਰ ਕਰ ਵਿਭਾਗ ਦੀ ਜ਼ਿੰਮੇਵਾਰੀ, ਜਵਾਬਦੇਹੀ ਅਤੇ ਅਧਿਕਾਰ ਸਪੱਸ਼ਟ ਰੂਪ ਵਿਚ ਦੱਸੇ ਜਾ ਸਕਣ।

ਦੂਜਾ, ਕੇਂਦਰੀ ਪੱਧਰ ਉਪਰ ਅਧਿਕਾਰੀਆਂ ਦੀ ਸੀਮਤ ਸੰਖਿਆ ਦੇ ਮੱਦੇ-ਨਜ਼ਰ ਇਹ ਸੁਝਾਅ ਹੈ ਕਿ ਇਨ੍ਹਾਂ ਅਧਿਕਾਰੀਆਂ ਨੂੰ ਸੀ ਜੀ ਐੱਸ ਟੀ ਅਤੇ ਐੱਸ ਜੀ ਐੱਸ ਟੀ ਹੇਠ ਵੱਡੀ ਗਿਣਤੀ ਵਿਚ ਡੀਲਰਾਂ ਦੀਆਂ ਸਰਗਰਮੀਆਂ ਦੀ ਨਿਗਰਾਨੀ ਦੇ ਵਿਸ਼ੇਸ਼ ਕਾਰਜ 'ਤੇ ਲਾਇਆ ਜਾਵੇ। ਰਜਿਸ-ਟਰੇਸ਼ਨ, ਕਰ ਦਾ ਭੁਗਤਾਨ ਅਤੇ ਹਰ ਡੀਲਰ ਵਲੋਂ ਰਿਟਰਨ ਭਰੇ ਜਾਣ ਜਿਹੇ ਕਾਰਜ ਰਾਜਾਂ ਦੇ ਜ਼ਿੰਮੇ ਲਾਇਆ ਜਾਵੇ। ਭਾਵ ਇਹ ਕਿ ਡੀਲਰ ਆਪਣੀਆਂ ਰਿਟਰਨਾਂ ਦੀ ਰਜਿਸਟਰੇਸ਼ਨ ਉਸੇ ਰਾਜ ਵਿਭਾਗ ਵਿਚ ਕਰਵਾਉਣਗੇ ਜਿਥੇ ਉਹ ਕੰਮ ਕਰਦੇ ਹਨ ਅਤੇ ਉਥੇ ਹੀ ਰਿਟਰਨ ਜਮ੍ਹਾਂ ਵੀ ਕਰਵਾਉਣਗੇ। ਇੰਝ ਆਮ ਤੌਰ ਤੇ ਉਹ ਉਨ੍ਹਾਂ ਦਾ ਇਕੋ ਕਰ ਅਥਾਰਿਟੀ ਨਾਲ ਵਾਹ ਪਵੇਗਾ।

ਤੀਜਾ, ਰਜਿਸਟਰਡ ਡੀਲਰ ਵਲੋਂ ਕਰ ਦਾ ਭੁਗਤਾਨ ਸੰਬੰਧਿਤ ਸਰਕਾਰ ਦੇ ਬੈਂਕ ਖਾਤੇ ਵਿਚ ਕੀਤਾ ਜਾਵੇਗਾ। ਭਾਵ, ਐੱਸ ਜੀ ਐੱਸ ਟੀ ਦੀ ਕਰ ਰਸੀਦ ਰਾਜ ਸਰਕਾਰ ਦੇ ਅਤੇ ਸੀ ਜੀ ਐੱਸ ਟੀ ਕਰ ਰਸੀਦ ਦਾ ਭੁਗਤਾਨ ਕੇਂਦਰੀ ਸਰਕਾਰ ਦੇ ਬੈਂਕ ਖਾਤੇ ਵਿਚ ਕੀਤਾ ਜਾਵੇਗਾ।

ਚੌਥਾ, ਨਵੇਂ ਸਿਲਸਿਲੇ ਤਹਿਤ ਦਸਤਾਵੇਜ਼ਾਂ ਦੀ ਬਹੁ-ਪੱਧਰੀ ਜਾਂਚ-ਪੜਤਾਲ ਹੋਰ ਮਜ਼ਬੂਤ ਕੀਤੀ ਜਾਵੇ। ਢੁਕਵੀਂ ਜਾਂਚ-ਪੜਤਾਲ ਦੀ ਅਣਹੋਂਦ ਕਾਰਨ ਡੀਲਰ ਕਰ ਭੁਗਤਾਨ ਅਤੇ ਹੋਰ ਦੇਣਦਾਰੀਆਂ ਤੋਂ ਬਚਦੇ ਹਨ। ਫਰਾਂਸ ਵਿਚ ਕਾਇਮ ਕਰ-ਚੋਰੀ ਵਿਰੋਧੀ ਅਦਾਰੇ ਵਾਂਗ ਕੇਂਦਰੀ

ਅਤੇ ਖੇਤਰੀ ਅਜਿਹੇ ਵਿਭਾਗ ਕਾਇਮ ਕਰਕੇ ਕਰ ਚੋਰੀ ਨੂੰ ਰੋਕਿਆ ਜਾ ਸਕਦਾ ਹੈ ਅਤੇ ਫਰਾਂਸ ਵਾਂਗ ਹੀ ਇਹ ਕਾਰਜ ਐੱਸ ਜੀ ਐੱਸ ਟੀ ਅਤੇ ਸੀ ਜੀ ਐੱਸ ਟੀ ਅਧਿਕਾਰੀਆਂ ਦਰਮਿਆਨ ਵੰਡਿਆ ਜਾ ਸਕਦਾ ਹੈ। ਪਹਿਲਾ, ਰਾਜ ਸਰਹੱਦਾਂ ਅੰਦਰ ਜਾਂਚ-ਪੜਤਾਲ ਦੇ ਮੁੱਦੇ ਨਾਲ ਨਜਿੱਠੇ ਅਤੇ ਦੂਜਾ ਵਿਭਾਗ, ਅੰਤਰਰਾਜੀ ਅਤੇ ਅੰਤਰਰਾਸ਼ਟਰੀ ਕਰ ਚੋਰੀ ਮਾਮਲਿਆਂ ਵੱਲ ਧਿਆਨ ਦੇਵੇ।

ਪੰਜਵਾਂ, ਸੂਚਿਤ ਕਰ ਅਤੇ ਕਰ ਦਾਤਾ ਦੀ ਅਸਲ ਕਰ ਦੇਣਦਾਰੀ ਵਿਚ ਫ਼ਰਕ ਬਣਾਉਣ ਲਈ ਲੇਖਾ-ਪੜਤਾਲ ਲਾਜ਼ਮੀ ਹੈ। ਇਸ ਲਈ ਜ਼ਰੂਰੀ ਹੈ ਕਿ ਇਕ ਢੁਕਵਾਂ ਲੇਖਾ ਸਿਲਸਿਲਾ ਕਾਇਮ ਕੀਤਾ ਜਾਵੇ ਜੋ ਵੱਖ-ਵੱਖ ਆਰਥਿਕ ਸਰਗਰਮੀਆਂ ਅਤੇ ਸਾਜ਼-ਸਾਮਾਨ ਅਤੇ ਸੇਵਾਵਾਂ ਦੇ ਟਰਨ ਓਵਰ (ਵੱਟਤ) ਤਹਿਤ ਸ਼੍ਰੇਣੀਗਤ ਕੀਤੇ ਵੱਖ-ਵੱਖ ਕਰ ਦਾਤਿਆਂ ਨੂੰ ਆਪਣੇ ਦਾਇਰੇ ਹੇਠ ਲਵੇ। ਇਸ ਵਲੋਂ ਪਾਲਣਾ ਨਾ ਕਰਨ ਵਾਲਿਆਂ ਦੀ ਸ਼ਨਾਖ਼ਤ ਅਤੇ ਢੁਕਵੇਂ ਢੰਗ ਨਾਲ ਨਜਿੱਠਣ ਲਈ ਵੱਖ-ਵੱਖ ਢੰਗ ਤਰੀਕੇ ਵੀ ਅਪਨਾਉਣੇ ਚਾਹੀਦੇ ਹਨ ਕਿਉਂਕਿ ਜੀ ਐੱਸ ਟੀ ਲੇਖਾ ਸਥਾਨਕ ਅਤੇ ਅੰਤਰਰਾਜੀ ਦੋਹਾਂ ਮੁੱਦਿਆਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਲੇਖਾ-ਜਾਂਚ ਜ਼ਿੰਮੇਵਾਰੀ ਐੱਸ ਜੀ ਐੱਸ ਟੀ ਅਤੇ ਸੀ ਜੀ ਐੱਸ ਟੀ ਦੋਹਾਂ ਅਧਿਕਾਰੀਆਂ ਨੂੰ ਦਿਤੀ ਜਾਵੇ ਜਿਸ ਵਿਚ ਆਮ ਤੌਰ ਤੇ ਅੰਤਰਰਾਜੀ ਮਾਮਲੇ ਸੀ ਜੀ ਐੱਸ ਟੀ ਅਧਿਕਾਰੀ ਵੇਖਣ। ਅਜਿਹਾ ਕਰਨ ਨਾਲ ਮਾਮਲਿਆਂ ਦੀ ਚੋਣ ਵਿਚ ਐੱਸ ਜੀ ਐੱਸ ਟੀ ਅਤੇ ਸੀ ਜੀ ਐੱਸ ਟੀ ਦੇ ਚੋਟੀ ਦੇ ਅਧਿਕਾਰੀਆਂ ਦਰਮਿਆਨ ਸਹੀ ਤਾਲਮੇਲ ਬਣ ਸਕੇਗਾ।

ਛੇਵਾਂ, ਐੱਮ ਆਈ ਐੱਸ ਕੋਲ ਐੱਸ ਜੀ ਐੱਸ ਟੀ ਅਤੇ ਸੀ ਜੀ ਐੱਸ ਟੀ ਦੋਹਾਂ ਦਫ਼ਤਰਾਂ ਦੀ ਸਾਂਝੀ ਸਰਗਰਮੀ ਹੋਵੇਗੀ। ਪੈਨ ਨੰਬਰ ਅਤੇ ਕਰ ਸੂਚਨਾ ਤਬਾਦਲਾ ਸਿਲਸਿਲੇ (ਟੀ ਆਈ ਐੱਨ ਐਕਸ ਐੱਸ ਵਾਈ ਐੱਸ) ਰਾਹੀਂ ਆਮਦਨ ਕਰ ਅਤੇ ਕਸਟਮ ਅਤੇ ਐੱਸ ਜੀ ਐੱਸ ਟੀ ਅਤੇ ਸੀ ਜੀ ਐੱਸ ਟੀ ਲਈ ਸੂਚਨਾ ਜੀ ਐੱਸ ਟੀ ਪ੍ਰਸ਼ਾਸਨ ਦਾ ਜ਼ਰੂਰੀ ਹਿੱਸਾ ਹੋਵੇਗੀ। ਇਹ ਜਾਣਕਾਰੀਆਂ ਭਾਵੇਂ ਸੰਬੰਧਿਤ ਅਥਾਰਿਟੀਆਂ ਕੋਲ ਹੋਣਗੀਆਂ ਪਰ ਹੋਰ ਕਰ ਵਿਭਾਗਾਂ ਤੋਂ ਅਧਿਕਾਰੀ ਲੋੜ ਪੈਣ 'ਤੇ ਇਸ ਸੂਚਨਾ ਤਕ ਪਹੁੰਚ ਕਰ ਸਕਣਗੇ।

## ਸਿੱਟਾ

ਕੇਂਦਰੀ ਅਤੇ ਰਾਜ ਸਰਕਾਰਾਂ ਦੇ ਅਸਿੱਧੀ ਕਰ ਪ੍ਰਣਾਲੀ ਵਿਚ ਜੀ ਐੱਸ ਟੀ ਨੂੰ ਲਾਗੂ ਕੀਤੇ ਜਾਣ ਅਤੇ ਕੇਂਦਰੀ ਸਰਕਾਰ ਦੇ ਸਿੱਧੇ ਕਰ ਸਿਲਸਿਲੇ ਵਿਚ ਡੀ ਟੀ ਸੀ ਪ੍ਰਣਾਲੀ ਲਾਗੂ ਕੀਤੇ ਜਾਣ ਨਾਲ ਇਕ ਆਰਥਿਕ ਰੂਪ ਵਿਚ ਕਾਰਗਰ, ਕਿਫ਼ਾਇਤੀ ਅਤੇ ਪਾਰਦਰਸ਼ੀ ਕਰ ਸਿਲਸਿਲਾ ਕਾਇਮ ਹੋਣ ਵਿਚ ਮਦਦ ਮਿਲੇਗੀ। ਇਹ ਭਾਰਤੀ ਕਰ ਦਾਤਾ ਨੂੰ ਆਪਣੀ ਧਰਤੀ 'ਤੇ ਅਤੇ ਅੰਤਰਰਾਸ਼ਟਰੀ ਬਾਜ਼ਾਰ ਵਿਚ ਮੁਕਾਬਲੇਬਾਜ਼ੀ ਕਰਨ ਯੋਗ ਬਣਾਏਗਾ ਪਰ ਇਸ ਸਿਲਸਿਲੇ ਨੂੰ ਲਾਗੂ ਕੀਤੇ ਜਾਣ ਵਿਚਾਲੇ ਅੜਿੱਕਿਆਂ ਨੂੰ ਦੂਰ ਕਰਨਾ ਜ਼ਰੂਰੀ ਹੈ। ਰਾਜ ਪੱਧਰ 'ਤੇ ਹੋਰ ਕਰਾਂ ਜਿਵੇਂ ਕਿ ਰਾਜ-ਮਹਿਸੂਲ, ਮੋਟਰ-ਵਾਹਨ ਕਰ, ਸਵਾਰੀ ਅਤੇ ਸਾਜ਼-ਸਾਮਾਨ ਕਰ ਅਤੇ ਅਸ਼ਟਾਮ ਦਰ ਅਤੇ ਰਜਿਸਟਰੀ ਆਦਿ ਵਿਚ ਵੀ ਅੱਗੋਂ ਸੁਧਾਰ ਦੀ ਲੋੜ ਹੈ। ਅਜਿਹਾ ਕੀਤੇ ਜਾਣ ਨਾਲ ਭਾਰਤੀ ਕਰ ਪ੍ਰਣਾਲੀ ਦੇਸ਼ ਨੂੰ ਭਵਿੱਖ ਵਿਚ ਵਿਕਾਸ ਅਤੇ ਖ਼ੁਸ਼ਹਾਲੀ ਦੇ ਨਵੇਂ ਦਿਸਹੱਦਿਆਂ ਵੱਲ ਲੈ ਜਾਵੇਗੀ।

*(ਲੇਖਕ ਡਾਇਰੈਕਟਰ, ਫਾਊਂਡੇਸ਼ਨ ਫਾਰ ਇਕਨੌਮਿਕ ਐਂਡ ਪੋਲਿਸੀ ਰਿਸਰਚ, ਨਵੀਂ ਦਿੱਲੀ ਹੈ।)*

*e-mail :maheshpur@gmail.com*

ਸਫ਼ਾ 16 ਦੀ ਬਾਕੀ

ਹਿੱਸਾ ਸੀ ਅਤੇ ਭਾਵੇਂ 1990-92 ਦੇ ਮੁਕਾਬਲੇ 2009-11 ਦੌਰਾਨ ਪ੍ਰਤਿ ਵਿਅਕਤੀ ਕੁੱਲ ਘਰੇਲੂ ਉਤਪਾਦ ਦਰ ਵਿਚ ਵਾਧਾ ਹੋਇਆ, ਪਰ ਇਹ ਅਜੇ ਵੀ ਚੀਨ ਅਤੇ ਨਿਮਨ ਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ ਨਾਲੋਂ ਘੱਟ ਸੀ।

## ਸਮਾਪਤੀ ਟਿੱਪਣੀਆਂ

ਜੇ ਹੋਰ ਕੁਝ ਨਹੀਂ ਤਾਂ ਇਸ ਲੇਖ ਰਾਹੀ ਭਾਰਤੀ ਨੌਜਵਾਨਾਂ ਲਈ ਸਿੱਖਿਆ ਅਤੇ ਰੁਜ਼ਗਾਰ ਦੇ ਵੱਡੇ ਮੌਕੇ ਪੈਦਾ ਕਰਨ ਲਈ ਜ਼ੋਰਦਾਰ ਢੰਗ ਨਾਲ ਕੰਮ ਕਰਨ ਵੱਲ ਧਿਆਨ ਖਿੱਚਿਆ ਗਿਆ ਹੈ। ਇਨ੍ਹਾਂ ਟੀਚਿਆਂ ਨੂੰ ਹਾਸਲ ਕਰਨ ਦੇ ਢੰਗ ਤਰੀਕਿਆਂ ਬਾਰੇ ਦੱਸਣਾ ਇਸ ਲੇਖ ਦੇ ਵਿਸ਼ੇ ਤੋਂ ਬਾਹਰ ਹੈ, ਫਿਰ ਵੀ ਕੁਝ ਨੁਕਤੇ ਗਿਣਾਏ ਜਾ ਸਕਦੇ ਹਨ। ਪਹਿਲਾ ਮਨੁੱਖਾਂ (ਅਧਿਆਪਕਾਂ ਅਤੇ ਪੂੰਜੀ) ਦੋਹਾਂ ਪੱਧਰਾਂ 'ਤੇ ਮੁਢਲੀ, ਸੈਕੰਡਰੀ, ਉੱਚੇਰੀ ਪੇਸ਼ੇਵਰਾਨਾ ਅਤੇ ਕਿੱਤਾ ਮੁਖੀ ਸਮੁੱਚੀ ਸਿੱਖਿਆ ਵਿਚ ਸਰਕਾਰੀ ਅਤੇ ਨਿੱਜੀ ਪੂੰਜੀਕਾਰੀ ਵਿਚ ਵਾਧਾ ਕੀਤਾ ਜਾਵੇ। ਅਜਿਹੀ ਪੂੰਜੀ ਘਰੇਲੂ ਅਤੇ ਵਿਦੇਸ਼ੀ ਸਿੱਧੀ ਪੂੰਜੀਕਾਰੀ (ਐਫ ਡੀ ਆਈ) ਦੋਹਾਂ ਵਸੀਲਿਆਂ ਤੋਂ ਲਈ ਜਾਵੇ। ਵਿਗਿਆਨ, ਇੰਜੀਨੀਅਰਿੰਗ ਅਤੇ ਗਣਿਤ ਦੇ ਵਿਸ਼ਿਆਂ ਉਪਰ ਖ਼ਾਸ ਧਿਆਨ ਦਿਤਾ ਜਾਵੇ। ਸਿੱਖਿਅਕ ਢਾਂਚਾ ਅਜਿਹੇ ਬਦਲਾਅ ਵੱਲ ਉਸਾਰੂ ਪ੍ਰਤਿਕਰਮ ਵਾਲਾ ਹੋਵੇ। ਸਿੱਖਿਆ ਦਾ ਤੇਜ਼ੀ ਨਾਲ ਪਾਸਾਰ ਯਕੀਨੀ ਬਣਾਉਣ ਲਈ ਇਕ ਨੇਮਬਧ ਸਿਲਸਿਲਾ ਕਾਇਮ ਹੋਵੇ ਅਤੇ ਕੇਂਦਰੀ ਅਤੇ ਰਾਜ ਸਰਕਾਰਾਂ ਸਹਿਕਾਰਤਾ ਵਾਲੇ ਸੰਘਵਾਦ ਨਾਲ ਕੰਮ ਕਰਨ।

**ਰੁਜ਼ਗਾਰ ਲਈ ਵੀ ਅਜਿਹੇ ਹੀ ਕਦਮ ਚੁੱਕੇ ਜਾਣੇ ਬਣਦੇ ਹਨ। ਹਾਲ ਹੀ ਵਿਚ ਭਾਰਤ ਨੇ ਤੇਜ਼ ਵਿਕਾਸ ਦਰ ਹਾਸਲ ਕੀਤੀ ਹੈ ਪਰ ਇਸ ਦੌਰਾਨ ਰੁਜ਼ਗਾਰ ਦੇ ਮੌਕੇ ਨਹੀਂ ਬਣੇ ਅਤੇ ਅਜਿਹੇ ਵਿਕਾਸ ਨੂੰ ਜਾਰੀ ਰਖਣਾ ਲਾਹੇਵੰਦ ਨਹੀਂ ਹੋਵੇਗਾ। ਵੱਡੇ ਅਤੇ ਛੋਟੇ ਵਪਾਰਕ ਉੱਦਮਾਂ ਲਈ ਕਿਰਤ ਅਤੇ ਉਤਪਾਦ ਬਾਜ਼ਾਰ ਨੇਮਬੰਦੀਆਂ ਜੋ ਕਿ ਕਿਰਤ ਗਤੀਸ਼ੀਲਤਾ ਅਤੇ ਘਰੇਲੂ ਅਤੇ ਅੰਤਰਰਾਸ਼ਟਰੀ ਬਾਜ਼ਾਰ ਦੀਆਂ ਸ਼ਰਤਾਂ ਲਈ ਅੜਿੱਕਾ ਬਣਦੀਆਂ ਹਨ, ਨਾਲ ਵੀ ਨਜਿੱਠਿਆ ਜਾਣਾ ਬਣਦਾ ਹੈ।**

ਸਭ ਤੋਂ ਵੱਧ ਲੋੜੀਂਦਾ ਬਦਲਾਅ, ਸ਼ਾਇਦ ਸਰਕਾਰੀ ਅਤੇ ਨਿੱਜੀ ਖੇਤਰਾਂ ਦੇ ਵਤੀਰੇ ਦਾ ਹੈ। ਵਿਕਾਸ ਅਤੇ ਗਰੀਬੀ ਦੇ ਮੁੱਦਿਆਂ ਨਾਲ ਜੁੜੇ ਰਹਿਣਾ ਅਜੋਕਾ ਰੁਝਾਨ ਸਮਝਿਆ ਜਾ ਸਕਦਾ ਹੈ ਪਰ ਇਹ ਸਮਝ, ਕਿ ਨੌਜਵਾਨ ਸ਼੍ਰੇਣੀ ਲਈ ਵਿੱਦਿਆ ਅਤੇ ਰੁਜ਼ਗਾਰ ਵਿਚ ਮੂਲ ਬਦਲਾਅ ਲਿਆਏ ਬਿਨਾਂ ਨਾ ਦਰਮਿਆਨੀ ਮਿਆਦ ਵਾਸਤੇ ਉੱਚ ਵਿਕਾਸ ਦਰ ਅਤੇ ਨਾ ਹੀ ਗਰੀਬੀ ਦਰ ਵਿਚ ਲਗਾਤਾਰ ਬਣੀ ਰਹਿਣ ਯੋਗ ਚੁਨੌਤੀ ਸੰਭਵ ਹੈ, ਨੂੰ ਲਾਜ਼ਮੀ ਤੌਰ ਤੇ ਭਾਰਤ ਦੇ ਵਿਕਾਸ ਫਲਸਫ਼ੇ ਦੇ ਕੇਂਦਰ ਵਿਚ ਹੋਣਾ ਚਾਹੀਦਾ ਹੈ।

*(ਲੇਖਕ ਅਸਟ੍ਰੇਲੀਅਨ ਨੈਸ਼ਨਲ ਯੂਨੀਵਰਸਿਟੀ, ਕੈਂਬਰਾ ਨਾਲ ਸੰਬੰਧਿਤ ਹੈ।)*

*e-mail: r.jha@anu.edu.au*

# ਪਾਇਦਾਰ ਵਿਕਾਸ ਤੋਂ ਸਮੁੱਚੇ ਜਾਰੀ ਰਹਿਣਯੋਗ ਮਾਨਵ ਵਿਕਾਸ ਤਕ

ਅਰਤਿਕਾ ਵਤਸ

ਭਾਰਤ ਦੀ ਹਾਲ ਹੀ ਦੀ ਆਰਥਿਕ ਵਿਕਾਸ ਦਰ ਨੂੰ ਜੇ ਦੇਸ਼ ਦੀ 1900-1950 ਦੇ ਸਮੇਂ ਦੀ ਇਕ ਪ੍ਰਤਿਸ਼ਤ ਪ੍ਰਤਿ ਸਾਲ ਵਿਕਾਸ ਦਰ ਅਤੇ ਆਜ਼ਾਦੀ ਤੋਂ ਤਿੰਨ ਦਹਾਕੇ ਬਾਅਦ ਦੇ ਸਮੇਂ ਦੀ ਲਗਭਗ 3.5 ਪ੍ਰਤਿਸ਼ਤ ਵਿਕਾਸ ਦਰ ਨਾਲ ਮੁਕਾਬਲਾ ਕੀਤਾ ਜਾਵੇ ਤਾਂ ਕਾਫ਼ੀ ਪ੍ਰਭਾਵੀ ਕਿਹਾ ਜਾ ਸਕਦਾ ਹੈ। ਅੰਤਰਰਾਸ਼ਟਰੀ ਸੰਦਰਭ ਵਿਚ ਜੇ 109 ਦੇਸ਼ਾਂ ਦੇ ਸੰਬੰਧ ਵਿਚ ਦੇਖਿਆ ਜਾਵੇ, ਜਿਨ੍ਹਾਂ ਬਾਰੇ ਖਰੀਦ ਸ਼ਕਤੀ ਸਮਾਨਤਾ ਸੋਧੇ ਅੰਕੜੇ ਉਪਲਬਧ ਹਨ ਤਾਂ ਪਤਾ ਲਗਦਾ ਹੈ ਕਿ ਭਾਰਤ 1975 ਵਿਚ 90ਵੇਂ ਸਥਾਨ 'ਤੇ ਅਤੇ 2004 ਵਿਚ 75ਵੇਂ ਸਥਾਨ 'ਤੇ ਪਹੁੰਚ ਗਿਆ ਹੈ।

**1991 ਤੋਂ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ (ਐੱਲ ਪੀ ਜੀ) ਨੀਤੀਆਂ ਅਪਣਾ ਲੈਣ ਨਾਲ ਭਾਰਤ ਵਿਦੇਸ਼ੀ ਮੁਦਰਾ ਭੰਡਾਰ, ਅੰਤਰਰਾਸ਼ਟਰੀ ਝਟਕਿਆਂ ਦੇ ਸਹਿਣ, ਸੂਚਨਾ ਤੇ ਸੰਚਾਰ ਤਕਨਾਲੋਜੀ, ਸਟਾਕ ਮਾਰਕੀਟ ਦਾ ਨਿਯੰਤ੍ਰਣ ਆਦਿ ਸਮੇਤ ਕਈ ਮੋਰਚਿਆਂ 'ਤੇ ਬਹੁਤ ਪ੍ਰਭਾਵਸ਼ਾਲੀ ਰਿਹਾ। ਭਾਰਤ ਨੂੰ ਅਨੁਕੂਲ ਨਿਰਭਰਤਾ ਅਨੁਪਾਤ ਅਤੇ ਉੱਚ ਜਨ ਅੰਕਕੀ ਲਾਭਾਂਸ਼ ਸਮਰਥਾ ਵਾਲਾ ਦੇਸ਼ ਕਰਕੇ ਜਾਣਿਆ ਜਾਂਦਾ ਹੈ। ਭਾਰਤੀ ਪੂੰਜੀ ਦੇ ਦੂਸਰੇ ਦੇਸ਼ਾਂ ਵਿਚ ਨਿਵੇਸ਼ ਦਾ ਵਿਸਥਾਰ ਹੋ ਰਿਹਾ ਹੈ ਜਿਸ ਦਾ ਭਾਰਤੀ ਬਹੁ-ਰਾਸ਼ਟਰੀ ਕੰਪਨੀਆਂ ਸੂਚਕ ਹਨ।**

ਪਰ ਬਦਕਿਸਮਤੀ ਇਹ ਹੈ ਕਿ ਭਾਰਤ ਵਿਚ ਸਮਾਜਿਕ ਆਰਥਿਕ ਬਦਲਾਅ ਅਤੇ ਮਾਨਵ ਵਿਕਾਸ ਇਸ ਦੇ ਵਿਕਾਸ ਦੇ ਮੁਕਾਬਲੇ ਨਹੀਂ ਹੋ ਰਿਹਾ ਅਤੇ ਇਸ ਨਾਲ ਚਾਲੂ ਵਿਕਾਸ ਮਾਡਲ ਦੀਆਂ ਨੀਤੀਆਂ ਉਪਰ ਸਵਾਲ ਖੜ੍ਹੇ ਹੁੰਦੇ ਹਨ। ਮੌਸਮ ਪਰਿਵਰਤਨ, ਅੰਤਰਰਾਸ਼ਟਰੀ ਅਪਰਾਧ ਅਤੇ ਆਤੰਕਵਾਦ, ਵਿੱਤੀ ਸੰਕਟ ਅਤੇ ਦਬਾਅ ਦੇਣ ਵਾਲੇ ਅੰਤਰਰਾਸ਼ਟਰੀ ਸੰਸਥਾਨ ਅਤੇ ਵਿਸ਼ਵੀਕਰਨ ਅਤੇ ਇਨ੍ਹਾਂ ਦੇ ਨਾਲ-ਨਾਲ ਸੂਚਨਾ ਤਕਨਾਲੋਜੀ ਅਤੇ ਸੰਚਾਰ ਤੇ ਗਿਆਨ ਇਨਕਲਾਬ ਭਰਪੂਰ ਅੱਜ ਦੇ ਵਿਸ਼ਵੀ ਸੰਦਰਭ ਮੌਕੇ ਅਤੇ ਸਖ਼ਤ ਚੁਨੌਤੀਆਂ ਪੈਦਾ ਕਰਦੇ ਹਨ। ਇਸ ਪਿਛੋਕੜ ਵਿਚ, ਵਿਦਵਾਨਾਂ ਨੇ ਇਕ ਅਜਿਹਾ ਮਾਡਲ ਵਿਕਸਤ ਕਰਨ ਦੀ ਲੋੜ ਮਹਿਸੂਸ ਕੀਤੀ ਜੋ ਨਾ ਸਿਰਫ਼ ਤੇਜ਼ ਵਿਕਾਸ ਲਿਆਵੇਗੀ ਪਰ ਉਹ ਪਾਇਦਾਰ, ਲੋਕ ਮੁਖੀ, ਪੂਰੀ ਤਰ੍ਹਾਂ ਸਮਾਵੇਸ਼ੀ ਅਤੇ ਵਿਵੇਕ ਨਾਲ ਚਲਾਇਆ ਜਾ ਰਿਹਾ ਹੋਵੇ। ਇਸ ਪਿਛੋਕੜ ਵਿਚ, ਇਕ ਵਿਕਾਸ ਮਾਡਲ ਜਿਸ ਨੂੰ ਸਮਾਵੇਸ਼ੀ ਪਾਇਦਾਰ ਮਾਨਵ ਵਿਕਾਸ ਕਿਹਾ ਜਾ ਸਕਦਾ ਹੈ, ਸੋਚਿਆ ਅਤੇ ਪ੍ਰਸਤਾਵਿਤ ਕੀਤਾ ਜਾ ਰਿਹਾ ਹੈ।

## ਜਾਰੀ ਰਹਿਣਯੋਗ ਵਿਕਾਸ

ਵਾਤਾਵਰਨ ਅਤੇ ਵਿਕਾਸ ਦਾ ਵਿਸ਼ਵ ਕਮਿਸ਼ਨ (ਜਿਸ ਨੂੰ ਬਰੰਟਲੈਂਡ ਕਮਿਸ਼ਨ – ਸਾਡਾ ਸਾਂਝਾ ਭਵਿੱਖ 1987 ਵੀ ਕਿਹਾ ਜਾਂਦਾ ਹੈ, ਦੇ ਸਫ਼ਾ 4-8) ਵਿਚ ਪਾਇਦਾਰ ਵਿਕਾਸ ਦੀ 'ਹੁਣ ਦੀ ਪੀੜ੍ਹੀ ਦੀਆਂ ਲੋੜਾਂ ਦੀ ਪੂਰਤੀ ਬਿਨਾਂ ਭਵਿੱਖ ਦੀ ਪੀੜ੍ਹੀ ਦੀਆਂ ਲੋੜਾਂ ਨਾਲ ਸਮਝੌਤੇ ਕਰਨ ਬਾਰੇ ਵਿਆਖਿਆ ਕੀਤੀ ਗਈ ਹੈ। ਪਾਇਦਾਰ ਵਿਕਾਸ ਬਾਰੇ ਕੋਈ ਵੀ ਚਰਚਾ ਵਾਤਾਵਰਨ ਅਤੇ ਅਰਥਤੰਤਰ ਦੇ ਆਪਸੀ ਸੰਬੰਧ ਉਪਰ ਜ਼ੋਰ ਦੇ ਕੇ ਹੋ ਸਕਦੀ ਹੈ ਜੋ ਨਾ ਸਿਰਫ਼ ਇਕ ਦੂਜੇ ਦੇ ਨੇੜੇ ਅਤੇ ਆਪਸ ਵਿਚ ਜੁੜੇ ਹੋਏ ਹਨ ਪਰ ਦੋ ਤਰਫ਼ੇ ਹਨ ਕਿਉਂਕਿ ਹਰ ਆਰਥਿਕ ਸਰਗਰਮੀ ਜਾਂ ਤਾਂ ਵਾਤਾਵਰਨ ਸਰੋਤਾਂ ਉਪਰ ਅਸਰ ਪਾਉਂਦੀ ਹੈ ਅਤੇ ਜਾਂ ਉਨ੍ਹਾਂ ਦੇ ਅਸਰ ਹੇਠ ਆਉਂਦੀ ਹੈ (ਆਰਥਿਕ ਸਰਵੇ 1999)। ਇਹ ਉਸ ਵਿਆਖਿਆ ਦੇ ਨੇੜੇ ਆ ਜਾਂਦਾ ਹੈ ਜਿਸ ਨੂੰ ਅਰਥਸ਼ਾਸਤਰੀ ਪਾਇਦਾਰ ਵਿਕਾਸ ਕਹਿੰਦੇ ਹਨ ਜਿਸ ਵਿਚ ਮੁੱਖ ਸਰੋਤਾਂ ਦੀ ਕੁਦਰਤੀ ਸਰੋਤਾਂ ਨੂੰ ਆਧਾਰ ਬਣਾ ਕੇ ਜਿਨ੍ਹਾਂ ਵਿਚ ਹਵਾ, ਪਾਣੀ ਅਤੇ ਭੂਮੀ ਦੀ ਵਿਸ਼ੇਸ਼ਤਾ ਵੀ ਸ਼ਾਮਿਲ ਹੈ ਅਤੇ ਉਸ ਦੇ ਨਾਲ-ਨਾਲ ਉਤਪਾਦਤ, ਸਮਾਜਿਕ ਅਤੇ ਮਾਨਵੀ ਪੂੰਜੀ ਵੀ ਸ਼ਾਮਿਲ ਹੈ ਅਤੇ ਇਹ ਸਭ ਸਰੋਤ ਭਵਿੱਖ ਵਿਚ ਖਤਮ ਨਹੀਂ ਹੁੰਦੇ। ਇਸ ਨਾਲ ਆਰਥਿਕ ਸਗਰਮੀ ਤੋਂ ਵੱਧ ਤੋਂ ਵੱਧ ਲਾਭ ਲੈਣ ਦੀ ਕੋਸ਼ਿਸ਼ ਕੀਤੀ ਜਾਵੇਗੀ ਜੋ ਗਰੀਬਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਇਕ ਸਮਾਜਿਕ ਸੁਰੱਖਿਆ ਲੈਣ ਦੇ ਤੌਰ ਤੇ ਕੰਮ ਕਰੇ ਅਤੇ ਲੰਬੇ ਸਮੇਂ ਤਕ ਉਪਜ ਇਕ ਜਾਇਦਾਦ (ਭੌਤਿਕੀ, ਮਾਨਵੀ ਅਤੇ ਵਾਤਾਵਰਨ) ਦਾ ਸਟਾਕ ਵੀ ਬਣਾ ਕੇ ਰਖਿਆ ਜਾਵੇ।

ਇਸ ਲਈ ਪਾਇਦਾਰ ਵਿਕਾਸ ਦਾ ਉਦੇਸ਼ ਹੈ ਅੰਤਰ ਪੀੜ੍ਹੀ ਅਤੇ ਅੰਤਰ ਪੀੜ੍ਹੀ ਸਮਾਨ ਲੋੜਾਂ ਨੂੰ ਧਿਆਨ ਵਿਚ ਰਖਦੇ ਹੋਏ ਇਕ ਜ਼ਿੰਮੇਵਾਰ ਵਾਤਾਵਰਨ ਆਧਾਰਤ ਤਰੀਕੇ ਵਿਕਾਸ ਵਿਚ ਤੇਜ਼ੀ ਲਿਆਂਦੀ ਜਾਵੇ। ਬਰੰਟਲੈਂਡ ਵਿਆਖਿਆ ਹੁਣ ਦੀ ਅਤੇ ਭਵਿੱਖ ਦੀ ਪੀੜ੍ਹੀ ਦੀਆਂ ਲੋੜਾਂ ਵਿਚ ਸੰਤੁਲਨ ਬਣਾਉਣ ਉਪਰ ਜ਼ੋਰ ਦਿੰਦੀ ਹੈ ਪਰ ਉਨ੍ਹਾਂ ਲੋੜਾਂ ਜਾਂ ਉਨ੍ਹਾਂ ਦੇ ਅਸਰ ਬਾਰੇ ਕੁੱਝ ਜ਼ਿਆਦਾ ਬਿਆਨ ਨਹੀਂ ਕਰਦੀ ਜੋ ਪਾਇਦਾਰੀ ਦੇ ਤਿੰਨ ਅੰਗਾਂ ਆਰਥਿਕ, ਵਾਤਾਵਰਨ ਅਤੇ ਸਮਾਜਿਕ ਪੂਰੀ ਤਰ੍ਹਾਂ ਆਧਾਰਤ ਹੁੰਦੀ ਹੈ। ਇਸ ਦੀ

ਵਿਆਖਿਆ ਇਕ ਵਾਤਾਵਰਨ ਅਨੁਸਾਰ ਜ਼ਿੰਮੇਵਾਰ ਮਾਨਵੀ ਵਿਕਾਸ ਪ੍ਰਕਿਰਿਆ ਦੇ ਤੌਰ ਤੇ ਕੀਤੀ ਜਾਂਦੀ ਹੈ ਜੋ ਅੱਜ ਦੀ ਪੀੜ੍ਹੀ ਨੂੰ ਭਵਿੱਖ ਦੀਆਂ ਪੀੜ੍ਹੀਆਂ ਦੀ ਕੀਮਤ 'ਤੇ ਵਧੇਰੇ ਖ਼ੁਸ਼ਹਾਲ ਬਣ ਜਾਣ ਤੋਂ ਰੋਕਦੀ ਹੈ।

## ਜਾਰੀ ਰਹਿਣਯੋਗ ਵਿਕਾਸ – ਇਕ ਪ੍ਰਾਚੀਨ ਰੂਪ

ਆਰਥਿਕ ਵਿਕਾਸ ਦੀ ਦਰ ਵਧਾਉਣ ਦੇ ਉਦੇਸ਼ ਨੇ ਕਈ ਅਜਿਹੀਆਂ ਨੀਤੀਆਂ ਅਪਨਾਉਣ ਨੂੰ ਮਨਜ਼ੂਰੀ ਦਿਤੀ ਜੋ ਕੁਦਰਤ ਦੀ ਪਾਇਦਾਰੀ ਨੂੰ ਖ਼ਤਰਾ ਬਣ ਜਾਂਦੀਆਂ ਹਨ। ਅੰਤਰ ਖੇਤਰੀ ਅਤੇ ਅੰਤਰ-ਰਾਜੀ ਵਿਕਾਸ ਵਿਚ ਵੱਡਾ ਅਸੰਤੁਲਨ ਪੈਦਾ ਕਰਨ ਤੋਂ ਇਲਾਵਾ, ਸਮਾਜਿਕ-ਆਰਥਿਕ ਵਾਂਝੇਪਨ, ਬਾਹਰ ਰੱਖਣ ਅਤੇ ਘਟੀਆ ਮਿਲਾਣ ਦੀ ਉੱਚ ਦਰ ਪੈਦਾ ਹੋ ਜਾਂਦੀ ਹੈ। ਮਾਨਵ ਵਿਕਾਸ ਰਿਪੋਰਟ 2011 ਵਿਚ 134ਵਾਂ ਸਥਾਨ ਮਿਲਣ ਵਾਲੇ ਭਾਰਤ ਵਿਚ ਮਾਨਵ ਵਿਕਾਸ ਦੀ ਪੱਧਰ ਬਹੁਤ ਘਟੀਆ ਹੈ ਜਿਸ ਵਿਚ 30 ਕਰੋੜ 20 ਲੱਖ ਲੋਕ ਗਰੀਬ ਹਨ, 3 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿਚੋਂ ਲਗਭਗ 46 ਪ੍ਰਤਿਸ਼ਤ ਘਟੀਆ ਖ਼ੁਰਾਕ ਦਾ ਸ਼ਿਕਾਰ ਹਨ, ਲਗਭਗ 30 ਕਰੋੜ 40 ਲੱਖ ਲੋਕ ਅਨਪੜ੍ਹ ਹਨ, ਬੱਚਿਆਂ ਦਾ ਲਿੰਗ ਅਨੁਪਾਤ ਡਿੱਗ ਰਿਹਾ ਹੈ ਅਤੇ 4 ਤੋਂ 5 ਕਰੋੜ ਪਰਵਾਸੀ ਕਾਮੇ ਜਾਨ ਜੋਖ਼ਮ ਵਿਚ ਪਾਉਣ ਵਾਲੇ ਹਾਲਾਤ ਵਿਚ ਕੰਮ ਕਰ ਰਹੇ ਹਨ, ਬਹੁਤ ਚਿੰਤਾ ਦੇ ਵਿਸ਼ੇ ਹਨ। ਰਿਸ਼ਵਤਖੋਰੀ ਜਿਸ ਦੀ ਵਿਆਖਿਆ ਰਵਾਇਤੀ ਤੌਰ ਤੇ ਜਨਤਕ ਅਹੁਦੇ ਦੀ ਦੁਰਵਰਤੋਂ ਕਰਕੇ ਨਿੱਜੀ ਲਾਭ ਲੈਣ ਲਈ ਕੀਤੀ ਜਾਂਦੀ ਹੈ, ਕਈ ਮੁਖੀ, ਕਈ ਪੱਧਰਾਂ 'ਤੇ ਅਤੇ ਦੇਸ਼ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਤਾਣੇਬਾਣੇ ਵਿਚ ਬੁਰੀ ਤਰ੍ਹਾਂ ਰਚਮਿਚ ਗਈ ਹੈ।

ਮਨ ਨੂੰ ਝਟਕਾ ਦੇਣ ਵਾਲੇ ਲਿੰਗ ਅਨੁਪਾਤ ਅਤੇ ਆਮਦਨ ਅਤੇ ਸ਼ਹਿਰੀ ਪੇਂਡੂ ਅਸੰਤੁਲਨ ਦੇ ਨਾਲ-ਨਾਲ ਸਮਾਜਿਕ ਜੜ੍ਹਤਾ ਅਤੇ ਸਭ ਤੋਂ ਹੇਠਲੇ ਪੱਧਰ 'ਤੇ ਜ਼ਰੂਰੀ ਸਮਾਜਿਕ ਸੇਵਾਵਾਂ ਦੇਣ ਦੀ ਮੰਦਹਾਲੀ ਕਾਰਨ ਭਾਰਤ ਵਿਚ ਖੇਤੀਬਾੜੀ ਉਤਪਾਦਨ ਵਿਚ ਬਹੁਤ ਮੰਦੀ ਰਹੀ। ਖੇਤੀਬਾੜੀ ਖੇਤਰ ਦੀ ਬਹੁਤ ਘੱਟ ਹਿੱਸੇਦਾਰੀ (ਲਗਭਗ 15 ਪ੍ਰਤਿਸ਼ਤ) ਅਸਲ ਕੁੱਲ ਘਰੇਲੂ ਉਤਪਾਦ ਵਿਚ ਤੇਜ਼ ਗਿਰਾਵਟ ਦਰਸਾਉਂਦੀ ਹੈ ਜਦ ਕਿ ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਦੀ ਹਿੱਸੇਦਾਰੀ (ਲਗਭਗ 53 ਪ੍ਰਤਿਸ਼ਤ) ਵਿਚ ਕੋਈ ਕਮੀ ਨਹੀਂ ਆਈ ਹੈ ਜਿਸ ਕਾਰਨ ਪੇਂਡੂ ਖੇਤਰ ਗਰੀਬੀ ਦੇ ਹਾਲਾਤ ਵਿਚੋਂ ਗੁਜ਼ਰ ਰਿਹਾ ਹੈ ਅਤੇ ਮੁੱਖ ਧਾਰਾ ਸ਼ਹਿਰੀ ਉੱਚ ਵਰਗ ਜ਼ਿੰਦਗੀ ਤੋਂ ਅਲਗ-ਥਲਗ ਰਹਿ ਰਿਹਾ ਹੈ। ਵਾਤਾਵਰਨ ਬਦਲਾਅ ਦਾ ਸੰਭਾਵਤ ਅਸਰ ਉਨ੍ਹਾਂ ਵਿਅਕਤੀਆਂ ਦੀਆਂ ਮੁਸ਼ਕਲਾਂ ਵਿਚ ਹੋਰ ਵਾਧਾ ਕਰ ਦੇਵੇਗਾ ਜੋ ਪਹਿਲਾਂ ਤੋਂ ਹੀ ਹਾਸ਼ੀਏ 'ਤੇ ਰਹਿ ਰਹੇ ਹਨ। ਭਾਰਤ ਵਿਚ ਰੁਜ਼ਗਾਰ ਦੇ ਹਾਲਾਤ ਬਹੁਤ ਢਹਿਢੇਰੀ ਕਰ ਦੇਣ ਵਾਲੇ ਹਨ ਅਤੇ ਆਉਣ ਵਾਲੇ ਸਮੇਂ ਹੋਰ ਵੀ ਮੁਸ਼ਕਿਲ ਭਰੇ ਹਨ। ਸਭ ਤੋਂ ਭੈੜੀ ਸਥਿਤੀ ਇਹ ਹੈ ਕਿ ਭਾਰਤੀ ਕਿਰਤੀਆਂ ਦੀ ਜਮਾਤ ਦੇ ਇਕ ਵੱਡੇ ਹਿੱਸੇ ਨੂੰ ਪੜ੍ਹੇ ਲਿਖੇ ਕਾਮਿਆਂ ਦੀ ਜਮਾਤ ਨਹੀਂ ਕਿਹਾ ਜਾ ਸਕਦਾ। ਸਮੁੱਚੇ ਦੇਸ਼ ਨੂੰ ਦੇਖਿਆ ਜਾਵੇ ਤਾਂ ਸਭ ਵਿਅਕਤੀਆਂ ਵਿਚੋਂ ਸਿਰਫ਼ 2 ਪ੍ਰਤਿਸ਼ਤ ਹੀ ਕਿਸੇ ਕਿਸਮ ਦੇ ਤਕਨੀਕੀ ਸਿੱਖਿਆਵਾਨ ਹਨ।

ਭਾਵੇਂ ਸਿਹਤ ਦੇ ਖੇਤਰ ਵਿਚ ਭਾਰਤ ਨੇ ਕੁੱਝ ਤਰੱਕੀ ਕੀਤੀ ਹੈ ਪਰ ਫਿਰ ਵੀ ਇਹ ਤਸੱਲੀਬਖ਼ਸ਼ ਹੋਣ ਤੋਂ ਬਹੁਤ ਦੂਰ ਹੈ। ਭਾਰਤ ਵਿਚ ਸਮੁੱਚੀ ਦੁਨੀਆਂ ਦੀ ਲਗਭਗ 17 ਪ੍ਰਤਿਸ਼ਤ ਆਬਾਦੀ ਰਹਿ ਰਹੀ ਹੈ ਪਰ ਇਥੇ ਲਗਭਗ 23 ਪ੍ਰਤਿਸ਼ਤ ਬੱਚਿਆਂ ਦੀਆਂ ਮੌਤਾਂ, 68 ਪ੍ਰਤਿਸ਼ਤ ਕੋਹੜ ਮਾਮਲੇ, 30 ਪ੍ਰਤਿਸ਼ਤ ਟੀ.ਬੀ. ਅਤੇ ਦਸਤਾਂ ਦੀਆਂ ਬੀਮਾਰੀਆਂ ਦੇ ਮਾਮਲੇ ਅਤੇ 10 ਪ੍ਰਤਿਸ਼ਤ ਐਚ ਆਈ ਵੀ ਪੀੜਤ ਵਿਅਕਤੀ ਹਨ ਅਤੇ ਪੰਜਵਾਂ ਹਿੱਸਾ ਆਬਾਦੀ ਖ਼ੁਰਾਕ ਦੀ ਕਮੀ ਦਾ ਸ਼ਿਕਾਰ ਹੋ ਰਹੀ ਹੈ (ਭਾਰਤ ਸਰਕਾਰ 2002 : ਪੰਨਾ 119)।

ਆਰਥਿਕ ਸੱਖਣੇਪਨ ਤੋਂ ਇਲਾਵਾ, ਹੋਰ ਵੱਡੀਆਂ ਚੁਣੌਤੀਆਂ ਰਾਜਨੀਤਕ ਕੁਪ੍ਰਬੰਧਨ ਅਤੇ ਝਗੜੇ, ਸਮਾਜਿਕ ਨੇੜਤਾ ਵਿਚ ਆ ਰਹੀ ਗਿਰਾਵਟ ਅਤੇ ਕਮਜ਼ੋਰ ਪ੍ਰਸ਼ਾਸਨਿਕ ਮਿਆਰ ਹਨ। ਬਾਲਗ ਆਧਾਰਤ ਚੋਣ ਪ੍ਰਣਾਲੀ ਅਤੇ ਜ਼ਮੀਨੀ ਵੰਡ ਦੇ ਆਧਾਰ 'ਤੇ ਚੋਣ ਹਲਕਿਆਂ ਦੀ ਪਛਾਣ ਨੇ ਵੋਟ ਬੈਂਕ ਆਧਾਰਤ ਰਾਜਨੀਤਕ ਸਭਿਆਚਾਰਕ ਅਤੇ ਨੇਤਾ ਪੈਦਾ ਕੀਤੇ ਹਨ। ਰਾਜਨੀਤਕ ਅਫ਼ਸਰਸ਼ਾਹੀ, ਵਪਾਰ, ਮੀਡੀਆ ਰਿਸ਼ਤੇ ਨੇ ਭਾਰਤੀ ਸਮਾਜ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਬਹੁਤ ਸਾਰੇ ਘਪਲੇ ਲੋਕਾਂ ਸਾਹਮਣੇ ਆਉਣ ਨਾਲ, ਨਿੱਜੀ ਸਹਿਕਾਰੀ ਖੇਤਰ ਦੀ ਦਿਆਨਤਦਾਰੀ ਵੀ ਸ਼ੱਕ ਦੇ ਘੇਰੇ ਵਿਚ ਆ ਗਈ ਹੈ।

ਸਮਾਜਿਕ ਸ਼੍ਰੇਣੀਆਂ ਆਧਾਰਤ ਭਾਸ਼ਾਈ-ਸਭਿਆਚਾਰਕ ਦਬਾਅ ਲੋਕਾਂ ਵਿਚ ਵਿਸ਼ਵੀਕਰਨ ਕਾਰਨ ਪੈਦਾ ਹੋ ਰਹੀ ਨਿਰਾਸ਼ਾ ਹੋਰ ਵੀ ਗਹਿਰੀ ਹੁੰਦੀ ਜਾ ਰਹੀ ਹੈ। ਨਸਲੀ, ਧਾਰਮਿਕ, ਜਾਤੀ ਅਤੇ ਖੇਤਰੀ ਸਾਂਝ ਉਪਰ ਅੱਖਾਂ ਮੀਚ ਕੇ ਵਿਸ਼ਵਾਸ ਸਮਾਜ ਵਿਚ ਮੱਤਭੇਦ ਪੈਦਾ ਕਰਦਾ ਹੈ ਜਿਸ ਨਾਲ ਆਮ ਆਦਮੀ ਵਿਚ ਹਿੰਸਕ ਝਗੜੇ ਪੈਦਾ ਹੁੰਦੇ ਹਨ। ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਛੋਟੀਆਂ-ਛੋਟੀਆਂ ਪ੍ਰਸ਼ਾਸਨਿਕ ਇਕਾਈਆਂ ਜਿਵੇਂ ਕਿ ਬੋਡੋਲੈਂਡ, ਬੁੰਦੇਲਖੰਡ, ਕੁਰਗ, ਗੋਰਖਾਲੈਂਡ, ਹਰਿਤ ਪ੍ਰਦੇਸ਼, ਕੋਸਾਲਾਂਚਲ, ਮਿਥਿਲਾਂਚਲ, ਸੌਰਾਸ਼ਟਰ, ਤੇਲੰਗਾਨਾ, ਵਿਦਰਭਾ ਆਦਿ ਲਈ ਦਬਾਅ ਭਖਦਾ ਰਹਿੰਦਾ ਹੈ ਅਤੇ ਜੇ ਭਾਰਤ ਨੂੰ ਤੇਜ਼ ਆਰਥਿਕ ਵਿਕਾਸ ਦਰ ਗਤੀ ਬਣਾ ਕੇ ਰਖਣੀ ਹੈ ਤਾਂ ਇਸ ਤੋਂ ਦੇਰ ਤਕ ਨਹੀਂ ਬਚਿਆ ਜਾ ਸਕਦਾ।

**ਇਸ ਵਿਚ ਕੋਈ ਸ਼ੱਕ ਨਹੀਂ ਕਿ ਸੂਚਨਾ ਤਕਨਾਲੋਜੀ ਨਾਲ ਸੰਬੰਧਿਤ ਅਤੇ ਗਿਆਨ ਨਾਲ ਤੇਜ਼ੀ ਲਿਆਂਦੇ ਵਿਸ਼ਵੀਕਰਨ ਨੇ ਮੌਕੇ ਪੈਦਾ ਕੀਤੇ ਹਨ ਪਰ ਇਨ੍ਹਾਂ ਦੇ ਨਾਲ ਜੁੜੀਆਂ ਚਿੰਤਾਵਾਂ ਵੀ ਬਰਾਬਰ ਦੀਆਂ ਖ਼ਤਰਨਾਕ ਹਨ। ਬਾਜ਼ਾਰ ਅਤੇ ਨਿੱਜੀ ਅਰਥਵਿਵਸਥਾ ਲਈ ਵਧੇਰੇ ਸਥਾਨ ਪੈਦਾ ਕਰਨ ਲਈ ਵਿਸ਼ਾਲ ਆਰਥਿਕ ਨੀਤੀਆਂ ਨੂੰ ਮੁੜ ਤੋਂ ਡਿਜ਼ਾਈਨ ਕਰਨ ਅਤੇ ਵਧੇਰੇ ਅੰਤਰਰਾਸ਼ਟਰੀ ਬਦਲ ਦੀ ਦੋਹਰੀ ਪ੍ਰਕਿਰਿਆ ਨਾਲ ਅੰਤਰਰਾਸ਼ਟਰੀ ਬਾਜ਼ਾਰ ਵਿਚ ਆਪਸੀ ਨਿਰਭਰਤਾ ਬਣੀ ਹੈ ਅਤੇ ਇਸ ਦੇ ਨਾਲ-ਨਾਲ ਬਾਜ਼ਾਰ ਵਿਚ ਅਸੁਰੱਖਿਅਤਾ ਅਤੇ ਉੱਚ ਦਰਜੇ ਦੀਆਂ ਅਤੇ ਮੁਹਾਰਤ ਭਰਪੂਰ ਸੇਵਾਵਾਂ ਦੀ ਮੰਗ ਵਧੀ ਹੈ।**

## ਸਮੁੱਚਾ ਜਾਰੀ ਰਹਿਣਯੋਗ ਮਾਨਵ ਵਿਕਾਸ – ਸਮੇਂ ਦੀ ਲੋੜ

ਇਹ ਬਿਲਕੁਲ ਸਪੱਸ਼ਟ ਹੈ ਕਿ ਭਾਰਤ ਨੂੰ ਭਵਿੱਖ ਵਿਚ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਭਾਰਤ ਨੂੰ ਆਰਥਿਕ ਮਜ਼ਬੂਤੀ ਅਤੇ ਤਕਨੀਕੀ ਅਤੇ ਪ੍ਰਸ਼ਾਸਨਿਕ ਸਰੋਤਾਂ ਵਾਲੇ ਰਾਸ਼ਟਰ ਦੇ ਤੌਰ ਤੇ ਇਕ ਅਜਿਹੇ ਵਿਕਾਸ

ਮਾਡਲ ਦੀ ਲੋੜ ਹੈ ਜੋ ਵਿਕਾਸ, ਪਾਇਦਾਰੀ, ਸਮਾਵੇਸ਼ ਅਤੇ ਸ਼ਕਤੀਕਰਨ, ਸਮਾਨਤਾ ਅਤੇ ਸੁਰੱਖਿਆ ਦਾ ਤਾਲਮੇਲ ਕਰ ਸਕੇ ਜੋ ਹਰ ਪੱਧਰ 'ਤੇ ਸਰਕਾਰ ਵਲੋਂ ਚੰਗੇ ਪ੍ਰਸ਼ਾਸਨਕ ਮਿਆਰਾਂ ਅਤੇ ਪ੍ਰਚਲਨਾਂ ਰਾਹੀਂ ਮੁਹੱਈਆ ਕੀਤਾ ਜਾਵੇ।

ਭਾਵੇਂ ਇਹ ਮਾਡਲ, ਜਿਸ ਨੂੰ ਸਮੁੱਚਾ ਪਾਇਦਾਰ ਮਾਨਵ ਵਿਕਾਸ ਕਿਹਾ ਜਾਂਦਾ ਹੈ, ਅੱਜ ਦੇ ਹਾਲਾਤ ਵਿਚ ਭਾਰਤ ਲਈ ਸਭ ਤੋਂ ਢੁਕਵਾਂ ਮਾਡਲ ਹੈ ਪਰ ਇਸ ਲਈ ਈਮਾਨਦਾਰ, ਦੂਰ-ਅੰਦੇਸ਼ੀ ਅਤੇ ਕਾਬਲ ਸਰਕਾਰ ਚਾਹੀਦੀ ਹੈ ਜੋ ਗਰੀਬ ਪੱਖੀ ਪਹੁੰਚ ਲਈ ਸਮਰਪਿਤ ਹੋਵੇ ਅਤੇ ਨਰੋਏ ਤੇ ਠੋਸ ਪ੍ਰਸ਼ਾਸਨਿਕ ਹਾਲਤਾ ਪੈਦਾ ਕਰਨ ਲਈ ਮਜ਼ਬੂਤ ਪ੍ਰਸ਼ਾਸਨਿਕ ਪ੍ਰਚਲਣ ਅਤੇ ਖ਼ਾਸ ਤੌਰ ਤੇ ਸ਼ਕਤੀਕਰਨ ਨਾਲ ਜੁੜੀ ਸਮਾਵੇਸ਼ੀ ਵਿਕਾਸ ਨੀਤੀ, ਸਮਾਨਤਾ, ਵਾਤਾਵਰਨ ਸੁਰੱਖਿਆ ਅਤੇ ਪਾਇਦਾਰੀ ਮੁੜ ਤੋਂ ਸੁਰਜੀਤ ਕਰਨ ਅਤੇ ਸਮਾਜਿਕ ਤਾਲਮੇਲ ਰੱਖੇ। ਸਾਜ਼-ਸਾਮਾਨ ਅਤੇ ਸਰੋਤਾਂ ਦੇ ਮਿਕਦਾਰ ਵਿਚ ਉਤਪਾਦਨ ਅਤੇ ਕਾਰਜਾਂ ਨੂੰ ਇਕ ਜ਼ਰੀਆ ਅਤੇ ਅੰਤਲੇ ਤੌਰ ਤੇ ਦੇਖਣ ਲਈ ਵਿਕਾਸ ਇਕ ਬੁਨਿਆਦੀ ਸ਼ਰਤ ਹੈ। ਪਰ ਇਸ ਨੂੰ ਜਾਣਬੁੱਝ ਕੇ ਨੀਤੀ ਦੌਰ ਦੀ ਦਖ਼ਲਅੰਦਾਜ਼ੀ ਨਾਲ ਅਤੇ ਲੋਕਾਂ ਦੀ ਸ਼ਮੂਲੀਅਤ ਨਾਲ ਸੰਸਥਾਗਤ ਪ੍ਰਸ਼ਾਸਨਿਕ ਵਾਤਾਵਰਨ ਤਿਆਰੀ ਲਈ ਸਮਾਵੇਸ਼ੀ ਬਣਾਉਣਾ ਹੋਵੇਗਾ ਤਾਂ ਜੋ ਆਰਥਿਕ ਸ਼ਕਤੀਕਰਨ, ਸਮਾਨਤਾ, ਬੁਨਿਆਦੀ ਸਮਾਜਿਕ ਸੇਵਾਵਾਂ ਆਦਿ ਵਿਚ ਸੁਧਾਰ ਲਿਆਂਦਾ ਜਾ ਸਕੇ।

ਜ਼ਰੂਰੀ ਸੇਵਾਵਾਂ, ਜਿਵੇਂ ਕਿ ਸਿਹਤ, ਸਿੱਖਿਆ, ਕਿਰਤ ਰੁਜ਼ਗਾਰ ਅਤੇ ਰਿਜ਼ਕ, ਸਾਫ਼ ਪੀਣ ਦਾ ਪਾਣੀ, ਬਿਜਲੀ, ਸੜਕਾਂ, ਸਾਫ਼-ਸਫ਼ਾਈ ਅਤੇ ਰਹਿਣ ਲਈ ਮਾਕਨ ਆਦਿ ਤਕ ਆਮ ਪਹੁੰਚ ਦੇਣ ਨਾਲ ਇਹ ਦੇਸ਼ ਦੀ ਵੀ ਮਦਦ ਕਰੇਗਾ ਕਿਉਂਕਿ ਇਸ ਤਰ੍ਹਾਂ *ਰੀਓ ਅਸੂਲਾਂ* ਵਿਚ ਵਚਨਬੱਧਤਾ ਮੁੜ ਤੋਂ ਦਰਸਾਈ ਜਾਵੇਗੀ।

## ਸਿੱਟੇ ਅਤੇ ਆਸਾਰ

ਉੱਚ ਵਿਕਾਸ ਅਤੇ ਆਧੁਨਿਕਤਾ ਦੇ ਬਾਵਜੂਦ, ਦੁਨੀਆਂ ਇਕ ਨਵੇਂ ਦੌਰ ਵਿਚ ਦਾਖ਼ਲ ਹੋ ਰਹੀ ਹੈ। ਅਸੀਂ ਸਮਾਜ ਦੇ ਕਿਸੇ ਪੱਖ 'ਤੇ ਵੀ ਝਾਤ ਮਾਰੀਏ ਤਾਂ ਸਾਨੂੰ ਅਸਮਾਨਤਾ ਅਤੇ ਆਮ ਸਮਾਜਿਕ ਅਸਹਿਣਸ਼ੀਲਤਾ ਨਵੀਆਂ ਉੱਚਾਈਆਂ ਛੋਂਹਦੀ ਨਜ਼ਰ ਆਉਂਦੀ ਹੈ। ਭਾਰਤ ਦੀ ਹਾਲ ਹੀ ਦੀ ਆਰਥਿਕ ਕਾਰਗੁਜ਼ਾਰੀ ਦਰਸਾਉਂਦੀ ਹੈ ਕਿ ਇਸ ਦੀ ਵਿਕਾਸ ਕਰਨ ਅਤੇ ਦੁਨੀਆਂ ਵਿਚ ਤੇਜ਼ੀ ਨਾਲ ਵਿਕਾਸ ਕਰ ਰਹੇ ਦੇਸ਼ਾਂ ਵਿਚੋਂ ਇਕ ਬਣਨ ਦੀ ਸਮਰਥਾ ਹੈ। ਪਰ ਇਹ ਸਮਰਥਾ ਹਾਸਲ ਕਰਨ ਲਈ ਭਾਰਤ ਨੂੰ ਸਮਝਣਾ ਪਵੇਗਾ ਕਿ ਪਾਇਦਾਰ ਵਿਕਾਸ ਮਾਡਲ ਨੇ ਸਾਡੇ ਵਲੋਂ ਚਾਹੇ ਨਤੀਜੇ ਨਹੀਂ ਦਿਖਾਏ ਜਿਵੇਂ ਕਿ ਇਸ ਦੀਆਂ ਸਮਾਜਿਕ, ਆਰਥਿਕ ਅਤੇ ਰਾਜਨੀਤਕ ਸਮੱਸਿਆਵਾਂ ਤੋਂ ਜ਼ਾਹਰ ਹੈ। ਇਸ ਨੂੰ ਸਮੁੱਚੇ ਪਾਇਦਾਰ ਮਾਨਵ ਵਿਕਾਸ ਦੀ ਪਹੁੰਚ ਅਪਣਾਉਣੀ ਪਵੇਗੀ ਜੋ ਬਹੁ-ਪੱਖੀ ਹੋਵੇ ਅਤੇ ਸਪੱਸ਼ਟ ਤੌਰ ਤੇ ਮਾਨਵ ਵਿਕਾਸ ਦੇ ਸਭ ਪਹਿਲੂਆਂ ਨੂੰ ਮਾਨਤਾ ਦੇਵੇ, ਨਾ ਸਿਰਫ਼ ਅੱਜ ਲਈ ਸਗੋਂ ਭਵਿੱਖ ਦੀਆਂ ਪੀੜ੍ਹੀਆਂ ਲਈ। ਇਹ ਵਿਕਾਸ, ਇਸ ਦੀ ਪਾਇਦਾਰੀ ਅਤੇ ਸਮਾਨ ਵੰਡ, ਸਮਾਨ ਮੌਕੇ ਅਤੇ ਬਾਜ਼ਾਰ ਵਿਚ ਸੁਰੱਖਿਆ ਸ਼ਕਤੀਕਰਨ, ਸਮਾਜਿਕ ਸੁਰੱਖਿਆ ਅਤੇ ਸਮਾਜਿਕ ਤਾਲਮੇਲ ਅਤੇ ਸਮਾਜਿਕ, ਆਰਥਿਕ, ਰਾਜਨੀਤਕ ਵਿਕਾਸ ਅਤੇ ਬਿਨਾਂ ਭਵਿੱਖ ਦੀਆਂ ਪੀੜ੍ਹੀਆਂ ਦੀਆਂ ਲੋੜਾਂ ਨਾਲ ਸਮਝੌਤਾ ਕਰਨ ਦੇ ਹਾਸਲ ਕੀਤਾ ਜਾ ਸਕੇ। ਇਸ ਪਹੁੰਚ ਦਾ ਉਦੇਸ਼ ਹੈ ਸਭ ਨੂੰ ਸਮਾਜਿਕ ਨਿਆਂ ਦੇਣਾ, ਖ਼ਾਸ ਤੌਰ ਤੇ ਅਣਗੌਲੇ ਸਮੂਹਾਂ ਨੂੰ ਅਤੇ ਇਹ ਅਸਮਾਨ ਸ਼ਕਤੀ ਸੰਬੰਧਾਂ ਨੂੰ ਸੁਧਾਰ ਸਕਦੀ ਹੈ ਅਤੇ ਸਮਾਜਿਕ ਹਾਲਾਤ ਵਿਚ ਬਦਲਾਅ ਲਿਆ ਸਕਦੀ ਹੈ। ਭਾਵੇਂ ਸਮੁੱਚਾ ਪਾਇਦਾਰ ਮਾਨਵ ਵਿਕਾਸ ਵਿਕਾਸਸ਼ੀਲ ਦੁਨੀਆਂ, ਖ਼ਾਸ ਤੌਰ ਤੇ ਭਾਰਤ ਨੂੰ ਇਕ ਰਸਤਾ ਦਿਖਾਉਂਦਾ ਹੈ ਪਰ ਇਹ ਹਾਸਲ ਕਰਨਾ ਆਸਾਨ ਕੰਮ ਨਹੀਂ ਹੈ।

*(ਲੇਖਿਕਾ ਅਸਿਸਟੈਂਟ ਪ੍ਰੋਫੈਸਰ, ਅਰਥਚਾਰਾ ਵਿਭਾਗ, ਮੈਤਰੀ ਕਾਲਜ, ਦਿੱਲੀ ਯੂਨੀਵਰਸਿਟੀ ਹੈ।)*

*e-mail :artikavats7@gmail.com*

**ਯੋਜਨਾ (ਪੰਜਾਬੀ)**

- **ਮਈ 2014 – ਇਹ ਅੰਕ *ਊਰਜਾ ਸੁਰੱਖਿਆ* ਉੱਤੇ ਕੇਂਦਰਿਤ ਹੋਵੇਗਾ।**
- **ਜੂਨ 2014 – ਇਹ ਅੰਕ *ਭਾਰਤੀ ਖੇਤੀਬਾੜੀ* ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : ₹100, ਦੋ ਸਾਲ : ₹180, ਤਿੰਨ ਸਾਲ : ₹250***

***ਸਾਰਕ ਦੇਸ਼ਾਂ ਲਈ ਸਾਲਾਨਾ ₹530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ₹730***

**ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫਟ ਰਾਹੀ *ADG(i/c), Publications Division* ਦੇ ਨਾਂ 'ਤੇ ਬਣਾ ਕੇ ਹੇਠ ਲਿਖੇ ਪਤੇ 'ਤੇ ਭੇਜੋ**

**Business Manager**

**(Advertisement & Circulation )**

**Publications Division, Ministry of Information and Broadcasting**

**East Block-IV, Level-VII, R.K. Puram**

**New Delhi-110066. (Tel.011-26100207)**

*email-pdjucir@gmail.com*

# ਕੀ ਭਾਰਤ ਮੁੜ *ਹਿੰਦੂ ਵਿਕਾਸ* ਦਰ 'ਤੇ ਆ ਗਿਆ ਹੈ?

ਕੁਮਾਰ ਗੌਰਵ, ਨਲਿਨ ਭਾਰਤੀ ਤੇ ਪ੍ਰਿਯੰਕਾ ਸਿਨਹਾ

ਪਿਛਲੇ ਕੁਝ ਸਾਲਾਂ ਵਿਚ ਭਾਰਤ ਵਲੋਂ ਆਰਥਿਕ ਸੁਧਾਰਾਂ ਤੋਂ ਬਾਅਦ ਕੀਤੇ ਵਿਕਾਸ ਦੀਆਂ ਅਰਥਸ਼ਾਸਤਰੀਆਂ ਨੇ ਬਹੁਤ ਉਦਾਹਰਣਾਂ ਦਿਤੀਆਂ ਹਨ। ਇਸ ਸੰਦਰਭ ਵਿਚ ਕੁੱਝ ਚੋਣਵੇਂ ਰਚਨਾਕਾਰ ਹਨ – ਆਹਲੂਵਾਲੀਆ (1995), ਸਿਰੀਨਿਵਾਸਨ (2002), ਸਟਰਨ (2004), ਵਿਰਮਾਨੀ (2004), ਤੇਂਦੂਲਕਰ ਅਤੇ ਭਵਾਨੀ (2007), ਪਨਾਗਰੀਆ (2008) ਅਤੇ ਭਗਵਤੀ ਤੇ ਪਨਾਗਰੀਆ (2012)। 1950–90 ਦੇ ਸਮੇਂ ਵਿਚਕਾਰ ਭਾਰਤ ਉਪਰ ਆਪਣੇ ਉਦਯੋਗੀਕਰਨ ਨੂੰ ਅੰਦਰਲੀ ਦਿੱਖ ਵਾਲਾ ਬਣਾਉਣ ਦੇ ਦੋਸ਼ ਲੱਗ ਰਹੇ ਸਨ। ਭਾਰਤ ਦੇ ਵਿਸ਼ਾਲ ਆਰਥਿਕ ਸੁਧਾਰਾਂ ਨਾਲ ਵਿਕਾਸ ਵਿਚ ਇਕ ਨਵੀਂ ਤੇਜ਼ੀ ਆਈ ਅਤੇ ਇਹ ਅੰਦਰੂਨੀ ਦਿੱਖ ਵਾਲੇ, ਉਦਯੋਗੀਕਰਨ ਤੋਂ ਬਾਹਰੀ ਦਿੱਖ ਵਾਲੇ ਉਦਯੋਗੀਕਰਨ ਵੱਲ ਵਧ ਗਿਆ। ਨੀਤੀਕਾਰਾਂ ਦਾ ਕਿਆਸ ਸੀ ਕਿ ਇਸ ਨਾਲ ਭਾਰਤੀ ਅਰਥਤੰਤਰ ਵਿਚ ਤੇਜ਼ੀ ਆਵੇਗੀ ਪਰ ਸੁਧਾਰਾਂ ਤੋਂ ਬਾਅਦ ਦੇ ਸਮੇਂ ਵਿਚ ਹਾਸਲ ਵਿਕਾਸ ਵਿਵਾਦ ਦਾ ਵਿਸ਼ਾ ਬਣ ਗਿਆ ਹੈ। ਅਰਥਸ਼ਾਸਤਰੀ ਇਹ ਦਲੀਲ ਦਿੰਦੇ ਹਨ ਕਿ ਭਾਰਤ ਇਕ ਖੁੱਲ੍ਹੇ ਅਰਥਤੰਤਰ ਵਾਲਾ ਦੇਸ਼ ਹੈ ਜਿਥੇ ਹਿੰਦੂ ਵਿਕਾਸ ਦਰ ਅਸਲੀਅਤ ਤੋਂ ਕਿਤੇ ਦੂਰ ਹੈ।

### ਵਿਕਾਸ ਦਰ ਬਨਾਮ ਹਿੰਦੂ ਵਿਕਾਸ ਦਰ

ਆਰਥਿਕ ਵਿਕਾਸ ਦੀ ਵਿਆਖਿਆ ਇਕ ਅਜਿਹੀ ਪ੍ਰਕਿਰਿਆ ਦੇ ਤੌਰ ਤੇ ਕੀਤੀ ਜਾਂਦੀ ਹੈ ਜਿਸ ਵਿਚ ਰਾਸ਼ਟਰੀ ਉਤਪਾਦਨ ਅਤੇ ਆਮਦਨ ਵਿਚ ਸਮਾਂਬਧ ਵਾਧਾ ਹਾਸਲ ਕਰ ਕੇ ਅਰਥਤੰਤਰ ਦੀ ਉਪਜਾਇਕ ਸਮਰਥਾ ਵਧਾਈ ਜਾਂਦੀ ਹੈ (ਟੋਰਾਡੋ ਅਤੇ ਸਮਿਥ 2003)। ਸੈਮੂਲਸਨ ਅਤੇ ਨੌਰਧੌਸ (2007) ਜ਼ੋਰ ਦੇ ਕੇ ਕਹਿੰਦੇ ਹਨ ਕਿ ਆਰਥਿਕ ਵਿਕਾਸ ਦੇਸ਼ ਦੇ ਸੰਭਾਵਤ ਕੁੱਲ ਘਰੇਲੂ ਉਤਪਾਦਨ ਅਤੇ ਰਾਸ਼ਟਰੀ ਉਤਪਾਦਨ ਵਿਚ ਵਾਧੇ ਨੂੰ ਦਰਸਾਉਂਦਾ ਹੈ। ਆਜ਼ਾਦੀ ਮਿਲਣ ਦੇ ਤੁਰੰਤ ਬਾਅਦ, ਭਾਰਤੀ ਅਰਥਤੰਤਰ ਉਪ-ਨਿਵੇਸ਼ਵਾਦ ਕਾਰਨ ਚਿਰਕਾਲੀ ਅਸਮਾਨਤਾ ਝੱਲ ਰਿਹਾ ਸੀ। ਭਾਰਤੀ ਅਰਥਤੰਤਰ ਦਾ ਇਕ ਕਮਜ਼ੋਰ ਉਦਯੋਗਿਕ ਆਧਾਰ, ਖਰਾਬ ਆਧਾਰਕ ਢਾਂਚਾ ਅਤੇ ਗਤੀਹੀਣ ਆਰਥਿਕ ਢਾਂਚਾ ਸੀ। ਭਾਰਤ ਨੇ ਪਹਿਲੀ ਵਾਰ ਆਪਣੀ ਉਦਯੋਗਿਕ ਨੀਤੀ ਦੀ ਘੋਸ਼ਣਾ 6 ਅਪ੍ਰੈਲ 1948 ਦੇ ਸੰਕਲਪ ਰਾਹੀਂ ਕੀਤੀ। ਇਸ ਉਦਯੋਗਿਕ ਨੀਤੀ ਵਿਚ, ਜਨਤਕ ਅਤੇ ਨਿੱਜੀ ਦੋਹਾਂ ਖੇਤਰਾਂ ਨੂੰ ਮਹੱਤਵ ਦਿਤਾ ਗਿਆ।

ਭਾਰਤ ਨੇ ਆਪਣੀ ਯੋਜਨਾਬੰਦੀ ਦਾ ਮਾਡਲ ਸਮਾਜਵਾਦੀ ਦੇਸ਼ਾਂ, ਜਿਨ੍ਹਾਂ ਵਿਚ ਸਾਬਕਾ ਸੋਵੀਅਤ ਸੰਘ ਵੀ ਸ਼ਾਮਿਲ ਸੀ, ਦੀ ਤਰਜ਼ 'ਤੇ ਰੱਖਿਆ। ਕੇਂਦਰੀ ਸਮਾਜਵਾਦੀ ਯੋਜਨਾਬੰਦੀ ਮਾਡਲ ਅਨੁਸਾਰ ਭਾਰਤ ਨੇ 1951 ਵਿਚ ਯੋਜਨਾਬੰਦੀ ਸ਼ੁਰੂ ਕੀਤੀ। ਪਰ ਪਹਿਲੀ ਪੰਜ ਸਾਲਾ ਯੋਜਨਾ ਵਿਚ, ਉਦਯੋਗਾਂ ਦੇ ਵਿਕਾਸ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਉਦਯੋਗੀਕਰਨ ਦੀ ਧੁੰਦਲੀ ਤਸਵੀਰ ਅਤੇ ਸਾਧਾਰਨ ਤੋਂ ਘੱਟ ਵਿਕਾਸ ਅੰਕੜਿਆਂ ਜ਼ਰੀਏ ਸਪੱਸ਼ਟ ਦੇਖਿਆ ਜਾ ਸਕਦਾ ਹੈ। ਪਹਿਲੀ ਪੰਜ ਸਾਲਾ ਯੋਜਨਾ ਅਨੁਸਾਰ, ਇਕ ਪਾਸੇ ਦੇਸ਼ ਵਿਚ ਕਾਰਖ਼ਾਨਿਆਂ ਤੋਂ ਉਤਪਾਦਨ 1948–49 ਵਿਚ, ਰਾਸ਼ਟਰੀ ਆਮਦਨ ਦਾ ਸਿਰਫ਼ 6.6 ਪ੍ਰਤਿਸ਼ਤ ਸੀ ਅਤੇ ਦੂਜੇ ਪਾਸੇ ਕੰਮਕਾਜੀ ਮਿਹਨਤਕਸ਼ਾਂ ਦਾ ਸਿਰਫ਼ 1–8 ਪ੍ਰਤਿਸ਼ਤ ਹਿੱਸਾ ਇਨ੍ਹਾਂ ਇਕਾਈਆਂ ਵਿਚ ਰੁਜ਼ਗਾਰ 'ਤੇ ਲੱਗਿਆ ਸੀ।

30 ਅਪ੍ਰੈਲ 1956 ਨੂੰ ਇਕ ਨਵੀਂ ਉਦਯੋਗਿਕ ਨੀਤੀ ਦੀ ਘੋਸ਼ਣਾ ਕੀਤੀ ਗਈ। ਇਸ ਦਾ ਉਦੇਸ਼ ਉਦਯੋਗੀਕਰਨ ਦੀ ਪ੍ਰਕਿਰਿਆ ਵਿਚ ਤੇਜ਼ੀ ਲਿਆਉਣਾ ਸੀ, ਖ਼ਾਸ ਤੌਰ ਤੇ ਵੱਡੇ ਪੱਧਰ ਦੇ ਭਾਰੀ ਉਦਯੋਗਾਂ ਦੇ ਵਿਕਾਸ ਵਿਚ। ਨਵੀਂ ਸੋਧੀ ਹੋਈ ਉਦਯੋਗਿਕ ਨੀਤੀ ਵਿਚ ਸ਼ਡਿਊਲ ਏ. ਅਤੇ ਸ਼ਡਿਊਲ ਬੀ. ਸ਼ਾਮਿਲ ਸਨ। ਸ਼ਡਿਊਲ ਏ. ਵਿਚ ਉਹ ਉਦਯੋਗ ਸਨ ਜੋ ਸਮੁੱਚੇ ਤੌਰ ਤੇ ਰਾਜ ਦੀ ਜ਼ਿੰਮੇਵਾਰੀ ਸਨ – ਰਾਜ ਦਾ ਏਕਾਧਿਕਾਰ। ਸ਼ਡਿਊਲ ਬੀ. ਵਿਚ ਜਨਤਕ ਅਤੇ ਨਿੱਜੀ ਖੇਤਰ ਦੀਆਂ ਇਕਾਈਆਂ ਦਾ ਰਲਗੱਡ ਸੀ। ਬਾਕੀ ਬਚੇ ਸਭ ਉਦਯੋਗ ਨਿੱਜੀ ਖੇਤਰ ਦੇ ਲਗਾਉਣ ਅਤੇ ਚਲਾਉਣ ਲਈ ਛੱਡ ਦਿਤੇ ਗਏ ਸਨ।

ਤੀਸਰੀ ਯੋਜਨਾ ਲੰਬੀ ਮਿਆਦ ਦੇ ਲਾਭਾਂ ਉਪਰ ਆਧਾਰਤ ਸੀ ਅਤੇ ਉਸ ਦਾ ਉਦੇਸ਼ ਸੀ ਰਾਸ਼ਟਰੀ ਉਤਪਾਦਨ ਅਤੇ ਆਮਦਨ ਵਿਚ ਵਾਧਾ ਜਿਸ ਨਾਲ ਵੱਡੇ ਪੱਧਰ 'ਤੇ ਰੁਜ਼ਗਾਰ ਦੇ ਮੌਕੇ ਪੈਦਾ ਹੋਣ। ਸਰਮਾਏ ਅਤੇ ਵਸਤਾਂ ਦੇ ਉਤਪਾਦਨ ਉਦਯੋਗਾਂ ਦੇ ਵਿਕਾਸ ਉਪਰ ਵਧੇਰੇ ਜ਼ੋਰ ਦਿਤਾ ਗਿਆ ਸੀ। ਮਸ਼ੀਨੀ ਉਦਯੋਗਾਂ ਦੇ ਵਿਕਾਸ ਉਪਰ ਵੀ ਬਹੁਤ ਜ਼ੋਰ ਦਿਤਾ ਗਿਆ। ਪਰ ਫਿਰ ਵੀ ਉਦਯੋਗਿਕ ਵਿਕਾਸ ਦਰ ਡਿਗ ਗਈ। ਪਹਿਲਾਂ ਹਲਕੀ ਦਰ 'ਤੇ ਅਤੇ ਬਾਅਦ ਵਿਚ ਇਹ ਤੇਜ਼ੀ ਨਾਲ ਡਿਗ ਕੇ ਖੜੋਤ 'ਤੇ ਆ ਗਈ। ਇਸ ਨਾਲ ਤਿੰਨ ਸਾਲ ਚਿੰਤਾ ਬਣੀ ਰਹੀ ਜਦੋਂ ਅਰਥਵਿਵਸਥਾ ਨੇ ਉਤਾਰ-ਚੜ੍ਹਾਅ ਦੇਖੇ। 1968–69 ਵਿਚ ਅਰਥਵਿਵਸਥਾ ਵਿਚ ਸੁਧਾਰ ਦੇ ਸਪੱਸ਼ਟ ਸੰਕੇਤ ਮਿਲੇ। ਚੌਥੀ ਯੋਜਨਾ (1969–74) ਵਿਚ ਉਦਯੋਗਿਕ ਉਤਪਾਦਨ ਦਰ 8–10 ਪ੍ਰਤਿਸ਼ਤ ਦੇ ਟੀਚੇ ਦੇ ਮੁਕਾਬਲੇ ਬਹੁਤ ਘੱਟ ਯਾਨਿ 3.9 ਪ੍ਰਤਿਸ਼ਤ ਰਹੀ।

1974 ਵਿਚ ਪੰਜਵੀਂ ਪੰਜ ਸਾਲਾ ਯੋਜਨਾ ਸ਼ੁਰੂ ਹੋਈ। ਇਸ ਨੇ ਸਵੈ-ਨਿਰਭਰਤਾ ਹਾਸਲ ਕਰਕੇ ਵਿਕਾਸ ਟੀਚਾ ਮਿਥਿਆ ਗਿਆ। ਇਸ ਵਿਚ ਬੁਨਿਆਦੀ ਖੇਤਰ ਦੇ ਉਦਯੋਗਾਂ ਜਿਵੇਂ ਕਿ

ਲੋਹਾ ਅਤੇ ਸਟੀਲ, ਗ਼ੈਰ ਲੋਹਮਈ ਧਾਤਾਂ, ਖਾਦ, ਖਣਿਜੀ ਤੇਲ, ਮਸ਼ੀਨੀ ਵਿਕਾਸ, ਕੋਲਾ ਅਤੇ ਹੋਰ ਉਦਯੋਗ ਆਦਿ ਉਪਰ ਵਧੇਰੇ ਜ਼ੋਰ ਦਿਤਾ ਗਿਆ। ਅਰਥਵਿਵਸਥਾ ਦਬਾਅ ਹੇਠ ਸੀ ਅਤੇ 1974-75 ਵਿਚ ਉਦਯੋਗਿਕ ਉਤਪਾਦਨ 2.5 ਪ੍ਰਤਿਸ਼ਤ ਦੀ ਥੱਲੇ ਦਰ 'ਤੇ ਸੀ। 1975-76 ਵਿਚ ਇਹ 5.7 ਪ੍ਰਤਿਸ਼ਤ ਹੋ ਗਿਆ ਜਿਸ ਨਾਲ ਅਰਥਵਿਵਸਥਾ ਨੂੰ ਕੁਝ ਰਾਹਤ ਮਿਲੀ। ਛੇਵੀਂ ਪੰਜ ਸਾਲਾ ਯੋਜਨਾ 1980 ਵਿਚ ਸ਼ੁਰੂ ਹੋਈ। ਇਸ ਯੋਜਨਾ ਵਿਚ ਬਹੁਤ ਸਾਰੇ ਨੀਤੀ ਬਦਲਾਅ ਲਿਆਂਦੇ ਗਏ। ਉਦਯੋਗਿਕ ਲਾਇਸੰਸਾਂ ਅਤੇ ਨਿਯੰਤ੍ਰਣਾਂ ਵਿਚ ਕੁਝ ਢਿੱਲ ਦਿਤੀ ਗਈ ਅਤੇ ਆਯਾਤ ਨੀਤੀ ਨੂੰ ਪਹਿਲਾਂ ਨਾਲੋਂ ਬਹੁਤ ਉਦਾਰ ਬਣਾ ਦਿਤਾ ਗਿਆ। ਸਿੱਟੇ ਵਜੋਂ, ਉਦਯੋਗਿਕ ਉਤਪਾਦਨ ਵਧਿਆ। ਸੱਤਵੀਂ ਯੋਜਨਾ 1985 ਵਿਚ ਸ਼ੁਰੂ ਕੀਤੀ ਗਈ। ਇਸ ਵਿਚ ਵਿਕਾਸ ਵਿਚ ਵਾਧੇ ਅਤੇ ਉਤਪਾਦਨ ਵਧਾਉਣ ਉਪਰ ਵਧੇਰੇ ਜ਼ੋਰ ਦਿਤਾ ਗਿਆ। ਇਸ ਯੋਜਨਾ ਦੌਰਾਨ ਉਦਯੋਗਿਕ ਵਿਕਾਸ ਦਰ 8.4 ਪ੍ਰਤਿਸ਼ਤ ਟੀਚੇ ਦੇ ਮੁਕਾਬਲੇ 8.5 ਪ੍ਰਤਿਸ਼ਤ ਰਹੀ। ਇਸ ਤਰ੍ਹਾਂ ਉਦਯੋਗਾਂ ਨੇ ਕਾਮਯਾਬੀ ਹਾਸਲ ਕੀਤੀ।

ਆਹਲੂਵਾਲੀਆ (1995) ਨੇ ਇਸ਼ਾਰਾ ਕੀਤਾ ਕਿ ਭਾਰਤੀ ਅਰਥਤੰਤਰ ਦੇ ਵਿਕਾਸ ਵਾਧੇ ਵਿਚ ਕਮਜ਼ੋਰੀ ਨੇ ਪ੍ਰੋ. ਰਾਜ ਕ੍ਰਿਸ਼ਨ ਨੂੰ ਅਕਸਰ ਉਦਾਹਰਣ ਦਿਤੀ ਜਾਣ ਵਾਲੀ ਕਹਾਵਤ "ਹਿੰਦੂ ਵਿਕਾਸ ਦਰ" ਨੂੰ ਘੜਨ ਲਈ ਉਕਸਾਇਆ ਜੋ ਵਿਕਾਸ ਦੀ ਨਿਰਾਸ਼ਾਜਨਕ ਰੌ ਦਰਸਾਉਣ ਲਈ ਵਰਤੀ ਜਾਂਦੀ ਹੈ। ਹਿੰਦੂ ਵਿਕਾਸ ਦਰ ਦਾ ਕਿਸੇ ਵਿਸ਼ੇਸ਼ ਧਰਮ ਨਾਲ ਕੁੱਝ ਲੈਣਾ-ਦੇਣਾ ਨਹੀਂ ਹੈ ਸਗੋਂ ਇਹ ਇਕ ਆਰਥਿਕ ਫਿਕਰਾ ਹੈ। ਇਹ ਉਸ ਸਮਾਜਵਾਦੀ ਪ੍ਰਣਾਲੀ ਉਪਰ ਇਕ ਚੁੱਭਵਾਂ ਵਿਅੰਗ ਸੀ ਜੋ ਸਰਕਾਰ ਨੇ ਆਜ਼ਾਦੀ ਤੋਂ ਬਾਅਦ ਆਪਣਾਈ ਸੀ। ਇਹ ਭਾਰਤੀ ਅਰਥਤੰਤਰ ਦੀ 1950 ਦੇ ਦਹਾਕੇ ਤੋਂ 1980 ਤਕ ਘੱਟ ਜਾਂ ਲਗਭਗ ਖੜੋਤ ਵਾਲੀ ਵਿਕਾਸ ਦਰ ਦਾ ਸੂਚਕ ਸੀ। ਇਸ ਸਮੇਂ ਵਿਚ ਔਸਤ ਵਿਕਾਸ ਦਰ ਸਮੁੱਚੇ ਘਰੇਲੂ ਉਤਪਾਦਨ ਦੀ 3.5 ਪ੍ਰਤਿਸ਼ਤ ਸੀ। ਸਮੁੱਚੇ ਘਰੇਲੂ ਉਤਪਾਦਨ ਦੀ ਵਿਕਾਸ ਦਰ ਤਾਲਿਕਾ-1 ਵਿਚ ਦਰਸਾਈ ਗਈ ਹੈ।

ਵਿਰਮਾਨੀ (2004) ਦਾ ਕਹਿਣਾ ਹੈ ਕਿ 1991-92 ਵਿਚ ਸ਼ੁਰੂ ਕੀਤੀ ਨਵੀਂ ਆਰਥਿਕ ਨੀਤੀ ਨੇ ਭਾਰਤੀ ਅਰਥਤੰਤਰ ਦੀ ਰੂਪ ਰੇਖਾ ਬਦਲ ਦਿਤੀ ਅਤੇ ਇਸ ਨੂੰ ਹਿੰਦੂ ਵਿਕਾਸ ਤੋਂ ਉੱਪਰ ਉਠਾ ਕੇ 5 ਪ੍ਰਤਿਸ਼ਤ ਤੋਂ 6 ਪ੍ਰਤਿਸ਼ਤ ਦੀ ਉੱਚੀ ਵਿਕਾਸ ਦਰ 'ਤੇ ਲੈ ਆਂਦਾ ਜਿਸ ਨੂੰ ਨਵੀਂ ਹਿੰਦੂ ਵਿਕਾਸ ਦਰ ਕਿਹਾ ਗਿਆ।

## ਮੱਠੀ ਚਾਲ ਦੀਆਂ ਵਿਕਾਸ ਕੜੀਆਂ

ਭਾਰਤੀ ਅਰਥਤੰਤਰ ਦੀਆਂ ਵਿਕਾਸ ਸੰਭਾਵਨਾਵਾਂ ਨੂੰ ਦੋ ਤਰੀਕੇ ਜਾਂਚਿਆ ਜਾ ਸਕਦਾ ਹੈ - ਮਿਕਦਾਰ ਵਿਚ ਅਤੇ ਢਾਂਚਾਗਤ। ਮਿਕਦਾਰ ਪਹਿਲੂ ਨੂੰ ਸਮਝਣ ਲਈ ਵੱਖ-ਵੱਖ ਖੇਤਰਾਂ ਦੀ ਵਿਕਾਸ ਦਰ ਅਤੇ ਕੁੱਲ ਘਰੇਲੂ ਉਤਪਾਦਨ ਦੀ ਵਿਕਾਸ ਦਰ ਨੂੰ ਪਰਖਿਆ ਜਾਂਦਾ ਹੈ। ਪਰ ਅਰਥਤੰਤਰ ਨੂੰ ਚੰਗੀ ਤਰ੍ਹਾਂ ਸਮਝਣ ਲਈ ਢਾਂਚਾਗਤ ਪਹਿਲੂ ਨੂੰ ਵੀ ਧਿਆਨ ਗੋਚਰੇ ਕੀਤਾ ਜਾਂਦਾ ਹੈ। ਕੁੱਲ ਘਰੇਲੂ ਉਤਪਾਦਨ ਦੇ ਵੱਖ-ਵੱਖ ਹਿੱਸਿਆਂ ਵਿਚ ਆਉਣ ਵਾਲੀਆਂ ਤਬਦੀਲੀਆਂ ਦੇਸ਼ ਦੀ ਅਰਥਵਿਵਸਥਾ ਦਾ ਵਧੇਰੇ ਅਸਲੀ ਚਿਹਰਾ ਦਿਖਾਉਂਦੀਆਂ ਹਨ। ਖੇਤੀਬਾੜੀ ਖੇਤਰ 1970 ਤਕ ਸਮੁੱਚੇ ਘਰੇਲੂ ਉਤਪਾਦਨ ਦੇ ਖੇਤਰੀ ਢਾਂਚੇ ਉਪਰ ਭਾਰੀ ਰਿਹਾ। 1950-51 ਤਕ ਕੁੱਲ ਘਰੇਲੂ ਉਤਪਾਦਨ ਵਿਚ ਖੇਤੀਬਾੜੀ ਅਤੇ ਉਸ ਨਾਲ ਜੁੜੇ ਖੇਤਰਾਂ ਦਾ ਯੋਗਦਾਨ 55.3 ਪ੍ਰਤਿਸ਼ਤ ਸੀ। ਭਾਰਤ ਵਿਚ ਯੋਜਨਾਬੰਦੀ ਦੇ ਦੋ ਦਹਾਕਿਆਂ ਵਿਚ ਵੀ ਅਰਥਤੰਤਰ ਵਿਚ ਖੇਤੀਬਾੜੀ ਅਤੇ ਉਸ ਨਾਲ ਸੰਬੰਧਿਤ ਖੇਤਰਾਂ ਦੇ ਯੋਗਦਾਨ ਵਿਚ ਕੋਈ ਖ਼ਾਸ ਕਮੀ ਨਾ ਆਈ। ਇਹ ਇਸ ਸਚਾਈ ਦਾ ਸੂਚਕ ਸੀ ਕਿ ਭਾਰਤ ਵਿਚ ਉਦਯੋਗਾਂ ਦੀ ਭੈੜੀ ਹਾਲਤ ਸੀ। ਉਦਯੋਗੀਕਰਨ ਦੀ ਪ੍ਰਕਿਰਿਆ ਸਾਵੀਂ ਨਹੀਂ ਸੀ ਅਤੇ ਅਰਥਵਿਵਸਥਾ ਵਿਚ ਕੋਈ ਖ਼ਾਸ ਹਿੱਸਾ ਨਹੀਂ ਪਾ ਰਹੀ ਸੀ।

| ਤਾਲਿਕਾ-1 | |
|---|---|
| **ਕੁੱਲ ਘਰੇਲੂ ਉਤਪਾਦ ਵਿਕਾਸ ਦਰ 1950-1979 ਤੋਂ** | |
| ਦਹਾਕੇ | ਕੁੱਲ ਘਰੇਲੂ ਉਤਪਾਦ ਵਿਕਾਸ ਦਰ |
| 1950-59 | 3.3 |
| 1960-69 | 4.4 |
| 1970-79 | 2.9 |
| 1950-79 | 2.5 |

*ਸਰੋਤ : ਭੱਲਾ (2009) ਦੇ ਜਮ੍ਹਾਂ-ਜੋੜ ਦਾ ਵਿਸਤਾਰ ਲੇਖਕਾਂ ਵਲੋਂ 1950-1979 ਦੇ ਸਮੇਂ ਦੌਰਾਨ*

## ਸੁਧਾਰਾਂ ਤੋਂ ਬਾਅਦ ਵਿਕਾਸ ਰੌ

1991 ਦੇ ਸੰਕਟ ਨੇ ਭਾਰਤੀ ਨੀਤੀ ਨਿਰਧਾਰਕਾਂ ਨੂੰ ਆਯਾਤ ਬਦਲ ਦੀ ਨੀਤੀ ਤੋਂ ਹਟ ਕੇ ਨਿਰਯਾਤ ਵਿਕਾਸ ਮਾਡਲ ਦੀ ਨੀਤੀ ਅਪਣਾਉਣ ਲਈ ਸੋਚਣ ਲਈ ਮਜਬੂਰ ਕੀਤਾ। ਭਾਰਤੀ ਅਰਥਵਿਵਸਥਾ ਨੂੰ ਦੁਨੀਆਂ ਦੀਆਂ ਅਰਥ-ਵਿਵਸਥਾਵਾਂ ਨਾਲ ਜੋੜ ਦਿਤਾ ਗਿਆ। ਉਦਯੋਗਿਕ ਨੀਤੀ ਅਤੇ ਵਿਦੇਸ਼ੀ ਪੂੰਜੀ ਨਿਵੇਸ਼ ਨੀਤੀ, ਵਪਾਰ ਅਤੇ ਵਟਾਂਦਰਾ ਦਰ ਨੀਤੀ, ਕਰ ਸੁਧਾਰ, ਜਨਤਕ ਖੇਤਰ ਨੀਤੀ, ਵਿੱਤੀ ਸੁਧਾਰ, ਖੇਤੀਬਾੜੀ ਖੇਤਰ ਵਿਚ ਸੁਧਾਰ, ਕਿਰਤ ਬਾਜ਼ਾਰ ਸੁਧਾਰ ਅਤੇ ਅਤੇ ਹੋਰ ਖੇਤਰਾਂ ਵਿਚ ਸੁਧਾਰ ਸ਼ੁਰੂ ਕੀਤੇ ਗਏ। ਇਨ੍ਹਾਂ ਸੁਧਾਰਾਂ ਦੇ ਨਤੀਜੇ ਇਨ੍ਹਾਂ ਨੂੰ ਸ਼ੁਰੂ ਕਰਨ ਦੇ ਛੇਤੀ ਬਾਅਦ ਦੇਖਣ ਵਿਚ ਆਏ। ਸਮੁੱਚੇ ਘਰੇਲੂ ਉਤਪਾਦਨ ਜੋ 1991-92 ਵਿਚ ਸਿਰਫ਼ 1.43 ਪ੍ਰਤਿਸ਼ਤ ਸੀ, ਵਧ ਕੇ 1992-93 ਵਿਚ 5.36 ਪ੍ਰਤਿਸ਼ਤ ਹੋ ਗਿਆ।

## ਖੇਤੀਬਾੜੀ ਤੇ ਹੋਰ ਸੰਬੰਧਿਤ ਖੇਤਰ

ਭਾਰਤੀ ਅਰਥਤੰਤਰ ਬਹੁਤ ਜ਼ਿਆਦਾ ਖੇਤੀਬਾੜੀ ਉਪਰ ਨਿਰਭਰ ਸੀ। ਇਸ ਦੇ ਮਹੱਤਵ ਦਾ ਦੋ ਪਹਿਲੂਆਂ 'ਤੇ ਮੁੱਲੰਕਣ ਕੀਤਾ ਜਾ ਸਕਦਾ ਹੈ - ਕੁੱਲ ਘਰੇਲੂ ਉਤਪਾਦਨ ਵਿਚ ਅਤੇ ਰੁਜ਼ਗਾਰ ਵਿਚ ਹਿੱਸਾ। ਘੱਟ ਉਤਪਾਦਨ ਅਤੇ ਘੱਟ ਉਪਜਾਇਕਤਾ ਖੇਤੀਬਾੜੀ ਦੇ ਸਮੁੱਚੇ ਉਤਪਾਦਨ ਉੱਪਰ ਅਸਰ ਪਾਉਂਦੇ ਹਨ। ਖੇਤੀਬਾੜੀ ਵਿਚ ਅਕੁਸ਼ਲਤਾ ਦਾ ਪਾਰ ਪਾਉਣ ਲਈ ਠੋਸ ਨੀਤੀ ਨਿਰਧਾਰਨ ਅਤੇ ਪੂੰਜੀ ਨਿਵੇਸ਼ ਦੀ ਲੋੜ ਹੋਵੇਗੀ। ਖੇਤੀਬਾੜੀ ਖੇਤਰ ਵਿਚ ਇਕ ਠੋਸ ਚਿੰਤਾ ਦਾ ਵਿਸ਼ਾ ਹੈ ਕਿ ਅਸਲ ਪੂੰਜੀ ਨਿਵੇਸ਼, ਜਨਤਕ ਅਤੇ ਨਿੱਜੀ ਖੇਤਰ ਵਿਚ, ਇਕ ਖੜੋਤ ਆ ਗਈ ਹੈ (ਆਹਲੂਵਾਲੀਆ-1993)। ਇਸ ਕਾਰਨ ਅਤੇ ਹੋਰ ਢਾਂਚਾਗਤ ਮੁੱਦਿਆਂ ਕਾਰਨ ਖੇਤੀਬਾੜੀ ਅਤੇ

ਉਸ ਨਾਲ ਜੁੜੇ ਖੇਤਰਾਂ ਵਿਚ ਘੱਟ ਵਿਕਾਸ ਹੋਇਆ।

### ਉਦਯੋਗ

ਜਿਥੋਂ ਤਕ ਉਦਯੋਗਾਂ ਦਾ ਸੰਬੰਧ ਹੈ, ਆਰਥਿਕ ਸੁਧਾਰ ਇਸ ਖੇਤਰ ਵਿਚ ਵਧੇਰੇ ਮੌਲਿਕ ਸਨ। ਨੀਤੀ ਢਾਂਚੇ ਵਿਚ ਤਬਦੀਲੀਆਂ ਨੇ ਉਦਯੋਗਾਂ ਨੂੰ ਇਕ ਵੱਡਾ ਹੁਲਾਰਾ ਦਿਤਾ। ਮੁੱਖ ਸੁਧਾਰ ਸਨ, ਬਹੁਤੇ ਉਦਯੋਗਾਂ ਵਿਚ ਲਾਇਸੰਸ ਖਤਮ ਕਰਨਾ। ਹੁਣ ਲਾਇਸੰਸ ਸਿਰਫ਼ ਕੁੱਝ ਉਦਯੋਗਾਂ ਲਈ ਹੀ ਲੋੜੀਂਦੇ ਹਨ। ਇਸ ਤਰ੍ਹਾਂ ਪਿਛਲੇ ਦੋ ਦਹਾਕਿਆਂ ਵਿਚ, ਸੁਧਾਰਾਂ ਤੋਂ ਬਾਅਦ ਉਦਯੋਗ ਖੇਤਰ ਨੇ ਬਹੁਤ ਤਰੱਕੀ ਕੀਤੀ ਹੈ। 1991-92 ਤੋਂ 2010-11 ਦੇ ਸਮੇਂ ਵਿਚ ਔਸਤ ਵਿਕਾਸ ਦਰ 5.7 ਪ੍ਰਤਿਸ਼ਤ ਰਹੀ ਜੋ ਸਭ ਤੋਂ ਵੱਧ 2006-07 ਵਿਚ 12.17 ਪ੍ਰਤਿਸ਼ਤ ਸੀ ਅਤੇ ਸਭ ਤੋਂ ਘੱਟ 0.34 ਪ੍ਰਤਿਸ਼ਤ 1991-92 ਵਿਚ ਸੀ।

### ਸੇਵਾ ਖੇਤਰ

ਭਾਰਤ ਵਿਚ ਸੁਧਾਰਾਂ ਤੋਂ ਬਾਅਦ ਸੇਵਾ ਖੇਤਰ ਸਮੁੱਚੇ ਘਰੇਲੂ ਉਤਪਾਦਨ ਦੇ ਵੱਖ-ਵੱਖ ਖੰਡਾਂ ਵਿਚ ਮੋਢੀ ਰਿਹਾ ਹੈ। 1991-92 ਵਿਚ ਸੇਵਾ ਖੇਤਰ ਦਾ ਹਿੱਸਾ 43.9 ਪ੍ਰਤਿਸ਼ਤ ਸੀ ਜੋ 2012-13 ਵਿਚ ਵਧ ਕੇ 59.29 ਪ੍ਰਤਿਸ਼ਤ ਹੋ ਗਿਆ। ਸੂਚਨਾ ਤਕਨਾਲੋਜੀ, ਸੰਚਾਰ, ਬੈਂਕਿੰਗ ਸੇਵਾ, ਬੀਮਾ, ਮਨੋਰੰਜਨ ਅਤੇ ਕਈ ਹੋਰ ਖੇਤਰਾਂ ਵਿਚ ਤੇਜ਼ੀ ਨਾਲ ਵਾਧਾ ਹੋਇਆ। ਪਰ ਇਹ ਵੀ ਸੱਚ ਹੈ ਕਿ ਸਿਰਫ਼ ਕੁਝ ਸੇਵਾਵਾਂ ਹੀ ਚੰਗਾ ਪ੍ਰਦਰਸ਼ਨ ਕਰ ਰਹੀਆਂ ਹਨ। ਅੱਜ ਸੂਚਨਾ ਤਕਨਾਲੋਜੀ ਅਤੇ ਸੂਚਨਾ ਤਕਨਾਲੋਜੀ ਨਾਲ ਸੰਬੰਧਿਤ ਸੇਵਾਵਾਂ, ਸੰਚਾਰ ਅਤੇ ਬੀ.ਪੀ.ਓ. ਵਿਚ ਭਾਰਤ ਦਾ ਨਾਮ ਹੈ। ਸੁਧਾਰਾਂ ਤੋਂ ਬਾਅਦ, ਸੇਵਾ ਖੇਤਰ ਵਿਚ ਖੇਤੀਬਾੜੀ ਅਤੇ ਉਦਯੋਗ ਦੇ ਮੁਕਾਬਲੇ ਵਾਧਾ ਸਾਵਾਂ ਰਿਹਾ ਹੈ। 1991-92 ਵਿਚ ਵਿਕਾਸ ਦਰ 4.69 ਪ੍ਰਤਿਸ਼ਤ ਸੀ ਜਿਸ ਵਿਚ ਲਗਾਤਾਰ ਵਾਧਾ ਹੋਇਆ ਅਤੇ ਕਈ ਸਾਲਾਂ ਵਿਚ ਵਿਕਾਸ ਦੋ ਅੰਕੜਿਆਂ ਵਿਚ ਰਿਹਾ।

### ਭਾਰਤੀ ਆਰਥਿਕਤਾ ਦੀ ਕਾਰਗੁਜ਼ਾਰੀ


ਭਾਰਤੀ ਅਰਥਤੰਤਰ ਦੇ ਵਿਕਾਸ ਦੇ ਕਈ ਪੜਾਅ ਹਨ। 1980 ਦੇ ਦਹਾਕੇ ਤੋਂ ਪਹਿਲਾਂ, ਅਰਥਤੰਤਰ ਵਾਧੇ ਵਿਚ ਆਮ ਤੌਰ ਤੇ ਖੜ੍ਹੋਤ ਸੀ ਅਤੇ ਸਮੁੱਚੇ ਘਰੇਲੂ ਉਤਪਾਦਨ ਦੀ ਔਸਤ ਵਿਕਾਸ ਦਰ 3.5 ਪ੍ਰਤਿਸ਼ਤ ਸੀ। 1980 ਦੇ ਦਹਾਕੇ ਦੌਰਾਨ ਕੁਝ ਸੁਧਾਰ ਸ਼ੁਰੂ ਕੀਤੇ ਗਏ ਪਰ ਸਮੁੱਚੇ ਸੁਧਾਰ 1991 ਤੋਂ ਬਾਅਦ ਹੀ ਸ਼ੁਰੂ ਹੋਏ। 1990 ਦੇ ਦਹਾਕੇ ਦੇ ਕਰੰਸੀ ਦੇ ਸੰਕਟ ਨੇ ਨੀਤੀ ਨਿਰਧਾਰਕਾਂ ਨੂੰ ਸੁਧਾਰਾਂ ਦਾ ਸਿਲਸਿਲਾ ਸ਼ੁਰੂ ਕਰਨ ਲਈ ਮਜਬੂਰ ਕੀਤਾ।

ਕੁੱਲ ਘਰੇਲੂ ਉਤਪਾਦਨ ਵਿਚ ਸੁਧਾਰਾਂ ਤੋਂ ਬਾਅਦ ਵਾਧਾ ਹੋਣਾ ਸ਼ੁਰੂ ਹੋਇਆ।

### ਬਾਹਰੀ ਜੋੜ-ਮੇਲ

ਹੁਣ ਤਕ ਅਸੀਂ ਸਿਰਫ਼ ਘਰੇਲੂ ਖੇਤਰਾਂ ਬਾਰੇ ਚਰਚਾ ਕੀਤੀ ਹੈ। ਅਰਥਤੰਤਰ ਦੀ ਪੂਰੀ ਤਰ੍ਹਾਂ ਪੜਚੋਲ ਕਰਨ ਲਈ ਇਹ ਜ਼ਰੂਰੀ ਹੈ ਕਿ ਅਸੀਂ ਵਿਕਾਸ ਦੀਆਂ ਬਾਹਰੀ ਕੜੀਆਂ ਜੋ ਨਿਰਯਾਤ ਅਤੇ ਆਯਾਤ ਹਨ, ਨੂੰ ਵੀ ਸਮਝੀਏ। ਬਹੁਤ ਦੇਰ ਤਕ ਆਯਾਤ-ਨਿਰਯਾਤ ਵਪਾਰ ਘਾਟੇ ਵਿਚ ਰਿਹਾ। ਅਦਾਇਗੀ ਦੇ ਖਾਤੇ ਵਿਚ ਵਪਾਰਕ ਘਾਟਾ ਰਿਹਾ। ਕੁੱਲ ਘਰੇਲੂ ਉਤਪਾਦਨ ਦੇ ਵਿਕਾਸ ਅਤੇ ਵਪਾਰਕ ਘਾਟੇ ਵਿਚ 0.58 ਪ੍ਰਤਿਸ਼ਤ ਦਰ ਵਪਾਰਕ ਘਾਟਾ ਦੇਖਣ ਨੂੰ ਮਿਲਿਆ।ਇਸ ਤੋਂ ਸੰਕੇਤ ਮਿਲਦਾ ਹੈ ਕਿ ਇਨ੍ਹਾਂ ਦੋਹਾਂ ਵਿਚ ਇਕ ਸਾਵਾਂ ਜਿਹਾ ਰਚਨਾਤਮਕ ਰਿਸ਼ਤਾ ਹੈ। ਇਸ ਆਪਸੀ ਰਿਸ਼ਤੇ ਦੇ ਅਨੁਪਾਤ ਦੀ ਕੀਮਤ ਦਰਸਾਉਂਦੀ ਹੈ ਕਿ ਜਦੋਂ ਸਮੁੱਚੇ ਘਰੇਲੂ ਉਤਪਾਦਨ ਵਿਚ ਵਾਧਾ ਹੁੰਦਾ ਹੈ ਤਾਂ ਭਾਰਤ ਵਿਚ ਵਪਾਰਕ ਘਾਟਾ ਵੀ ਵਧ ਜਾਂਦਾ ਹੈ ਭਾਵੇਂ ਕਿ ਇਹ ਸਾਵਾਂ

ਚਿੱਤਰ-1 : 1991-92 ਤੋਂ 2010-11 ਤਕ ਕੁੱਲ ਘਰੇਲੂ ਉਤਪਾਦ ਵਿਕਾਸ ਦਰ ਤੇ ਵਪਾਰ ਘਾਟਾ




*ਸਰੋਤ : ਜ਼ਮੀਮਾ ਤਾਲਿਕਾ-3*

ਜਿਹਾ ਹੀ ਹੁੰਦਾ ਹੈ ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਆਯਾਤ ਦੇ ਮੁਕਾਬਲੇ ਨਿਰਯਾਤ ਵਾਧਾ ਹੁੰਗਾਰਾ ਨਹੀਂ ਭਰ ਰਿਹਾ। ਇਨ੍ਹਾਂ ਵਿਕਾਸ ਦਰਾਂ ਤੋਂ ਸੰਕੇਤ ਮਿਲਦਾ ਹੈ ਕਿ ਸੁਧਾਰਾਂ ਨਾਲ ਸਾਡੇ ਆਯਾਤ ਵਿਚ ਵਾਧਾ ਹੋਇਆ ਹੈ ਜਿਸ ਨੇ ਸਾਡੀ ਵਿਕਾਸ ਦਰ ਦੇ ਵਾਧੇ ਵਿਚ ਹਿੱਸਾ ਪਾਇਆ ਕਿਉਂਕਿ ਭਾਰਤ ਨੇ 1991 ਵਿਚ ਵਪਾਰਕ ਉਦਾਰੀਕਰਨ ਤੋਂ ਪਹਿਲਾਂ ਅਜਿਹੀ ਵਿਕਾਸ ਦਰ (1991-2010) ਹਾਸਲ ਨਹੀਂ ਕੀਤੀ ਸੀ। ਚਿੱਤਰ-1 ਵਿਚ ਦਰਸਾਇਆ ਗਿਆ ਹੈ ਕਿ ਕਿਵੇਂ ਵਿਕਾਸ ਦਰ ਅਤੇ ਵਪਾਰਕ ਘਾਟਾ ਇਕ ਦੂਜੇ ਨਾਲ ਜੁੜੇ ਹੋਏ ਹਨ।

## ਤਾਜ਼ਾ ਵਿਕਾਸ ਰੌਂ

ਹਾਲ ਹੀ ਵਿਚ, ਵਿੱਤ ਮੰਤਰਾਲਾ ਦੇ ਆਰਥਿਕ ਮਾਮਲਿਆਂ ਦੇ ਵਿਭਾਗ ਵਲੋਂ ਜਾਰੀ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਭਾਰਤੀ ਅਰਥਤੰਤਰ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਖੇਤੀਬਾੜੀ ਅਤੇ ਉਸ ਨਾਲ ਸੰਬੰਧਿਤ ਖੇਤਰਾਂ ਦਾ ਪ੍ਰਦਰਸ਼ਨ ਮੰਦਾ ਰਿਹਾ ਹੈ। ਇਸ ਖੇਤਰ ਵਿਚ ਸਭ ਤੋਂ ਵੱਧ ਉਤਾਰ ਚੜ੍ਹਾਅ ਦੇਖਣ ਨੂੰ ਮਿਲੇ ਹਨ - ਵਿਕਾਸ ਦਰ 2010-11 ਦੀ ਤੀਸਰੀ ਤਿਮਾਹੀ ਦੀ ਸਭ ਤੋਂ ਉੱਚੀ 11.0 ਪ੍ਰਤਿਸ਼ਤ ਦਰ ਅਤੇ 2012-13 ਦੀ ਦੂਸਰੀ ਤਿਮਾਹੀ ਵਿਚ ਸਭ ਤੋਂ ਥੱਲੇ 1.2 ਪ੍ਰਤਿਸ਼ਤ ਰਹੀ। ਇਸ ਸਮੇਂ ਵਿਚ ਔਸਤ ਵਿਕਾਸ ਦਰ 3.4 ਪ੍ਰਤਿਸ਼ਤ ਸੀ। ਉਦਯੋਗਿਕ ਖੇਤਰ ਵੀ ਨੀਤੀ ਨਿਰਧਾਰਕਾਂ ਅਤੇ ਸਰਕਾਰ ਲਈ ਚਿੰਤਾ ਦਾ ਵਿਸ਼ਾ ਹੈ। 2010-11 ਦੀ ਪਹਿਲੀ ਤਿਮਾਹੀ ਅਤੇ 2012-13 ਦੀ ਦੂਸਰੀ ਤਿਮਾਹੀ ਵਿਚਕਾਰ ਉਦਯੋਗ ਵਿਚ ਔਸਤ 4.4 ਪ੍ਰਤਿਸ਼ਤ ਦਾ ਵਾਧਾ ਹੋਇਆ। ਪਰ ਸੇਵਾ ਖੇਤਰ ਨੇ ਇਸ ਸਮੇਂ ਦੌਰਾਨ ਇਕ ਲਗਾਤਾਰ ਸਾਵੀ ਰੌਂ ਦਿਖਾਈ। ਇਸ ਖੇਤਰ ਵਿਚ ਔਸਤ ਵਿਕਾਸ ਦਰ 8.6 ਪ੍ਰਤਿਸ਼ਤ ਰਹੀ। ਇਸ ਸਮੇਂ ਦੌਰਾਨ, ਕੁੱਲ ਘਰੇਲੂ ਉਤਪਾਦਨ ਦੀ ਵਿਕਾਸ ਦਰ 6.9 ਪ੍ਰਤਿਸ਼ਤ ਸੀ।

## ਸਿੱਟਾ

ਸੁਧਾਰਾਂ ਤੋਂ ਪਹਿਲਾਂ ਦੇ ਸਮੇਂ ਦੇ ਮੁਕਾਬਲੇ ਭਾਰਤੀ ਅਰਥਤੰਤਰ ਨੇ ਸੁਧਾਰਾਂ ਤੋਂ ਬਾਅਦ ਦੇ ਸਮੇਂ ਵਿਚ ਤੇਜ਼ ਆਰਥਿਕ ਉੱਨਤੀ ਹਾਸਲ ਕੀਤੀ ਹੈ। ਪਰ ਹਾਲ ਹੀ ਵਿਚ ਏਸ਼ੀਆਈ ਵਿਕਾਸ ਅਤੇ ਹੋਰਨਾਂ ਵਲੋਂ ਜਾਰੀ ਸੋਧੇ ਹੋਏ ਅੰਦਾਜ਼ਿਆਂ ਅਨੁਸਾਰ, ਭਾਰਤੀ ਅਰਥਤੰਤਰ ਵਿਚ ਮੰਦੀ ਦੇਖਣ ਨੂੰ ਮਿਲੀ ਹੈ।

ਖੇਤੀਬਾੜੀ ਅਤੇ ਉਸ ਨਾਲ ਸੰਬੰਧਿਤ ਖੇਤਰ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ ਕਿਉਂਕਿ ਇਹ ਭਾਰਤੀ ਅਰਥਤੰਤਰ ਦਾ ਸਭ ਤੋਂ ਵੱਧ ਉਤਾਰ ਚੜ੍ਹਾਅ ਵਾਲਾ ਖੇਤਰ ਹੈ। ਇਸ ਵਿਚ, ਸੁਧਾਰਾਂ ਤੋਂ ਬਾਅਦ ਦੇ ਸਮੇਂ ਵਿਚ ਔਸਤ ਵਿਕਾਸ ਦਰ 3.01 ਪ੍ਰਤਿਸ਼ਤ ਰਹੀ ਹੈ, ਜੋ ਸਭ ਤੋਂ ਵੱਧ 4.09 ਸੀ।ਉਦਯੋਗਿਕ ਖੇਤਰ ਵਿਚ 1991-92 ਤੋਂ 2012-13 ਦੇ ਸਮੇਂ ਵਿਚਕਾਰ ਔਸਤ ਵਿਕਾਸ ਦਰ 6.5 ਪ੍ਰਤਿਸ਼ਤ ਰਹੀ, ਜਿਸ ਵਿਚ 3.16 ਪ੍ਰਤਿਸ਼ਤ ਦਾ ਉਤਾਰ ਚੜ੍ਹਾਅ ਦੇਖਣ ਨੂੰ ਮਿਲਿਆ ਜੋ ਇਸ ਦੀ ਵਿਕਾਸ ਦਰ ਵਿਚ ਉਤਾਰ ਚੜ੍ਹਾਅ ਦੀ ਸੂਚਕ ਹੈ। ਖੇਤੀਬਾੜੀ ਅਤੇ ਉਸ ਨਾਲ ਸੰਬੰਧਿਤ ਖੇਤਰਾਂ ਅਤੇ ਉਦਯੋਗਾਂ ਦੇ ਮੁਕਾਬਲੇ ਸੇਵਾ ਖੇਤਰ ਦਾ ਪ੍ਰਦਰਸ਼ਨ ਚੰਗਾ ਰਿਹਾ। ਇਸ ਵਿਚ ਔਸਤ ਵਿਕਾਸ ਦਰ 8.24 ਪ੍ਰਤਿਸ਼ਤ ਰਹੀ ਜੋ 1991-92 ਤੋਂ 2012-13 ਤਕ ਵਿਕਾਸ ਦੀ ਸੂਚਕ ਹੈ।ਇਸ ਵਿਚ ਔਸਤ ਉਤਾਅ ਚੜ੍ਹਾਅ ਬਹੁਤ ਘੱਟ 1.93 ਪ੍ਰਤਿਸ਼ਤ ਰਿਹਾ ਜੋ ਔਸਤ ਨਾਲੋਂ ਬਹੁਤ ਘੱਟ ਉਤਾਰ ਚੜ੍ਹਾਅ ਦੀ ਰੌਂ ਹੈ। ਇਨ੍ਹਾਂ ਨਤੀਜਿਆਂ ਤੋਂ ਬਾਅਦ ਲਗਦਾ ਹੈ ਕਿ ਭਾਰਤ ਵਿਚ ਸੇਵਾ ਖੇਤਰ ਵਿਚ ਵਿਕਾਸ ਸਾਵਾਂ ਜਿਹਾ ਰਿਹਾ ਹੈ।

ਆਰਥਿਕ ਸੁਧਾਰਾਂ ਅਤੇ ਵਪਾਰ ਉਦਾਰੀਕਰਨ ਦੇ ਮਹੱਤਵ ਨੂੰ ਸਮਝਦੇ ਹੋਏ, ਭਾਰਤੀ ਅਰਥਤੰਤਰ ਦੀ ਕਿਸਮਤ ਦਾ ਫ਼ੈਸਲਾ ਕਰਨ ਲਈ ਬਾਹਰੀ ਖੇਤਰ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੋ ਜਾਂਦੀ ਹੈ। ਸੁਧਾਰਾਂ ਤੋਂ ਬਾਅਦ ਦੇ ਸਮੇਂ ਵਿਚ ਵੀ, ਆਯਾਤ-ਨਿਰਯਾਤ ਵਪਾਰਕ ਸੰਤੁਲਨ ਵਿਗੜਿਆ ਰਿਹਾ। ਕੁੱਲ ਘਰੇਲੂ ਉਤਪਾਦਨ ਅਤੇ ਵਪਾਰਕ ਘਾਟੇ ਵਿਚ ਅਨੁਪਾਤ 0.58 ਰਿਹਾ ਜੋ ਦੋਹਾਂ ਵਿਚਕਾਰ ਸਾਵੇਂ ਜਿਹੇ ਸੰਬੰਧ ਦਾ ਸੂਚਕ ਹੈ - ਕੁੱਲ ਘਰੇਲੂ ਉਤਪਾਦਨ ਵਧ ਰਿਹਾ ਹੈ ਅਤੇ ਇਸ ਤਰ੍ਹਾਂ ਵਪਾਰਕ ਘਾਟਾ ਵੀ ਵਧ ਰਿਹਾ ਹੈ। ਇਸ ਸਮੇਂ ਦੇ ਸ਼ੁਰੂਆਤੀ ਦੌਰ ਵਿਚ, ਇਹ ਅਨੁਪਾਤ ਬਹੁਤ ਘੱਟ ਸੀ ਪਰ 1991 ਦੇ ਸੁਧਾਰਾਂ ਤੋਂ ਬਾਅਦ ਇਸ ਅਨੁਪਾਤ ਵਿਚ ਤੇਜ਼ੀ ਨਾਲ ਵਾਧਾ ਹੋਇਆ (ਸਿਨਹਾ ਅਤੇ ਭਾਰਤੀ-2012) ਕੁੱਲ ਘਰੇਲੂ ਉਤਪਾਦਨ ਵਿਚ ਵਾਧੇ ਦੇ ਅੰਕੜੇ, ਆਯਾਤ ਵਿਚ ਵਾਧੇ ਦੇ ਮੁਕਾਬਲੇ ਨਿਰਯਾਤ ਵਿਚ ਵਾਧਾ ਨਹੀਂ ਦਰਸਾਉਂਦੇ। ਇਸ ਤੋਂ ਸੰਕੇਤ ਮਿਲਦਾ ਹੈ ਕਿ ਜਿੰਨੀ ਤੇਜ਼ੀ ਨਾਲ ਆਯਾਤ ਹੁੰਗਾਰਾ ਭਰ ਰਿਹਾ ਹੈ, ਉਨੀ ਤੇਜ਼ੀ ਨਾਲ ਨਿਰਯਾਤ ਨਹੀਂ ਵਧ ਰਿਹਾ।

ਸੁਧਾਰਾਂ ਤੋਂ ਬਾਅਦ ਦੇ ਵਿਕਾਸ ਅੰਕੜਿਆਂ ਦੇ ਨਤੀਜਿਆਂ ਤੋਂ ਸੰਕੇਤ ਮਿਲਦਾ ਹੈ ਕਿ 1991-92 ਤੋਂ 2012-13 ਦੇ ਸਮੇਂ ਵਿਚਕਾਰ ਔਸਤ 6.6 ਪ੍ਰਤਿਸ਼ਤ ਦੀ ਵਿਕਾਸ ਦਰ 3.5 ਪ੍ਰਤਿਸ਼ਤ ਦੀ ਹਿੰਦੂ ਵਿਕਾਸ ਦਰ ਤੋਂ ਕਿਤੇ ਵਧੇਰੇ ਹੈ। ਉਦਯੋਗ ਅਤੇ ਸੇਵਾਵਾਂ ਦੇ ਖੇਤਰ ਦਾ ਖੰਡ ਅਨੁਪਾਤ ਕ੍ਰਮਵਾਰ 6.5 ਪ੍ਰਤਿਸ਼ਤ ਅਤੇ 8.2 ਪ੍ਰਤਿਸ਼ਤ ਰਿਹਾ ਜੋ ਹਿੰਦੂ ਵਿਕਾਸ ਦਰ ਤੋਂ ਬਹੁਤ ਵਾਧੂ ਹੈ। ਪਰ ਖੇਤੀਬਾੜੀ ਅਤੇ ਉਸ ਨਾਲ ਸੰਬੰਧਿਤ ਖੇਤਰਾਂ ਦੀ ਵਿਕਾਸ ਦਰ ਅੱਖਾਂ ਖੋਲ੍ਹਣ ਵਾਲੀ ਹੈ ਜੋ ਇਸ ਸਮੇਂ ਵਿਚ ਸਿਰਫ਼ ਔਸਤ 3.01 ਪ੍ਰਤਿਸ਼ਤ ਰਹੀ ਜੋ ਹਿੰਦੂ ਵਿਕਾਸ ਦਰ ਤੋਂ ਵੀ ਘੱਟ ਹੈ। ਇਸ ਤਰ੍ਹਾਂ, ਰੱਬ ਦੀ ਮਿਹਰ ਨਾਲ ਖੇਤੀਬਾੜੀ ਅਤੇ ਉਸ ਨਾਲ ਸੰਬੰਧਿਤ ਖੇਤਰਾਂ ਦੀ ਵਿਕਾਸ ਦਰ ਹਿੰਦੂ ਵਿਕਾਸ ਦਰ ਦੇ ਨੇੜੇ ਰਹੀ। ਇਹ ਸਾਡੇ ਸੁਧਾਰਾਂ ਤੋਂ ਬਾਅਦ ਦੇ ਪ੍ਰਦਰਸ਼ਨ ਉਪਰ ਇਕ ਪ੍ਰਸ਼ਨ ਚਿੰਨ੍ਹ ਖੜ੍ਹਾ ਕਰਦੀ ਹੈ ਕਿ ਵੱਖ-ਵੱਖ ਖੰਡਾਂ ਵਿਚੋਂ ਸੇਵਾ ਖੇਤਰ ਵਿਚ ਵਿਕਾਸ ਸਭ ਤੋਂ ਵੱਧ ਰਿਹਾ ਜਿਸ ਉਪਰ ਸਾਡੇ ਕਾਮਿਆਂ ਦੀ ਜਮਾਤ ਦਾ ਇਕ ਛੋਟਾ ਜਿਹਾ ਵਰਗ ਹੀ ਨਿਰਭਰ ਹੈ। ਕਈ ਸਾਲ, ਖੇਤੀਬਾੜੀ ਦੀ ਵਿਕਾਸ ਦਰ ਬਹੁਤ ਭੈੜੀ ਰਹੀ ਪਰ ਉਸ ਖੇਤਰ ਉੱਪਰ ਸਾਡੇ ਕਾਮਿਆਂ ਦੀ ਇਕ ਵੱਡੀ ਜਮਾਤ ਨਿਰਭਰ ਕਰਦੀ ਹੈ। ਅੰਤ ਵਿਚ, ਇਹ ਸਿੱਟਾ ਨਿਕਲਦਾ ਹੈ ਕਿ ਭਾਵੇਂ ਅਰਥਤੰਤਰ ਦੇ ਵਿਕਾਸ ਵਿਚ ਉਤਾਰ ਚੜ੍ਹਾਅ ਹੋਣ ਪਰ ਸੁਧਾਰਾਂ ਤੋਂ ਬਾਅਦ ਦੇ ਵਿਕਾਸ ਅੰਕੜੇ ਦਰਸਾਉਂਦੇ ਹਨ ਕਿ ਭਾਰਤ ਕਦੇ ਵੀ ਮੁੜ ਤੋਂ ਹਿੰਦੂ ਵਿਕਾਸ ਦਰ ਦੇ ਧਰਾਤਲ ਉਤੇ ਨਹੀਂ ਜਾਵੇਗਾ ਅਤੇ ਹਮੇਸ਼ਾ ਇਸ ਤੋਂ ਵੱਧ ਵਿਕਾਸ ਦਰ ਹਾਸਲ ਕਰੇਗਾ। ਵਾਪਸ ਹਿੰਦੂ ਵਿਕਾਸ ਦਰ 'ਤੇ ਜਾਣ ਦੇ ਡਰ ਨੂੰ ਵਧਾ ਚੜ੍ਹਾਅ ਕੇ ਦਰਸਾਇਆ ਜਾ ਰਿਹਾ ਹੈ।

*(ਲੇਖਕ ਡੌਕਟੋਰਲ ਕੈਂਡੀਡੇਟ, ਮਾਨਵ ਤੇ ਸਮਾਜ ਵਿਗਿਆਨਾਂ, ਭਾਰਤੀ ਤਕਨਾਲੋਜੀ ਸੰਸਥਾਨ, ਪਟਨਾ ਹੈ।)*

*e-mail :kumargaurav@iitp.ac.in,*

*gauravsharan72@gmail.com*

# ਅੰਤਰਿਮ ਬਜਟ 2014-15 : ਇਕ ਵਿਸ਼ਲੇਸ਼ਣ

ਸ.ਸ.ਛੀਨਾ

ਸੁਤੰਤਰਤਾ ਪ੍ਰਾਪਤੀ ਤੋਂ ਲੈ ਕੇ ਹੁਣ ਤਕ ਭਾਰਤ ਦੀ ਸੰਸਦ ਵਿਚ 83 ਬਜਟ ਪੇਸ਼ ਕੀਤੇ ਜਾ ਚੁੱਕੇ ਹਨ। ਉਨ੍ਹਾਂ ਵਿਚੋਂ 66 ਪੂਰੇ ਬਜਟ ਜਦ ਕਿ 17 ਅੰਤਰਿਮ ਬਜਟ ਸਨ। ਅੰਤਰਿਮ ਬਜਟ ਉਸ ਵਕਤ ਪੇਸ਼ ਕੀਤਾ ਜਾਂਦਾ ਹੈ ਜਦੋਂ ਕੋਈ ਅਸਾਧਾਰਨ ਸਥਿਤੀ, ਜੰਗ ਦੀ ਸਥਿਤੀ ਜਾਂ ਚੋਣਾਂ ਹੋਣ ਵਾਲੀਆਂ ਹੋਣ। ਭਾਰਤ ਵਿਚ ਇਹ ਅੰਤਰਿਮ ਬਜਟ ਸਿਰਫ਼ ਚੋਣਾਂ ਤੋਂ ਪਹਿਲਾਂ ਪੇਸ਼ ਕੀਤੇ ਜਾਂਦੇ ਰਹੇ ਹਨ। ਇਨ੍ਹਾਂ ਬਜਟਾਂ ਵਿਚ ਆਮਦਨ ਦੇ ਸਾਧਨਾਂ ਅਤੇ ਉਨ੍ਹਾਂ ਤੋਂ ਆਉਣ ਵਾਲੀ ਆਮਦਨ ਦੇ ਵੇਰਵੇ ਨਹੀਂ ਦਿਤੇ ਜਾਂਦੇ ਸਗੋਂ ਸਿਰਫ਼ ਖਰਚ ਦੀਆਂ ਮਦਾਂ ਦੇ ਅਨੁਮਾਨ ਦਿਤੇ ਜਾਂਦੇ ਹਨ। ਅੰਤਰਿਮ ਬਜਟਾਂ ਵਿਚ ਸਰਕਾਰ ਦੀ ਨੀਤੀ ਨਾਲ ਸੰਬੰਧਿਤ ਖਰਚਿਆਂ ਦਾ ਵੇਰਵਾ ਵੀ ਨਹੀਂ ਦਿਤਾ ਜਾਂਦਾ ਕਿਉਂਕਿ ਇਹ ਆਰਜ਼ੀ ਪ੍ਰਬੰਧ ਹੁੰਦਾ ਹੈ।

ਪਹਿਲਾ ਅੰਤਰਿਮ ਬਜਟ 1951 ਵਿਚ ਪੇਸ਼ ਕੀਤਾ ਗਿਆ ਸੀ ਜਿਸ ਵਿਚ ਕੁਝ ਸਮੇਂ ਤਕ ਕੀਤੇ ਜਾਣ ਵਾਲੇ ਖਰਚਿਆਂ ਦੀ ਮਨਜ਼ੂਰੀ ਲਈ ਜਾਂਦੀ ਹੈ। ਇਹ ਥੋੜ੍ਹਾ ਸਮਾਂ ਦੋ ਮਹੀਨੇ ਤੋਂ ਲੈ ਕੇ ਛੇ ਮਹੀਨੇ ਤਕ ਦਾ ਹੋ ਸਕਦਾ ਹੈ। ਅੰਤਰਿਮ ਬਜਟ 2014-15 ਵਿਚ ਆਉਣ ਵਾਲੇ 4 ਮਹੀਨਿਆਂ ਤਕ ਦੀ ਮਨਜ਼ੂਰੀ ਲਈ ਗਈ ਹੈ। ਸਭ ਤੋਂ ਵੱਧ ਬਜਟ ਸ੍ਰੀ ਮੁਰਾਰਜੀ ਦੇਸਾਈ ਨੇ ਅਤੇ ਪੀ. ਚਿਦੰਬਰਮ ਨੇ ਬਜਟ ਪੇਸ਼ ਕੀਤੇ ਹਨ।

ਅੰਤਰਿਮ ਬਜਟ ਵਿਚ ਜਿਥੇ ਨੀਤੀ ਨਾਲ ਸੰਬੰਧਿਤ ਆਮਦਨ, ਖਰਚ ਦੇ ਵੇਰਵੇ ਨਹੀਂ ਦਿਤੇ ਜਾਂਦੇ ਉਥੇ ਪ੍ਰਤੱਖ ਕਰਾਂ ਵਿਚ ਵੀ ਤਬਦੀਲੀ ਨਹੀਂ ਕੀਤੀ ਜਾਂਦੀ। ਫਿਰ ਵੀ ਸਰਕਾਰ ਵਲੋਂ ਕੀਤੇ ਜਾਣ ਵਾਲੇ ਖਰਚ ਵਿਚ ਜੋ ਤਬਦੀਲੀਆਂ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਵਿਚ ਸਰਕਾਰ ਵਲੋਂ ਆਪਣਾਈ ਗਈ ਨੀਤੀ ਅਤੇ ਉਦੇਸ਼ਾਂ ਦੀ ਪ੍ਰਤੱਖ ਤਸਵੀਰ ਸਾਹਮਣੇ ਆਉਂਦੀ ਹੈ। ਇਸ ਬਜਟ ਵਿਚ ਖੁਰਾਕ ਸਬਸਿਡੀ, ਵਿੱਦਿਆ ਲਈ ਲਏ ਕਰਜ਼ੇ 'ਤੇ ਰਿਆਇਤਾਂ ਅਤੇ ਕਈ ਵਸਤੂਆਂ 'ਤੇ ਉਤਪਾਦਨ ਕਰ ਵਿਚ ਦਿਤੀਆਂ ਗਈਆਂ ਰਿਆਇਤਾਂ ਤੋਂ ਨਜ਼ਰ ਆਉਂਦਾ ਹੈ। ਜਿਹੜਾ ਬਜਟ 2013 ਵਿਚ ਪੇਸ਼ ਕੀਤਾ ਗਿਆ ਸੀ, ਉਸ ਵਿਚ ਜਿਹੜੀਆਂ ਰਿਆਇਤਾਂ ਅਤੇ ਉਦੇਸ਼ ਸਾਹਮਣੇ ਰਖੇ ਸਨ, ਤਕਰੀਬਨ ਉਸ ਤਰ੍ਹਾਂ ਦਾ ਹੀ ਖਰਚ ਇਸ ਬਜਟ ਵਿਚ ਕੀਤੇ ਜਾਣ ਦੀ ਵਿਵਸਥਾ ਹੈ।

ਪਿਛਲੇ ਬਜਟ ਵਾਂਗ ਇਸ ਬਜਟ ਵਿਚ ਵੀ ਸਭ ਤੋਂ ਜ਼ਿਆਦਾ ਖਰਚ ਪੇਂਡੂ ਵਿਕਾਸ 'ਤੇ ਕੀਤੇ ਜਾਣ ਦੀ ਵਿਵਸਥਾ ਕੀਤੀ ਗਈ ਹੈ ਜਿਸ ਲਈ 82202 ਕਰੋੜ ਰੁਪਏ ਰਖੇ ਗਏ ਹਨ। ਪੰਜਾਬ ਦੇ 6 ਲੱਖ ਦੇ ਕਰੀਬ ਪਿੰਡਾਂ ਲਈ ਕੀਤੇ ਜਾਣ ਵਾਲਾ ਇਹ ਖਰਚ ਭਾਵੇਂ ਉਨ੍ਹਾਂ ਪਿੰਡਾਂ ਦੀਆਂ ਲੋੜਾਂ ਦੇ ਹਿਸਾਬ ਬਹੁਤ ਘੱਟ ਹੈ, ਪਰ ਸਾਧਨਾਂ ਦੀ ਵੰਡ ਕਰਦੇ ਸਮੇਂ ਪਿੰਡਾਂ ਨੂੰ ਤਰਜੀਹ ਦੇਣ ਅਤੇ ਉਨ੍ਹਾਂ ਦੇ ਵਿਕਾਸ ਲਈ ਦਿਲਚਸਪੀ ਪ੍ਰਗਟ ਕਰਨ ਦੇ ਖ਼ਾਸ ਕਾਰਨ ਹਨ। ਦੇਸ਼ ਦੀ 70 ਪ੍ਰਤਿਸ਼ਤ ਵਸੋਂ ਪਿੰਡਾਂ ਵਿਚ ਰਹਿੰਦੀ ਹੈ, ਪਿੰਡਾਂ ਵਿਚ ਰਹਿਣ ਵਾਲੀ ਵਸੋਂ ਦੇ ਵਿਕਾਸ ਦਾ ਅਰਥ ਹੈ ਕਿ ਉਨ੍ਹਾਂ ਲਈ ਸ਼ਹਿਰਾਂ ਵਰਗੀਆਂ ਸਹੂਲਤਾਂ ਪੈਦਾ ਕਰਨੀਆਂ ਜਿਨ੍ਹਾਂ ਵਿਚ ਆਵਾਜਾਈ, ਸੰਚਾਰ, ਪਿੰਡਾਂ ਵਿਚ ਸਫਾਈ ਦੇ ਪ੍ਰਬੰਧ ਅਤੇ ਜਨਤਕ ਸੇਵਾਵਾਂ ਜਿਵੇਂ ਲਾਇਬ੍ਰੇਰੀਆਂ, ਖੇਡਾਂ ਦੇ ਮੈਦਾਨ ਅਤੇ ਮਨੋਰੰਜਨ ਦੀਆਂ ਵਿਵਸਥਾਵਾਂ ਕਰਨੀਆਂ ਮੁੱਖ ਹਨ।

ਪਿਛਲੇ 66 ਸਾਲਾਂ ਤੋਂ ਲਗਾਤਾਰ ਪਿੰਡਾਂ ਦੇ ਵਿਕਾਸ ਨੂੰ ਖ਼ਾਸ ਤਰਜੀਹ ਦਿਤੀ ਜਾਂਦੀ ਰਹੀ ਹੈ ਪਰ ਅਜੇ ਤਕ ਪਿੰਡਾਂ ਅਤੇ ਸ਼ਹਿਰੀ ਸੇਵਾਵਾਂ ਅਤੇ ਵਿਵਸਥਾਵਾਂ ਵਿਚ ਵੱਡਾ ਫ਼ਰਕ ਨਜ਼ਰ ਆਉਂਦਾ ਹੈ। ਸ਼ਹਿਰੀਕਰਨ ਦੀ ਵੱਡੀ ਰੁਚੀ ਬਣੀ ਹੋਈ ਹੈ ਬਜਾਇ ਇਸ ਦੇ ਕਿ ਪਿੰਡਾਂ ਨੂੰ ਵੀ ਸ਼ਹਿਰਾਂ ਵਾਲੀਆਂ ਸਹੂਲਤਾਂ ਦੇ ਕੇ ਸ਼ਹਿਰਾਂ ਦੇ ਬਰਾਬਰ ਕਰ ਦਿਤਾ ਜਾਵੇ। ਪਿੰਡਾਂ ਦੇ ਲੋਕ ਸ਼ਹਿਰਾਂ ਵਿਚ ਜਾ ਕੇ ਰਹਿਣ ਨੂੰ ਤਰਜੀਹ ਦੇ ਰਹੇ ਹਨ। ਇਸ ਲਈ ਇਹ ਜ਼ਰੂਰੀ ਬਣਦਾ ਹੈ ਕਿ ਪਿੰਡਾਂ ਦੇ ਵਿਕਾਸ 'ਤੇ ਖ਼ਾਸ ਧਿਆਨ ਦਿਤਾ ਜਾਵੇ ਜਿਸ ਦੀ ਇਸ ਬਜਟ ਵਿਚ ਵਿਵਸਥਾ ਕੀਤੀ ਗਈ ਹੈ ਅਤੇ ਉਮੀਦ ਕੀਤੀ ਜਾਂਦੀ ਹੈ ਕਿ ਜਦੋਂ ਜੂਨ-ਜੁਲਾਈ ਵਿਚ ਪੂਰਾ ਬਜਟ ਪੇਸ਼ ਕੀਤਾ ਜਾਵੇਗਾ, ਇਸ ਜਾਇਜ਼ ਤਰਜੀਹ ਨੂੰ ਮੁੱਖ ਰਖਦਿਆਂ ਇਸ 'ਤੇ ਹੋਰ ਖਰਚ ਵਧਾਉਣ ਦੀ ਵਿਵਸਥਾ ਕੀਤੀ ਜਾਵੇਗੀ।

ਮਨੁੱਖੀ ਵਿਕਾਸ ਲਈ 67398 ਕਰੋੜ ਰੁਪਏ ਰਖੇ ਗਏ ਹਨ। ਮਨੁੱਖੀ ਵਿਕਾਸ ਵਿਚ ਮੁੱਖ ਤੌਰ ਤੇ ਵਿੱਦਿਅਕ ਪ੍ਰਣਾਲੀ ਨਾਲ ਸੰਬੰਧਿਤ ਖਰਚ ਆਉਂਦੇ ਹਨ। ਇਸ ਬਜਟ ਵਿਚ ਵਿਦਿਆਰਥੀਆਂ ਨੂੰ ਉਚੇਰੀ ਵਿੱਦਿਆ ਵਿਚ ਉਤਸ਼ਾਹਿਤ ਕਰਨ ਲਈ ਕਰਜ਼ੇ 'ਤੇ ਵਿਆਜ ਲਈ ਛੋਟ ਦੇਣ ਦੀ ਵਿਵਸਥਾ ਕੀਤੀ ਗਈ ਹੈ ਜੋ ਕਿ ਇਕ ਸਲਾਹੁਣ ਯੋਗ ਕਦਮ ਹੈ। ਇਹ ਗੱਲ ਸਾਹਮਣੇ ਆਈ ਹੈ ਕਿ ਉੱਚੇਰੀ ਵਿੱਦਿਆ ਦੇ ਮੰਹਿਗਾ ਹੋਣ ਕਰਕੇ, ਬਹੁਤ ਸਾਰੇ ਹੋਣਹਾਰ ਵਿਦਿਆਰਥੀ ਆਪਣੀ ਉੱਚੇਰੀ ਵਿੱਦਿਆ ਜਾਂ ਤਾਂ ਪੂਰੀ ਨਹੀਂ ਕਰ ਸਕਦੇ ਜਾਂ ਉਸ ਵਿਚ ਇਸ ਕਰਕੇ ਦਾਖ਼ਲਾ ਨਹੀਂ ਸਨ ਲੈਂਦੇ ਕਿ ਉਹ ਇਸ ਲਈ ਇੰਨੇ ਉੱਚੇ ਖਰਚ ਨਹੀਂ ਸਨ ਕਰ ਸਕਦੇ। ਪਰ ਸਿੱਖਿਆ ਲਈ ਕਰਜ਼ੇ ਦੀ ਵਿਵਸਥਾ ਕਰਕੇ, ਬਹੁਤ ਸਾਰੇ ਵਿਦਿਆਰਥੀ ਇਸ ਦਾ ਲਾਭ ਉੱਠਾ ਕੇ ਆਪਣੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਇਸ ਕਰਜ਼ੇ ਦੀ ਅਦਾਇਗੀ ਕਰਦੇ ਹਨ। ਇਕ ਤਾਂ ਪਹਿਲਾਂ ਹੀ ਇਹ ਕਰਜ਼ਾ ਸਸਤਾ ਦਿਤਾ ਜਾਂਦਾ ਹੈ ਅਤੇ ਫਿਰ ਇਸ 'ਤੇ

ਵਿਆਜ ਵਿਚ ਛੋਟ ਨਾਲ ਵਿਦਿਆਥੀਆਂ ਲਈ ਇਹ ਇਕ ਬਹੁਤ ਵੱਡੀ ਰਾਹਤ ਹੈ। ਇਸ ਬਜਟ ਵਿਚ ਇਹ ਗੱਲ ਕਹੀ ਗਈ ਹੈ ਕਿ ਜਿਨ੍ਹਾਂ ਵਿਦਿਆਰਥੀਆਂ ਨੇ 31 ਮਾਰਚ 2009 ਤੋਂ ਪਹਿਲਾਂ ਕਰਜ਼ਾ ਲਿਆ ਸੀ ਉਨ੍ਹਾਂ ਦਾ 31 ਦਸੰਬਰ 2013 ਦਾ ਵਿਆਜ ਸਰਕਾਰ ਵਲੋਂ ਦਿਤਾ ਜਾਵੇਗਾ। ਇਸ ਨਾਲ ਇਸ ਦਾ ਲਾਭ ਲੈ ਚੁੱਕੇ 9 ਲੱਖ ਵਿਦਿਆਰਥੀਆਂ ਨੂੰ ਲਾਭ ਮਿਲੇਗਾ। ਭਾਵੇਂ ਕਿ ਉਹ ਵਿਦਿਆਰਥੀ ਜਿਨ੍ਹਾਂ ਨੇ ਇਸ ਵਿਚੋਂ ਕੁਝ ਕਰਜ਼ਾ ਮੋੜ ਦਿਤਾ ਹੈ, ਦੇ ਬਾਰੇ ਕੋਈ ਵੇਰਵੇ ਨਹੀਂ ਦਿਤੇ ਗਏ ਪਰ ਕੁੱਲ ਮਿਲਾ ਕੇ ਉਸ ਵਰਗ ਦੇ ਵਿਦਿਆਰਥੀਆਂ ਲਈ ਇਹ ਇਕ ਚੰਗੀ ਰਾਹਤ ਹੈ ਅਤੇ ਇਸ ਨਾਲ ਵਿਦਿਆਰਥੀਆਂ ਵਿਚ ਉਤਸ਼ਾਹ ਵਧਦਾ ਹੈ।

ਭਾਰਤ ਦੀ ਵਸੋਂ ਵਿਚ ਸਾਖਰਤਾ ਦਰ 79 ਪ੍ਰਤਿਸ਼ਤ ਤਕ ਹੈ ਜਿਸ ਦਾ ਅਰਥ ਹੈ ਕਿ 21 ਪ੍ਰਤਿਸ਼ਤ ਵਿਦਿਆਰਥੀ ਜਾਂ ਘੱਟ ਪੜ੍ਹੇ ਹਨ ਜਾਂ ਪੜ੍ਹਾਈ ਵਿਚਾਲੇ ਛੱਡ ਕੇ ਕਿਸੇ ਨਾ ਕਿਸੇ ਕੰਮ 'ਤੇ ਲੱਗ ਜਾਂਦੇ ਹਨ। ਇਸ ਪ੍ਰਕਾਰ ਨਾ ਤਾਂ ਉਹ ਪੜ੍ਹਿਆਂ-ਲਿਖਿਆਂ ਵਿਚ ਆਉਂਦੇ ਹਨ ਅਤੇ ਨਾ ਹੀ ਹੁਨਰਵਾਨ ਵਿਅਕਤੀ ਬਣਦੇ ਹਨ ਜਿਸ ਨਾਲ ਉਨ੍ਹਾਂ ਵਲੋਂ ਵੱਧ ਉਤਪਾਦਨ ਦਿਤਾ ਜਾਵੇ। ਸਿੱਟੇ ਵਜੋਂ, ਉਨ੍ਹਾਂ ਦੀ ਆਮਦਨ ਵੀ ਵਧ ਸਕੇ। ਇਸ ਬਜਟ ਵਿਚ ਹੁਨਰ ਵਿਕਾਸ ਲਈ 1000 ਕਰੋੜ ਰੁਪਏ ਰਖੇ ਗਏ ਹਨ ਜਿਸ ਵਿਚ ਕੁਝ ਸੰਸਥਾਵਾਂ ਵਲੋਂ ਉਨ੍ਹਾਂ ਲੋਕਾਂ ਦੇ ਹੁਨਰ ਵਿਚ ਵਾਧਾ ਕਰਨ ਲਈ ਸਿਖਲਾਈ ਦਿਤੀ ਜਾਵੇਗੀ। ਭਾਵੇਂ ਕਿ ਇਨ੍ਹਾਂ ਗ਼ੈਰ ਹੁਨਰਵਾਨ ਵਿਅਕਤੀਆਂ ਦੀ ਗਿਣਤੀ ਅਨੁਸਾਰ, 1000 ਕਰੋੜ ਰੁਪਏ ਦੀ ਰਾਸ਼ੀ ਬਹੁਤ ਘੱਟ ਹੈ ਪਰ ਇਹ ਇਸ ਗੱਲ ਵੱਲ ਵੀ ਇਸ਼ਾਰਾ ਕਰਦੀ ਹੈ ਕਿ ਇਹ ਪੱਖ ਆਉਣ ਵਾਲੇ ਸਮੇਂ ਵਿਚ ਵੀ ਤਰਜੀਹ ਦੀ ਮੰਗ ਕਰਦਾ ਹੈ ਤਾਂ ਕਿ ਵੱਧ ਤੋਂ ਵੱਧ ਲੋਕਾਂ ਨੂੰ ਗ਼ੈਰ ਹੁਨਰਵਾਨ ਤੋਂ ਹੁਨਰਵਾਨ ਵਿਅਕਤੀਆਂ ਵਿਚ ਬਦਲਿਆ ਜਾਵੇ ਜੋ ਦੇਸ਼ ਦੇ ਵੱਡੇ ਹਿੱਤ ਦੀ ਵੀ ਗੱਲ ਹੈ ਅਤੇ ਉਨ੍ਹਾਂ ਪਰਿਵਾਰਾਂ ਦੀ ਵੱਡੀ ਸਹਾਇਤਾ ਵੀ ਹੈ ਜੋ ਇਸ ਦਾ ਲਾਭ ਉੱਠਾ ਕੇ ਆਪਣੀ ਆਮਦਨ ਨੂੰ ਵਧਾ ਸਕਦੇ ਹਨ। ਸਿਹਤ ਸੇਵਾਵਾਂ ਅਤੇ ਪਰਿਵਾਰ ਕਲਿਆਣ ਉਹ ਕੰਮ ਹੈ ਜਿਸ ਲਈ ਹਰ ਸਰਕਾਰ ਦਾ ਖ਼ਾਸ ਧਿਆਨ ਹੋਣਾ ਚਾਹੀਦਾ ਹੈ ਪਰ ਅੰਤਰਿਮ ਬਜਟ ਹੋਣ ਕਰਕੇ ਇਸ ਵਿਚ ਕਿਸੇ ਵੱਡੇ ਵਾਧੇ ਦੀ ਉਮੀਦ ਤਾਂ ਨਹੀਂ ਸੀ। ਫਿਰ ਵੀ ਪਿਛਲੇ ਸਾਲ ਵਾਂਗ ਇਸ ਮਦ 'ਤੇ 33725 ਕਰੋੜ ਰੁਪਏ ਖਰਚ ਕਰਨ ਦੀ ਤਜਵੀਜ਼ ਹੈ। ਸਿਹਤ ਸੇਵਾਵਾਂ ਦਾ ਖੇਤਰ ਰਾਜਾਂ ਅਤੇ ਕੇਂਦਰ ਦੋਵਾਂ ਦਾ ਵਿਭਾਗ ਹੈ ਪਰ ਰਾਜਾਂ ਸਰਕਾਰਾਂ ਇਨ੍ਹਾਂ ਕੰਮਾਂ ਲਈ ਖਰਚ ਕਰਨ ਲਈ ਕੇਂਦਰ ਸਰਕਾਰ ਵੱਲ ਹੀ ਵੇਖਦੀਆਂ ਹਨ। ਸਿਹਤ ਸੇਵਾਵਾਂ ਵਿਚ ਉਨ੍ਹਾਂ ਦਾ ਢਾਂਚਾ, ਮੈਡੀਕਲ ਸਟਾਫ਼ ਦੀਆਂ ਤਨਖ਼ਾਹਾਂ, ਆਵਾਜਾਈ ਅਤੇ ਦਵਾਈਆਂ ਆਦਿ ਦੇ ਵੱਡੇ ਖਰਚ ਆਉਂਦੇ ਹਨ। ਇਨ੍ਹਾਂ ਵਿਚ ਕੀਤੇ ਜਾਣ ਵਾਲੇ ਖਰਚ ਵਿਚੋਂ ਜ਼ਿਆਦਾਤਰ ਕਰਮਚਾਰੀਆਂ ਦੀਆਂ ਤਨਖ਼ਾਹਾਂ 'ਤੇ ਹੀ ਚਲਾ ਜਾਂਦਾ ਹੈ ਜਦ ਕਿ ਦਵਾਈਆਂ, ਨਿਰੀਖਣ ਔਜ਼ਾਰਾਂ ਅਤੇ ਢਾਂਚੇ ਲਈ ਬਹੁਤ ਹੀ ਘੱਟ ਬਚਦਾ ਹੈ। ਇਹ ਖਰਚ ਸਰਕਾਰ ਦੀ ਕੁੱਲ ਆਮਦਨ 'ਤੇ ਨਿਰਭਰ ਹੋਣ ਕਰਕੇ ਅਤੇ ਅੰਤਰਿਮ ਬਜਟ ਵਿਚ ਆਮਦਨ ਵਧਾਉਣ ਦੀ ਸੀਮਾ ਹੋਣ ਕਰਕੇ ਸਿਰਫ਼ ਇੰਨਾ ਖਰਚ ਕਰਨ ਦੀ ਤਜਵੀਜ਼ ਹੀ ਰਖੀ ਹੈ। ਇਹ ਖਰਚ ਭਾਵੇਂ ਲੋੜਾਂ ਦੇ ਅਨੁਸਾਰ ਬਹੁਤ ਘੱਟ ਹੈ ਪਰ ਜੇ ਇਸ ਨੂੰ ਯੋਗ ਢੰਗ ਅਤੇ ਠੀਕ ਨਿਗਰਾਨੀ ਤਹਿਤ ਵਰਤ ਲਿਆ ਜਾਵੇ ਤਾਂ ਇਸ ਤੋਂ ਚੰਗੇ ਸਿੱਟੇ ਪ੍ਰਾਪਤ ਕੀਤੇ ਜਾ ਸਕਦੇ ਹਨ। ਇਸ ਹੀ ਮਦ ਦੇ ਅਧੀਨ ਖ਼ੂਨ ਦਾਨ ਸੇਵਾਵਾਂ ਨੂੰ ਸੇਵਾ ਕਰ ਦੇ ਘੇਰੇ ਤੋਂ ਬਾਹਰ ਕੱਢ ਕੇ ਮਰੀਜ਼ਾਂ ਨੂੰ ਵੱਡੀ ਰਾਹਤ ਦਿਤੀ ਗਈ ਹੈ।

ਅੰਤਰਿਮ ਬਜਟ 2014-15 ਵਿਚ ਖੇਤੀ ਨਾਲ ਸੰਬੰਧਿਤ ਸਰਗਰਮੀਆਂ 'ਤੇ ਕੀਤੇ ਜਾਣ ਵਾਲਾ ਖਰਚ ਵੀ ਇਕ ਮਹੱਤਵਪੂਰਨ ਮਦ ਹੈ। 2012-13 ਵਿਚ ਇਸ ਮਦ 'ਤੇ ਸਿਰਫ਼ 17030 ਕਰੋੜ ਰੁਪਏ ਖਰਚ ਕੀਤੇ ਗਏ ਸਨ। 2014-15 ਦੇ ਇਸ ਬਜਟ ਵਿਚ ਇਸ ਮਦ 'ਤੇ 17557 ਕਰੋੜ ਰੁਪਏ ਖਰਚ ਕਰਨ ਦਾ ਅਨੁਮਾਨ ਹੈ। ਖੇਤੀ ਜੋ ਕਿ 60 ਪ੍ਰਤਿਸ਼ਤ ਵਸੋਂ ਦਾ ਰੁਜ਼ਗਾਰ ਹੈ ਅਤੇ ਭਾਰਤ ਦਾ ਖੇਤੀ ਪ੍ਰਧਾਨ ਦੇਸ਼ ਹੋਣ ਕਰਕੇ ਅਤੇ ਇੰਨੀ ਵੱਡੀ ਵਸੋਂ ਦੀ ਨਿਰਭਰਤਾ ਹੋਣ ਕਰਕੇ ਯੋਜਨਾਵਾਂ ਵਿਚ ਖੇਤੀ ਨੂੰ ਹਮੇਸ਼ਾ ਹੀ ਤਰਜੀਹ ਦਿਤੀ ਜਾਂਦੀ ਰਹੀ ਹੈ। ਅੰਤਰਿਮ ਬਜਟ ਹੋਣ ਕਰਕੇ ਇਸ ਵਿਚ ਸਰਕਾਰ ਵਲੋਂ ਇਸ ਸੰਬੰਧੀ ਅਪਣਾਈ ਨੀਤੀ ਦਾ ਇਸ਼ਾਰਾ ਮਿਲਦਾ ਹੈ ਕਿ ਸਰਕਾਰ ਪੇਂਡੂ ਵਿਕਾਸ ਦੇ ਨਾਲ-ਨਾਲ ਖੇਤੀ ਦੇ ਵਿਕਾਸ ਅਤੇ ਇਸ ਨਾਲ ਸੰਬੰਧਿਤ ਕਾਰਵਾਈਆਂ ਲਈ ਬਹੁਤ ਗੰਭੀਰ ਹੈ ਅਤੇ ਖੇਤੀ ਵਿਚ ਵਿਕਾਸ ਦਰ ਨੂੰ 4 ਪ੍ਰਤਿਸ਼ਤ ਤੋਂ ਉਪਰ ਕਰਨ ਲਈ ਲਗਾਤਾਰ ਇਸ 'ਤੇ ਵੱਧ ਖਰਚ ਕਰਨ ਲਈ ਉਤਸੁਕ ਹੈ। ਖੇਤੀ ਦੇ ਨਾਲ-ਨਾਲ ਸਿੰਜਾਈ ਅਤੇ ਹੜ੍ਹਾਂ ਦੇ ਨਿਯੰਤ੍ਰਣ ਲਈ ਇਸ ਬਜਟ ਵਿਚ 1444 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਇਸ ਨਾਲ ਖੇਤੀ ਉਪਜ ਅਤੇ ਵਿਕਾਸ 'ਤੇ ਪ੍ਰਤੱਖ ਪ੍ਰਭਾਵ ਪੈਣੇ ਹਨ। ਉਦਯੋਗ ਲਈ 38604 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ ਜਿਸ ਵਿਚ ਖਾਣਾਂ ਵੀ ਸ਼ਾਮਿਲ ਹਨ। ਉਦਯੋਗਾਂ ਵੱਲ ਵੱਧ ਧਿਆਨ ਦੇਣ ਦੀ ਮੁੱਖ ਵਜਹ ਹੈ ਖੇਤੀ ਤੋਂ ਵਿਹਲੀ ਹੋਈ ਵਸੋਂ ਨੂੰ ਸਭ ਤੋਂ ਵੱਧ ਰੁਜ਼ਗਾਰ ਮੌਕੇ ਉਦਯੋਗਾਂ ਵਿਚ ਹੀ ਮਿਲ ਸਕਦੇ ਹਨ। ਭਾਰਤ ਦੇ ਉਦਯੋਗਿਕ ਵਿਕਾਸ ਵਿਚ ਕਾਰਪੋਰੇਟ ਖੇਤਰ ਦਾ ਵਾਧਾ ਹੋਣ ਕਰਕੇ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿਚ ਹੁਣ ਕਾਰਪੋਰੇਟ ਖੇਤਰ ਦਾ ਹਿੱਸਾ ਵਧ ਕੇ 25 ਪ੍ਰਤਿਸ਼ਤ ਹੋ ਗਿਆ ਹੈ ਜੋ 1990-91 ਵਿਚ ਸਿਰਫ਼ 13 ਪ੍ਰਤਿਸ਼ਤ ਸੀ। ਉਦਯੋਗਾਂ ਵਿਚ ਕਿਰਤ ਸ਼ਕਤੀ ਅਜੇ ਵੀ 13 ਪ੍ਰਤਿਸ਼ਤ ਹੀ ਲੱਗੀ ਹੋਈ ਹੈ।। ਕਿਰਤ ਸ਼ਕਤੀ ਦਾ ਉਦਯੋਗਾਂ ਵੱਲ ਬਦਲਨਾ ਇਸ ਵਕਤ ਦੇਸ਼ ਦੇ ਵਿਕਾਸ ਦੀ ਵੱਡੀ ਲੋੜ ਹੈ। ਇੰਨੀ ਵੱਡੀ ਮਾਤਰਾ ਵਿਚ ਉਦਯੋਗਾਂ ਲਈ ਖਰਚ ਕਰਨਾ ਸਰਕਾਰ ਦੀ ਉਸ ਨੀਤੀ ਦੀ ਤਰਜਮਾਨੀ ਕਰਦਾ ਹੈ ਜਿਸ ਦੇ ਤਹਿਤ ਉਦਯੋਗਾਂ ਨੂੰ ਦੇਸ਼ ਦੇ ਵਿਕਾਸ ਅਤੇ ਨਿਰਯਾਤ ਨੂੰ ਵਧਾਉਣ ਦਾ ਆਧਾਰ ਅਤੇ ਵੱਧ ਤੋਂ ਵੱਧ ਰੁਜ਼ਗਾਰ ਦੇਣ ਵਾਲਾ ਖੇਤਰ ਬਣਾਉਣਾ ਆਉਂਦਾ ਹੈ।

ਕਿਸੇ ਵੀ ਵਿਕਾਸ ਲਈ ਸਿੱਖਿਆ, ਊਰਜਾ ਅਤੇ ਕੁਦਰਤੀ ਸਾਧਨ ਮੁੱਖ ਅੰਗ ਹਨ। ਕੁਦਰਤੀ ਸਾਧਨਾਂ ਵਿਚ ਤਾਂ ਤਬਦੀਲੀ ਕੀਤੀ ਨਹੀਂ ਜਾ ਸਕਦੀ ਪਰ ਸਿੱਖਿਆ ਅਤੇ ਊਰਜਾ ਵਿਚ ਵਾਧਾ ਕਰਕੇ ਵਿਕਾਸ ਵਿਚ ਤੇਜ਼ੀ ਲਿਆਂਦੀ ਜਾ ਸਕਦੀ ਹੈ। ਇਸ ਬਜਟ ਵਿਚ ਊਰਜਾ ਲਈ 163434 ਕਰੋੜ ਰੁਪਏ ਦੀ ਬਹੁਤ ਵੱਡੀ ਰਕਮ ਰਖੀ ਗਈ ਹੈ ਜੋ ਕਿ ਸ਼ਲਾਘਾਯੋਗ ਕੋਸ਼ਿਸ਼ ਹੈ। ਉਦਯੋਗ, ਆਵਾਜਾਈ ਅਤੇ ਖੇਤੀ ਮੁੱਖ ਤੌਰ ਤੇ ਊਰਜਾ ਸ਼ਕਤੀ 'ਤੇ ਨਿਰਭਰ ਕਰਦੇ ਹਨ। ਬਿਜਲੀ ਨੂੰ ਜਿੰਨਾ ਸਸਤਾ ਦਰਿਆਈ ਯੋਜਨਾਵਾਂ ਰਾਹੀਂ ਪੈਦਾ ਕੀਤਾ ਜਾ ਸਕਦਾ ਹੈ, ਉਨਾ ਹੋਰ ਕਿਸੇ ਵੀ ਸਾਧਨ ਨਾਲ ਪੈਦਾ ਨਹੀਂ ਕੀਤਾ ਜਾ ਸਕਦਾ। ਵਿਕਾਸ ਲਈ ਬਿਜਲੀ ਇਕ ਸਭ ਤੋਂ ਮਹੱਤਵਪੂਰਨ ਸਾਧਨ ਹੈ। ਭਾਰਤ ਵਿਚ ਤੇਲ ਦੀ ਕਮੀ ਹੋਣ ਕਰਕੇ ਭਾਰਤ ਆਪਣੀਆਂ ਲੋੜਾਂ ਲਈ 70

ਪ੍ਰਤਿਸ਼ਤ ਤੇਲ ਦੀ ਆਯਾਤ ਕਰਦਾ ਹੈ ਜਿਸ ਲਈ ਹਰ ਸਾਲ ਕਈ ਹਜ਼ਾਰ ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਹਰ ਸਾਲ ਜਿਥੇ ਤੇਲ ਦੀ ਮੰਗ ਵਧ ਰਹੀ ਹੈ ਉਥੇ ਉਨ੍ਹਾਂ ਦੀਆਂ ਕੀਮਤਾਂ ਵੀ ਵਧ ਰਹੀਆਂ ਹਨ ਜਿਸ ਲਈ ਵੱਡੀ ਮਾਤਰਾ ਵਿਚ ਵਿਦੇਸ਼ੀ ਮੁਦਰਾ ਇਸ ਮਦ 'ਤੇ ਖਰਚ ਕਰ ਦਿਤੀ ਜਾਂਦੀ ਹੈ। ਜੇ ਆਪਣੇ ਦੇਸ਼ ਵਿਚ ਹੀ ਊਰਜਾ ਦੇ ਸਾਧਨਾਂ ਦੀ ਖੋਜ ਕੀਤੀ ਜਾਵੇ ਤਾਂ ਸੂਰਜੀ ਊਰਜਾ, ਹਵਾ ਦੇ ਵਿਕਲਪ ਸਾਧਨਾਂ ਤੋਂ ਊਰਜਾ ਪੈਦਾ ਕੀਤੀ ਜਾਵੇ ਅਤੇ ਉਨ੍ਹਾਂ ਦਾ ਉਤਪਾਦਨ ਕੀਤਾ ਜਾਵੇ ਤਾਂ ਇਸ ਨਾਲ ਇਕ ਤਰਫ਼ ਵਿਦੇਸ਼ੀ ਮੁਦਰਾ ਦਾ ਬਚਾਅ ਹੁੰਦਾ ਹੈ ਅਤੇ ਦੂਸਰੀ ਤਰਫ਼ ਵਿਕਾਸ ਵਿਚ ਤੇਜ਼ੀ ਆਉਂਦੀ ਹੈ। ਊਰਜਾ ਇਕ ਇਹੋ ਜਿਹੀ ਮਦ ਹੈ ਜਿਸ 'ਤੇ ਹਮੇਸ਼ਾ ਹੀ ਬਹੁਤ ਵੱਡਾ ਖਰਚ ਕੀਤਾ ਜਾਂਦਾ ਰਿਹਾ ਹੈ। 2012-13 ਦੇ ਬਜਟ ਵਿਚ ਵੀ ਇਸ ਮਦ 'ਤੇ 1 ਲੱਖ 32 ਹਜ਼ਾਰ 146 ਕਰੋੜ ਰੁਪਏ ਦਾ ਵੱਡਾ ਖਰਚ ਕੀਤਾ ਗਿਆ ਸੀ ਜਿਸ ਵਿਚ ਹੁਣ ਹੋਰ ਵਾਧਾ ਕਰ ਦਿਤਾ ਗਿਆ ਹੈ।

ਕੇਂਦਰ ਸਰਕਾਰ ਵਲੋਂ ਆਵਾਜਾਈ ਨੂੰ ਆਸਾਨ ਕਰਨ ਅਤੇ ਵਧਾਉਣ ਲਈ ਕਈ ਯੋਜਨਾਵਾਂ ਬਣਾਈਆਂ ਗਈਆਂ ਹਨ। ਪਿੰਡਾਂ ਵਿਚ ਪ੍ਰਧਾਨ ਮੰਤਰੀ ਸੜਕ ਯੋਜਨਾ ਨਾਲ ਪਿੰਡਾਂ ਨੂੰ ਸੰਪਰਕ ਸੜਕਾਂ ਨਾਲ ਜੋੜਿਆ ਗਿਆ ਹੈ। ਇਸ ਮਦ 'ਤੇ ਹਮੇਸ਼ਾ ਹੀ ਵੱਡਾ ਖਰਚ ਕੀਤਾ ਜਾਂਦਾ ਹੈ। ਇਸ ਖਰਚ ਵਿਚ ਨਵੀਆਂ ਸੜਕਾਂ ਬਣਾਉਣ ਅਤੇ ਪੁਰਾਣੀਆ ਸੜਕਾਂ ਦੀ ਮੁਰੰਮਤ 'ਤੇ ਕੀਤਾ ਜਾਣ ਵਾਲਾ ਖਰਚ ਆਉਂਦਾ ਹੈ। ਇਸ ਬਜਟ ਵਿਚ ਪਰਿਵਹਿਨ ਉਤੇ 1 ਲੱਖ 11 ਹਜ਼ਾਰ 31 ਕਰੋੜ ਰੁਪਏ ਖਰਚ ਕਰਨ ਦੀ ਤਜਵੀਜ਼ ਹੈ। ਇਸ ਦੇ ਨਾਲ ਹੀ ਕੁਝ ਵਸਤੂਆਂ 'ਤੇ ਉਤਪਾਦਨ ਕਰ ਨੂੰ ਘਟਾ ਕੇ ਕੁਝ ਵਸਤੂਆਂ ਜਿਵੇਂ ਕਾਰਾਂ, ਸਕੂਟਰ, ਮੋਟਰ ਸਾਈਕਲ, ਫਰਿਜ ਅਤੇ ਟੈਲੀਵੀਜ਼ਨ ਆਦਿ ਨੂੰ ਸਸਤਾ ਕੀਤਾ ਗਿਆ ਹੈ।

ਅੰਤਰਿਮ ਬਜਟ 2014-15 ਵਿਚ ਖਰਚ ਦੀ ਇਕ ਹੋਰ ਵੱਡੀ ਮਦ ਹੈ ਸਮਾਜਿਕ ਸੇਵਾਵਾਂ 'ਤੇ ਕੀਤਾ ਜਾਣ ਵਾਲਾ ਖਰਚ ਜੋ ਇਸ ਬਜਟ ਵਿਚ 1 ਲੱਖ 64 ਹਜ਼ਾਰ 393 ਕਰੋੜ ਰੁਪਏ ਰਖਿਆ ਗਿਆ ਹੈ। ਇਨ੍ਹਾਂ ਸੇਵਾਵਾਂ ਦੇ ਤਹਿਤ ਲੋਕ ਕਲਿਆਣ ਦੀਆਂ ਸਕੀਮਾਂ ਅਤੇ ਸਮਾਜਿਕ ਸੁਰੱਖਿਆ ਆਉਂਦੀ ਹੈ। ਇਸ ਦੇ ਤਹਿਤ ਹੀ ਰਾਜਾਂ ਨੂੰ ਲੋਕ ਭਲਾਈ ਦੇ ਕੰਮਾਂ ਲਈ ਦਿਤਾ ਜਾਣ ਵਾਲਾ ਖਰਚ ਸ਼ਾਮਿਲ ਹੈ। ਸਮਾਜਿਕ ਸੇਵਾਵਾਂ ਦੇ ਨਾਲ-ਨਾਲ ਆਰਥਿਕ ਸੇਵਾਵਾਂ ਲਈ 24184 ਕਰੋੜ ਰੁਪਏ ਜਦ ਕਿ ਆਮ ਸੇਵਾਵਾਂ ਲਈ ਵੀ 7799 ਕਰੋੜ ਰੁਪਏ ਰਖੇ ਗਏ ਹਨ। ਇਨ੍ਹਾਂ ਸਾਰੀਆਂ ਹੀ ਸੇਵਾਵਾਂ ਦਾ ਪ੍ਰਭਾਵ ਮਨੁੱਖੀ ਭਲਾਈ 'ਤੇ ਪ੍ਰਤੱਖ ਰੂਪ ਵਿਚ ਪੈਂਦਾ ਹੈ। ਇਸ ਤੋਂ ਇਲਾਵਾ, ਸੰਚਾਰ ਜਿਸ ਵਿਚ ਟੈਲੀਫ਼ੋਨ ਸੇਵਾਵਾਂ ਵੀ ਆਉਂਦੀਆਂ ਹਨ ਅਤੇ ਜੋ ਵਿਕਾਸ ਵਿਚ ਵੱਡੀ ਭੂਮਿਕਾ ਅਦਾ ਕਰਦਾ ਹੈ, ਉਸ ਲਈ ਇਸ ਅੰਤਰਿਮ ਬਜਟ ਵਿਚ 13020 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਇਨ੍ਹਾਂ ਖਰਚ ਦੀਆਂ ਮਦਾਂ ਵੱਲ ਧਿਆਨ ਦੇਣ ਤੋਂ ਬਾਅਦ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਅੰਤਰਿਮ ਬਜਟ ਵਿਚ 2013-14 ਵਾਲੇ ਬਜਟ ਵਾਂਗ ਹੀ ਖਰਚ ਕਰਨ ਦੀ ਵਿਵਸਥਾ ਕੀਤੀ ਗਈ ਹੈ ਅਤੇ ਇਸ ਵਿਚ ਸਰਕਾਰ ਦੀ ਉਸ ਨੀਤੀ ਜਿਸ ਤਹਿਤ ਢਾਂਚੇ ਵਿਚ ਵਾਧਾ ਅਤੇ ਸੁਧਾਰ ਕਰਨਾ, ਖੇਤੀ ਅਤੇ ਉਦਯੋਗਿਕ ਵਿਕਾਸ ਦੇ ਨਾਲ-ਨਾਲ ਪਰਿਵਹਿਨ, ਸੰਚਾਰ ਅਤੇ ਊਰਜਾ ਦੇ ਵਿਕਾਸ ਨੂੰ ਤਰਜੀਹ ਦੇਣੀ ਨਜ਼ਰ ਆਉਂਦੀ ਹੈ।

2014-15 ਦੇ ਅੰਤਰਿਮ ਬਜਟ ਵਿਚ ਯੋਜਨਾਬਧ ਖਰਚ 12 ਲੱਖ 7 ਹਜ਼ਾਰ 892 ਰੁਪਏ ਜਦ ਕਿ ਗ਼ੈਰ ਯੋਜਨਾਬਧ ਖਰਚ 5 ਲੱਖ 55 ਹਜ਼ਾਰ 322 ਕਰੋੜ ਰੁਪਏ ਕਰਨ ਦੀ ਤਜਵੀਜ਼ ਹੈ ਜਦ ਕਿ 17 ਲੱਖ 63 ਹਜ਼ਾਰ 214 ਕਰੋੜ ਰੁਪਏ ਦਾ ਕੁੱਲ ਖਰਚ ਕੀਤਾ ਜਾਵੇਗਾ। ਇਸ ਖਰਚ ਕਰਕੇ ਕੁੱਲ ਮਾਲੀਆ ਘਾਟਾ 3 ਲੱਖ 82923 ਕਰੋੜ ਰੁਪਏ ਜਦ ਕਿ ਵਿੱਤੀ ਜਾਂ ਰਾਜਕੋਸ਼ੀ ਘਾਟਾ 5 ਲੱਖ 28 ਹਜ਼ਾਰ 631 ਕਰੋੜ ਰੁਪਏ ਹੋਵੇਗਾ ਅਤੇ ਕੁੱਲ ਮੁਢਲਾ ਘਾਟਾ ਇਕ ਲੱਖ ਇਕ ਹਜ਼ਾਰ 620 ਕਰੋੜ ਰੁਪਏ ਹੋਣ ਦੀ ਤਜਵੀਜ਼ ਹੈ ਜਦ ਕਿ ਇਹ ਘਾਟਾ 2013-14 ਵਿਚ 1 ਲੱਖ 44 ਹਜ਼ਾਰ 473 ਕਰੋੜ ਰੁਪਏ ਸੀ। ਇਸ ਅਨੁਸਾਰ ਇਸ ਘਾਟੇ ਨੂੰ ਲਗਾਤਾਰ ਘੱਟ ਕਰਦੇ ਜਾਣਾ ਸਰਕਾਰ ਦੇ ਖਰਚ ਦੇ ਪੱਖ 'ਤੇ ਇਕ ਵੱਡੀ ਸਫਲਤਾ ਗਿਣੀ ਜਾ ਸਕਦੀ ਹੈ।

ਅੰਤਰਿਮ ਬਜਟ 2014-15 ਵਿਚ ਖੇਤੀ ਖੇਤਰ ਨੂੰ ਕਰਜ਼ਾ ਦੇਣ ਲਈ 7.35 ਲੱਖ ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਅਤੇ ਇਸ ਕਰਕੇ ਖੇਤੀ ਵਿਕਾਸ ਦਰ ਨੂੰ 4.5 ਪ੍ਰਤਿਸ਼ਤ ਸਾਲਾਨਾ ਹੋਣ ਦੀ ਉਮੀਦ ਕੀਤੀ ਗਈ ਹੈ। ਸਮੇਂ ਸਿਰ ਕਰਜ਼ਾ ਵਾਪਿਸ ਕਰਨ ਵਾਲੇ ਕਿਸਾਨਾਂ ਨੂੰ ਵਿਆਜ ਸਬਸਿਡੀ ਦੀ ਵਿਵਸਥਾ ਕੀਤੀ ਗਈ ਹੈ। ਇਸ ਸਾਲ 26.3 ਕਰੋੜ ਟਨ ਦੀ ਰਿਕਾਰਡ ਤੋੜ ਖੁਰਾਕ ਉਪਜ ਹੋਈ ਹੈ। ਪਿਛਲੇ ਸਾਲ 41 ਅਰਬ ਡਾਲਰ ਦੀ ਖੇਤੀ ਬਰਾਮਦ ਕੀਤੀ ਗਈ ਸੀ ਅਤੇ ਇਸ ਸਾਲ ਵਧ ਕੇ 45 ਅਰਬ ਡਾਲਰ ਹੋ ਜਾਣ ਦੀ ਉਮੀਦ ਹੈ। ਇਨ੍ਹਾਂ ਵੱਡੀਆਂ ਪ੍ਰਾਪਤੀਆਂ ਨੂੰ ਪਿਛਲੇ ਦੋ ਸਾਲਾਂ ਵਿਚ ਖੇਤੀ ਖੇਤਰ ਨੂੰ ਕਰਜ਼ੇ ਦੇ ਰੂਪ ਵਿਚ ਹੋਣ ਵਾਲੇ ਨਿਵੇਸ਼ ਨਾਲ ਜੋੜਿਆ ਜਾ ਰਿਹਾ ਹੈ ਅਤੇ ਕਿਸਾਨਾਂ ਨੂੰ ਸਸਤਾ ਕਰਜ਼ਾ ਦੇ ਕੇ ਉਨ੍ਹਾਂ ਦੇ ਨਿੱਜੀ ਆਰਥਿਕ ਢਾਂਚੇ ਵਿਚ ਵੱਡਾ ਸੁਧਾਰ ਹੋਇਆ ਮੰਨਿਆ ਜਾ ਰਿਹਾ ਹੈ।

## ਸਿੱਟਾ

ਭਾਵੇਂ ਅੰਤਰਿਮ ਬਜਟ-2014-15 ਸਿਰਫ਼ 4 ਮਹੀਨੇ ਲਈ ਕੀਤੇ ਜਾਣ ਵਾਲੇ ਖਰਚ ਦੀ ਪ੍ਰਵਾਨਗੀ ਲਈ ਹੀ ਪੇਸ਼ ਕੀਤਾ ਗਿਆ ਹੈ ਪਰ ਫਿਰ ਵੀ ਇਨ੍ਹਾਂ ਵਿਚ ਕੀਤੇ ਜਾਣ ਵਾਲੇ ਖਰਚ ਵਿਚ ਸਰਕਾਰ ਦੀ ਵਿਕਾਸ ਸੰਬੰਧੀ ਗੰਭੀਰਤਾ ਜ਼ਾਹਿਰ ਹੁੰਦੀ ਹੈ।

**ਸਰਕਾਰ ਵਲੋਂ ਮਨੁੱਖੀ ਸਰੋਤਾਂ ਦੇ ਵਿਕਾਸ ਲਈ ਵੱਖਰਾ ਖਰਚ ਅਤੇ ਖ਼ਾਸ ਕਰਕੇ ਪਿੰਡਾਂ ਦੇ ਵਿਕਾਸ ਸੰਬੰਧੀ ਰੱਖੇ ਗਏ ਖਰਚ ਪਿਛਲੇ ਸਾਲਾਂ ਦੇ ਖਰਚ ਵਾਂਗ ਹੀ ਹਨ। ਉਦਯੋਗਿਕ ਵਿਕਾਸ ਨੂੰ ਤੇਜ਼ ਕਰਨ ਲਈ ਊਰਜਾ 'ਤੇ ਵੱਡੇ ਖਰਚ ਦੀ ਵਿਵਸਥਾ ਕੀਤੀ ਗਈ ਹੈ। ਸਮਾਜਿਕ ਸੁਰੱਖਿਆ ਨੂੰ ਵਧਾਉਣ ਲਈ ਵੱਡੀ ਮਾਤਰਾ ਵਿਚ ਕੀਤੇ ਜਾਣ ਵਾਲੇ ਖਰਚ ਅਤੇ ਸਿਹਤ ਸੇਵਾਵਾਂ ਲਈ ਰਖੇ ਗਏ ਖਰਚ ਆਦਿ ਨੂੰ ਵੇਖਣ ਤੋਂ ਬਾਅਦ ਸਿੱਟਾ ਨਿਕਲਦਾ ਹੈ ਕਿ ਅੰਤਰਿਮ ਬਜਟ ਨਾਲ ਵਿਕਾਸ ਨੂੰ ਤੇਜ਼ ਕਰਨ ਅਤੇ ਸਮਾਜਿਕ ਕਲਿਆਣ ਲਈ ਵੱਡੀਆਂ ਪ੍ਰਾਪਤੀਆਂ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।**

*(ਲੇਖਕ ਅਰਥਸ਼ਾਸਤਰੀ ਤੇ ਸੇਵਾ ਮੁਕਤ ਪ੍ਰੋਫੈਸਰ ਹੈ।)*

*e-mail :sarbjitchhina@yahoo.com*

# ਪੰਜਾਬੀਆਂ ਦਾ ਕੌਮਾਂਤਰੀ ਪਰਵਾਸ : ਕੀ ਕਮਾਇਆ ਤੇ ਕੀ ਗੁਆਇਆ?

✍ ਗਿਆਨ ਸਿੰਘ

ਮਨੁੱਖ ਦੀ ਹੋਂਦ ਦੀ ਸ਼ੁਰੂਆਤ ਨਾਲ ਹੀ ਮਨੁੱਖਾਂ ਦਾ ਪਰਵਾਸ ਸ਼ੁਰੂ ਹੋ ਗਿਆ ਸੀ। ਪਹਿਲਾਂ-ਪਹਿਲ ਮਨੁੱਖ ਆਪਣੇ ਜਿਉਣ ਲਈ ਖਾਧ ਪਦਾਰਥਾਂ ਦੀ ਭਾਲ ਵਿਚ ਇਕ ਥਾਂ ਤੋਂ ਦੂਜੀ ਥਾਂ ਪਰਵਾਸ ਕਰਦੇ ਸਨ। ਮਨੁੱਖਾਂ ਨੇ ਆਪਣੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਜਾਨਵਰ ਪਾਲਣੇ ਅਤੇ ਫ਼ਸਲਾਂ ਉਗਾਉਣੀਆਂ ਸ਼ੁਰੂ ਕੀਤੀਆਂ ਜਿਸ ਦੇ ਨਤੀਜੇ ਵਜੋਂ ਹੌਲੀ-ਹੌਲੀ ਪਿੰਡ ਅਤੇ ਸ਼ਹਿਰ ਹੋਂਦ ਵਿਚ ਆਏ। ਮਨੁੱਖਾਂ ਨੇ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਪਿੰਡਾਂ ਤੋਂ ਪਿੰਡਾਂ ਵੱਲ ਅਤੇ ਪਿੰਡਾਂ ਤੋਂ ਸ਼ਹਿਰਾਂ ਵੱਲ ਪਰਵਾਸ ਕਰਨਾ ਸ਼ੁਰੂ ਕੀਤਾ। ਜਨਸੰਖਿਆ ਦੇ ਵਧਣ ਅਤੇ ਵੱਖ-ਵੱਖ ਦੇਸ਼ਾਂ ਦੇ ਆਰਥਿਕ ਵਿਕਾਸ ਦੇ ਵੱਖ-ਵੱਖ ਪੱਧਰਾਂ ਕਾਰਨ ਅੰਤਰਰਾਸ਼ਟਰੀ ਪਰਵਾਸ ਵੀ ਹੋਂਦ ਵਿਚ ਆਇਆ। ਬਹੁਤ ਪੁਰਾਣੇ ਸਮਿਆਂ ਤੋਂ ਹੀ ਲੋਕਾਂ ਨੇ ਵਧੀਆ ਜ਼ਿੰਦਗੀ ਜਿਉਣ ਲਈ ਆਪਣਾ ਦੇਸ਼ ਛੱਡਦੇ ਹੋਏ ਆਪਣੇ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਅਨੇਕ ਖ਼ਤਰੇ ਮੁੱਲ ਲਏ। ਅੰਤਰਰਾਸ਼ਟਰੀ ਪਰਵਾਸ ਦੇ ਅਨੇਕ ਕਾਰਨ ਹੋ ਸਕਦੇ ਹਨ ਜਿਵੇਂ ਬਿਹਤਰ ਜ਼ਿੰਦਗੀ ਦਾ ਸੁਪਨਾ ਸਾਕਾਰ ਕਰਨਾ, ਪਰਿਵਾਰ ਨਾਲ ਇਕੱਠੇ ਰਹਿਣਾ, ਯੁੱਧਾਂ, ਲੜਾਈਆਂ-ਝਗੜਿਆਂ ਜਾਂ ਵਾਤਾਵਰਨ ਵਿਚ ਵਿਗਾੜਾਂ ਤੋਂ ਬਚਣਾ ਆਦਿ।

ਪਿਛਲੇ ਕੁਝ ਸਮੇਂ ਦੌਰਾਨ ਅੰਤਰਰਾਸ਼ਟਰੀ ਪਰਵਾਸੀਆਂ ਦੀ ਗਿਣਤੀ ਵਿਚ ਵਾਧੇ ਦਾ ਰੁਝਾਨ ਦੇਖਿਆ ਜਾ ਰਿਹਾ ਹੈ ਜਿਵੇਂ ਇਸ ਗਿਣਤੀ ਦੇ ਸੰਨ 1990 ਵਿਚ 154 ਮਿਲੀਅਨ, ਸੰਨ 2000 ਵਿਚ ਵਧ ਕੇ 175 ਮਿਲੀਅਨ ਅਤੇ ਸੰਨ 2013 ਵਿਚ 232 ਮਿਲੀਅਨ ਹੋਣ ਦਾ ਅੰਦਾਜ਼ਾ ਹੈ। ਅੰਤਰਰਾਸ਼ਟਰੀ ਪਰਵਾਸੀਆਂ ਦੀ ਇਹ ਗਿਣਤੀ ਦੁਨੀਆਂ ਦੀ ਕੁੱਲ ਆਬਾਦੀ ਦਾ ਤਿੰਨ ਪ੍ਰਤਿਸ਼ਤ ਤੋਂ ਵੱਧ ਬਣਦਾ ਹੈ। (ਸੰਯੁਕਤ ਰਾਸ਼ਟਰ, 2013)।

ਭਾਰਤੀ ਅੰਤਰਰਾਸ਼ਟਰੀ ਪਰਵਾਸੀਆਂ ਦੀ ਗਿਣਤੀ ਦੁਨੀਆਂ ਵਿਚ ਦੂਜੇ ਨੰਬਰ 'ਤੇ ਆਉਂਦੀ ਹੈ ਜਿਸ ਦੇ 25 ਮਿਲੀਅਨ ਹੋਣ ਦਾ ਅਨੁਮਾਨ ਹੈ ਤੇ ਇਹ ਪਰਵਾਸੀ ਦੁਨੀਆਂ ਦੇ 200 ਦੇਸ਼ਾਂ ਵਿਚ ਫੈਲੇ ਹੋਏ ਹਨ (ਲੋਕ ਸਭਾ ਸੈਕਟਰੀਏਟ, 2013)। ਭਾਰਤ ਵਿਚੋਂ ਦੂਜੇ ਦੇਸ਼ਾਂ ਨੂੰ ਮਨੁੱਖ ਪਰਵਾਸ ਦੋ ਤਰ੍ਹਾਂ ਦਾ ਹੋ ਰਿਹਾ ਹੈ : ਪਹਿਲੇ, ਉਹ ਕਾਮੇ ਜੋ ਗ਼ੈਰ-ਹੁਨਰਮੰਦ ਅਤੇ ਅਰਧ-ਹੁਨਰਮੰਦ ਸ਼੍ਰੇਣੀਆਂ ਵਿਚ ਆਉਂਦੇ ਹਨ ਜੋ ਜ਼ਿਆਦਾਤਰ ਖਾੜੀ ਦੇਸ਼ਾਂ ਵਿਚ ਪਰਵਾਸ ਕਰਦੇ ਹਨ ਅਤੇ ਦੂਜੇ, ਅਰਧ-ਹੁਨਰਮੰਦ ਕਾਮੇ, ਪੇਸ਼ਾਵਰ ਲੋਕ ਅਤੇ ਵਿਦਿਆਰਥੀ ਜੋ ਜ਼ਿਆਦਾਤਰ ਦੁਨੀਆਂ ਦੇ ਉੱਨਤ ਸਰਮਾਏਦਾਰ ਦੇਸ਼ਾਂ ਵਿਚ ਪਰਵਾਸ ਕਰਦੇ ਹਨ। ਪੰਜਾਬ ਵਿਚੋਂ ਵੀ ਭਾਰਤ ਵਾਂਗ ਦੋਵੇਂ ਤਰ੍ਹਾਂ ਦੇ ਲੋਕਾਂ ਦਾ ਦੁਨੀਆਂ ਦੇ ਦੂਜੇ ਦੇਸ਼ਾਂ ਵਿਚ ਪਰਵਾਸ ਹੋ ਰਿਹਾ ਹੈ। ਇਸ ਪਰਵਾਸ ਦਾ ਮੁੱਖ ਕਾਰਨ ਦੇਸ਼ ਵਿਚ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਅਤੇ ਪ੍ਰਾਪਤ ਰੁਜ਼ਗਾਰ ਦੇ ਮਿਆਰ ਦਾ ਨੀਵਾਂ ਹੋਣਾ ਹੈ।

ਪੰਜਾਬ ਵਿਚੋਂ ਅੰਤਰਰਾਸ਼ਟਰੀ ਪਰਵਾਸੀਆਂ ਨੇ ਜਿੱਥੇ ਆਪਣੇ ਅਤੇ ਦੇਸ਼ ਲਈ ਕਮਾਇਆ ਹੈ, ਉਥੇ ਗੁਆਇਆ ਵੀ ਹੈ। ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦੌਰਾਨ ਪੰਜਾਬ ਵਿਚੋਂ ਦੂਜੇ ਦੇਸ਼ਾਂ ਵਿਚ ਪਰਵਾਸ ਕਰਨ ਵਾਲੇ ਲੋਕਾਂ ਨੇ ਸਿਰਫ਼ ਵਿੱਤੀ ਮਦਦ ਹੀ ਨਹੀਂ ਕੀਤੀ, ਸਗੋਂ *ਗ਼ਦਰ ਲਹਿਰ* ਨੂੰ ਜਨਮ ਵੀ ਦਿਤਾ ਅਤੇ ਪ੍ਰਫੁੱਲਤ ਕੀਤਾ। ਇਸ ਤਰਾਂ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਿਚ ਆਪਣਾ ਕੀਮਤੀ ਯੋਗਦਾਨ ਪਾਇਆ। ਖਾੜੀ ਦੇਸ਼ਾਂ ਵਿਚ ਪਰਵਾਸ ਕਰਨ ਵਾਲੇ ਪੰਜਾਬੀ ਕਾਮੇ ਜੋ ਜ਼ਿਆਦਾ ਗ਼ੈਰ-ਹੁਨਰਮੰਦ ਜਾਂ ਅਰਧ-ਹੁਨਰਮੰਦ ਸ਼੍ਰੇਣੀਆਂ ਵਿਚ ਆਉਂਦੇ ਹਨ, ਲਗਾਤਾਰ ਆਪਣੇ ਪਰਿਵਾਰਾਂ ਨੂੰ ਰਕਮਾਂ ਭੇਜਦੇ ਰਹਿੰਦੇ ਹਨ। ਇਸੇ ਤਰ੍ਹਾਂ ਦੁਨੀਆਂ ਦੇ ਸਰਮਾਏਦਾਰ ਉੱਨਤ ਦੇਸ਼ਾਂ ਵਿਚ ਇਨ੍ਹਾਂ ਸ਼੍ਰੇਣੀਆਂ ਦੇ ਪਰਵਾਸੀ ਪਹਿਲੀ ਪੀੜ੍ਹੀ ਤਕ ਆਪਣੇ ਪਰਿਵਾਰਾਂ ਨੂੰ ਰਕਮਾਂ ਭੇਜਦੇ ਹਨ ਅਤੇ ਇਸ ਤਰ੍ਹਾਂ ਦਾ ਰੁਝਾਨ ਕੁੱਝ ਹੱਦ ਤਕ ਹੁਨਰਮੰਦ ਕਾਮਿਆਂ ਅਤੇ ਪੇਸ਼ਾਵਰ ਲੋਕਾਂ ਵਿਚ ਵੀ ਦੇਖਣ ਨੂੰ ਮਿਲਦਾ ਰਿਹਾ ਹੈ।

**ਬਾਹਰਲੇ ਦੇਸ਼ਾਂ ਵਿਚੋਂ ਕਮਾ ਕੇ ਭੇਜੀਆਂ ਰਕਮਾਂ ਨਾਲ ਜਿਥੇ ਇਨ੍ਹਾਂ ਪਰਵਾਸੀਆਂ ਦੇ ਆਪਣੇ ਪਰਿਵਾਰ ਤਰੱਕੀ ਦੇ ਰਾਹ ਉੱਪਰ ਅੱਗੇ ਗਏ, ਉਥੇ ਇਨ੍ਹਾਂ ਨੇ ਪੰਜਾਬ ਅਤੇ ਦੇਸ਼ ਦੀ ਆਰਥਿਕ ਤਰੱਕੀ ਵਿਚ ਵੀ ਯੋਗਦਾਨ ਪਾਇਆ ਜਿਸ ਦਾ ਫ਼ਾਇਦਾ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਹੋਇਆ। ਇਨ੍ਹਾਂ ਪੰਜਾਬੀ ਪਰਵਾਸੀਆਂ ਨੇ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਹੋਈ ਆਰਥਿਕ ਤਰੱਕੀ, ਉਨ੍ਹਾਂ ਦੇਸ਼ਾਂ ਦੇ ਸਭਿਆਚਾਰਾਂ ਅਤੇ ਰਾਜਸੀ ਕਦਰਾਂ-ਕੀਮਤਾਂ ਬਾਰੇ ਜੋ ਗਿਆਨ ਪ੍ਰਾਪਤ ਕੀਤਾ, ਉਸ ਦਾ ਫ਼ਾਇਦਾ ਵੀ ਪੰਜਾਬ ਅਤੇ ਭਾਰਤ ਨੂੰ ਹੋਇਆ। ਇਨ੍ਹਾਂ ਪਰਵਾਸੀਆਂ ਨੇ ਆਪਣੇ ਪਰਿਵਾਰਾਂ ਸਮੇਤ ਆਪਣੇ ਪਿੰਡਾਂ/ਇਲਾਕਿਆਂ ਵਿਚ ਸਕੂਲਾਂ, ਕਾਲਜਾਂ, ਹਸਪਤਾਲਾਂ ਅਤੇ ਹੋਰ ਸਮਾਜਿਕ ਮਹੱਤਵ ਦੇ ਕਾਰਜਾਂ 'ਚ ਵੀ ਯੋਗਦਾਨ ਪਾਇਆ।**

ਪੰਜਾਬ ਵਿਚੋਂ ਦੂਜੇ ਦੇਸ਼ਾਂ ਵਿਚ ਜਾ ਕੇ ਵਸੇ ਹੋਏ ਕੁੱਝ ਪਰਵਾਸੀ ਪੰਜਾਬ ਵਿਚੋਂ ਨਵੇਂ ਜਾਂਦੇ ਪਰਵਾਸੀਆਂ ਦੀ ਹਰ ਪੱਖੋਂ ਮਦਦ ਕਰਦੇ ਦੇਖੇ ਜਾ ਸਕਦੇ ਹਨ। ਰਾਜਸੀ ਸਰਗਰਮੀਆਂ ਵਿਚ ਹਿੱਸਾ ਲੈਂਦੇ ਹੋਏ ਇਨ੍ਹਾਂ ਪਰਵਾਸੀਆਂ ਨੇ ਦੂਜੇ ਦੇਸ਼ਾਂ ਵਿਚ ਉੱਚੇ ਰਾਜਸੀ ਅਹੁਦੇ ਅਤੇ ਆਪਣੇ ਹੁਨਰ ਅਤੇ ਲਿਆਕਤ ਨਾਲ ਹੋਰ ਵੱਡੀਆਂ ਪਦਵੀਆਂ ਪ੍ਰਾਪਤ ਕਰਕੇ ਜਿਥੇ ਦੂਜੇ ਦੇਸ਼ਾਂ ਵਿਚ ਰਹਿਣ

ਵਾਲੇ ਪੰਜਾਬੀ ਪਰਵਾਸੀਆਂ ਦੇ ਹੱਕਾਂ ਦੀ ਰਾਖੀ ਕੀਤੀ ਹੈ, ਉਥੇ ਉਨ੍ਹਾਂ ਨੇ ਪੰਜਾਬ ਦਾ ਨਾਮ ਵੀ ਉੱਚਾ ਕੀਤਾ ਹੈ। ਜਿਹੜੇ ਪਰਵਾਸੀਆਂ ਨੇ ਆਪਣੇ ਕਾਰੋਬਾਰਾਂ ਵਿਚ ਬਹੁਤ ਜ਼ਿਆਦਾ ਪ੍ਰਾਪਤੀਆਂ ਕੀਤੀਆਂ ਉਨ੍ਹਾਂ ਨੇ ਬਾਹਰਲੇ ਦੇਸ਼ਾਂ ਵਿਚ ਪੰਜਾਬ ਤੋਂ ਗਏ ਹੋਏ ਪਰਵਾਸੀਆਂ ਦੀਆਂ ਮੁਸ਼ਕਿਲਾਂ ਹੱਲ ਕਰਨ ਵਿਚ ਸ਼ਲਾਘਾਯੋਗ ਕੰਮ ਕੀਤੇ ਹਨ ਜਿਨ੍ਹਾਂ ਵਿਚ ਸ੍ਰੀ ਐਸ.ਪੀ. ਸਿੰਘ ਓਬਰਾਏ ਦੇ ਨਾਮ ਦਾ ਜ਼ਿਕਰ ਕਰਨਾ ਬਹੁਤ ਹੀ ਜ਼ਰੂਰੀ ਹੈ ਜਿਨ੍ਹਾਂ ਦੀ ਹਿੰਮਤ ਅਤੇ ਸਹਾਇਤਾ ਨਾਲ ਕਿੰਨੇ ਹੀ ਪੰਜਾਬੀਆਂ ਦੀ ਜਾਨ ਬਚੀ ਹੈ।

**ਪੰਜਾਬ ਵਿਚੋਂ ਅੰਤਰਰਾਸ਼ਟਰੀ ਪਰਵਾਸੀਆਂ ਨੇ ਆਪਣੇ, ਸੂਬੇ, ਅਤੇ ਦੇਸ਼ ਲਈ ਜੋ ਗੁਆਇਆ ਹੈ, ਉਸ ਦੀ ਸੂਚੀ ਕਾਫ਼ੀ ਲੰਬੀ ਹੈ। ਇਸ ਖੋਜ ਪਰਚੇ ਵਿਚ ਇਸ ਸੂਚੀ ਵਿਚੋਂ ਕੁੱਝ ਮੁੱਖ ਪੱਖਾਂ ਦਾ ਸੰਖੇਪ ਜ਼ਿਕਰ ਹੈ।**

ਪੰਜਾਬ ਵਿਚੋਂ ਜਿਹੜੇ ਅਧਿਕ ਹੁਨਰਮੰਦ ਕਾਮਿਆਂ, ਪੇਸ਼ਾਵਰ ਲੋਕਾਂ ਅਤੇ ਵਿਦਆਰਥੀਆਂ ਨੇ ਬਾਹਰਲੇ ਦੇਸ਼ਾਂ ਵਿਚ ਪਰਵਾਸ ਕੀਤਾ ਜੋ ਬਾਅਦ ਵਿਚ ਉਨ੍ਹਾਂ ਦੇਸ਼ਾਂ ਵਿਚ ਹੀ ਵਸ ਗਏ, ਉਸ ਨਾਲ ਪੰਜਾਬ ਵਿਚੋਂ ਇਨ੍ਹਾਂ ਜ਼ਿਆਦਾ ਲਿਆਕਤ ਵਾਲੇ ਲੋਕਾਂ ਦਾ ਪੱਕਾ ਨਿਕਾਲ ਹੋ ਗਿਆ ਜੋ ਇਸ ਸੂਬੇ ਅਤੇ ਪੂਰੇ ਦੇਸ਼ ਲਈ ਇਕ ਵੱਡਾ ਘਾਟਾ ਹੈ ਜਿਸ ਨੂੰ ਬਰੇਨ-ਡਰੇਨ ਕਿਹਾ ਜਾਂਦਾ ਹੈ। ਇਸ ਪਿੱਛੇ ਕੁਝ ਲੋਕ ਇਹ ਤਰਕ ਦਿੰਦੇ ਹਨ ਕਿ ਪੰਜਾਬ ਵਿਚ ਦੇਸ਼ ਵਿਚੋਂ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਅਤੇ ਪ੍ਰਾਪਤ ਰੁਜ਼ਗਾਰ ਨੇ ਰੁਲ ਜਾਣਾ ਸੀ ਜਿਸ ਨੂੰ ਉਹ ਇਹ ਕਹਿ ਦਿੰਦੇ ਹਨ ਕਿ ਇਨ੍ਹਾਂ ਲੋਕਾਂ ਦੇ ਬਰੇਨ ਨੇ ਡਰੇਨ ਵਿਚ ਜਾਣਾ ਸੀ। ਇਸ ਤਰਕ ਵਿਚ ਕੁਝ ਕੁ ਅੰਸ਼ਿਕ ਸਚਾਈ ਤਾਂ ਹੈ, ਪਰ ਇਸ ਦਾ ਮਹੱਤਵਪੂਰਨ ਵਿਚਾਰਨ ਵਾਲਾ ਅਤੇ ਧਿਆਨ ਮੰਗਦਾ ਪੱਖ ਇਹ ਹੈ ਕਿ ਇਨ੍ਹਾਂ ਲੋਕਾਂ ਦੀ ਲਿਆਕਤ ਦੇ ਵਿਕਾਸ ਵਿਚ ਸਰਕਾਰ/ ਸਮਾਜ ਵਲੋਂ ਪਾਇਆ ਗਿਆ ਯੋਗਦਾਨ ਕਿੱਥੇ ਗਿਆ? ਇਨ੍ਹਾਂ ਲੋਕਾਂ ਲਈ ਸਰਕਾਰ/ਸਮਾਜ ਵਲੋਂ ਸਸਤੀ ਮੁਹੱਈਆ ਕਰਵਾਈ ਗਈ ਸਿੱਖਿਆ, ਸਿਖਲਾਈ ਆਦਿ ਦਾ ਹਿਸਾਬ-ਕਿਤਾਬ ਕੌਣ ਕਰੂਗਾ? ਗੱਲ ਸਿਰਫ਼ ਬਰੇਨ-ਡਰੇਨ ਉਪਰ ਹੀ ਨਹੀਂ ਮੁੱਕਦੀ। ਸੂਚਨਾ ਤਕਨਾਲੋਜੀ ਦੇ ਇਨਕਲਾਬ ਤੋਂ ਬਾਅਦ ਪੰਜਾਬ ਵਿਚੋਂ ਪੇਸ਼ਾਵਰ ਲੋਕਾਂ ਅਤੇ ਵਿਦਿਆਰਥੀਆਂ ਦੇ ਬਾਹਰਲੇ ਦੇਸ਼ਾਂ ਵਿਚ ਜਾਣ ਨਾਲ ਪੂੰਜੀ ਦਾ ਨਿਕਾਲ ਪਰਵਾਸੀਆਂ ਦੀ ਪਹਿਲੀ ਪੀੜ੍ਹੀ ਦੇ ਜਾਣ ਸਾਰ ਹੀ ਸ਼ੁਰੂ ਹੋ ਗਿਆ ਹੈ ਜੋ ਇਸ ਤੋਂ ਪਹਿਲਾਂ ਦੂਜੀ ਜਾਂ ਤੀਜੀ ਪੀੜ੍ਹੀ ਵਿਚ ਸ਼ੁਰੂ ਹੁੰਦਾ ਸੀ। ਇਹ ਪੰਜਾਬ ਸਮੇਤ ਪੂਰੇ ਭਾਰਤ ਲਈ ਵੱਡਾ ਘਾਟਾ ਹੋਣ ਕਾਰਨ ਇਕ ਚਿੰਤਾ ਦਾ ਵਿਸ਼ਾ ਹੈ। ਰਾਜ ਵਿਚੋਂ ਪੂੰਜੀ ਦਾ ਨਿਕਾਲ ਕਰਾਂ ਦੀ ਚੋਰੀ ਅਤੇ ਬਹੁਤ ਵਾਰ ਹਵਾਲੇ ਕਾਰੋਬਾਰੀਆਂ ਰਾਹੀਂ ਹੋਣ ਕਾਰਨ ਵਿਦੇਸ਼ੀ ਪੂੰਜੀ ਦੇ ਨੁਕਸਾਨ ਦੇ ਰੂਪ ਵਿਚ ਪ੍ਰਤੱਖ ਦੇਖਿਆ ਜਾ ਰਿਹਾ ਹੈ।

ਦੁਨੀਆਂ ਦੇ ਉੱਨਤ ਸਰਮਾਏਦਾਰ ਦੇਸ਼ਾਂ ਵਿਚ ਪੰਜਾਬ ਵਿਚੋਂ ਗਏ ਪਰਵਾਸੀਆਂ ਦੀ ਆਮਦਨ ਵਿਚ ਪੰਜਾਬ ਦੇ ਮੁਕਾਬਲੇ ਕਈ ਗੁਣਾ ਵਾਧਾ ਹੋਇਆ ਹੈ। ਇਹ ਵਾਧਾ ਮਜ਼ਦੂਰੀ ਦੀਆਂ ਮੁਕਾਬਲਤਨ ਉੱਚੀਆਂ ਦਰਾਂ ਅਤੇ ਕੰਮ ਕਰਨ ਦੇ ਲੰਬੇ ਸਮੇਂ ਕਾਰਨ ਸੰਭਵ ਹੋ ਸਕਿਆ। ਇਨਾਂ ਪਰਵਾਸੀਆਂ ਵਿਚੋਂ ਬਹੁਤ ਜ਼ਿਆਦਾ ਨੇ ਆਪਣੀ ਵਧੀ ਹੋਈ ਆਮਦਨ ਨੂੰ ਗ਼ੈਰ-ਉਤਪਾਦਕ ਦਿਖਾਵੇ ਦੇ ਕੰਮਾਂ ਉਪਰ ਖਰਚ ਕੀਤਾ ਹੈ ਜਿਸ ਵਿਚ ਬਾਹਰਲੇ ਦੇਸ਼ਾਂ ਵਿਚ ਵੱਡੇ ਅਤੇ ਮਹਿੰਗੇ ਘਰ ਅਤੇ ਹੋਰ ਵਿਲਾਸਤਾ ਦੀਆਂ ਵਸਤੂਆਂ, ਪੰਜਾਬ ਵਿਚ ਮਹਿਲਨੁਮਾ ਘਰ ਜਿਹੜੇ ਇਨ੍ਹਾਂ ਵਿਚ ਰਹਿਣ ਵਾਲਿਆਂ ਲਈ ਤਰਸਦੇ ਰਹਿੰਦੇ ਹਨ, ਪਰਵਾਸ ਵਾਲੇ ਦੇਸ਼ਾਂ ਅਤੇ ਪੰਜਾਬ ਵਿਚ ਵਿਆਹਾਂ ਅਤੇ ਹੋਰ ਸਮਾਜਿਕ ਅਤੇ ਧਾਰਮਿਕ ਸਮਾਗਮਾਂ ਉਪਰ ਬੇਲੋੜਾ ਖਰਚਾ, ਇਨ੍ਹਾਂ ਪਰਵਾਸੀਆਂ ਦੀਆਂ ਔਰਤਾਂ ਵਲੋਂ ਮਹਿੰਗੇ ਗਹਿਣੇ, ਅਤੇ ਮਹਿੰਗੇ ਸੂਟ (ਜੋ ਸਿਰਫ਼ ਇਕ ਵਾਰ ਹੀ ਪਹਿਨੇ ਜਾਂਦੇ ਹਨ) ਆਦਿ ਸ਼ਾਮਿਲ ਹਨ। ਇਨ੍ਹਾਂ ਪਰਵਾਸੀਆਂ ਦੁਆਰਾ ਪੰਜਾਬ ਅਤੇ ਦੇਸ਼ ਦੇ ਹੋਰ ਭਾਗਾਂ ਵਿਚ ਬਣਾਏ ਹੋਏ ਮਹਿਲਨੁਮਾ ਮਹਿੰਗੇ ਅਤੇ ਵੱਡੇ ਘਰ ਕਈ ਵਾਰ ਵਧ ਰਹੇ ਜੁਰਮਾਂ ਦਾ ਕਾਰਨ ਵੀ ਬਣਦੇ ਹਨ। ਪੰਜਾਬ ਅਤੇ ਖ਼ਾਸ ਕਰਕੇ ਇਸ ਦੇ ਪੇਂਡੂ ਇਲਾਕਿਆਂ ਵਿਚੋਂ ਇਹ ਪਰਵਾਸ ਖਾਂਦੇ-ਪੀਂਦੇ ਖ਼ੁਸ਼ਹਾਲ ਲੋਕਾਂ ਵਿਚੋਂ ਜ਼ਿਆਦਾ ਹੋਇਆ ਹੈ ਜਿਸ ਕਾਰਨ ਇਨ੍ਹਾਂ ਲੋਕਾਂ ਦੀ ਸਮਾਜਿਕ ਸਰੋਕਾਰਾਂ ਵਿਚ ਭਾਗੀਦਾਰੀ ਅਤੇ ਬਣਦਾ ਜਾਇਜ਼ ਵਿਰੋਧ ਬਹੁਤ ਜ਼ਿਆਦਾ ਘਟਿਆ ਹੈ ਜਿਸ ਦੇ ਨਤੀਜੇ ਵਜੋਂ ਪੇਂਡੂ ਇਲਾਕਿਆਂ ਵਿਚ ਸਕੂਲਾਂ, ਕਾਲਜਾਂ, ਹਸਪਤਾਲਾਂ ਅਤੇ ਹੋਰ ਸਾਂਝੇ ਕੰਮਾਂ ਦੇ ਸੰਬੰਧ ਵਿਚ ਉਹ ਤਰੱਕੀ ਨਹੀਂ ਹੋ ਸਕੀ ਜੋ ਇਨ੍ਹਾਂ ਦੀ ਭਾਗੀਦਾਰੀ ਅਤੇ ਬਣਦੇ ਜਾਇਜ਼ ਵਿਰੋਧ ਨਾਲ ਹੋਣੀ ਸੀ।

ਭਾਵੇਂ ਪੰਜਾਬ ਵਿਚੋਂ ਬਾਹਰਲੇ ਦੇਸ਼ਾਂ ਵਿਚ ਗਏ ਪਰਵਾਸੀਆਂ ਦੇ ਜ਼ਿੰਦਗੀ ਦੇ ਵੱਖ-ਵੱਖ ਪੱਖਾਂ ਸੰਬੰਧੀ ਗਿਆਨ ਵਿਚ ਵਾਧਾ ਹੋਇਆ ਹੈ, ਪਰ ਕਾਫ਼ੀ ਪੱਖਾਂ ਵਿਚ ਪਰਵਾਸੀ ਪੰਜਾਬੀ ਪਹਿਲਾਂ ਵਾਲੀ ਜਾਂ ਉਸ ਤੋਂ ਵੀ ਮਾੜੀ ਸਥਿਤੀ ਵਿਚ ਹਨ। ਇਨ੍ਹਾਂ ਨੇ ਪਰਵਾਸ ਵਾਲੇ ਦੇਸ਼ਾਂ ਵਿਚ ਸਕੂਲਾਂ, ਕਾਲਜਾਂ ਅਤੇ ਹਸਪਤਾਲਾਂ ਦੀ ਬਜਾਇ ਧਾਰਮਿਕ ਸਥਾਨਾਂ ਉਪਰ ਜ਼ਿਆਦਾ ਰਕਮਾਂ ਖਰਚੀਆਂ ਹਨ। ਬਹੁਤੇ ਦੇਸ਼ਾਂ ਵਿਚ ਇਹ ਧਾਰਮਿਕ ਸਥਾਨ ਸਰਵ-ਸਾਂਝੇ ਨਾ ਹੋ ਕੇ ਮੈਂਬਰਾਂ ਦੀ ਜਾਇਦਾਦ ਹਨ ਜੋ ਇਨ੍ਹਾਂ ਨੂੰ ਨਿੱਜੀ ਹਿੱਤਾਂ ਦੀ ਪੂਰਤੀ ਲਈ ਵਰਤਦੇ ਹਨ। ਇਨ੍ਹਾਂ ਥਾਵਾਂ ਦੀ ਵਰਤੋਂ ਰਾਜਸੀ ਹਿੱਤਾਂ ਲਈ ਵੀ ਕੀਤੀ ਜਾਂਦੀ ਹੈ। ਇਨ੍ਹਾਂ ਥਾਵਾਂ ਉਪਰ ਅਕਸਰ ਲੜਾਈ-ਝਗੜੇ ਹੁੰਦੇ ਦੇਖੇ ਜਾ ਸਕਦੇ ਹਨ ਜੋ ਕਦੇ-ਕਦਾਈ ਮਨੁੱਖਾਂ ਦੀ ਮੌਤ ਦਾ ਕਾਰਨ ਵੀ ਬਣਦੇ ਹਨ। ਇਨ੍ਹਾਂ ਥਾਵਾਂ ਉਪਰ ਕਰਵਾਏ ਗਏ ਲੰਗਰ ਨਿੱਜੀ ਸ਼ੁਹਰਤ ਨੂੰ ਵਧਾਉਣ ਲਈ ਮਹਿੰਗੇ ਵਿਆਹਾਂ ਵਰਗਾ ਨਜ਼ਾਰਾ ਪੇਸ਼ ਕਰਦੇ ਹਨ। ਇਹ ਪਰਵਾਸੀ ਸਮਾਜਿਕ ਰੀਤੀ-ਰਿਵਾਜ਼ਾਂ ਦੀ ਪੂਰਤੀ ਲਈ ਜਿਹੜੀਆਂ ਥਾਵਾਂ ਨੂੰ ਕਿਰਾਏ ਉਪਰ ਲੈਂਦੇ ਹਨ, ਬਹੁਤ ਵਾਰ ਉਨ੍ਹਾਂ ਥਾਵਾਂ ਉਪਰ ਬਹੁਤ ਉੱਚੀ ਸੰਗੀਤ ਵਜਾਉਣਾ, ਉੱਚੀਆਂ-ਉੱਚੀਆਂ ਆਵਾਜ਼ਾਂ ਕੱਢਦੇ ਹੋਏ ਗਿੱਧੇ-ਭੰਗੜੇ ਪਾਉਣੇ, ਖਾਣ-ਪੀਣ ਤੋਂ ਬਾਅਦ ਬਚਦਾ ਸਾਮਾਨ ਉਥੇ ਹੀ ਖੁੱਲ੍ਹੇ ਵਿਚ ਸੁੱਟਣਾ ਆਦਿ ਅਜਿਹੀਆਂ ਮਾੜੀਆਂ ਆਦਤਾਂ ਜੋ ਸਾਰੇ ਪੰਜਾਬੀ ਭਾਈਚਾਰੇ ਲਈ ਸ਼ਰਮ ਦਾ ਕਾਰਨ ਬਣਦੀਆਂ ਹਨ।

ਦੁਨੀਆਂ ਦੇ ਵਿਕਸਤ ਸਰਮਾਏਦਾਰ ਦੇਸ਼ਾਂ ਵਿਚ ਪਦਾਰਥਵਾਦੀ ਝੁਕਾਅ ਤੋਂ ਜ਼ਿਆਦਾ ਪ੍ਰਭਾਵਤ ਹੁੰਦੇ ਹੋਏ ਇਨ੍ਹਾਂ ਪਰਵਾਸੀ ਪੰਜਾਬੀਆਂ ਵਿਚੋਂ ਕੁਝ ਲੋਕ ਆਪਣੀ ਆਮਦਨ ਨੂੰ ਵਧਾਉਣ ਲਈ ਗ਼ੈਰ-ਕਾਨੂੰਨੀ ਤਰੀਕਿਆਂ ਦਾ ਸਹਾਰਾ ਲੈਂਦੇ ਹੋਏ ਦੇਖੇ ਜਾਂਦੇ ਹਨ ਜਿਸ ਵਿਚ ਗ਼ੈਰ-ਕਾਨੂੰਨੀ ਤੌਰ ਤੇ ਨਸ਼ੇ ਵੇਚਣ ਦਾ ਜ਼ਿਕਰ ਕਰਨਾ ਜ਼ਰੂਰੀ ਬਣਦਾ ਹੈ। ਪਰਵਾਸੀ ਪੰਜਾਬੀਆਂ ਦੀ ਦੂਜੀ ਜਾਂ ਤੀਜੀ ਪੀੜ੍ਹੀ ਵਿਚੋਂ ਕਾਫ਼ੀ ਲੋਕ ਅਤੇ ਖ਼ਾਸ ਕਰਕੇ ਬੱਚੇ ਨਸ਼ੇ ਕਰਨ ਦੇ ਗੁਲਾਮ ਹੋ ਜਾਂਦੇ ਹਨ ਜੋ ਇਸ ਦੀ ਪੂਰਤੀ ਲਈ ਤਰ੍ਹਾਂ-ਤਰ੍ਹਾਂ ਦੇ ਗ਼ੈਰ-ਕਾਨੂੰਨੀ ਕੰਮ ਕਰਦੇ ਹਨ ਅਤੇ ਨਤੀਜੇ ਵਜੋਂ ਜੇਲ੍ਹਾਂ ਵਿਚ ਸਜਾ ਵੀ ਕੱਟਦੇ ਹਨ। ਜਦੋਂ ਬਾਹਰਲੇ ਦੇਸ਼ਾਂ ਵਿਚ

ਪਰਵਾਸ ਕਰਕੇ ਗਏ ਪੰਜਾਬੀ ਪੰਜਾਬ ਦੀਆਂ ਫੇਰੀਆਂ ਦੌਰਾਨ ਆਪਣੀ ਅਮੀਰੀ ਦਾ ਦਿਖਾਵਾ ਕਰਦੇ ਹਨ ਤਾਂ ਬਹੁਤ ਸਾਰੇ ਪੰਜਾਬੀ ਉਸ ਤੋਂ ਪ੍ਰਭਾਵਤ ਹੁੰਦੇ ਹੋਏ ਬਾਹਰਲੇ ਦੇਸ਼ਾਂ ਨੂੰ ਜਾਣ ਲਈ ਗ਼ੈਰ-ਕਾਨੂੰਨੀ ਢੰਗਾਂ ਦਾ ਸਹਾਰਾ ਲੈਂਦੇ ਹਨ ਜਿਸ ਦੀ ਉਨ੍ਹਾਂ ਨੂੰ ਬਹੁਤ ਵੱਡੀ ਕੀਮਤ ਤਾਰਨੀ ਪੈਂਦੀ ਹੈ। ਉਨ੍ਹਾਂ ਵਿਚੋਂ ਜਿਹੜੇ ਬਾਹਰਲੇ ਦੇਸ਼ਾਂ ਵਿਚ ਪਹੁੰਚ ਜਾਂਦੇ ਹਨ ਉਨ੍ਹਾਂ ਦੀ ਉਥੇ ਗ਼ੈਰ-ਕਾਨੂੰਨੀ ਹੋਣ ਕਾਰਨ ਬਹੁਤ ਲੁੱਟ ਹੁੰਦੀ ਹੈ ਜਿਸ ਵਿਚ ਕਈ ਵਾਰ ਪੰਜਾਬ ਵਿਚੋਂ ਪਰਵਾਸ ਕਰਕੇ ਪੱਕੇ ਤੌਰ ਤੇ ਵਸੇ ਹੋਏ ਲੋਕ ਸ਼ਾਮਿਲ ਹੁੰਦੇ ਹਨ। ਇਸ ਦੇ ਨਾਲ ਹੀ ਖਾੜੀ ਦੇਸ਼ਾਂ ਵਿਚ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਢੰਗਾਂ ਨਾਲ ਗਏ ਪੰਜਾਬੀਆਂ ਨੂੰ ਵੱਖ-ਵੱਖ ਤਰ੍ਹਾਂ ਦੇ ਤਸੀਹੇ ਝੱਲਣੇ ਪੈਂਦੇ ਹਨ।

ਅੰਤਰਰਾਸ਼ਟਰੀ ਪੰਜਾਬੀ ਪਰਵਾਸੀਆਂ ਵਿਚੋਂ ਕੁਝ ਲੋਕ ਆਪਣੇ ਬਜ਼ੁਰਗਾਂ ਨੂੰ ਆਪਣੇ ਕੋਲ ਲੈ ਜਾਂਦੇ ਹਨ। ਜਿਹੜੇ ਬਜ਼ੁਰਗਾਂ ਨੇ ਦਿਨ-ਰਾਤ ਇਕ ਕਰਕੇ ਅਤੇ ਆਪਣੀਆਂ ਨਿੱਜੀ ਖ਼ੁਸ਼ੀਆਂ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਬੱਚਿਆਂ ਨੂੰ ਬਹੁਤ ਜ਼ਿਆਦਾ ਖਰਚ ਕਰਕੇ ਬਾਹਰਲੇ ਦੇਸ਼ਾਂ ਵਿਚ ਭੇਜਿਆ, ਉਹੀ ਬੱਚੇ ਆਪਣੇ ਬਜ਼ੁਰਗਾਂ ਨੂੰ ਰਿਟਾਇਰਮੈਂਟ ਦੀ ਉਮਰ ਵਿਚ ਕੰਮ ਕਰਨ ਲਈ ਮਜਬੂਰ ਕਰ ਦਿੰਦੇ ਹਨ। ਉਨ੍ਹਾਂ ਨੂੰ ਪੈਨਸ਼ਨ ਲਵਾ ਕੇ, ਪੈਨਸ਼ਨ ਦੀ ਰਕਮ ਦਾ ਕੁੱਝ ਕੁ ਹਿੱਸਾ ਹੀ ਉਨ੍ਹਾਂ ਨੂੰ ਦਿੰਦੇ ਹਨ, ਉਨ੍ਹਾਂ ਤੋਂ ਆਪਣੇ ਛੋਟੇ ਬੱਚਿਆਂ ਦਾ ਪਾਲਣ-ਪੋਸ਼ਣ ਕਰਵਾਉਂਦੇ ਹਨ ਅਤੇ ਇਹੀ ਬੱਚੇ ਵੱਡੇ ਹੋ ਕੇ ਉਨ੍ਹਾਂ ਬਜ਼ੁਰਗਾਂ ਦੀ ਵੱਖ-ਵੱਖ ਪੱਖਾਂ ਤੋਂ ਨਿਰਾਦਰੀ ਕਰਦੇ ਦੇਖੇ ਜਾਂਦੇ ਹਨ।

ਅੰਤਰਰਾਸ਼ਟਰੀ ਪੰਜਾਬੀ ਪਰਵਾਸੀਆਂ ਵਿਚ ਨਰੜ-ਵਿਆਹ ਵੀ ਵੇਖਣ ਨੂੰ ਮਿਲਦੇ ਹਨ ਜੋ ਵੱਖ-ਵੱਖ ਤਰ੍ਹਾਂ ਦੀਆਂ ਬੁਰਾਈਆਂ ਨੂੰ ਜਨਮ ਦਿੰਦੇ ਹਨ। ਪੰਜਾਬ ਦੇ ਕੁਝ ਲੋਕ ਸਿਰਫ਼ ਬਾਹਰਲੇ ਦੇਸ਼ਾਂ ਵਿਚ ਜਾਣ ਲਈ ਆਪਣੀਆਂ ਲੜਕੀਆਂ ਦੇ ਵਿਆਹ ਅਜਿਹੇ ਲੋਕਾਂ ਨਾਲ ਕਰ ਦਿੰਦੇ ਹਨ ਜੋ ਉਨ੍ਹਾਂ ਦੇ ਮੇਲ ਦੇ ਨਹੀਂ ਹੁੰਦੇ। ਇਹ ਲੜਕੀਆਂ ਉਨ੍ਹਾਂ ਦੇਸ਼ਾਂ ਦੀਆਂ ਨਾਗਰਿਕ ਬਣਨ ਅਤੇ ਪਰਿਵਾਰ ਦੇ ਬਾਕੀ ਮੈਂਬਰਾਂ ਨੂੰ ਉਥੇ ਬੁਲਾਉਣ ਤੋਂ ਬਾਅਦ ਉਨ੍ਹਾਂ ਲੜਕਿਆਂ ਨੂੰ ਛੱਡ ਦਿੰਦੀਆਂ ਹਨ। ਇਸ ਸੰਬੰਧ ਵਿਚ ਨੈਤਿਕਤਾ ਤੋਂ ਗਿਰੇ ਹੋਏ ਭੈਣ-ਭਾਈ ਦੇ ਕਾਗ਼ਜ਼ੀ ਵਿਆਹ ਵੀ ਹਨ। ਇਨ੍ਹਾਂ ਪਰਵਾਸੀਆਂ ਵਿਚੋਂ ਕੁਝ ਲੋਕ ਅਤੇ ਇਨ੍ਹਾਂ ਦੇ ਜ਼ਿਆਦਾਤਰ ਬੱਚੇ ਆਪਣੀ ਮਾਂ-ਬੋਲੀ ਨੂੰ ਵਿਸਾਰਦੇ ਜਾ ਰਹੇ ਹਨ ਜੋ ਬਹੁਤ ਜ਼ਿਆਦਾ ਘਾਤਕ ਸਾਬਤ ਹੋ ਰਿਹਾ ਹੈ। ਅੰਤਰਰਾਸ਼ਟਰੀ ਪੰਜਾਬੀ ਪਰਵਾਸੀਆਂ ਵਿਚੋਂ ਕੁਝ ਲੋਕ ਪੰਜਾਬ ਵਾਂਗ ਹੀ ਵੱਖ-ਵੱਖ ਸਮਾਜਿਕ ਕੁਰੀਤੀਆਂ ਦਾ ਸ਼ਿਕਾਰ ਹਨ ਜਿਵੇਂ ਧਾਗੇ-ਤਵੀਜ਼ਾਂ ਨਾਲ ਇਲਾਜ ਕਰਨ ਜਾਂ ਮਨ-ਚਾਹੀਆਂ ਇੱਛਾਵਾਂ ਦੀ ਪੂਰਤੀ ਕਰਨ ਦੇ ਭੁਲੇਖੇ ਵਿਚ ਰਹਿਣਾ। ਇਸ ਸੰਬੰਧ ਵਿਚ ਪਾਖੰਡੀ ਬਾਬਿਆਂ, ਤਾਂਤਰਿਕਾਂ ਦੁਆਰਾ ਅਖ਼ਬਾਰਾਂ, ਟੈਲੀਵੀਜ਼ਨ ਚੈਂਨਲਾਂ ਉਪਰ ਪੰਜਾਬ ਨਾਲੋਂ ਕਿਤੇ ਵੱਧ ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਹੈ। ਪੰਜਾਬ ਤੋਂ ਦੁਨੀਆਂ ਦੇ ਉੱਨਤ ਸਰਮਾਏਦਾਰ ਦੇਸ਼ਾਂ ਵਿਚ ਪਰਵਾਸ ਕਰਨ ਦੇ ਬਾਵਜੂਦ ਵੀ ਬਹੁਤੇ ਪਰਵਾਸੀ ਜਾਤਾਂ/ਇਲਾਕਿਆਂ ਦੀ ਵੰਡ ਦਾ ਸ਼ਿਕਾਰ ਪੰਜਾਬ ਨਾਲੋਂ ਵੀ ਵੱਧ ਹੋ ਜਾਂਦੇ ਹਨ। ਜਦੋਂ ਅੰਤਰਰਾਸ਼ਟਰੀ ਪੰਜਾਬੀ ਪਰਵਾਸੀਆਂ ਦਾ ਕੋਈ ਮੁੰਡਾ ਕਿਸੇ ਗੋਰੀ ਕੁੜੀ ਨਾਲ ਵਿਆਹ ਕਰਦਾ ਹੈ ਤਾਂ ਉਸ ਦੀ ਖ਼ੁਸ਼ੀ ਮਨਾਉਂਦੇ ਹੋਏ ਗਿੱਧਾ-ਭੰਗੜਾ ਅਤੇ ਸੰਗੀਤ ਇੰਨੀ ਉੱਚੀ ਆਵਾਜ਼ ਵਿਚ ਚਲਾਇਆ ਜਾਂਦਾ ਹੈ ਕਿ ਮੀਲ-ਮੀਲ ਵਿਚ ਲੋਕਾਂ ਦੀ ਸ਼ਾਂਤੀ ਭੰਗ ਕਰ ਦਿਤੀ ਜਾਂਦੀ ਹੈ, ਪਰ ਜਦੋਂ ਇਨ੍ਹਾਂ ਦੀ ਕੋਈ ਕੁੜੀ ਕਿਸੇ ਗੋਰੇ/ਕਾਲੇ ਮੁੰਡੇ ਨਾਲ ਵਿਆਹ ਕਰ ਲੈਂਦੀ ਹੈ ਤਾਂ ਦੂਰ-ਦੂਰ ਤਕ ਮਾਤਮ ਛਾ ਜਾਂਦਾ ਹੈ ਅਤੇ ਬੁਰਾ ਮਨਾਇਆ ਜਾਂਦਾ ਹੈ।

ਆਪਣੀਆਂ ਰਾਜਸੀ ਇੱਛਾਵਾਂ ਦੀ ਪੂਰਤੀ ਜਾਂ ਪੰਜਾਬ ਦੇ ਰਾਜਸੀ ਆਗੂਆਂ ਨਾਲ ਆਪਣਾ ਮੇਲਜੋਲ ਵਧਾਉਣ ਲਈ ਅੰਤਰਰਾਸ਼ਟਰੀ ਪੰਜਾਬੀ ਪਰਵਾਸੀ ਆਪਣੀ ਕਮਾਈ ਦਾ ਕੁਝ ਹਿੱਸਾ ਲਾ ਕੇ ਪੰਜਾਬ ਵਿਚ ਰਾਜਸੀ ਦਖ਼ਲ-ਅੰਦਾਜ਼ੀ ਕਰਦੇ ਹੋਏ ਪ੍ਰਤੱਖ ਦੇਖੇ ਜਾ ਸਕਦੇ ਹਨ। ਇਹ ਨਜ਼ਾਰਾ ਚੋਣਾਂ ਮੌਕੇ ਅਕਸਰ ਹੀ ਦੇਖਿਆ ਜਾਂਦਾ ਹੈ ਜਦੋਂ ਪਰਵਾਸੀ ਪੰਜਾਬੀ ਵੱਖ-ਵੱਖ ਰਾਜਸੀ ਪਾਰਟੀਆਂ ਦੇ ਹੱਕ ਵਿਚ 5-ਸਤਾਰਾ ਹੋਟਲਾਂ ਵਿਚ ਜਾਂ ਹੋਰ ਥਾਵਾਂ ਉਪਰ ਸੈਮੀਨਾਰ ਆਦਿ ਕਰਦੇ ਦਿਖਾਈ ਦਿੰਦੇ ਹਨ।

ਆਪਣੇ ਆਪ ਨੂੰ ਪੰਜਾਬੀ ਸਮਾਜ ਵਿਚ ਵੱਡਾ ਦਿਖਾਉਣ ਲਈ ਇਹ ਪਰਵਾਸੀ ਆਪਣੇ ਬਜ਼ੁਰਗਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਭੋਗ ਅਤੇ ਹੋਰ ਰੀਤੀ-ਰਿਵਾਜਾਂ ਉਪਰ ਬੇਲੋੜਾ ਜ਼ਿਆਦਾ ਖਰਚ ਕਰਦੇ ਹਨ। ਰਾਜਸੀ ਲੋਕਾਂ ਤੋਂ ਆਪਣੇ ਸੋਹਲੇ ਗੁਆਉਣ ਲਈ ਵੱਖ-ਵੱਖ ਤਰ੍ਹਾਂ ਦੇ ਤਰਲੇ ਕਰਦੇ ਹਨ। ਇਸ ਸੰਬੰਧ ਵਿਚ ਕਈ ਵਾਰ ਤਾਂ ਆਪਣੇ ਰੁਤਬੇ ਨੂੰ ਵੱਡਾ ਦਿਖਾਉਣ ਲਈ ਜਿਵੇਂ ਆਪਣੇ ਮਾਂ-ਬਾਪ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਭੋਗ ਸਮੇਂ ਪੰਜਾਬ ਵਿਚ ਰਹਿ ਰਹੇ ਆਪਣੇ ਸਕੇ ਭੈਣ-ਭਰਾਵਾਂ ਨੂੰ ਵੀ ਬਰਾਬਰ ਦਾ ਖਰਚਾ ਕਰਨ ਲਈ ਮਜਬੂਰ ਕਰਦੇ ਹੋਏ ਦਿਖਾਈ ਦਿੰਦੇ ਹਨ ਜੋ ਲੜਾਈਆਂ-ਝਗੜਿਆਂ ਵਿਚ ਤਬਦੀਲ ਹੋ ਜਾਂਦਾ ਹੈ।

ਅੰਤਰਰਾਸ਼ਟਰੀ ਪਰਵਾਸ ਨੂੰ ਨਾ ਤਾਂ ਰੋਕਿਆ ਜਾ ਸਕਦਾ ਹੈ ਅਤੇ ਨਾ ਹੀ ਰੋਕਿਆ ਜਾਣਾ ਚਾਹੀਦਾ ਹੈ, ਪਰ ਇਸ ਨੂੰ ਨਿਯੰਤ੍ਰਣ ਕਰਨ ਦੀ ਸਖ਼ਤ ਲੋੜ ਹੈ। ਪੰਜਾਬ ਵਿਚੋਂ ਅੰਤਰਰਾਸ਼ਟਰੀ ਪਰਵਾਸ ਦੇ ਸੰਬੰਧ ਵਿਚ ਕੁਝ ਗੱਲਾਂ ਧਿਆਨ ਮੰਗਦੀਆਂ ਹਨ।

**ਅੱਜਕੱਲ੍ਹ ਜਿਹੜੇ ਵਿਦਿਆਰਥੀਆਂ ਜਾਂ ਪੇਸ਼ਾਵਰ ਲੋਕਾਂ ਦਾ ਪੰਜਾਬ ਤੋਂ ਬਾਹਰਲੇ ਦੇਸ਼ਾਂ ਵਿਚ ਪਰਵਾਸ ਹੋ ਰਿਹਾ ਹੈ ਉਨ੍ਹਾਂ ਦੇ ਦੇਸ਼ ਛੱਡਣ ਸਮੇਂ ਉਨ੍ਹਾਂ ਤੋਂ ਦੇਸ਼ ਵਿਚ ਵਾਪਸ ਨਾ ਆਉਣ ਦੀ ਸੂਰਤ ਵਿਚ ਅਜਿਹਾ ਬੌਂਡ ਭਰਵਾਇਆ ਜਾਵੇ ਜਿਸ ਵਿਚ ਇਹ ਦਰਜ ਹੋਵੇ ਕਿ ਉਨ੍ਹਾਂ ਦੀ ਪੜ੍ਹਾਈ ਅਤੇ ਸਿਖਲਾਈ ਉਪਰ ਸਮਾਜ ਅਤੇ ਸਰਕਾਰ ਵਲੋਂ ਕੀਤਾ ਗਿਆ ਖਰਚ ਵਾਪਸ ਮੋੜਨ ਲਈ ਉਹ ਪਾਬੰਦ ਹੋਣਗੇ।**

ਭਾਰਤ ਅਤੇ ਰਾਜ ਸਰਕਾਰਾਂ ਨੂੰ ਕਾਰਪੋਰੇਟ ਜਗਤ ਪੱਖੀ ਆਰਥਿਕ ਵਿਕਾਸ ਮਾਡਲ ਦਾ ਮੋਹ ਛੱਡਦੇ ਹੋਏ ਲੋਕ-ਪੱਖੀ ਆਰਥਿਕ ਵਿਕਾਸ ਮਾਡਲ ਅਪਣਾਉਣਾ ਚਾਹੀਦਾ ਹੈ ਤਾਂ ਕਿ ਦੇਸ਼ ਵਿਚ ਰੁਜ਼ਗਾਰ ਦੇ ਲੋੜੀਂਦੇ ਮੌਕੇ ਪੈਦਾ ਕੀਤੇ ਜਾ ਸਕਣ ਅਤੇ ਰੁਜ਼ਗਾਰ ਦੇ ਮਿਆਰ ਨੂੰ ਵੀ ਉੱਚਾ ਚੁੱਕਿਆ ਜਾ ਸਕੇ। ਜਿਹੜੇ ਲੋਕ ਪਰਵਾਸ ਕਰਕੇ ਪੱਕੇ ਤੌਰ ਤੇ ਬਾਹਰਲੇ ਦੇਸ਼ਾਂ ਵਿਚ ਵਸ ਜਾਂਦੇ ਹਨ ਉਨ੍ਹਾਂ ਨੂੰ ਆਪਣੇ ਦੇਸ਼ ਨੂੰ ਭੁੱਲਣਾ ਅਤੇ ਦੁਰਕਾਰਨਾ ਨਹੀਂ ਚਾਹੀਦਾ। ਦਰੱਖ਼ਤ ਦਾ ਉਪਰਲਾ ਹਿੱਸਾ ਦਰੱਖ਼ਤ ਦੀਆਂ ਜੜ੍ਹਾਂ ਨਾਲੋਂ ਕਿਤੇ ਜ਼ਿਆਦਾ ਖ਼ੂਬਸੂਰਤ ਹੁੰਦਾ ਹੈ, ਪਰ ਉਸ ਦੀ ਹੋਂਦ ਦਰੱਖ਼ਤ ਦੀਆਂ ਜੜ੍ਹਾਂ ਨਾਲ ਹੀ ਹੁੰਦੀ ਹੈ। ਇਸ ਸੰਬੰਧ ਵਿਚ ਯਹੂਦੀਆਂ ਤੋਂ ਸਬਕ ਸਿੱਖਣ ਦੀ ਲੋੜ ਹੈ।

***(ਲੇਖਕ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਹੈ।)***

# ਪੰਜਾਬ : ਸੱਨਅਤ ਤੋਂ ਸੇਵਾਵਾਂ ਵੱਲ ਆਰਥਿਕ ਵਿਕਾਸ ਦੀ ਪ੍ਰਕਿਰਿਆ ਨਾਲ ਜੁੜਿਆ ਹੋਇਆ ਹੈ - ਡਾ. ਸੁੱਚਾ ਸਿੰਘ ਗਿੱਲ

ਮੁਲਾਕਾਤੀ ਡਾ. ਮੁਹੰਮਦ ਇਦਰੀਸ

ਪ੍ਰੋਫ਼ੈਸਰ ਸੁੱਚਾ ਸਿੰਘ ਗਿੱਲ, ਅਰਥਸ਼ਾਸਤਰ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਸੇਵਾ ਮੁਕਤ ਹਨ। ਆਪਣੇ ਅਧਿਆਪਕੀ ਕਾਰਜ ਕਾਲ ਦੌਰਾਨ ਉਨ੍ਹਾਂ ਨੇ ਯੂਨੀਵਰਸਿਟੀ ਦੇ ਪ੍ਰਬੰਧਕੀ ਢਾਂਚੇ ਵਿਚ ਬਤੌਰ ਡੀਨ ਅਕਾਦਮਿਕ ਮਾਮਲੇ, ਡੀਨ ਸਮਾਜਿਕ ਸਿੱਖਿਆਵਾਂ ਅਤੇ ਡੀਨ ਰਿਸਰਚ ਵੀ ਸੇਵਾ ਨਿਭਾਈ ਹੈ। ਅਰਥਸਾਸ਼ਤਰ ਉਨ੍ਹਾਂ ਦਾ ਪ੍ਰਮੁੱਖ ਪਹਿਲ ਵਾਲਾ ਵਿਸ਼ਾ ਹੈ। ਪੰਜਾਬ ਦੀ ਅਰਥਵਿਵਸਥਾ ਅਤੇ ਅੰਤਰਰਾਸ਼ਟਰੀ ਅਰਥਵਿਵਸਥਾ ਡਾ. ਗਿੱਲ ਦੇ ਮੁਹਾਰਤ ਦੇ ਵਿਸ਼ੇ ਹਨ। ਖੋਜ ਦੇ ਖੇਤਰ ਵਿਚ ਉਨ੍ਹਾਂ ਦੀਆਂ ਪੁਸਤਕਾਂ ਕੈਂਬਰਿਜ ਅਤੇ ਆਕਸਫੋਰਡ ਯੂਨੀਵਰਸਿਟੀਆਂ ਤੋਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਸ ਸਮੇਂ ਉਹ ਸੈਂਟਰ ਫਾਰ ਰਿਸਰਚ ਇਨ ਰੂਰਲ ਐਂਡ ਇੰਡਸਟਰੀਅਲ ਡਿਵੈਲਪਮੈਂਟ ਚੰਡੀਗੜ੍ਹ ਵਿਖੇ ਬਤੌਰ ਡਾਇਰੈਕਟਰ ਜਨਰਲ ਸੇਵਾ ਨਿਭਾਅ ਰਹੇ ਹਨ।

ਪੇਸ਼ ਹਨ ਡਾ. ਗਿੱਲ ਨਾਲ ਪੰਜਾਬ ਦੀ ਅਰਥਵਿਵਸਥਾ ਨਾਲ ਸਬੰਧਿਤ ਕੁੱਝ ਨੁਕਤੇ :

*? ਆਰਥਿਕ ਦ੍ਰਿਸ਼ਟੀ ਤੋਂ ਪੰਜਾਬ ਕਿਸੇ ਸਮੇਂ ਪਹਿਲੇ ਨੰਬਰ 'ਤੇ ਹੁੰਦਾ ਸੀ, ਪਰ ਹੁਣ ਕਈ ਸੂਬਿਆਂ ਤੋਂ ਪਛੜ ਗਿਆ ਹੈ। ਇਸ ਦੇ ਤੁਸੀਂ ਕੀ ਕਾਰਨ ਸਮਝਦੇ ਹੋ?*

**-** ਵੱਡੇ ਸੂਬਿਆਂ ਵਿਚੋਂ ਪੰਜਾਬ 1992-93 ਤਕ ਪ੍ਰਤਿ ਜੀਅ ਆਮਦਨ ਪੱਖੋਂ ਦੇਸ਼ ਦਾ ਨੰਬਰ ਇਕ ਸੂਬਾ ਸੀ। 1993-94 ਵਿਚ ਇਸ ਨੂੰ ਮਹਾਂਰਾਸ਼ਟਰ ਸੂਬੇ ਨੇ ਪਿਛੇ ਛੱਡ ਦਿੱਤਾ। 2003-04 ਵਿਚ ਹਰਿਆਣਾ ਇਸ ਤੋਂ ਅੱਗੇ ਲੰਘ ਗਿਆ। ਗੋਆ ਅਤੇ ਦਿੱਲੀ ਵਰਗੇ ਛੋਟੇ ਸੂਬੇ ਪਹਿਲਾਂ ਇਸ ਤੋਂ ਅੱਗੇ ਸਨ। ਹੁਣ ਤਮਿਲਨਾਡੂ ਅਤੇ ਕੇਰਲ ਸੂਬੇ ਵੀ ਇਸ ਤੋਂ ਅੱਗੇ ਲੰਘ ਗਏ ਹਨ। ਪੰਜਾਬ ਦੇ ਪਿਛੇ ਰਹਿ ਜਾਣ ਦਾ ਕਾਰਣ ਇਹ ਹੈ ਕਿ ਹਰੀ ਕ੍ਰਾਂਤੀ ਕਾਰਣ ਸੂਬੇ ਦੇ ਦੂਜੇ ਅਦਾਰਿਆਂ ਕੋਲ ਸੱਨਅਤਾਂ ਦਾ ਲੋੜੀਂਦਾ ਵਿਕਾਸ ਨਹੀਂ ਹੋਇਆ। ਜੋ ਵਿਕਾਸ ਹੋਇਆ ਸੀ, 1982-92 ਤਕ ਦੇ ਸਿਆਸੀ ਸੰਕਟ ਕਾਰਨ ਉਸ ਵਿਚ ਰੁਕਾਵਟਾਂ ਆ ਗਈਆਂ। ਇਸ ਸਿਆਸੀ ਅਸਥਿਰਤਾ ਕਾਰਨ ਸੱਨਅਤੀ ਇਕਾਈਆਂ ਦੇ ਮਾਲਕਾਂ ਵਲੋਂ ਦੂਜੇ ਸੂਬਿਆਂ ਵੱਲ ਨੂੰ ਜਾਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤਸਰ ਅਤੇ ਬਟਾਲਾ ਦੀ ਸੱਨਅਤ ਉੱਜੜ ਕੇ ਹਰਿਆਣਾ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਨੂੰ ਜਾਣ ਲੱਗ ਪਈ। ਸੂਬੇ ਦੇ ਰਾਜ ਪ੍ਰਬੰਧ ਵਿਚ ਵਿਗਾੜ ਪੈ ਗਏ। ਟੈਕਸ ਇਕੱਠਾ ਕਰਨ ਦੀ ਪ੍ਰਣਾਲੀ ਵਿਚ ਵਿਗਾੜ ਪੈ ਗਿਆ। ਵਿੱਦਿਆ ਅਤੇ ਸਿਹਤ ਸਹੂਲਤਾਂ ਬੁਰੀ ਤਰ੍ਹਾਂ ਗਲਤ ਰਸਤੇ ਵਿਚ ਚਲੀਆਂ ਗਈਆਂ। ਇਸ ਦਾ ਸਭ ਤੋਂ ਮਾਰੂ ਅਸਰ ਪਿੰਡਾਂ ਵਿਚ ਪਿਆ। ਸਰਮਾਇਆਕਾਰੀ ਪਿੱਛੇ ਰਹਿ ਗਈ।

*? ਕਣਕ-ਝੋਨੇ ਦੇ ਫ਼ਸਲੀ ਚੱਕਰ ਤੋਂ ਹਟ ਕੇ ਫ਼ਸਲੀ ਵਿਭਿੰਨਤਾ ਲਈ ਕੀ ਕਰਨਾ ਚਾਹੀਦਾ ਹੈ? ਕੇਂਦਰ ਸਰਕਾਰ ਦੀ ਇਸ ਵਿਚ ਕੀ ਭੂਮਿਕਾ ਹੋ ਸਕਦੀ ਹੈ?*

**-** ਕਣਕ ਪੰਜਾਬ ਦੀ ਕੁਦਰਤੀ ਫ਼ਸਲ ਹੈ। ਇਹ ਪੰਜਾਬ ਦੇ ਵਾਤਾਵਰਣ, ਮੌਸਮ ਅਤੇ ਜ਼ਮੀਨ ਅਨੁਸਾਰ ਠੀਕ ਫ਼ਸਲ ਹੈ। ਝੋਨਾ ਪੰਜਾਬ ਦੇ ਸੀਮਤ ਇਲਾਕਿਆਂ ਦੀ ਫ਼ਸਲ ਹੋ ਸਕਦੀ ਹੈ। ਜਿਥੇ ਪਹਾੜਾਂ ਨਾਲ ਲਗਦੇ ਇਲਾਕਿਆਂ ਵਿਚ ਮੀਂਹ ਜ਼ਿਆਦਾ ਪੈਂਦਾ ਹੈ। ਇਸ ਨੂੰ ਸੀਮਤ ਕੀਤਾ ਜਾ ਸਕਦਾ ਹੈ। ਇਸ ਦੀਆਂ ਬਦਲਵੀਆਂ ਫ਼ਸਲਾਂ ਲੱਭਣ ਦੀ ਲੋੜ ਹੈ। ਉਹ ਫ਼ਸਲਾਂ ਜਿਨ੍ਹਾਂ ਦੇ ਭਾਅ ਵੱਧ ਮਿਲਦੇ ਹਨ ਅਤੇ ਪਾਣੀ ਦੀ ਘੱਟ ਲੋੜ ਪੈਂਦੀ ਹੈ। ਇਸ ਵਿਚ ਸਬਜ਼ੀਆਂ, ਫਲ, ਕਪਾਹ, ਮੱਕੀ, ਤੇਲਾਂ ਦੇ ਬੀਜ, ਦਾਲਾਂ ਆਦਿ ਹਨ। ਇਹ ਤਾਂ ਹੀ ਕਾਮਯਾਬ ਹੋ ਸਕਦੀਆਂ ਹਨ ਜੇਕਰ ਇਨ੍ਹਾਂ ਦਾ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਉਪਲਬਧ ਹੋਣ ਤੇ ਇਨ੍ਹਾਂ ਦਾ ਸਹੀ ਮੁੱਲ ਕਿਸਾਨਾਂ ਨੂੰ ਮਿਲਦਾ ਹੋਵੇ ਤਾਂ ਕਿ ਪ੍ਰਤਿ ਏਕੜ ਆਮਦਨ ਵਿਚ ਇਹ ਝੋਨੇ ਤੋਂ ਵੱਧ ਆਮਦਨ ਦੇ ਸਕਣ। ਇਨ੍ਹਾਂ ਦਾ ਝੋਨੇ ਦੀ ਤਰ੍ਹਾਂ ਘੱਟੋ-ਘੱਟ ਸਮਰਥਨ ਮੁਲ ਮਿਥਿਆ ਹੋਵੇ ਅਤੇ ਇਨ੍ਹਾਂ ਦੇ ਮੰਡੀਕਰਨ ਦਾ ਯੋਗ ਪ੍ਰਬੰਧ ਹੋਵੇ। ਇਸ ਸੰਬੰਧੀ ਸਰਕਾਰ ਵਲੋਂ ਪ੍ਰਬੰਧ ਕਰਨੇ ਹੋਣਗੇ। ਝੋਨੇ ਉਪਰ ਦਿਤੀ ਜਾਂਦੀ ਸਬਸਿਡੀ (ਮੁਫਤ ਬਿਜਲੀ) ਬੰਦ ਕਰਕੇ ਬਦਲਵੀਆਂ ਫ਼ਸਲਾਂ ਨੂੰ ਸਬਸਿਡੀ ਦਿਤੀ ਜਾ ਸਕਦੀ ਹੈ। ਪੰਜਾਬ ਨੂੰ ਘੱਟ ਆਮਦਨ ਤੋਂ ਵੱਧ ਆਮਦਨ ਵਾਲੀਆਂ ਫ਼ਸਲਾਂ ਵੱਲ ਨੂੰ ਜਾਣਾ ਪਵੇਗਾ। ਜਿਵੇਂ ਹਿਮਾਚਲ ਪ੍ਰਦੇਸ਼ ਅਤੇ ਕੇਰਲ ਵਲੋਂ ਕੀਤਾ ਗਿਆ ਹੈ। ਇਹ ਇਕੱਲੇ ਨਾਹਰਿਆਂ ਨਾਲ ਨਹੀਂ ਹੋਣਾ, ਕੁਝ ਠੋਸ ਰੂਪ ਵਿਚ ਕਰਨਾ ਪਵੇਗਾ।

*? ਗੁਆਂਢੀ ਸੂਬਿਆਂ ਦੀ ਸੱਨਅਤੀ ਨੀਤੀ ਵਾਂਗ ਵਿਸ਼ੇਸ਼ ਆਰਥਿਕ ਸਹੂਲਤਾਂ ਦੇ ਚਲਦੇ ਹੋਏ ਪੰਜਾਬ ਦੀ ਸੱਨਅਤੀ ਨੀਤੀ ਦਾ ਸਰੂਪ ਕਿਹੋ ਜਿਹਾ ਹੋਣਾ ਚਾਹੀਦਾ ਹੈ, ਖ਼ਾਸ ਕਰਕੇ ਵਿਸ਼ਵੀਕਰਨ ਦੇ ਸੰਦਰਭ ਵਿਚ?*

**-** ਮੰਡੀ ਦੀਆਂ ਤਾਕਤਾਂ 'ਤੇ ਨਿਰਭਰ ਆਰਥਿਕਤਾ ਅਤੇ ਵਿਸ਼ਵੀਕਰਨ ਦੇ ਸੰਦਰਭ ਵਿਚ ਕੁਝ ਰਾਜਾਂ ਦੀਆਂ ਸੱਨਅਤਾਂ ਨੂੰ ਵਿਸ਼ੇਸ਼ ਸਹੂਲਤਾਂ ਦੇਣਾ ਠੀਕ ਨਹੀਂ। ਪੰਜਾਬ ਦੀਆਂ ਸਾਰੀਆਂ ਧਿਰਾਂ ਵਲੋਂ ਅਜਿਹੀਆਂ ਨੀਤੀਆਂ ਦਾ ਵਿਰੋਧ ਕਰਨਾ ਚਾਹੀਦਾ ਹੈ। ਇਨ੍ਹਾਂ ਦੇ ਬਾਵਜੂਦ ਵੀ ਪੰਜਾਬ

ਵਿਚ ਖੇਤੀ 'ਤੇ ਅਧਾਰਿਤ ਸੱਨਅਤਾਂ ਦਾ ਵਿਕਾਸ ਕੀਤਾ ਜਾ ਸਕਦਾ ਹੈ ਜਿਨ੍ਹਾਂ ਦਾ ਗੁਆਂਢੀ ਸੂਬਿਆਂ ਨਾਲ ਪੰਜਾਬ ਦਾ ਮੁਕਾਬਲਾ ਨਹੀਂ ਹੈ। ਇਸ ਵਿਚ ਕਣਕ ਉਪਰ ਅਧਾਰਿਤ ਅਤੇ ਝੋਨੇ ਨਾਲ ਸੰਬੰਧਿਤ ਉਦਯੋਗ, ਖੰਡ ਮਿੱਲਾਂ ਅਤੇ ਸੂਤੀ ਕੱਪੜੇ ਦੇ ਉਦਯੋਗ ਹੋ ਸਕਦੇ ਹਨ। ਇਸ ਤੋਂ ਇਲਾਵਾ, ਸਬਜ਼ੀਆਂ ਅਤੇ ਫਲਾਂ ਦੀ ਪ੍ਰੋਸੈਸਿੰਗ ਕੀਤੀ ਜਾ ਸਕਦੀ ਹੈ। ਅਜੋਕੇ ਸਮੇਂ ਵਿਚ ਸਭ ਤੋਂ ਤੇਜ਼ ਵਧਣ ਵਾਲਾ ਉਦਯੋਗ ਸੂਚਨਾ ਤਕਨਾਲੋਜੀ ਦਾ ਹੈ। ਇਸ ਨਾਲ ਪੰਜਾਬ ਦੁਨੀਆਂ ਵਿਚ ਕਿਸੇ ਨਾਲ ਵੀ ਮੁਕਾਬਲਾ ਕਰ ਸਕਦਾ ਹੈ। ਪਰ ਇਸ ਨੂੰ ਵਿਕਸਤ ਕਰਨ ਵਾਸਤੇ ਚੰਗੀਆਂ ਸੜਕਾਂ, ਵਿਸ਼ਵ ਪੱਧਰ ਦੇ ਹਵਾਈ ਅੱਡੇ ਚਾਹੀਦੇ ਹਨ ਅਤੇ ਕੰਪਨੀਆਂ ਨੂੰ ਵਾਜਬ ਸਹੂਲਤਾਂ, ਇਸ ਪੱਖੋਂ ਪੰਜਾਬ ਕਾਫ਼ੀ ਪਿਛੇ ਰਹਿ ਗਿਆ ਹੈ। ਇਸ ਉਦਯੋਗ ਵਿਚ ਪੰਜਾਬੀ ਨੌਜਵਾਨ ਹੈਦਰਾਬਾਦ, ਬੰਗਲੌਰ, ਚੈੱਨਈ, ਪੂਨਾ, ਮੁੰਬਈ ਅਤੇ ਦਿੱਲੀ ਆਦਿ ਸ਼ਹਿਰਾਂ ਵਿਚ ਨੌਕਰੀਆਂ ਕਰ ਰਹੇ ਹਨ। ਪੰਜਾਬ ਇਸ ਵਿਚ ਪਹਿਲਕਦਮੀ ਨਹੀਂ ਕਰ ਸਕਿਆ। ਦੂਜੇ ਸੂਬੇ ਅੱਗੇ ਨਿਕਲ ਗਏ। ਪੰਜਾਬ ਦੀ ਕਪਾਹ ਦੇ ਸਿਰ 'ਤੇ ਗੁਜਰਾਤ ਦਾ ਸੂਤੀ ਕੱਪੜਾ ਉਦਯੋਗ ਚਲ ਰਿਹਾ ਹੈ।

*? ਸਿਹਤ ਅਤੇ ਸਿੱਖਿਆ ਸੰਬੰਧੀ ਤੁਹਾਡਾ ਕੀ ਵਿਚਾਰ ਹੈ?*

– ਪੰਜਾਬ ਦੇ ਪੇਂਡੂ ਖੇਤਰਾਂ ਵਿਚ ਲਗਭਗ 50 ਪ੍ਰਤਿਸ਼ਤ ਅਸਾਮੀਆਂ ਡਾਕਟਰਾਂ, ਨਰਸਾਂ ਅਤੇ ਹੋਰ ਪੈਰਾਮੈਡੀਕਲ ਸਟਾਫ ਦੀਆਂ ਖਾਲੀ ਪਈਆਂ ਹਨ। ਜਿਥੇ ਸਟਾਫ ਉਪਲਬਧ ਹੈ, ਡਿਊਟੀ ਤੋਂ ਕੁਤਾਹੀ ਕਰਦਾ ਹੈ। ਡਿਸਪੈਂਸਰੀਆਂ ਅਤੇ ਹਸਪਤਾਲਾਂ ਵਿਚ ਦਵਾਈਆਂ ਨਹੀਂ ਹਨ ਅਤੇ ਟੈਸਟ ਬਾਹਰੋਂ ਕਰਵਾਉਣੇ ਪੈਂਦੇ ਹਨ। ਮੈਡੀਕਲ ਢਾਂਚਾ ਸਹਿਕ ਰਿਹਾ ਹੈ ਅਤੇ ਲੋਕ ਇਲਾਜ ਬਗੈਰ ਦੁੱਖ ਭੋਗ ਰਹੇ ਹਨ। ਸਰਕਾਰ ਦਾ ਸਾਰਾ ਜ਼ੋਰ ਨਿੱਜੀ ਪੰਜ ਤਾਰਾ ਹਸਪਤਾਲਾਂ ਨੂੰ ਉਤਸ਼ਾਹਿਤ ਕਰਨ ਤੇ ਲੱਗਾ ਹੋਇਆ ਹੈ ਤਾਂ ਕਿ ਵੱਧ ਤੋਂ ਮੁਨਾਫਾ ਕਮਾਇਆ ਜਾ ਸਕੇ। ਮਰੀਜ਼ਾਂ ਦੇ ਇਲਾਜ ਦੀ ਕਿਸੇ ਨੂੰ ਪ੍ਰਵਾਹ ਨਹੀਂ ਹੈ। ਸਿੱਖਿਆ ਦਾ ਖੇਤਰ ਵੀ ਬੀਮਾਰ ਹੈ, ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿਚ ਨਾ ਤਾਂ ਅਧਿਅਪਕ ਹਨ ਅਤੇ ਨਾ ਹੀ ਵਿੱਦਿਅਕ ਸਹੂਲਤਾਂ। ਪ੍ਰਾਈਵੇਟ ਸਕੂਲਾਂ ਦੀ ਵਿੱਦਿਆ ਮਹਿੰਗੀ ਹੋਣ ਕਾਰਣ ਪੰਜਾਬ ਸਿੱਖਿਆ ਪੱਖੋਂ ਪਛੜ ਰਿਹਾ ਹੈ। ਉੱਚ ਵਿੱਦਿਆ ਵਿਚ ਵਿਦਿਆਰਥੀਆਂ ਦਾ ਅਨੁਪਾਤ ਕੌਮੀ ਅਨੁਪਾਤ ਤੋਂ ਘੱਟ ਹੈ। ਬੀਮਾਰ ਸਰਕਾਰੀ ਸਕੂਲ ਅਤੇ ਸਹਿਕਦੇ ਸਰਕਾਰੀ ਹਸਪਤਾਲ ਅਤੇ ਡਿਸਪੈਂਸਰੀਆਂ ਕਾਰਨ ਪੰਜਾਬ ਮਨੁੱਖੀ ਸਰਮਾਏ ਦੇ ਵਿਕਾਸ ਵਿਚ ਪਿਛੇ ਰਹਿ ਰਿਹਾ ਹੈ ਅਤੇ ਸੂਬੇ ਦੀ ਜੁਆਨੀ ਨਸ਼ਿਆਂ ਵਿਚ ਡੁੱਬੀ ਜਾ ਰਹੀ ਹੈ। ਅੱਜਕੱਲ੍ਹ ਵਿਕਾਸ ਦਾ ਮੁੱਖ ਸਰੋਤ ਮਨੁੱਖੀ ਸਰਮਾਏ ਦੇ ਵਿਕਾਸ ਅਤੇ ਉਸ ਦੀ ਵਰਤੋਂ 'ਤੇ ਨਿਰਭਰ ਹੈ। ਮਨੁੱਖੀ ਸਰੋਤ ਨੂੰ ਵਿੱਦਿਆ ਅਤੇ ਚੰਗੀਆਂ ਸਿਹਤ ਸਹੂਲਤਾਂ ਨਾਲ ਹੀ ਪੈਦਾ ਕੀਤਾ ਜਾ ਸਕਦਾ ਹੈ ਅਤੇ ਨੌਜੁਆਨਾਂ ਨੂੰ ਨੌਕਰੀਆਂ 'ਤੇ ਲਗਾ ਕੇ ਇਸ ਨੂੰ ਠੀਕ ਕੀਤਾ ਜਾ ਸਕਦਾ ਹੈ।

*? ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨਾਂ ਬਾਰੇ ਪੰਜਾਬ ਸਰਕਾਰ ਦੀ ਨੀਤੀ ਕਿਹੋ ਜਿਹੀ ਹੋਣੀ ਚਾਹੀਦੀ ਹੈ?*

– ਪੜ੍ਹੇ-ਲਿਖੇ ਬੇਰੁਜ਼ਗਾਰ ਦੋ ਤਰ੍ਹਾਂ ਦੇ ਹਨ। ਇਕ ਉਹ ਹਨ ਜਿਨ੍ਹਾਂ ਨੂੰ ਨੌਕਰੀਆਂ 'ਤੇ ਲੱਗਣ ਦਾ ਹੁਨਰ ਨਹੀਂ ਆਂਉਂਦਾ। ਉਨ੍ਹਾਂ ਪਾਸ ਡਿਗਰੀਆਂ ਅਤੇ ਸਰਟੀਫੀਕੇਟ ਹਨ ਪਰ ਲੋੜੀਂਦਾ ਗਿਆਨ ਉਨ੍ਹਾਂ ਕੋਲ ਨਹੀਂ ਹੈ। ਉਨ੍ਹਾਂ ਲਈ ਨੌਕਰੀਆਂ ਵਾਸਤੇ ਸਿਖਲਾਈ ਪ੍ਰੋਗਰਾਮ ਚਲਾਉਣੇ ਚਾਹੀਦੇ ਹਨ। ਜਿਨ੍ਹਾਂ ਪਾਸ ਯੋਗਤਾ ਦੇ ਨਾਲ ਨਾਲ ਲੋੜੀਂਦਾ ਗਿਆਨ ਹੈ, ਉਨ੍ਹਾਂ ਵਾਸਤੇ ਨੌਕਰੀਆਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਹ ਸਰਕਾਰ ਦੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ, ਜੇ ਉਹ ਨੌਕਰੀਆਂ ਦਾ ਪ੍ਰਬੰਧ ਨਹੀਂ ਕਰਦੀ ਤਾਂ 5000 ਰੁਪਏ ਪ੍ਰਤਿ ਮਹੀਨਾ ਬੇਰੁਜ਼ਗਾਰੀ ਭੱਤਾ ਹਰ ਬੇਰੁਜ਼ਗਾਰ ਗਰੈਜੂਏਟ ਨੂੰ ਦੇਵੇ। ਰੁਜ਼ਗਾਰ ਪੈਦਾ ਕਰਨ ਵਾਸਤੇ ਖੇਤੀ ਨਾਲ ਸੱਨਅਤ ਅਤੇ ਸੇਵਾਵਾਂ ਨੂੰ ਵਿਕਸਤ ਕਰਨਾ ਚਾਹੀਦਾ ਹੈ ਅਤੇ ਹਿਮਾਚਲ ਪ੍ਰਦੇਸ਼ ਵਾਂਗ 50 ਪ੍ਰਤਿ ਨੌਕਰੀਆਂ ਪੰਜਾਬ ਦੇ ਨੌਜੁਆਨਾਂ ਵਾਸਤੇ ਨਿੱਜੀ ਖੇਤਰ ਵਿਚ ਰਾਖਵੀਆਂ ਕਰ ਦੇਣੀਆਂ ਚਾਹੀਦੀਆਂ ਹਨ। ਰੁਜ਼ਗਾਰ ਦੀ ਨੀਤੀ ਅਤੇ ਵਿੱਦਿਆ ਨੀਤੀ ਵਿਚ ਤਾਲਮੇਲ ਪੈਦਾ ਕਰਨਾ ਪਵੇਗਾ। ਇਹ ਕੰਮ ਯੋਜਨਾਬੰਦੀ ਰਾਹੀਂ ਹੀ ਕੀਤਾ ਜਾ ਸਕਦਾ ਹੈ। ਹੁਨਰ ਤੇ ਪੱਖ ਦਾ ਖਾਕਾ ਤਿਆਰ ਕਰਕੇ ਉਸ ਨੂੰ ਸਿਖਲਾਈ ਰਾਹੀਂ ਭਰਿਆ ਜਾ ਸਕਦਾ ਹੈ। ਅਜਿਹੀਆਂ ਸੱਨਅਤਾਂ ਅਤੇ ਵਪਾਰਕ ਇਕਾਈਆਂ ਸਥਾਪਤ ਕੀਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿਚ ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀਆਂ ਦਿਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿਚ ਘੱਟੋ ਘਟ ਉਜਰਤਾਂ ਅਤੇ ਪ੍ਰਵਾਨਤ ਤਨਖਾਹਾਂ ਦਿਤੀਆ ਜਾਂਦੀਆਂ ਹਨ। ਨਵੇਂ ਰੁਜ਼ਗਾਰ ਦੇ ਪੈਦਾ ਕੀਤੇ ਮੌਕੇ ਮਿਆਰੀ ਹੋਣੇ ਚਾਹੀਦੇ ਹਨ।

*? ਪੰਜਾਬ ਦੀ ਵਿੱਤੀ ਹਾਲਤ ਨੂੰ ਸੁਧਾਰਨ ਲਈ ਕੀ ਕਦਮ ਚੁੱਕਣੇ ਚਾਹੀਦੇ ਹਨ?*

– ਪੰਜਾਬ ਦੀ ਪ੍ਰਤਿ ਵਿਅਕਤੀ ਆਮਦਨ ਦੇ ਪੱਧਰ ਨੂੰ ਵੇਖਦਿਆਂ ਸੂਬੇ ਦੀ ਮਾਲੀ ਹਾਲਤ ਠੀਕ ਕੀਤੀ ਜਾ ਸਕਦੀ ਹੈ। ਇਸ ਵਾਸਤੇ ਕਰਾਂ ਦੀ ਠੀਕ ਉਗਰਾਹੀ ਕਰਨੀ ਪਵੇਗੀ। ਸੂਬੇ ਵਿਚ ਆਮਦਨ ਦਾ 8-9 ਪ੍ਰਤੀਸ਼ਤ ਕਰਾਂ ਰਾਹੀਂ ਉਗਰਾਇਆ ਜਾਂਦਾ ਹੈ। ਇਸ ਨੂੰ 12-13 ਪ੍ਰਤਿਸ਼ਤ 'ਤੇ ਲਿਜਾਣ ਦੀ ਜ਼ਰੂਰਤ ਹੈ। ਇਹ ਕਰਾਂ ਵਿਚ ਹੋ ਰਹੀ ਚੋਰੀ ਨੂੰ ਰੋਕ ਕੇ ਕੀਤਾ ਜਾ ਸਕਦਾ ਹੈ। ਦੂਸਰੇ ਪਾਸੇ, ਸਰਕਾਰੀ ਖਰਚਿਆਂ ਨੂੰ ਸੁਯੋਗ ਤਰੀਕੇ ਨਾਲ ਕਰਨ ਦੀ ਲੋੜ ਹੈ। ਅਮੀਰ ਲੋਕਾਂ ਨੂੰ ਸਬਸਿਡੀਆਂ ਦੇਣ ਦੀ ਬਜਾਇ ਗਰੀਬ ਲੋਕਾਂ ਤਕ ਹੀ ਸਬਸਿਡੀਆਂ ਰਖਣੀਆਂ ਚਾਹੀਦੀਆਂ ਹਨ। ਖਪਤ ਸਬਸਿਡੀਆਂ ਦੀ ਬਜਾਇ ਉਤਪਾਦਨ ਨੂੰ ਉਤਸ਼ਾਹਿਤ ਕਰਨ ਵਾਲੀਆਂ ਸਬਸਿਡੀਆਂ ਦੇਣ ਦੀ ਲੋੜ ਹੈ। ਸਰਮਾਇਆਕਾਰੀ ਵਾਸਤੇ ਸਬਸਿਡੀ ਦਿਤੀ ਜਾ ਸਕਦੀ ਹੈ। ਮੰਤਰੀਆਂ ਦੀ ਫੌਜ ਘਟਾਉਣੀ ਚਾਹੀਦੀ ਹੈ ਅਤੇ ਇਨ੍ਹਾਂ ਦੀਆਂ ਸਹੂਲਤਾਂ ਅਤੇ ਭੱਤਿਆਂ ਨੂੰ ਸੀਮਤ ਕਰਨ ਦੀ ਲੋੜ ਹੈ। ਸਰਕਾਰੀ ਪੈਸੇ ਨੂੰ ਯੋਜਨਾਬੰਦ ਤਰੀਕੇ ਨਾਲ ਖਰਚ ਕਰਨ ਦੀ ਜ਼ਰੂਰਤ ਹੈ। ਕੇਂਦਰੀ ਸਕੀਮਾਂ ਨੂੰ ਸੁੱਘੜਤਾ ਨਾਲ ਲਾਗੂ ਕਰਕੇ ਕਾਫ਼ੀ ਸਰਮਾਇਆਕਾਰੀ ਵੀ ਹੋ ਸਕਦੀ ਹੈ। ਪੈਸਾ ਉਥੇ ਲਾਉਣ ਦੀ ਲੋੜ ਹੈ ਜਿਥੇ ਆਰਥਿਕ ਪੱਖੋਂ ਜ਼ਿਆਦਾ ਫ਼ਾਇਦਾ ਹੋਵੇ ਅਤੇ ਉਤਪਾਦਕਤਾ ਵਧੇ। ਕਾਫ਼ੀ ਕਮੇਟੀਆਂ ਵਲੋਂ ਸੁਝਾਅ ਸਰਕਾਰ ਕੋਲ ਹਨ, ਉਨ੍ਹਾਂ ਨੂੰ ਲਾਗੂ ਕਰਨ ਦੀ ਜ਼ਰੂਰਤ ਹੈ। ਜਿਨਾਂ ਲੋਕਾਂ ਕੋਲ ਕਰ ਅਦਾ ਕਰਨ ਦੀ ਸਮਰਥਾ ਹੈ ਉਨ੍ਹਾਂ ਤੋਂ ਹੀ ਜ਼ਿਆਦਾ ਕਰ ਵਸੂਲਿਆ ਜਾ ਸਕਦਾ ਹੈ। ਵੱਧ ਕਰ ਇਕੱਠਾ ਕਰਨ ਅਤੇ ਖਰਚ ਉਪਰ ਸੰਜਮ ਲਾ ਕੇ, ਵਿੱਤੀ ਹਾਲਤ ਸੁਧਾਰੀ ਜਾ ਸਕਦੀ ਹੈ।

*? ਵਿਕਾਸ ਦਾ ਹੋਰ ਕੀ ਮਾਡਲ ਹੋ ਸਕਦਾ ਹੈ?*

– ਕਰਾਂ ਰਾਹੀਂ ਇਕੱਠਾ ਕੀਤਾ ਪੈਸਾ ਜਨਤਕ ਵੰਡ ਹੈ ਅਤੇ ਇਸ ਨੂੰ ਠੀਕ ਤਰੀਕੇ ਨਾਲ ਲੋਕਾਂ ਦੀ ਸੇਵਾ ਅਤੇ ਸੂਬੇ ਦੇ ਵਿਕਾਸ ਵਾਸਤੇ ਵਰਤਣਾ

ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਨੂੰ ਕਿਸੇ ਸਿਆਸੀ ਆਗੂ ਦੀ ਮਨਮਰਜ਼ੀ ਨਾਲ ਨਹੀਂ ਸਗੋਂ ਸਥਾਪਤ ਵਿੱਤੀ ਨਿਯਮਾਂ ਅਨੁਸਾਰ ਖਰਚਣਾ ਹੁੰਦਾ ਹੈ। ਇਨ੍ਹਾਂ ਨਿਯਮਾਂ ਵਿਚ ਸੂਬੇ ਦੀਆਂ ਸ਼ਹਿਰੀ ਅਤੇ ਪੇਂਡੂ ਸਹੂਲਤਾਂ ਪੈਦਾ ਕਰਨ, ਗਰੀਬਾਂ ਦੀ ਮਦਦ ਕਰਨ ਅਤੇ ਇਨ੍ਹਾਂ ਸਹੂਲਤਾਂ ਨੂੰ ਪ੍ਰਫੁੱਲਤ ਕਰਨਾ ਅਤੇ ਵਧਾਉਣਾ, ਵਿਕਾਸ ਸਕੀਮਾਂ ਨੂੰ ਲਾਗੂ ਕਰਨਾ, ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਆਉਂਦਾ ਹੈ। ਇਨ੍ਹਾਂ ਸਿਧਾਂਤਾਂ ਤੋਂ ਹਟ ਕੇ ਆਪਣੀ ਮਰਜ਼ੀ ਨਾਲ ਪੈਸਿਆਂ ਨੂੰ ਖਰਚਣਾ ਜਾਂ ਵਿਕਾਸ ਦੀਆਂ ਸਕੀਮਾਂ ਤੋਂ ਪੈਸੇ ਤਬਦੀਲ ਕਰਕੇ ਐਸੇ ਕੰਮਾਂ ਲਈ ਵਰਤਣਾ ਜੋ ਸਮਾਜਿਕ ਅਤੇ ਉਤਪਾਦਿਕ ਕਸਵੱਟੀ 'ਤੇ ਪੂਰੇ ਨਹੀਂ ਉਤਰਦੇ, ਨਾ ਤਾਂ ਵਾਜਬ ਲਗਦੇ ਹਨ ਅਤੇ ਨਾ ਹੀ ਸਰਵਜਨਕ ਵਿੱਤ ਦੇ ਸਿਧਾਂਤਾਂ ਉਪਰ ਪੂਰੇ ਉਤਰਦੇ ਹਨ। ਸਰਕਾਰੀ ਖਰਚ ਦਾ ਸਰਕਾਰੀ ਏਜੰਸੀਆਂ ਵਲੋਂ ਆਡਿਟ ਕੀਤਾ ਜਾਂਦਾ ਹੈ ਅਤੇ ਇਹ ਵੇਰਵਾ ਸੂਬੇ ਦੇ ਕੰਟਰੋਲਰ ਅਤੇ ਆਡਿਟ ਵਿਭਾਗ ਵਲੋਂ ਵਿਧਾਨ ਸਭਾ ਵਿਚ ਪੇਸ਼ ਕੀਤਾ ਜਾਂਦਾ ਹੈ।

*? ਖੇਤੀਬਾੜੀ ਤੋਂ ਸੱਨਅਤ, ਸੱਨਅਤ ਤੋਂ ਸੇਵਾਵਾਂ ਵੱਲ ਅਰਥਵਿਵਸਥਾ ਨੂੰ ਲਿਜਾਉਣ ਲਈ ਕਿਸ ਦੂਰ ਦ੍ਰਿਸ਼ਟੀ ਤੋਂ ਕੰਮ ਲੈਣਾ ਚਾਹੀਦਾ ਹੈ। ਵਿਸ਼ੇਸ਼ ਤੌਰ ਤੇ ਪੰਜਾਬ ਦੀ ਅਰਥਵਿਵਸਥਾ ਨੂੰ ਧਿਆਨ ਵਿਚ ਰੱਖਦੇ ਹੋਏ?*

– ਖੇਤੀਬਾੜੀ ਤੋਂ ਸਨਅਤ, ਸਨਅਤ ਤੋਂ ਸੇਵਾਵਾਂ ਵਲ ਵਿਕਾਸ ਆਰਥਿਕ ਵਿਕਾਸ ਦੀ ਪ੍ਰਕਿਰਿਆ ਅਤੇ ਪੱਧਰ ਨਾਲ ਜੁੜਿਆ ਹੋਇਆ ਹੈ। ਦੁਨੀਆਂ ਦੇ ਵਿਕਸਤ ਦੇਸ਼ਾਂ ਦਾ ਤਜਰਬਾ ਦੱਸਦਾ ਹੈ ਕਿ ਇਹ ਧਾਰਾ ਇਸੇ ਤਰ੍ਹਾਂ ਚਲਦੀ ਹੈ। ਵਿਕਾਸ ਨਾਲ ਖੇਤੀਬਾੜੀ ਦੀ ਮਹੱਤਤਾ ਰੁਜ਼ਗਾਰ ਅਤੇ ਆਮਦਨ ਪੱਖੋਂ ਘਟ ਜਾਂਦੀ ਹੈ ਅਤੇ ਸੱਨਅਤੀ ਖੇਤਰ ਦੀ ਮਹੱਤਤਾ ਵਧ ਜਾਂਦੀ ਹੈ। ਜਦੋਂ ਸੱਨਅਤੀ ਵਿਕਾਸ ਦਾ ਪੱਧਰ ਕਾਫ਼ੀ ਵਧ ਜਾਂਦਾ ਹੈ ਤਾਂ ਸੱਨਅਤੀ ਖੇਤਰ ਦੀ ਮਹੱਤਤਾ ਘਟਣ ਲਗਦੀ ਹੈ ਅਤੇ ਸੇਵਾਵਾਂ ਵਿਚ ਰੁਜ਼ਗਾਰ ਵਧ ਜਾਂਦਾ ਹੈ ਅਤੇ ਸੇਵਾਵਾਂ ਤੋਂ ਹੀ ਦੇਸ਼ ਦੀ ਜ਼ਿਆਦਾ ਆਮਦਨ ਪ੍ਰਾਪਤ ਹੋਣੀ ਸ਼ੁਰੂ ਕਰ ਦਿੰਦੀ ਹੈ। ਅੱਜ ਪੰਜਾਬ ਸੂਬਾ ਅਜਿਹੇ ਹੀ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਦਾ ਧਿਆਨ ਰੱਖਦੇ ਹੋਏ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਤਿਆਰ ਕਰਨ ਦੀ ਲੋੜ ਹੈ। ਇਹ ਪੀੜ੍ਹੀ ਵਿਦਿਆ ਅਤੇ ਸਿਖਲਾਈ ਨਾਲ ਹੀ ਤਿਆਰ ਕੀਤੀ ਜਾ ਸਕਦੀ ਹੈ। ਸੱਨਅਤੀ ਖੇਤਰ ਅਤੇ ਸੇਵਾਵਾਂ ਦੇ ਖੇਤਰ ਵਿਚ ਜੋ ਰੁਜ਼ਗਾਰ ਦੇ ਮੌਕੇ ਪੈਦਾ ਹੋ ਰਹੇ ਹਨ। ਉਸ ਵਾਸਤੇ ਵਿੱਦਿਆ ਰਾਹੀਂ ਨੌਜਵਾਨਾਂ ਨੂੰ ਸਿਖਲਾਈ ਨਾਲ ਭਰਪੂਰ ਕਰਨ ਦੀ ਜ਼ਰੂਰਤ ਹੈ। ਇਸ ਕੰਮ ਵਿਚ ਪੇਂਡੂ ਇਲਾਕਿਆਂ ਦੇ ਵਿਦਿਆਰਥੀਆਂ ਦੀ ਮਿਆਰੀ ਵਿੱਦਿਆ ਵੱਲ ਖ਼ਾਸ ਧਿਆਨ ਦੀ ਲੋੜ ਹੈ। 10 ਜਾਂ 12 ਜਮਾਤ ਪਾਸ ਵਿਦਿਆਰਥੀਆਂ ਨੂੰ ਸਿਖਲਾਈ ਦੇ ਕੇ ਨੌਕਰੀਆਂ ਦੇ ਯੋਗ ਬਣਾਇਆ ਜਾ ਸਕਦਾ ਹੈ।

*? ਪੰਜਾਬ ਦਾ ਕਿਸਾਨ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਸਰਵੇਖਣ ਅਨੁਸਾਰ ਯੁਵਕ ਨਸ਼ੇ ਕਰ ਰਹੇ ਹਨ। ਨੌਜਵਾਨ ਪੀੜ੍ਹੀ ਨੌਕਰੀਆਂ ਅਤੇ ਕੰਮਾਂ ਦੀ ਘਾਟ ਕਾਰਨ ਉਨ੍ਹਾਂ ਦੇਸ਼ਾਂ ਵਿਚ ਜਾਣ ਦੇ ਯਤਨ ਕਰ ਰਹੀ ਹੈ ਜਿਥੇ ਘੱਟ ਆਬਾਦੀ ਅਤੇ ਖੇਤੀਬਾੜੀ ਦੇ ਵੀ ਆਧੁਨਿਕ ਵਸੀਲੇ ਘੱਟ ਹਨ। ਅਜਿਹੇ ਲੋਕਾਂ ਦੀ ਰੁਜ਼ਗਾਰ ਪ੍ਰਾਪਤੀ ਲਈ ਕੀ ਵਸੀਲੇ ਹੋਣੇ ਚਾਹੀਦੇ ਹਨ?*

**?** ਇਹ ਠੀਕ ਹੈ ਕਿ ਪੰਜਾਬ ਦੀ ਕਿਸਾਨੀ ਮੌਜੂਦਾ ਸਮੇਂ ਗਹਿਰੇ ਸੰਕਟ ਵਿਚੋਂ ਲੰਘ ਰਹੀ ਹੈ। ਜੋਤਾਂ ਦਾ ਛੋਟਾ ਆਕਾਰ ਖਾਸ ਕਰਕੇ, ਪੰਜ ਏਕੜ ਤਕ ਦੀ ਖੇਤੀ ਲਾਹੇਵੰਦ ਨਹੀਂ ਰਹੀ। ਅਜਿਹੇ ਕਿਸਾਨਾਂ ਸਿਰ ਕਰਜ਼ੇ ਦਾ ਬੋਝ ਕਾਫ਼ੀ ਵਧ ਗਿਆ ਹੈ। ਆਰਥਿਕ ਤੰਗੀ ਅਤੇ ਕਰਜ਼ੇ ਦੇ ਬੋਝ ਕਾਰਨ ਕਈ ਕਿਸਾਨ ਆਤਮ ਹਤਿਆਵਾਂ ਕਰ ਰਹੇ ਹਨ। ਇਨ੍ਹਾਂ ਕਿਸਾਨਾਂ ਦੇ ਬੱਚੇ ਸਰਕਾਰੀ ਸਕੂਲਾਂ ਤੋਂ ਘੱਟ ਮਿਆਰੀ ਸਿੱਖਿਆ ਲੈਂਦੇ ਹਨ। ਜੋ ਉਨ੍ਹਾਂ ਨੂੰ ਰੁਜ਼ਗਾਰ ਦੇ ਯੋਗ ਨਹੀਂ ਬਣਾਉਂਦੀ। ਉਨ੍ਹਾਂ ਕੋਲ ਹੁਨਰ ਨਹੀਂ ਹੈ। ਖੇਤੀ ਦਾ ਕੰਮ ਉਹ ਕਰਨਾ ਨਹੀਂ ਚਾਹੁੰਦੇ ਅਤੇ ਨਾ ਹੀ ਖੇਤੀ ਵਿਚ ਰੁਜ਼ਗਾਰ ਦੇ ਕਾਫ਼ੀ ਮੌਕੇ ਹਨ। ਖੇਤੀ ਤੋਂ ਬਾਹਰ ਕੰਮ ਮਿਲ ਨਹੀਂ ਰਿਹਾ। ਖੇਤੀ ਵਿਚ ਮਸ਼ੀਨੀਕਰਨ ਕਾਰਨ ਕੰਮ ਘਟ ਗਿਆ ਹੈ। ਇਸ ਕਰਕੇ ਨੌਜਵਾਨ ਦੇਸ਼ ਦੇ ਹੋਰ ਹਿੱਸਿਆਂ ਅਤੇ ਵਿਦੇਸ਼ਾਂ ਵਿਚ ਜਾ ਕਿ ਰੁਜ਼ਗਾਰ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਕੁਝ ਨੌਜਵਾਨ ਟਰੈਵਲ ਏਜੰਟਾਂ ਦੇ ਹੱਥ ਚੜ੍ਹ ਕੇ ਗ਼ੈਰ ਕਾਨੂੰਨੀ ਢੰਗ ਨਾਲ ਬਾਹਰ ਜਾ ਰਹੇ ਹਨ ਅਤੇ ਠੱਗੀਆਂ ਦਾ ਸ਼ਿਕਾਰ ਹੋ ਰਹੇ ਹਨ। ਇਨ੍ਹਾਂ ਨੌਜਵਾਨਾਂ ਵਾਸਤੇ ਸੂਬੇ ਦੇ ਸੱਨਅਤੀ ਅਤੇ ਸੇਵਾਵਾਂ ਦੇ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਯੋਜਨਾਬੰਦ ਤਰੀਕੇ ਨਾਲ ਪੈਦਾ ਕਰਨੇ ਚਾਹੀਦੇ ਹਨ। ਸੱਨਅਤਾਂ ਅਤੇ ਸੇਵਾਵਾਂ ਦੇ ਖੇਤਰ ਦਾ ਤੇਜ਼ੀ ਨਾਲ ਵਿਸਥਾਰ ਕਰਨ ਨਾਲ ਹੀ ਇਹ ਮੌਕੇ ਪੈਦਾ ਹੋ ਸਕਦੇ ਹਨ। ਯੋਗ ਵਿੱਦਿਆ ਅਤੇ ਸਿਖਲਾਈ ਨੌਜਵਾਨਾਂ ਨੂੰ ਰੁਜ਼ਗਾਰ ਦੇ ਯੋਗ ਬਣਾ ਸਕਦੀ ਹੈ। ਸਰਕਾਰ ਇਨ੍ਹਾਂ ਨੂੰ ਰੁਜ਼ਗਾਰ ਦੇਣਾ ਯਕੀਨੀ ਬਣਾ ਸਕਦੀ ਹੈ।

*? ਭਾਰਤ ਦੇ ਪਾਕਿਸਤਾਨ ਨਾਲ ਵਪਾਰਕ ਸਬੰਧਾਂ ਦੀ ਰੌਸ਼ਨੀ ਵਿਚ ਪੰਜਾਬ ਨੂੰ ਕੀ ਲਾਭ ਹੋ ਸਕਦੇ ਹਨ?*

– ਭਾਰਤ ਦੇ ਪਾਕਿਸਤਾਨ ਨਾਲ ਸਿਆਸੀ ਅਤੇ ਵਪਾਰਕ ਸੰਬੰਧ ਠੀਕ ਹੋਣ ਨਾਲ ਪੰਜਾਬ ਨੂੰ ਕਾਫ਼ੀ ਫ਼ਾਇਦਾ ਹੋ ਸਕਦਾ ਹੈ। ਇਸ ਨਾਲ ਪੰਜਾਬ ਨੂੰ ਸਰਹੱਦੀ ਸੂਬਾ ਹੋਣ ਦਾ ਨੁਕਸਾਨ ਹੈ ਉਹ ਫ਼ਾਇਦੇ ਵਿਚ ਬਦਲ ਸਕਦਾ ਹੈ। ਕੇਂਦਰੀ ਏਸ਼ੀਆ ਦੇ ਦੇਸ਼ਾਂ ਨਾਲ ਵਪਾਰ ਦਾ ਕੇਂਦਰ ਬਾਘਾ-ਅਟਾਰੀ ਜਾਂ ਫਿਰੋਜ਼ਪੁਰ-ਕਸੂਰ ਬਣ ਸਕਦੇ ਹਨ। ਭਾਰਤ ਤੋਂ ਅਫ਼ਗਾਨਿਸਤਾਨ ਅਤੇ ਕੇਂਦਰੀ ਏਸ਼ੀਆ ਦੇ ਦੇਸ਼ਾਂ ਨੂੰ ਸਮਾਨ ਪੰਜਾਬ ਦੀ ਸਰਹੱਦ ਰਾਹੀਂ ਵਪਾਰ ਵਧਣ ਨਾਲ ਪੰਜਾਬ ਵਿਚ ਟਰਾਂਸਪੋਰਟ, ਹੋਟਲ, ਗੋਦਾਮ, ਢਾਬਿਆਂ, ਬੈਂਕਾਂ, ਰਿਪੇਅਰ ਦੇ ਕੰਮ ਵਿਚ ਵਾਧਾ ਹੋ ਸਕਦਾ ਹੈ। ਪੰਜਾਬ ਦੀਆਂ ਸੱਨਅਤਾਂ ਅਤੇ ਖੇਤੀਬਾੜੀ ਦੀਆਂ ਵਸਤਾਂ ਵਿਦੇਸ਼ਾਂ ਵਿਚ ਭਾਰਤ ਦੇ ਦੂਜੇ ਹਿੱਸੇ ਤੋਂ ਜਾਣ ਵਾਲੀਆਂ ਵਸਤਾਂ ਦੇ ਮੁਕਾਬਲੇ ਬਾਹਰ ਜਲਦੀ ਅਤੇ ਘੱਟ ਲਾਗਤ 'ਤੇ ਭੇਜੀਆਂ ਜਾ ਸਕਣਗੀਆਂ। ਇਸ ਕਰਕੇ, ਦੇਸ਼ ਦੇ ਵੱਡੇ ਸੱਨਅਤੀ ਘਰਾਣੇ ਪੰਜਾਬ ਵਿਚ ਸੱਨਅਤਾਂ ਲਗਾਉਣ ਅਤੇ ਕਾਰੋਬਾਰ ਨੂੰ ਤਰਜੀਹ ਦੇਣ ਲੱਗ ਪੈਣਗੇ। ਪੰਜਾਬ ਦੇ ਸਰਹੱਦੀ ਇਲਾਕਿਆਂ ਨੂੰ ਜ਼ਿਆਦਾ ਫ਼ਾਇਦਾ ਹੋਵੇਗਾ ਅਤੇ ਵਧ ਰਹੇ ਵਪਾਰ ਤੋਂ ਲੋਕਾਂ ਨੂੰ ਕੁਝ ਫ਼ਾਇਦਾ ਜ਼ਰੂਰ ਮਿਲੇਗਾ, ਇਸ ਨਾਲ ਰੇਲ ਅਤੇ ਸੜਕੀ ਆਵਾਜਾਈ ਵਧੇਗੀ ਅਤੇ ਸੜਕਾਂ ਤੇ ਰੇਲਾਂ ਦੀ ਸੇਵਾ ਦੇ ਮਿਆਰ ਵਿਚ ਵੀ ਵਾਧਾ ਹੋਵੇਗਾ। ਜੰਗ ਦਾ ਖਤਰਾ ਘਟੇਗਾ ਅਤੇ ਦੋਵਾਂ ਦੇਸ਼ਾਂ ਵਿਚ ਸਾਂਝੀ ਸਰਮਾਏਕਾਰੀ ਅਤੇ ਲਾਂਘਾ ਵਪਾਰ ਵਿਚ ਵਾਧਾ ਹੋਵੇਗਾ। ਇਸ ਨਾਲ ਪੰਜਾਬ ਨੂੰ ਦੋਵੇਂ ਪਾਸੇ ਫ਼ਾਇਦਾ ਹੋਵੇਗਾ ਅਤੇ ਵਿਕਾਸ ਨੂੰ ਮੁੜ ਪਟੜੀ 'ਤੇ ਲਿਆਉਣ ਵਿਚ ਮਦਦ ਮਿਲ ਸਕਦੀ ਹੈ।

*(ਲੇਖਕ ਡਾ. ਸੁੱਚਾ ਸਿੰਘ ਗਿੱਲ ਉੱਘਾ ਅਰਥਸ਼ਾਸਤਰੀ ਤੇ ਡਾ. ਮੁਹੰਮਦ ਇਦਰੀਸ ਸਮਾਜਿਕ ਚਿੰਤਕ ਹੈ।)*

*e-mail :idris_history@yahoo.com*

# ਇੰਟਰਨੈੱਟ ਉੱਤੇ ਕਿਸ ਦਾ ਨਿਯੰਤ੍ਰਣ?

## ਸੁਤੰਤਰਤਾ ਤੇ ਰਾਸ਼ਟਰੀ ਸੁਰੱਖਿਆ ਵੱਲ ਸੰਕੇਤ

ਸੁਨੀਲ ਅਬਰਾਹਮ

ਐਡਵਰਡ ਸਨੋਡਨ ਦੇ ਧੰਨਵਾਦ ਸਦਕਾ ਪਿਛਲੇ ਸਾਲ ਦਾ ਦੂਜਾ ਅੱਧ ਇੰਟਰਨੈੱਟ ਸ਼ਾਸਨ ਵਾਸਤੇ ਕਾਫ਼ੀ ਅਹਿਮ ਰਿਹਾ ਹੈ। ਜਰਮਨ ਦੀ ਚਾਂਸਲਰ ਐਂਜਲਾ ਮਰਕਲ ਅਤੇ ਬ੍ਰਾਜ਼ੀਲ ਦੇ ਰਾਸ਼ਟਰਪਤੀ ਡਿਲਮਾ ਰੌਸੇਫ ਇਹ ਜਾਣ ਗਏ ਕਿ ਉਹ ਸੁਰੱਖਿਆ ਕਾਰਨ ਨਹੀਂ ਸਗੋਂ ਆਰਥਿਕ ਕਾਰਨਾਂ ਕਰਕੇ ਅਮਰੀਕਾ ਦੀ ਚੌਕਸੀ ਦੇ ਨਿਸ਼ਾਨੇ 'ਤੇ ਹਨ। ਉਨ੍ਹਾਂ ਨੇ ਜ਼ਬਰਦਸਤ ਵਿਰੋਧ ਕੀਤਾ। ਅਮਰੀਕਾ ਦੀ ਭੂਮਿਕਾ, ਜਿਸ ਨੂੰ ਕਈਆਂ ਵਲੋਂ ਇੰਟਰਨੈੱਟ ਦਾ ਉਦਾਰ ਤਾਨਾਸ਼ਾਹ ਜਾਂ ਪ੍ਰਮੁੱਖ ਖਜ਼ਾਨਚੀ ਸਮਝਿਆ ਜਾਂਦਾ ਹੈ, ਜੋ ਇਤਿਹਾਸ, ਤਕਨੀਕ, ਸਥਾਨ ਵਿਗਿਆਨ ਅਤੇ ਵਣਜ ਕਰਕੇ ਹੈ, ਇਕ ਵਾਰ ਪੜਚੋਲ ਹੇਠ ਆ ਗਈ। ਅੰਗਰੇਜ਼ੀ ਅੱਖਰ ਆਈ ਸਟਾਰ ਵਾਲੀਆਂ ਸੰਸਥਾਵਾਂ, ਜਿਸ ਨੂੰ ਤਕਨੀਕੀ ਸਮੁਦਾਇ ਕਰਕੇ ਵੀ ਜਾਣਿਆ ਜਾਂਦਾ ਹੈ – ਇੰਟਰਨੈੱਟ ਕਾਰਪੋਰੇਸ਼ਨ ਫਾਰ ਅਸਾਈਨਡ ਨੇਮਜ਼ ਐਂਡ ਨੰਬਰਜ਼, ਪੰਜ ਖੇਤਰੀ ਇੰਟਰਨੈੱਟ ਰਜਿਸਟ੍ਰੀਜ਼ ਮਤਲਬ – ਅਫਰੀਕਨ, ਅਮਰੀਕਨ, ਏਸ਼ੀਆ – ਪੈਸੇਫਿਕ, ਯੋਰਪੀਅਨ ਅਤੇ ਲਾਤੀਨੀ ਅਮਰੀਕਨ ; ਦੋ ਸਟੈਂਡਰਡ ਸੈਟਿੰਗ ਆਰਗੇਨਾਈਜ਼ੇਸ਼ਨ – ਵਰਲਡ ਵਾਈਡ ਵੈੱਬ ਕੰਸੋਰਟੀਅਮ (ਡਬਲਯੂ 3 ਸੀ) ਅਤੇ ਇੰਟਰਨੈੱਟ ਇੰਜੀਨੀਅਰਿੰਗ ਟਾਸਕ ਫੋਰਸ ਦਾ ਇੰਟਰਨੈੱਟ ਆਰਕੀਟੈਕਚਰ ਬੋਰਡ ਅਤੇ ਇੰਟਰਨੈੱਟ ਸੋਸਾਇਟੀ ਨੇ 7 ਅਕਤੂਬਰ ਨੂੰ ਮੌਂਟੇਵਿਡੀਓ ਐਲਾਨਨਾਮਾ ਜਾਰੀ ਕੀਤਾ। ਇਸ ਐਲਾਨਨਾਮੇ ਵਿਚ ਵਿਆਪਕ ਪੱਧਰ 'ਤੇ ਨਿਗਰਾਨੀ ਅਤੇ ਚੌਕਸੀ ਬਾਰੇ ਹੋਏ ਇੰਕਸ਼ਾਫ਼ਾਂ ਕਾਰਨ ਦੁਨੀਆਂ ਭਰ ਦੇ ਇੰਟਰਨੈੱਟ ਵਰਤੋਂਕਾਰਾਂ ਦੇ ਵਿਸ਼ਵਾਸ ਨੂੰ ਠੇਸ ਪਹੁੰਚਾਉਣ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ ਗਿਆ। ਇਸ ਨੇ ਆਈ ਸੀ ਏ ਐੱਨ ਐੱਨ ਅਤੇ ਆਈ ਏ ਐੱਨ ਏ ਦੇ ਕੰਮਾਂ ਦੇ ਵਿਸ਼ਵੀਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦਾ ਵੀ ਸੱਦਾ ਦਿਤਾ। ਕੀ ਇਸ ਦਾ ਮਤਲਬ ਇਹ ਹੋਇਆ ਕਿ 'ਆਈ' ਸਟਾਰ ਸਭਾਵਾਂ ਆਖਿਰ ਨੂੰ ਇੰਟਰਨੈੱਟ ਸ਼ਾਸਨ ਵਿਚ ਅਮਰੀਕਾ ਦੀ ਵਿਸ਼ੇਸ਼ ਭੂਮਿਕਾ ਨੂੰ ਖਤਮ ਕਰਨ ਲਈ ਰਾਜ਼ੀ ਹੋ ਰਹੀਆਂ ਹਨ? ਪਰ, ਇਸ ਸਥਿਤੀ ਵਿਚ ਨਾਟਕੀ ਪਰਿਵਰਤਨ ਵਿਚ ਇਕ ਵਕਵੰਜ ਵੀ ਸੀ, "ਅਜਿਹਾ ਵਾਤਾਵਰਨ ਬਣਾਉਣਾ ਜਿਸ ਵਿਚ ਸਾਰੀਆਂ ਧਿਰਾਂ, ਜਿਸ ਵਿਚ ਸਾਰੀਆਂ ਸਰਕਾਰਾਂ ਸ਼ਾਮਿਲ ਹਨ, ਇਕ ਸਮਾਨ ਭਾਗੀਦਾਰੀ ਕਰਨ।" ਇਸ ਤੋਂ ਇਹ ਸਪੱਸ਼ਟ ਹੋ ਗਿਆ ਕਿ 'ਆਈ' ਸਟਾਰ ਸਭਾਵਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

**ਦੋ ਦਿਨਾਂ ਬਾਅਦ ਰਾਸ਼ਟਰਪਤੀ ਰੌਸੇਫ ਨੇ ਫਾਦੀ ਚਾਹੇਦ ਨਾਲ ਮੀਟਿੰਗ ਉਪਰੰਤ ਟਵਿੱਟਰ 'ਤੇ ਐਲਾਨ ਕੀਤਾ ਕਿ ਬ੍ਰਾਜ਼ੀਲ ਸਰਕਾਰ, ਉਦਯੋਗ ਜਗਤ, ਸਿਵਲ ਸੋਸਾਇਟੀ ਅਤੇ ਵਿਦਵਾਨਾਂ ਦਾ ਇਕ ਸਿਖਰ ਸੰਮੇਲਨ ਆਯੋਜਿਤ ਕਰੇਗਾ। ਇਸ ਮੀਟਿੰਗ ਨੂੰ ਹੁਣ 'ਨੈੱਟ ਦੁਨੀਆਂ' ਕਿਹਾ ਜਾ ਰਿਹਾ ਹੈ। ਇਸ ਵਿਚ ਇੰਟਰਨੈੱਟ ਸ਼ਾਸਨ ਪ੍ਰਣਾਲੀ ਦੇ ਅਗਲੇਰੇ ਵਿਕਾਸ ਲਈ ਸਿਧਾਂਤ ਅਤੇ ਮਾਰਗ ਦਰਸ਼ਨ ਤੈ ਕਰਨ ਵਾਸਤੇ 188 ਮਤੇ ਰੱਖੇ ਗਏ ਹਨ। ਇਹ ਮੀਟਿੰਗ ਸਾਓ ਪਾਉਲੋ ਵਿਚ 23 ਅਤੇ 24 ਅਪ੍ਰੈਲ ਨੂੰ ਹੋ ਰਹੀ ਹੈ। ਨਿਰਸੰਦੇਹ, ਇਹ ਮੀਟਿੰਗ ਬਹੁ-ਪੱਖੀ ਅਤੇ ਬਹੁ-ਧਿਰੀ ਪ੍ਰਣਾਲੀ ਵਾਸਤੇ ਮੀਲ-ਪੱਥਰ ਸਾਬਤ ਹੋਵੇਗੀ।**

ਇਕ ਦਹਾਕੇ ਤੋਂ ਵੱਧ ਸਮਾਂ ਪਹਿਲਾਂ ਬਹੁ-ਪੱਖੀ ਵਾਟ ਅਤੇ ਬਹੁ-ਧਿਰੀ ਵਾਟ ਦੀ ਚਰਚਾ ਨੇ ਅੱਗ ਫੜੀ ਸੀ। ਬਹ-ਧਿਰੀ ਵਾਟ ਇਕ ਤਰ੍ਹਾਂ ਦੇ ਸ਼ਾਸਨ ਦਾ ਰੂਪ ਹੈ ਜਿਹੜਾ ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਨੀਤੀ ਨਿਰਧਾਰਨ ਕਰਨ ਵੇਲੇ ਸਭ ਹੱਕਦਾਰਾਂ ਨੂੰ ਸਥਾਨ ਯਕੀਨੀ ਬਣਾਇਆ ਜਾਵੇ (ਇਹ ਸਲਾਹਕਾਰ ਜਾਂ ਫ਼ੈਸਲਾ ਲੈਣ ਦੀ ਹੈਸੀਅਤ ਹੋ ਸਕਦਾ ਹੈ)। ਟਿਊਨਿਸ ਏਜੰਡਾ, ਜੋ 2003–2005 ਡਬਲਯੂ ਐੱਸ ਆਈ ਐੱਸ ਦਾ ਅੰਤਮ ਨਤੀਜਾ ਸੀ, ਨੇ ਬਹੁ-ਧਿਰੀ ਤਰੀਕੇ ਨੂੰ ਮਾਨਤਾ ਦਿਤੀ। ਇਨਫਰਮੇਸ਼ਨ ਸੋਸਾਇਟੀ ਪ੍ਰਕਿਰਿਆ ਤੇ 2002–2005 ਵਿਚ ਹੋਇਆ ਦੁਨੀਆਂ ਦਾ ਸਿਖ਼ਰ ਸੰਮੇਲਨ ਜਿਉਂ ਦੀ ਤਿਉਂ ਸਥਿਤੀ ਦੇ ਹਮਾਇਤੀਆਂ ਵਿਚੋਂ ਸੰਯੁਕਤ ਰਾਸ਼ਟਰ ਸਭਾਵਾਂ ਜਾਂ ਬਹੁ-ਪੱਖੀ ਵਾਟ ਵੱਲ ਪਹਿਲਾ ਕਦਮ ਦੱਸਿਆ ਗਿਆ ਭਾਵੇਂ ਕਿ ਬਹੁ-ਪੱਖੀ ਵਾਟ ਸ਼ਾਸਨ ਪ੍ਰਣਾਲੀ ਨੂੰ ਵੀ ਇੰਟਰਨੈੱਟ ਸ਼ਾਸਨ ਦਾ ਇਕ ਯੋਗ ਅੰਗ ਮੰਨਿਆ ਗਿਆ ਸੀ। ਦਾਅਵੇਦਾਰਾਂ ਦੀ ਸੂਚੀ ਵਿਚ ਦੇਸ਼, ਨਿੱਜੀ ਖੇਤਰ, ਸਿਵਲ ਸੋਸਾਇਟੀ, ਅੰਤਰ-ਸਰਕਾਰੀ ਸੰਸਥਾਵਾਂ, ਅੰਤਰ-ਰਾਸ਼ਟਰੀ ਮਾਨਕ ਸੰਸਥਾਵਾਂ ਅਤੇ ਵਿਦਵਾਨਾਂ ਅਤੇ ਤਕਨੀਕੀ ਸਮੁਦਾਇ ਵੀ ਉਪਰ ਵਰਣਿਤ ਦਾਅਵੇਦਾਰਾਂ ਵਿਚ ਸ਼ਾਮਿਲ ਹਨ। ਟਿਊਨਿਸ ਏਜੰਡੇ ਮੁਤਾਬਕ ਇੰਟਰਨੈੱਟ ਗਵਰਨੈਂਸ ਫੋਰਮ ਦਾ ਵੀ ਗਠਨ ਕੀਤਾ ਗਿਆ ਅਤੇ ਵਧੀ ਹੋਈ ਸਹਿਕਾਰੀ ਪ੍ਰਕਿਰਿਆ ਦਾ ਵੀ। ਇੰਟਰਨੈੱਟ ਗਵਰਨੈਂਸ ਫੋਰਮ ਨੂੰ 12 ਸੂਤਰੀ ਰਾਵਾਂ ਨਾਲ ਵਿਸਥਾਰਿਤ ਕੀਤਾ ਗਿਆ ਜਿਸ ਵਿਚ ਉੱਭਰਦੇ ਮੁੱਦਿਆਂ ਨੂੰ ਪਛਾਣਨਾ, ਉਨ੍ਹਾਂ ਨੂੰ ਉੱਚਿਤ ਸਭਾਵਾਂ ਅਤੇ ਆਮ ਜਨਤਾ ਦੇ ਧਿਆਨ ਵਿਚ ਲਿਆਉਣਾ ਅਤੇ ਜਿਥੇ ਉੱਚਿਤ ਹੋਵੇ, ਸਿਫ਼ਾਰਸ਼ਾਂ ਕਰਨੀਆਂ। ਸੰਖੇਪ ਵਿਚ, ਇਹ ਸਿੱਖਣ ਦਾ ਫੋਰਮ, ਗੱਲਾਂ ਦੀ ਦੁਕਾਨ ਅਤੇ

ਨਰਮ ਕਾਨੂੰਨ, ਨਾ ਕਿ ਅੰਤਰਰਾਸ਼ਟਰੀ ਸੰਧੀਆਂ ਕਰਨ ਦਾ ਸਥਾਨ ਬਣਨਾ ਸੀ। ਵਧੇ ਹੋਏ ਸਹਿਯੋਗ ਦੀ ਪਰਿਭਾਸ਼ਾ ਸਰਕਾਰਾਂ ਨੂੰ ਬਰਾਬਰੀ ਦੇ ਪਲੇਟਫਾਰਮ 'ਤੇ ਅੰਤਰਰਾਸ਼ਟਰੀ ਜਨਤਕ ਨੀਤੀਆਂ ਬਣਾਉਣ ਦੇ ਮਾਮਲੇ ਵਿਚ ਸਮਰੱਥ ਕਰਨਾ ਸੀ ਪਰ ਦਿਨ ਪ੍ਰਤਿ ਦਿਨ ਦੇ ਤਕਨੀਕੀ ਅਤੇ ਅਮਲ ਸੰਬੰਧੀ ਮਾਮਲਿਆਂ ਵਿਚ ਦਖ਼ਲਅੰਦਾਜ਼ੀ ਨਹੀਂ ਜਿਨ੍ਹਾਂ ਦਾ ਅੰਤਰਰਾਸ਼ਟਰੀ ਜਨਤਕ ਨੀਤੀ ਦੇ ਮੁੱਦਿਆਂ 'ਤੇ ਕੋਈ ਅਸਰ ਨਹੀਂ ਪੈਂਦਾ" – ਅੱਜ ਤਕ, ਇਸ ਨੂੰ ਹੋਰ ਵਧੇਰੇ ਸਾਫ਼ ਤਰੀਕੇ ਨਾਲ ਪਰਿਭਾਸ਼ਿਤ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।

ਸੱਤ ਸਾਲ ਬਾਅਦ, ਦੁਬਈ ਵਿਚ ਟੈਲੀਕਮਿਊਨੀਕੇਸ਼ਨ ਦੇ ਵਿਸ਼ੇ 'ਤੇ ਹੋਈ ਵਿਸ਼ਵ ਕਾਨਫਰੰਸ ਦੌਰਾਨ ਜਿਉਂ ਦੀ ਤਿਉਂ ਸਥਿਤੀ ਬਣਾਈ ਰੱਖਣ ਦੇ ਚਾਹਵਾਨਾਂ ਨੇ ਇਸ ਨੂੰ ਸੰਯੁਕਤ ਰਾਸ਼ਟਰ ਵਲੋਂ ਇੰਟਰਨੈੱਟ 'ਤੇ ਗਲਬਾ ਪਾਉਣ ਦੀ ਇਕ ਹੋਰ ਕੋਸ਼ਿਸ਼ ਗਰਦਾਨਿਆ। ਸਗੋਂ ਇਹ ਗ਼ੈਰ-ਅਮਰੀਕੀ ਸਿਵਲ ਸੋਸਾਇਟੀ ਦੇ ਮੈਂਬਰ, ਜਿਹੜੇ ਅਮਰੀਕਾ ਦੀ ਇਜ਼ਾਰੇਦਾਰੀ ਤੋਂ ਖ਼ੁਸ਼ ਨਹੀਂ ਸਨ, ਵੀ ਯਥਾ-ਸਥਿਤੀ ਬਣਾਈ ਰੱਖਣ ਦੇ ਹੱਕ ਵਿਚ ਸਨ ਕਿਉਂਕਿ ਉਨ੍ਹਾਂ ਨੂੰ ਪੂਰਾ ਯਕੀਨ ਸੀ ਕਿ ਅਮਰੀਕੀ ਅਦਾਲਤ ਆਨ-ਲਾਈਨ ਹੱਕਾਂ ਦੀ ਸੁਰੱਖਿਆ ਦੂਜੇ ਦੇਸ਼ਾਂ ਦੇ ਮੁਕਾਬਲੇ ਵਧੇਰੇ ਜ਼ੋਰ ਨਾਲ ਕਰੇਗੀ। ਅਸਲ ਵਿਚ, ਅਮਰੀਕੀ ਪ੍ਰਬੰਧਨ ਨੇ ਸੰਯੁਕਤ-ਰਾਸ਼ਟਰ ਅਤੇ ਅੰਤਰਰਾਸ਼ਟਰੀ ਨਿਜ਼ਾਮ ਚਾਹੁਣ ਵਾਲੇ ਦੂਸਰੇ ਦੇਸ਼ਾਂ ਨੂੰ ਬੌਣਾ ਕਰਨ ਲਈ ਵਧੀਆ ਨੀਂਹ ਰੱਖੀ ਹੋਈ ਸੀ। ਹਿਲੇਰੀ ਕਲਿੰਟਨ ਦੀ ਅਗਵਾਈ ਹੇਠ 'ਇੰਟਰਨੈੱਟ ਆਜ਼ਾਦੀ' ਰਾਜ ਵਿਭਾਗ ਦਾ ਸਿਧਾਂਤ ਸੀ। ਉਸ ਦੇ ਭਾਸ਼ਨਾਂ ਮੁਤਾਬਕ – ਚੰਗੇ ਦੇਸ਼, ਮਾੜੇ ਦੇਸ਼ ਅਤੇ ਰੁਝਾਨ ਰੱਖਣ ਵਾਲੇ ਦੇਸ਼ ਮੌਜੂਦ ਹਨ। ਅਮਰੀਕਾ, ਇੰਗਲੈਂਡ ਅਤੇ ਕੁਝ ਸਕੈਂਡੇਨੇਵੀਅਨ ਦੇਸ਼ ਅਜ਼ਾਦੀ ਦੇ ਮੁਦਈ ਸਨ। ਚੀਨ, ਰੂਸ ਅਤੇ ਸਊਦੀ ਅਰਬ ਅਧਿਕਾਰ ਜਗਾਉਣ ਵਾਲੇ ਦੇਸ਼ ਸਨ ਜੋ ਇੰਟਰਨੈੱਟ ਨੂੰ ਖੰਡ-ਖੰਡ ਕਰਨਾ ਚਾਹੁੰਦੇ ਸਨ। ਭਾਰਤ, ਬ੍ਰਾਜ਼ੀਲ ਅਤੇ ਇੰਡੋਨੇਸ਼ੀਆ ਰੁਝਾਨ ਰੱਖਣ ਵਾਲੇ ਦੇਸ਼ਾਂ ਦੀ ਉਦਾਹਰਣ ਸਨ – ਦੂਜੇ ਸ਼ਬਦਾਂ ਵਿਚ ਉਹ ਕਿਸੇ ਵੀ ਪਾਸੇ ਜਾ ਸਕਦੇ ਹਨ – ਚੰਗੇ ਜਾਂ ਮਾੜੇ ਨਾਲ।

ਪਰ ਇੰਟਰਨੈੱਟ ਦੀ ਆਜ਼ਾਦੀ ਬਾਰੇ ਭਾਸ਼ਨਬਾਜ਼ੀ ਵਿਚ ਬੁਨਿਆਦੀ ਨੁਕਸ ਸਨ। ਅਮਰੀਕਾ ਦਾ ਸੈਂਸਰਸ਼ਿਪ ਨਿਜ਼ਾਮ ਚੀਨ ਤੋਂ ਵਧੀਆ ਨਹੀਂ। ਚੀਨ ਰਾਜਨੀਤਕ ਭਾਸ਼ਨਾਂ ਨੂੰ ਸੈਂਸਰ ਕਰਦਾ ਹੈ। ਅਮਰੀਕਾ ਬੌਧਿਕ ਸੰਪਤੀ ਦੇ ਹੱਕਾਂ ਦੀ ਮਾਲਕ ਲਾਬੀ ਸਦਕਾ ਜਾਣਕਾਰੀ ਤਕ ਪਹੁੰਚ ਨੂੰ ਸੈਂਸਰ ਕਰਦਾ ਹੈ। ਬੌਧਿਕ ਸੰਪਤੀ ਲਾਬੀ ਦਾ ਬਹੁਤ ਜ਼ਿਆਦਾ ਪ੍ਰਭਾਵ ਹੈ। ਦੁਨੀਆਂ ਭਰ ਵਿਚ ਟੈਲੀਵੀਜ਼ਨ ਚੈਨਲਾਂ ਦੇ ਦਰਸ਼ਕਾਂ ਦੀ ਗਿਣਤੀ ਦੇ ਅੰਕੜਿਆਂ ਤੋਂ ਸਾਨੂੰ ਇਹ ਪਤਾ ਲੱਗੇਗਾ ਕਿ ਬਹੁਗਿਣਤੀ ਰਾਜਨੀਤਕ ਭਾਸ਼ਨ ਦੇ ਮੁਕਾਬਲੇ ਸੱਭਿਆਚਾਰਕ ਭਾਸ਼ਨ ਨੂੰ ਕਿਵੇਂ ਅਗਾਂਹ ਰੱਖਦੀ ਹੈ। ਚੀਨ ਦੀ ਮਹਾਨ 'ਫਾਇਰ ਵਾਲ' ਸਿਰਫ਼ ਇਸ ਦੇ ਆਪਣੇ ਨਾਗਰਿਕਾਂ ਨੂੰ ਹੀ ਪ੍ਰਭਾਵਤ ਕਰਦੀ ਹੈ – ਇੰਟਰਨੈੱਟ ਦੀ ਵਰਤੋਂ ਕਰਨ ਵਾਲਿਆਂ ਨੂੰ ਉਨ੍ਹਾਂ 'ਤੇ ਹੋਰ ਚੀਨੀ ਸੈਂਸਰਸ਼ਿਪ ਨਹੀਂ ਠੋਸੀ ਜਾਂਦੀ। ਦੂਜੇ ਪਾਸੇ, ਅਮਰੀਕਾ ਦੇ ਸੈਂਸਰਸ਼ਿਪ ਦੇ ਕਾਰੇ ਵਿਸ਼ਵਵਿਆਪੀ ਹਨ। ਇਹ ਇਸ ਕਰਕੇ ਹੈ ਕਿਉਂਕਿ ਸੈਂਸਰਸ਼ਿਪ ਨਿਜ਼ਾਮ ਪ੍ਰਮੁੱਖ ਤੌਰ ਤੇ ਜਾਣਕਾਰੀ ਰੋਕਣ ਜਾਂ ਫਿਲਟਰ ਕਰਨ 'ਤੇ ਆਧਾਰਿਤ ਨਹੀਂ ਪਰ ਪਛਾਣ, ਤਕਨੀਕ ਅਤੇ ਵਿੱਤੀ ਦਲਾਲਾਂ 'ਤੇ ਜ਼ਿਆਦਾ ਦਬਾਅ ਬਣਾਇਆ ਜਾਂਦਾ ਹੈ ਤਾਂ ਜੋ ਆਪਣੇ ਨਿਸ਼ਾਨਿਆਂ ਨੂੰ ਆਫ਼ ਲਾਈਨ ਕਾਬੂ ਕੀਤਾ ਜਾ ਸਕੇ। ਨਿਗਰਾਨੀ ਦੀ ਗੱਲ ਕਰੀਏ ਤਾਂ ਇਹ ਦਲੀਲ ਦਿਤੀ ਜਾ ਸਕਦੀ ਹੈ ਕਿ ਅਮਰੀਕਾ ਚੀਨ ਨਾਲੋਂ ਵੀ ਭੈੜਾ ਹੈ। ਜਿਵੇਂ ਕਿ ਸੈਂਸਰਸ਼ਿਪ ਦਾ ਮਾਮਲਾ ਸੀ, ਚੀਨ ਆਪਣੇ ਨਾਗਰਿਕਾਂ 'ਤੇ ਵਿਆਪਕ ਨਿਗਰਾਨੀ ਰੱਖਦਾ ਹੈ – ਅਮਰੀਕੀ ਨਿਗਰਾਨੀ ਵਾਂਗ ਨਹੀਂ ਜਿਹੜੀ ਨਾ ਸਿਰਫ਼ ਆਪਣੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਂਦੀ ਹੈ, ਸਗੋਂ ਇਕ ਬਹੁ-ਪਰਤੀ ਤਰੀਕੇ ਨਾਲ ਹਰ ਇੰਨਰਨੈੱਟ ਵਰਤੋਂਕਾਰ ਨੂੰ ਨਿਸ਼ਾਨਾ ਬਣਾਉਂਦੀ ਹੈ, ਜਿਸ ਵਿਚ ਮਾਲਵੇਗਾਰ, ਟ੍ਰੋਜਨ, ਸਾਫਟਵੇਅਰ ਨੂੰ ਕਮਜ਼ੋਰ ਕਰਨ, ਇਨਕ੍ਰਿਪਸ਼ਨ ਮਾਪਦੰਡਾਂ ਨਾਲ ਛੇੜਛਾੜ, ਸੇਵਾਵਾਂ ਦੇਣ ਵਾਲੇ, ਟੈਲੀਫ਼ੋਨ ਕੰਪਨੀਆਂ, ਆਈ ਐੱਸ ਪੀ ਐੱਸ, ਰਾਸ਼ਟਰੀ ਬੈਕਬੋਨ ਇਨਫਰਾਸਟਰਕਚਰ ਅਤੇ ਫਾਈਬਰ ਆਪਟੀਕਲ ਕੇਬਲ ਆਦਿ ਸ਼ਾਮਿਲ ਹੁੰਦੇ ਹਨ। ਸੁਰੱਖਿਆ ਮਾਹਰ ਬਰੂਸ ਸ਼ਨੀਡਰ ਖੁਲਾਸਾ ਕਰਦੇ ਹਨ ਕਿ 'ਨਿੱਜਤਾ ਤੋਂ ਬਿਨਾਂ ਕੋਈ ਸੁਰੱਖਿਆ ਨਹੀਂ ਅਤੇ ਆਜ਼ਾਦੀ ਵਾਸਤੇ ਸੁਰੱਖਿਆ ਅਤੇ ਨਿੱਜਤਾ, ਦੋਨੋਂ ਜ਼ਰੂਰੀ ਹਨ। ਸੰਪੂਰਨ ਨਿਗਰਾਨੀ ਸੁਰੱਖਿਆ ਦੇ ਪੱਖ 'ਤੇ ਕੋਝਾ ਵਾਰ ਹੈ। ਚਲੰਤ ਬਾਜ਼ਾਰ ਦੇ ਕੰਮਕਾਜ ਈ-ਕਾਮਰਸ, ਈ-ਬੈਂਕਿੰਗ, ਬੌਧਿਕ ਸੰਪਤੀ, ਨਿੱਜੀ ਜਾਣਕਾਰੀ ਅਤੇ ਗੁਪਤ ਜਾਣਕਾਰੀ ਨੂੰ ਖ਼ਤਰਾ ਪੈਦਾ ਕਰਦੀ ਹੈ। ਇਕ ਸੁਰੱਖਿਅਤ ਇੰਟਰਨੈੱਟ ਅਤੇ ਜਾਣਕਾਰੀ ਦੀ ਸੋਸਾਇਟੀ ਬਣਾਉਣ ਲਈ ਜ਼ਰੂਰੀ ਹੈ ਕਿ ਦੇਸ਼ਾਂ ਅਤੇ ਨਿੱਜੀ ਵਿਅਕਤੀਆਂ ਦੁਆਰਾ ਕੀਤੀ ਜਾ ਰਹੀ ਵਿਆਪਕ ਨਿਗਰਾਨੀ ਨੂੰ ਖਤਮ ਕੀਤਾ ਜਾਏ।

## ਭਾਰਤ ਵਾਸਤੇ ਮੌਕਾ

ਅਮਰੀਕਾ ਦੇ ਆਈ ਨਿਜ਼ਾਮ ਦੇ ਉਲਟ, ਭਾਰਤ ਇਸ ਗੱਲ ਵਿਚ ਯਕੀਨ ਰੱਖਦਾ ਹੈ ਕਿ ਬੋਲਣ ਅਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਲਈ ਜਾਣਕਾਰੀ ਇਕ ਜ਼ਰੂਰੀ ਸ਼ਰਤ ਹੈ। ਵਿਸ਼ਵੀ ਬੌਧਿਕ ਸੰਪਤੀ ਨੀਤੀ ਜਾਂ ਜਾਣਕਾਰੀ ਤਕ ਪਹੁੰਚ ਦੀ ਨੀਤੀ ਦੀ ਗੱਲ ਹੋਵੇ ਤਾਂ ਭਾਰਤ ਨੂੰ ਵਿਸ਼ਵੀ ਬੌਧਿਕ ਸੰਪਤੀ ਸੰਸਥਾ ਪੱਧਰ 'ਤੇ ਘਰੇਲੂ ਨੀਤੀ ਅਤੇ ਅੰਤਰਰਾਸ਼ਟਰੀ ਨੀਤੀ ਨਿਰਧਾਰਨ, ਦੋਵਾਂ ਵਿਚ ਆਗੂ ਮੰਨਿਆ ਜਾਂਦਾ ਹੈ। ਸੱਤਰ ਦੇ ਦਹਾਕੇ ਤੋਂ ਹੀ, ਸਾਡੇ ਨੀਤੀ ਘਾੜਿਆਂ ਨੇ ਦਵਾਈਆਂ ਤਕ ਪਹੁੰਚ ਸੁਲਭ ਬਣਾ ਕੇ ਸਿਹਤ ਦੇ ਅਧਿਕਾਰ ਦੀ ਹਮਾਇਤ ਕੀਤੀ ਹੈ। ਹਾਲ ਹੀ ਵਿਚ, ਜੋਤ ਵਿਹੂਣੇ ਲੋਕਾਂ ਲਈ ਜੂਨ 2013 ਵਿਚ ਮੱਰਾਕੇਸ਼ ਸੰਧੀ ਪਾਸ ਕਰਵਾਉਣ ਵਿਚ ਅਹਿਮ ਭੂਮਿਕਾ ਨਿਭਾਈ ਜਿਸ ਤਹਿਤ ਜੋਤ ਵਿਹੂਣੇ ਲੋਕਾਂ ਨੂੰ ਬਿਨਾਂ ਕੋਈ ਰਾਇਲਟੀ ਦਿਤਿਆਂ, ਕਿਤਾਬਾਂ ਨੂੰ ਪੜ੍ਹਨਯੋਗ ਫਾਰਮੈਟ ਵਿਚ ਤਬਦੀਲੀ ਕਰਨ ਤਕ ਪਹੁੰਚ ਪ੍ਰਾਪਤ ਹੋ ਗਈ। ਮੱਰਾਕੇਸ਼ ਸੰਧੀ ਅਪੰਗਤਾ ਮੁਖੀ (ਸਿਰਫ਼ ਘੱਟ ਨਜ਼ਰ ਵਾਲਿਆਂ ਵਾਸਤੇ) ਬਣਾਈ ਗਈ ਹੈ ਅਤੇ ਖਾਸ ਕੰਮ (ਸਿਰਫ਼ ਕਾਪੀਰਾਈਟ ਵਾਸਤੇ) ਬਣਾਈ ਗਈ ਹੈ। ਇਹ ਭਾਰਤ ਵਲੋਂ ਸਫਲਤਾ ਸਹਿਤ ਨੀਤੀ ਨਿਰਯਾਤ ਕਰਨ ਦੀ ਪਹਿਲੀ ਮਿਸਾਲ ਹੈ। ਮੱਰਾਕੇਸ਼ ਸੰਧੀ ਤੋਂ ਉਲਟ, ਭਾਰਤ ਵਲੋਂ ਅਪੰਗਾਂ ਲਈ ਕੀਤੀ ਪਹਿਲੀ ਵਿਚ ਸਿਰਫ਼ ਇਹੀ ਫਰਕ ਹੈ ਕਿ ਕਾਪੀਰਾਈਟ ਐਕਟ ਅਪੰਗਤਾ ਮੁਕਤ ਹੈ ਅਤੇ ਆਜ਼ਾਦੀ ਨਾਲ ਕੰਮ ਕਰਦਾ ਹੈ। ਇਹ ਮੰਨ ਕੇ ਚਲਿਆ ਜਾਵੇ ਕਿ ਸੰਧੀ ਦੇ ਸਫਲਤਾ ਸਹਿਤ ਲਾਗੂ ਕਰਨ ਲਈ ਇੰਟਰਨੈੱਟ ਬੇਹੱਦ ਅਹਿਮ ਹੈ, ਮਤਲਬ ਸਰਹੱਦਾਂ ਦੇ ਆਰਪਾਰ ਕੰਮ ਦੀ ਸਾਂਝ ਜਿਹੜੀ ਇਕ ਅਪੰਗ ਵਿਅਕਤੀ ਲਈ

ਇਕ ਦੇਸ਼ ਵਿਚ ਸੌਖੀ ਅਤੇ ਪਹੁੰਚ ਅੰਦਰ ਕਰ ਦਿਤੀ ਗਈ ਹੈ। ਸ਼ਾਇਦ ਭਾਰਤ ਲਈ ਇਹ ਸਮਾਂ ਹੈ ਕਿ ਇੰਟਰਨੈੱਟ ਸ਼ਾਸਨ ਅਤੇ ਜਾਣਕਾਰੀ ਸੋਸਾਇਟੀਆਂ ਵਿਚ ਆਪਣਾ ਦਾਇਰਾ ਹੋਰ ਵਧਾਇਆ ਜਾਵੇ।

ਸਨੋਡਨ ਦੇ ਖੁਲਾਸਿਆਂ ਉਪਰੰਤ ਤਥਾ ਕਥਿਤ ਝੁਕਾਅ ਰੱਖਣ ਵਾਲੇ ਦੇਸ਼ ਵੱਡੀ ਨੈਤਿਕ ਥਾਂ ਮੱਲੀ ਬੈਠੇ ਹਨ। ਇਨ੍ਹਾਂ ਦੇਸ਼ਾਂ ਕੋਲ ਮਜ਼ਬੂਤ ਰਾਜਨੀਤਕ ਇੱਛਾ ਸ਼ਕਤੀ ਦਾ ਪ੍ਰਯੋਗ ਕਰਕੇ ਇਸ ਸਮੇਂ ਦਾ ਲਾਹਾ ਲੈਣ ਦਾ ਪੂਰਾ ਮੌਕਾ ਹੈ। ਕੇਵਲ ਦਵਾਈਆਂ ਤਕ ਪਹੁੰਚ ਦੇ ਮਾਮਲੇ ਵਿਚ ਇਕ ਮਿੱਤਰਤਾ ਵਾਲਾ ਅਧਿਕਾਰ ਖੇਤਰ ਬਣਨ ਦੀ ਬਜਾਇ ਭਾਰਤ ਕੋਲ ਮੌਕਾ ਹੈ ਕਿ ਜਾਣਕਾਰੀ ਤਕ ਪਹੁੰਚ ਨੂੰ ਵਿਸ਼ਾਲ ਰੂਪ ਵਿਚ ਇਸਤੇਮਾਲ ਕਰਕੇ ਇਹ ਅਧਿਕਾਰ ਖੇਤਰ ਵੀ ਬਣਾਇਆ ਜਾਏ। ਅਸੀਂ ਵਿਕਾਸਸ਼ੀਲ ਦੁਨੀਆਂ ਨੂੰ ਸਸਤੇ ਅਤੇ ਨਵੇਂ ਖੋਜੇ ਗਏ ਹਾਰਡਵੇਅਰ (ਖ਼ਾਸ ਕਰਕੇ ਮੋਬਾਇਲ ਫ਼ੋਨ) ਦੇਣ ਲਈ ਪੇਟੈਂਟ ਸਮੂਹ ਅਤੇ ਜ਼ਰੂਰੀ ਲਾਇਸੰਸ ਪ੍ਰਣਾਲੀ ਦਾ ਇਸਤੇਮਾਲ ਕਰ ਸਕਦੇ ਹਾਂ। ਇਸ ਨਾਲ ਇਹ ਨਿਸ਼ਚਿਤ ਹੋ ਸਕੇਗਾ ਕਿ ਸਾਰੇ ਦਾਅਵੇਦਾਰ, ਖੋਜੀ, ਨਿਰਮਾਤਾ, ਉਪਭੋਗਤਾ ਅਤੇ ਸਰਕਾਰ, ਭਾਰਤ ਦੇ ਦੁਨੀਆਂ ਦੀ ਫਾਰਮੇਸੀ ਦੁਨੀਆਂ ਦਾ ਇਲੈਕਟ੍ਰਾਨਿਕ ਸਟੋਰ ਬਣਨ ਤੋਂ ਲਾਭ ਪ੍ਰਾਪਤ ਕਰਨਗੇ। ਅਸੀਂ ਬ੍ਰਾਡਬੈਂਡ ਕਾਪੀਰਾਈਟ ਸੈੱਸ ਜਾਂ ਲੇਵੀ ਵਰਗੇ ਯਕਮੁਸ਼ਤ ਲਾਇਸੰਸ ਮਾਡਲ ਅਪਣਾ ਸਕਦੇ ਹਾਂ ਜਿਸ ਨਾਲ ਇਹ ਯਕੀਨੀ ਬਣੇ ਕਿ ਵਰਤੋਂਕਾਰਾਂ ਨੂੰ ਮਿਲਣ ਵਾਲਾ ਡਾਟਾ (ਟੈਕਸਟ, ਇਮੇਜ, ਵੀਡੀਓ, ਆਡੀਓ, ਗੇਮਾਂ ਅਤੇ ਸਾਫਟਵੇਅਰ) ਆਦਿ ਸਸਤੇ ਭਾਅ 'ਤੇ ਮਿਲੇ ਤੇ ਦਾਅਵੇਦਾਰਾਂ ਨੂੰ ਭਾਰਤ ਵਿਚ ਇੰਟਰਨੈੱਟ ਦੀ ਵਰਤੋਂ ਕਰਨ ਵਾਲਿਆਂ ਤੋਂ ਰਾਇਲਟੀ ਪ੍ਰਾਪਤ ਹੋਵੇ। ਇਸ ਨਾਲ ਅਮਰੀਕਾ ਵਲੋਂ ਕਾਪੀਰਾਈਟ ਆਧਾਰਤ ਸੈਂਸਰਸ਼ਿਪ ਨੂੰ ਨਰਮ ਕਰਨ ਵਿਚ ਕਾਫ਼ੀ ਮਦਦ ਮਿਲੇਗੀ। ਗੁਪਤ ਸੂਚਨਾ ਦੀ ਗੱਲ ਕਰੀਏ ਤਾਂ ਅਸੀਂ ਵਿਸ਼ਵ ਪੱਧਰ ਦਾ ਗੁਪਤ ਸੂਚਨਾ ਕਾਨੂੰਨ ਲਾਗੂ ਕਰ ਸਕਦੇ ਹਾਂ ਅਤੇ ਇਕ ਆਜ਼ਾਦ, ਖ਼ੁਦਮੁਖ਼ਤਿਆਰ ਅਤੇ ਸਰਗਰਮ ਗੁਪਤ ਸੂਚਨਾ ਕਮਿਸ਼ਨਰ ਦੀ ਨਿਯੁਕਤੀ ਕਰ ਸਕਦੇ ਹਾਂ ਜਿਹੜਾ ਨਿੱਜੀ ਅਤੇ ਸਰਕਾਰੀ ਪਾਰਟੀਆਂ ਨੂੰ ਹਮੇਸ਼ਾ ਆਪਣੀ ਨਿਗਰਾਨੀ ਹੇਠ ਰੱਖੇਗਾ। ਫਿਰ ਸਾਨੂੰ ਇਕ ਵਿਗਿਆਨਿਕ, ਨਿਸ਼ਾਨੇਬਧ ਨਿਗਰਾਨੀ ਨਿਜ਼ਾਮ ਦੀ ਲੋੜ ਪਵੇਗੀ ਜੋ ਮਨੁੱਖੀ ਅਧਿਕਾਰਾਂ ਦੇ ਅਸੂਲਾਂ ਦੇ ਮੁਤਾਬਕ ਹੋਵੇ। ਇਹ ਭਾਰਤ ਨੂੰ ਆਈ ਪੀ ਅਤੇ ਗੁਪਤ ਭੇਦ ਦਾ ਸਵਰਗ ਬਣਾ ਦੇਵੇਗਾ। ਜਿਸ ਸਦਕਾ ਨਿੱਜੀ ਖੇਤਰ ਤੋਂ ਨਿਵੇਸ਼ ਤਾਂ ਵਧੇਗਾ ਹੀ, ਨਾਲ ਹੀ ਵਿਸ਼ਵ ਸਿਵਲ ਸੋਸਾਇਟੀ ਅਤੇ ਆਜ਼ਾਦ ਮੀਡੀਆ ਦਾ ਸਹਿਯੋਗ ਵੀ ਪ੍ਰਾਪਤ ਹੋਵੇਗਾ।

**ਸੁਰੱਖਿਆ ਵਾਸਤੇ ਗੁਪਤ ਭੇਦ ਪਹਿਲੀ ਸ਼ਰਤ ਹੈ। ਇਹ ਭਾਰਤ ਨੂੰ ਸਾਈਬਰ ਸੁਰੱਖਿਆ ਦੇ ਪੱਖ ਤੋਂ ਵੀ ਸੁਰੱਖਿਅਤ ਕਰੇਗਾ। ਬੇਸ਼ੱਕ ਇਹ ਅਜੋਕੇ ਹਾਲਾਤ ਵਿਚ ਦਿਨ ਵਿਚ ਸੁਪਨੇ ਵੇਖਣ ਵਾਂਗ ਹੈ ਪਰ ਇਹ ਇਕ ਰਾਸ਼ਟਰ ਦੇ ਤੌਰ ਤੇ ਸਾਡੇ ਲਈ ਪੱਕੀ ਭਵਿੱਖੀ ਸੰਭਾਵਨਾ ਹੈ।**

## ਇੰਟਰਨੈੱਟ ਸ਼ਾਸਨ ਦੀ ਗੁੰਜਾਇਸ਼ ਕੀ ਹੈ?

ਬਹੁ-ਧਿਰੀ ਵਾਟ ਅਤੇ ਬਹੁ-ਪੱਖੀ ਵਾਟ ਵਿਚਾਲੇ ਤਲਖੀ ਦਾ ਇਕ ਕਾਰਨ ਇਹ ਵੀ ਹੈ ਕਿ ਇੰਟਰਨੈੱਟ ਦੀ ਕੋਈ ਵੀ ਇਕੱਲੀ, ਸਰਵ-ਪ੍ਰਵਾਨਿਤ ਪਰਿਭਾਸ਼ਾ ਨਹੀਂ ਹੈ। ਇੰਟਰਨੈੱਟ ਸ਼ਾਸਨ ਦੀ ਰੂੜ੍ਹੀਵਾਦੀ ਪਰਿਭਾਸ਼ਾ ਇਸ ਨੂੰ ਅਹਿਮ ਇੰਟਰਨੈੱਟ ਸਰੋਤਾਂ ਦੇ ਪ੍ਰਬੰਧਨ ਤਕ ਹੀ ਸੀਮਤ ਕਰਦੀ ਹੈ ਜਿਸ ਵਿਚ ਡੋਮੇਨ ਨਾਮ ਸਿਸਟਮ, ਆਈ ਪੀ ਐਡਰੈਸ ਅਤੇ ਰੂਟ ਸਰਵਰ ਸ਼ਾਮਿਲ ਹਨ - ਦੂਜੇ ਸ਼ਬਦਾਂ ਵਿਚ ਆਈ ਸੀ ਏ ਐੱਨ ਐੱਨ, ਆਈ ਏ ਐੱਨ ਏ ਕਾਰਜ, ਰੀਜਨਲ ਰਜਿਸਟ੍ਰੀਜ਼ ਅਤੇ ਆਈ ਸਟਾਰ ਬੌਡੀਜ਼। ਇਹੀ ਖੇਤਰ ਹੈ ਜਿਥੇ ਅਮਰੀਕੀ ਇਜ਼ਾਰੇਦਾਰੀ ਜ਼ਿਆਦਾ ਸਪੱਸ਼ਟ ਹੈ। ਇਹੀ ਖੇਤਰ ਹੈ ਜਿਸ ਵਿਚ ਬਹੁ-ਦਾਅਵੇਦਾਰੀ ਪ੍ਰਣਾਲੀ ਨੇ ਹਾਲੇ ਤਕ ਨਤੀਜੇ ਦਿਤੇ ਹਨ, ਇਸ ਕਰਕੇ ਮੌਜੂਦਾ ਸ਼ਾਸਨ ਪ੍ਰਬੰਧਾਂ ਨੂੰ ਖਤਮ ਕਰਨ ਪ੍ਰਤਿ ਸਾਵਧਾਨ ਰਹਿਣਾ ਪਵੇਗਾ। ਅਮਰੀਕਾ ਦੀ ਚੌਧਰ ਨੂੰ ਘਟਾਉਣ ਲਈ ਚਾਰ ਮੁੱਖ ਕਿਰਿਆਵਾਂ ਹਨ - (1) ਵਿਸ਼ਵੀਕਰਨ - ਜਿਸ ਤਹਿਤ ਬਾਕੀ ਦੇਸ਼ਾਂ ਦੇ ਮੌਜੂਦਾ ਬਹੁ-ਦਾਅਵੇਦਾਰੀ ਨਿਜ਼ਾਮ ਵਿਚ ਅਮਰੀਕਾ ਦੇ ਬਾਰਬਰ ਦਰਜਾ ਦਿਤਾ ਜਾਵੇ। (2) ਅੰਤਰਰਾਸ਼ਟਰੀ - ਆਈ ਸੀ ਏ ਐੱਨ ਐੱਨ, ਆਈ ਏ ਐੱਨ ਏ ਕਾਰਜ, ਰਜਿਸਟ੍ਰੀਜ਼ ਅਤੇ ਆਈ ਸਟਾਰ ਬੌਡੀਜ਼ ਨੂੰ ਸੰਯੁਕਤ ਰਾਸ਼ਟਰ ਦੇ ਪ੍ਰਬੰਧ ਹੇਠ ਲਿਆਉਣਾ। (3) ਆਈ ਏ ਐੱਨ ਏ ਕਾਰਜਾਂ ਵਿਚ ਮੈਂਬਰ ਦੇਸ਼ਾਂ ਦੀ ਭੂਮਿਕਾ ਸਮਾਪਤ ਕਰਨੀ। (4) ਨਾਮ ਅਤੇ ਨੰਬਰ ਪ੍ਰਬੰਧਨ ਪ੍ਰਣਾਲੀ ਲਈ ਮੁਕਾਬਲੇਬਾਜ਼ੀ ਪੈਦਾ ਕਰਨੀ। ਅੰਤਮ ਹੱਲ ਬਾਰੇ ਬਿਨਾਂ ਸੋਚਿਆਂ, ਇਹ ਸਪੱਸ਼ਟ ਹੈ ਕਿ ਡੋਮੇਨ ਨੇਮ ਅਤੇ ਆਈ ਪੀ ਐਡਰੈੱਸ ਦੇਣ 'ਤੇ ਨਿਯੰਤ੍ਰਣ ਹੋਣ ਨਾਲ ਬੋਲਣ ਦੀ ਅਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ 'ਤੇ ਅਸਰ ਪਵੇਗਾ। ਭਾਰਤ ਦੀ ਰਾਸ਼ਟਰੀ ਸੁਰੱਖਿਆ 'ਤੇ ਅਸਰ ਬਹੁਤ ਸੀਮਤ ਹੈ ਕਿਉਂਕਿ ਸਾਡੇ ਦੇਸ਼ ਅੰਦਰ ਤਿੰਨ ਰੂਟ ਸਰਵਰ ਹਨ ਅਤੇ ਅਮਰੀਕਾ ਲਈ ਭਾਰਤ ਵਿਚ ਇੰਟਰਨੈੱਟ ਨੂੰ ਬੰਦ ਕਰਨਾ ਲਗਭਗ ਅਸੰਭਵ ਹੋਵੇਗਾ।

ਹੋਰ ਵਿਸਤ੍ਰਿਤ ਪਰਿਭਾਸ਼ਾ ਲਈ ਇੰਟਰਨੈੱਟ ਸ਼ਾਸਨ ਸਾਰੇ ਕਾਰਜ ਦਲ ਦੀ ਰਿਪੋਰਟ ਵਿਚ ਜਨਤਕ ਨੀਤੀ ਦੇ ਮੁੱਦਿਆਂ ਸੰਬੰਧੀ ਚਾਰ ਸ਼੍ਰੇਣੀਆਂ ਹਨ ਜੋ ਇੰਟਰਨੈੱਟ ਸ਼ਾਸਨ ਲਈ ਪ੍ਰਸੰਗਿਕ ਹਨ :

(1) ਢਾਂਚਾਗਤ ਅਤੇ ਅਹਿਮ ਇੰਟਰਨੈੱਟ ਸਰੋਤਾਂ ਦੇ ਪ੍ਰਬੰਧਨ ਦੇ ਮੁੱਦੇ, ਜਿਨ੍ਹਾਂ ਵਿਚ ਡੋਮੇਨ ਨੇਮ ਪ੍ਰਣਾਲੀ ਦਾ ਪ੍ਰਬੰਧਨ ਅਤੇ ਇੰਟਰਨੈੱਟ ਪ੍ਰੋਟੋਕੋਲ ਐਡਰੈਸ, ਰੂਟ ਸਰਵਰ ਪ੍ਰਣਾਲੀ ਦੇ ਪ੍ਰਬੰਧਨ, ਤਕਨੀਕੀ ਮਾਪਦੰਡ ਅਤੇ ਅੰਤਰ-ਜੁੜਾਵ, ਦੂਰ-ਸੰਚਾਰ ਢਾਂਚਾ, ਜਿਸ ਵਿਚ ਖੋਜੀ ਅਤੇ ਸੰਮਿਲਤ ਤਕਨੀਕਾਂ ਅਤੇ ਬਹੁ-ਭਾਸ਼ਾਈਵਾਦ ਵੀ ਸ਼ਾਮਿਲ ਹੈ। ਇਹ ਮੁੱਦੇ ਇੰਟਰਨੈੱਟ ਸ਼ਾਸਨ ਲਈ ਸਿੱਧੇ ਤੌਰ ਤੇ ਪ੍ਰਸੰਗਿਕ ਹਨ ਅਤੇ ਮੌਜੂਦਾ ਸੰਸਥਾਵਾਂ ਦੇ ਅਧਿਕਾਰ ਖੇਤਰ ਵਿਚ ਆਉਂਦੇ ਹਨ ਜਿਨ੍ਹਾਂ ਦੀ ਅਜਿਹੇ ਮਸਲਿਆਂ ਪ੍ਰਤਿ ਜ਼ਿੰਮੇਵਾਰੀ ਵੀ ਹੈ।

2) ਇੰਟਰਨੈੱਟ ਦੀ ਵਰਤੋਂ ਨਾਲ ਜੁੜੇ ਮੁੱਦਿਆਂ ਜਿਨ੍ਹਾਂ ਵਿਚ ਸਪੈਮ, ਨੈੱਟਵਰਕ ਸੁਰੱਖਿਆ ਅਤੇ ਸਾਈਬਰ ਕ੍ਰਾਈਮ ਸ਼ਾਮਿਲ ਹਨ। ਜਦ ਕਿ ਇਹ ਮੁੱਦੇ ਸਿੱਧੇ ਤੌਰ ਤੇ ਇੰਟਰਨੈੱਟ ਸ਼ਾਸਨ ਨਾਲ ਜੁੜੇ ਹੋਏ ਹਨ, ਪਰ ਵਿਸ਼ਵ ਸਹਿਯੋਗ ਦੀ ਲੋੜ ਨੂੰ ਠੀਕ ਤਰ੍ਹਾਂ ਪਰਿਭਾਸ਼ਿਤ ਨਹੀਂ ਕੀਤਾ ਗਿਆ।

3) ਉਹ ਮੁੱਦੇ ਜਿਹੜੇ ਇੰਟਰਨੈੱਟ ਲਈ ਪ੍ਰਸੰਗਿਕ ਹਨ ਪਰ ਇੰਟਰਨੈੱਟ ਤੋਂ ਕਿਤੇ ਵਿਸ਼ਾਲ ਪ੍ਰਭਾਵ ਵਾਲੇ ਹਨ ਜਿਸ ਲਈ ਮੌਜੂਦਾ ਸੰਸਥਾਵਾਂ ਜ਼ਿੰਮੇਵਾਰ ਹਨ, ਜਿਵੇਂ - ਬੌਧਿਕ ਸੰਪਤੀ ਅਧਿਕਾਰ ਜਾਂ ਵਿਸ਼ਵ ਵਪਾਰ।

4) ਇੰਟਰਨੈੱਟ ਸ਼ਾਸਨ ਦੇ ਵਿਕਾਸ ਨਾਲ ਸੰਬੰਧਿਤ ਮੁੱਦੇ, ਖ਼ਾਸ ਕਰਕੇ ਵਿਕਾਸਸ਼ੀਲ ਦੇਸ਼ਾਂ

ਵਿਚ ਸਮਰਥਾ ਦਾ ਵਿਕਾਸ।

ਇਨ੍ਹਾਂ ਵਿਚੋਂ ਕੁਝ ਵਰਗਾਂ ਨੂੰ ਰਾਜ ਦੇ ਨਿਯੰਤ੍ਰਣ ਰਾਹੀਂ ਨਜਿੱਠਿਆ ਜਾਂਦਾ ਹੈ ਜੋ ਬਹੁ-ਧਿਰੀ ਭਾਸ਼ਾਵਾਂ ਤੋਂ ਬਣੇ ਹਨ ਅਤੇ ਜੋ ਸੰਯੁਕਤ ਰਾਸ਼ਟਰ ਨਾਲ ਸੰਬੰਧਿਤ ਹਨ, ਜਿਵੇਂ ਕਿ ਵਿਸ਼ਵ ਬੌਧਿਕ ਸੰਪਤੀ ਸੰਗਠਨ ਜੋ ਬੌਧਿਕ ਸੰਪਤੀ ਅਧਿਕਾਰ ਲਈ ਜ਼ਿੰਮੇਵਾਰ ਹੈ ਅਤੇ ਅੰਤਰਰਾਸ਼ਟਰੀ ਦੂਰ-ਸੰਚਾਰ ਯੂਨੀਅਨ ਜੋ ਦੂਰ-ਸੰਚਾਰ ਢਾਂਚੇ ਲਈ ਜ਼ਿੰਮੇਵਾਰ ਹੈ। ਦੂਜੇ ਨੀਤੀਗਤ ਮੁੱਦੇ ਜਿਵੇਂ ਸਾਈਬਰ ਕ੍ਰਾਈਮ ਅਨੇਕਤਾ ਦੇ ਯੰਤਰਾਂ - ਜਿਵੇਂ ਬੁਡਾਪੈਸਟ ਕਨਵੈਨਸ਼ਨ ਆਨ ਸਾਈਬਰ ਕ੍ਰਾਈਮ ਅਤੇ ਦੋ ਤਰਫ਼ੀ ਪ੍ਰਬੰਧ ਜਿਵੇਂ ਆਪਸੀ ਕਾਨੂੰਨੀ ਸਹਾਇਤਾ ਸੰਧੀਆਂ ਆਦਿ ਦੁਆਰਾ ਨਜਿੱਠੇ ਜਾਂਦੇ ਹਨ। ਮੌਜੂਦਾ ਸਮੇਂ ਸਪੈਮ ਨਿੱਜੀ ਖੇਤਰ ਦੀਆਂ ਸਵੈ-ਅਨੁਸ਼ਾਸਿਤ ਕੋਸ਼ਿਸ਼ਾਂ ਦੁਆਰਾ ਨਜਿੱਠਿਆ ਜਾ ਰਿਹਾ ਹੈ ਜਿਵੇਂ ਕਿ ਮੈਸੇਜਿੰਗ, ਮਾਲਵੇਅਰ ਅਤੇ ਮੋਬਾਇਲ ਐਂਟੀ ਮਬਿਊਜ਼ ਵਰਕਿੰਗ ਗਰੁੱਪ। ਹੋਰ ਦੂਜੇ ਖੇਤਰ, ਜਿਥੇ ਉਪਰੋਕਤ ਅੰਤਰਰਾਸ਼ਟਰੀ ਜਾਂ ਵਿਸ਼ਵ ਸਹਿਯੋਗ ਨਹੀਂ ਹੈ, ਉਨ੍ਹਾਂ ਵਿਚ ਅੰਤਰ-ਜੁੜਾਵ ਸ਼ਾਮਿਲ ਹਨ। ਮੌਜੂਦਾ ਨਿੱਜੀ ਪ੍ਰਬੰਧ ਗੁਪਤ ਭੇਦ ਹਨ ਅਤੇ ਇਹ ਸਾਫ਼ ਨਹੀਂ ਕਿ ਜਨਤਕ ਹੱਕਾਂ ਨੂੰ ਸੁਰੱਖਿਅਤ ਰਖਿਆ ਜਾ ਰਿਹਾ ਹੈ ਕਿ ਨਹੀਂ।

**ਸੋ, ਅਸਲ ਵਿਚ ਇੰਟਰਨੈੱਟ 'ਤੇ ਕਿਸ ਦਾ ਰਾਜ ਹੈ?**

ਅਖੀਰ ਵਿਚ, ਇੰਟਰਨੈੱਟ 'ਤੇ ਕੌਣ ਰਾਜ ਕਰਦਾ ਹੈ, ਇਹ ਲਾਭਦਾਇਕ ਸਵਾਲ ਨਹੀਂ। ਇਹ ਇਸ ਕਰਕੇ ਕਿਉਂਕਿ ਇੰਟਰਨੈੱਟ 'ਤੇ ਕਿਸੇ ਦਾ ਰਾਜ ਨਹੀਂ । ਇੰਟਰਨੈੱਟ ਮਾਨਕਾਂ, ਤਕਨੀਕਾਂ ਅਤੇ ਧਿਰਾਂ ਦਾ ਇਕ ਖਿੱਲਰਿਆ ਹੋਇਆ ਇਕੱਠ ਹੈ ਜੋ ਭੂਗੋਲਿਕ ਅਤੇ ਸੇਵਾਵਾਂ ਦੇ ਮਾਮਲੇ ਵਿਚ ਨਾਟਕੀ ਢੰਗ ਨਾਲ ਵੱਖਰਾ ਹੈ। ਵੱਖ-ਵੱਖ ਇੰਟਰਨੈੱਟ ਟੀਮਾਂ, ਧਿਰਾਂ - ਸਰਕਾਰ, ਨਿੱਜੀ ਖੇਤਰ, ਸਿਵਲ ਸੋਸਾਇਟੀ, ਤਕਨੀਕੀ ਅਤੇ ਵਿਦਵਾਨ ਸਮੁਦਾਇ ਪਹਿਲਾਂ ਹੀ ਵਿਵਿਧ ਪ੍ਰਕਾਰ ਦੇ ਸ਼ਾਸਨ ਨਿਜ਼ਾਮਾਂ ਦੁਆਰਾ ਸੰਚਾਲਿਤ ਕੀਤੇ ਜਾ ਰਹੇ ਹਨ ਜਿਸ ਵਿਚ ਸਵੈ-ਅਨੁਸ਼ਾਸਨ, ਸਹਿ-ਅਨੁਸ਼ਾਸਨ ਅਤੇ ਰਾਜ ਦਾ ਨਿਯੰਤ੍ਰਣ ਸ਼ਾਮਿਲ ਹਨ।

ਕੀ ਹੋਰ ਜ਼ਿਆਦਾ ਨਿਯੰਤ੍ਰਣ ਹੀ ਸਹੀ ਜਵਾਬ ਹੈ? ਕੀ ਬਹੁ-ਦਾਅਵੇਦਾਰੀ ਅਤੇ ਬਹੁ-ਧਿਰੀਵਾਦ ਵਿਚਕਾਰ ਚੋਣ ਕਰਨੀ ਪਵੇਗੀ? ਕੀ ਸਾਨੂੰ ਸ਼ਾਸਨ ਦੇ ਵੱਖ-ਵੱਖ ਖੇਤਰਾਂ ਲਈ ਬਹੁ-ਦਾਅਵੇਦਾਰੀ ਦੀ ਲੋੜ ਹੈ, ਮਿਸਾਲ ਦੇ ਤੌਰ ਤੇ ਮਿਆਰ ਅਤੇ ਨਾਮ ਅਤੇ ਨੰਬਰ ? ਸਿਧਾਂਤਕ ਤੌਰ ਤੇ, ਨਹੀਂ, ਨਹੀਂ ਅਤੇ ਹਾਂ। ਮੇਰੇ ਵਿਚਾਰ ਵਿਚ ਇਕ ਉਪਯੁਕਤ ਵਿਸ਼ਵ ਸ਼ਾਸਨ ਪ੍ਰਣਾਲੀ ਵਿਕੇਂਦਰੀਕ੍ਰਿਤ ਹੋ ਜਾਵੇਗੀ, ਜੋ ਵਿਭਿੰਨ ਅਤੇ ਬਹੁ-ਸੰਖਿਅਕ ਹੋਵੇਗੀ ਪਰ ਆਪਸੀ ਸੰਚਾਲਿਤ ਹੋਵੇਗੀ। ਇਸ ਵਿਚ ਬਹੁ-ਧਿਰੀ ਅਤੇ ਬਹੁ-ਦਾਅਵੇਦਾਰੀ, ਦੋਨੋਂ ਸੰਸਥਾਵਾਂ ਅਤੇ ਪ੍ਰਣਾਲੀਆਂ ਹੋਣਗੀਆਂ ਅਤੇ ਜਨਤਕ ਹਿਤਾਂ ਲਈ ਨਿਯੰਤ੍ਰਨ ਮੁਕਤੀ ਲਈ ਉਨੇ ਹੀ ਯਤਨਸ਼ੀਲ ਹੋਣਗੇ ਜਿੰਨੇ ਨਿਯੰਤ੍ਰਣ ਲਾਗੂ ਕਰਨ ਲਈ।

*(ਲੇਖਕ ਐਗਜ਼ੀਵਿਊਟਿਵ ਡਾਇਰੈਕਟਰ, ਸੈਂਟਰ ਫਾਰ ਇੰਟਰਨੈੱਟ ਐਂਡ ਸੋਸਾਇਟੀ ਹੈ।)*ਬੌਧਿਕ ਸੰਪਤੀ

*e-mail :sunil@cis-india.org*


# ਮੈਂਬਰਸ਼ਿੱਪ ਕੂਪਨ

❑ ਨਵੀ ਮੈਂਬਰਸ਼ਿੱਪ ❑ ਨਵੀਨੀਕਰਨ ❑ ਪਤਾ ਬਦਲਣ ਵਾਸਤੇ

(ਜੋ ਲਾਗੂ ਹੁੰਦਾ ਹੋਵੇ ਉਸ ਉਤੇ '✓' ਦਾ ਚਿੰਨ੍ਹ ਲਾਓ।)

ਮੈਂ ........................................................................................................ (ਪੱਤ੍ਰਿਕਾ ਦਾ ਨਾਮ ਅਤੇ ਭਾਸ਼ਾ) ਦਾ

❑ ਸਾਲਾਨਾ (₹ 100) ❑ ਦੋ ਸਾਲ (₹ 180) ❑ ਤਿੰਨ ਸਾਲ (₹ 250) ਮੈਂਬਰ ਬਣਨ ਦਾ/ਦੀ ਇੱਛੁਕ ਹਾਂ।

ਡਿਮਾਂਡ ਡਰਾਫ਼ਟ/ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਨੰ: .................................. ਤਾਰੀਖ ....................................

ਨਾਮ ........................................................................................................................................................

ਵਰਗ ❑ ਵਿਦਿਆਰਥੀ ❑ ਅਧਿਆਪਕ ❑ ਸੰਸਥਾ ❑ ਹੋਰ

ਪਤਾ ........................................................................................................................................................

........................................................................................................................................................

........................................................................................ਪਿਨ........................................................................

ਨਵੀਨੀਕਰਨ/ਪਤਾ ਬਦਲਣ ਲਈ ਕ੍ਰਿਪਾ ਕਰਕੇ ਆਪਣਾ ਮੈਂਬਰਸ਼ਿੱਪ ਨੰਬਰ ਇੱਥੇ ਲਿਖੋ ....................................................

ਡਿਮਾਂਡ ਡਰਾਫਟ/ਭਾਰਤੀ ਪੋਸਟਲ ਆਰਡਰ/ਮਨੀ ਆਰਡਰ

**ADG (i/c), Publications Division**

ਦੇ ਨਾਂ 'ਤੇ ਬਣਾ ਕੇ ਕੂਪਨ ਸਮੇਤ ਇਸ ਪਤੇ ਉਤੇ ਭੇਜੋ :

**Business Manager (Circulation & Advertisement),**
**Publications Division, Ministy of I&B**
**East Block-4, Level-7, R.K. Puram, New Delhi-110066**

# ਖੁਰਾਕ ਸੁਰੱਖਿਆ ਬਿਲ : ਲੋੜ, ਲਾਗਤ ਤੇ ਵਿਕਲਪ

ਸੁਰਜੀਤ ਐੱਸ ਭੱਲਾ

ਖੁਰਾਕ ਸੁਰੱਖਿਆ ਬਿਲ ਖੁਰਾਕ ਸਬਸਿਡੀ ਦੀ ਅਗਲੀ ਕੜੀ ਹੈ ਜੋ ਭਾਰਤ ਵਿਚ ਪਿਛਲੇ 30 ਸਾਲਾਂ ਦੇ ਵੱਧ ਸਮੇਂ ਤੋਂ ਚਲਦੀ ਆ ਰਹੀ ਹੈ। ਇਸ ਸੰਦਰਭ ਵਿਚ, ਭਾਰਤ ਨੂੰ ਇਸ ਦੇ ਪ੍ਰਬੰਧਨ ਦਾ, ਲਾਗਤ ਦਾ, ਮਿਲ ਰਹੇ ਅਤੇ ਮਿਲਣ ਵਾਲੇ ਲਾਭਾਂ ਬਾਰੇ ਵਿਆਪਕ ਤਜਰਬਾ ਹੈ। ਪਹਿਲਾਂ ਤੋਂ ਚੱਲ ਰਹੀ ਸਕੀਮ ਦੇ ਨਾਲ ਮਿਲਦਾ ਜੁਲਦਾ ਹੋਣ ਕਰਕੇ ਇਕ ਬਹੁਤ ਹੀ ਜਾਇਜ਼ ਸਵਾਲ ਪੈਦਾ ਹੁੰਦਾ ਹੈ – ਵਿਵਾਦ ਕਿਉਂ? ਖੁਰਾਕ ਸੁਰੱਖਿਆ ਬਿਲ ਬਾਰੇ ਕੁਝ ਹਿਸਾਬ-ਕਿਤਾਬ ਲਾਈਏ ਤਾਂ ਪਤਾ ਚਲਦਾ ਹੈ ਕਿ ਮੁੱਦੇ ਬਿਲਕੁਲ ਸਪੱਸ਼ਟ ਹਨ। ਜਿਵੇਂ ਕਿ ਖੁਰਾਕ ਸੁਰੱਖਿਆ ਬਿਲ ਵਿਚ ਸਪੱਸ਼ਟ ਕੀਤਾ ਗਿਆ ਹੈ, ਇਸ ਬਿਲ ਨੂੰ ਲਾਗੂ ਕਰਨ 'ਤੇ ਹੋਣ ਵਾਲੀ ਲਾਗਤ ਸੰਬੰਧੀ ਕੋਈ ਝਗੜਾ ਨਹੀਂ ਹੋਣਾ ਚਾਹੀਦਾ।

**1) ਇਸ ਬਿਲ ਮੁਤਾਬਕ ਪ੍ਰਤਿ ਵਿਅਕਤੀ ਨੂੰ ਹਰੇਕ ਸਾਲ 60 ਕਿਲੋਗ੍ਰਾਮ ਅਨਾਜ (ਮੁੱਖ ਤੌਰ ਤੇ ਚੌਲ ਅਤੇ ਕਣਕ) ਦੇਣ ਦੀ ਯੋਜਨਾ ਹੈ। ਇਹ ਅਨਾਜ ਭਾਰਤ ਦੀ ਦੋ ਤਿਹਾਈ ਵਸੋਂ (ਲਗਭਗ 800 ਮਿਲੀਅਨ) ਨੂੰ 2.5 ਰੁਪਏ ਪ੍ਰਤਿ ਕਿਲੋ ਦੀ ਦਰ ਨਾਲ ਦੇਣ ਦੀ ਯੋਜਨਾ ਹੈ। ਅਨਾਜ ਤੇ ਉਤਪਾਦਨ ਖਰਚਾ ਤਕਰੀਬਨ 23 ਰੁਪਏ ਪ੍ਰਤਿ ਕਿਲੋ ਬੈਠੇਗਾ। ਸੋ, ਸਿੱਧੇ-ਸਿੱਧੇ 20 ਰੁਪਏ ਪ੍ਰਤਿ ਕਿਲੋ ਸਬਸਿਡੀ ਦੇਣੀ ਪਵੇਗੀ।**

2) 800 ਮਿਲੀਅਨ ਲੋਕਾਂ ਨੂੰ 60 ਕਿਲੋਗ੍ਰਾਮ ਪ੍ਰਤਿ ਸਾਲ ਦੇ ਹਿਸਾਬ ਨਾਲ 48 ਮਿਲੀਅਨ ਮੀਟਰਿਕ ਟਨ ਅਨਾਜ ਹਰ ਸਾਲ ਦੇਣਾ ਪਵੇਗਾ। ਪ੍ਰਤਿ ਟਨ 20,000 ਰੁਪਏ ਸਬਸਿਡੀ ਦੀ ਦਰ ਨਾਲ ਇਹ ਰਕਮ ਪ੍ਰਤਿ ਸਾਲ 96 ਹਜ਼ਾਰ ਕਰੋੜ ਰੁਪਏ ਬੈਠੇਗੀ।

3) ਇਕ ਮੋਟੇ ਅਨੁਮਾਨ ਅਨੁਸਾਰ ਇਸ ਸਕੀਮ ਦੀ ਪ੍ਰਬੰਧਨ ਲਾਗਤ 14,000 ਕਰੋੜ ਰੁਪਏ ਸਾਲਾਨਾ ਦੇ ਲਗਭਗ ਹੋਵੇਗੀ।

4) 25 ਮਿਲੀਅਨ ਮੀਟਰਿਕ ਟਨ ਦਾ ਜਮ੍ਹਾਂ ਭੰਡਾਰ ਹਰ ਸਮੇਂ ਬਣਾ ਕੇ ਰੱਖਣਾ ਹੋਵੇਗਾ। ਜੇ ਜ਼ੀਰੋ ਪ੍ਰਤਿਸ਼ਤ ਵਿਆਜ ਮੰਨ ਲਈਏ ਤਾਂ 50,000 ਕਰੋੜ ਰੁਪਏ ਦਾ ਵਾਧੂ ਖਰਚਾ ਹੋਵੇਗਾ। (ਜੇ 10 ਪ੍ਰਤਿਸ਼ਤ ਸਾਲਾਨਾ ਵਿਆਜ ਦਰ ਲਾਈਏ ਤਾਂ 5000 ਕਰੋੜ ਰੁਪਏ ਸਾਲਾਨਾ ਦਾ ਵਾਧੂ ਖਰਚਾ ਹੈ)।

5) ਸੋ, ਇਸ ਸਕੀਮ ਦੇ ਸ਼ੁਰੂ ਹੋਣ ਤੋਂ ਪਹਿਲਾਂ, ਖੁਰਾਕ ਸੁਰੱਖਿਆ ਬਿਲ ਨੂੰ ਲਾਗੂ ਕਰਨ ਦੀ ਲਾਗਤ 1 ਲੱਖ 60 ਹਜ਼ਾਰ ਕਰੋੜ ਰੁਪਏ ਸਾਲਾਨਾ ਬੈਠਦੀ ਹੈ।

ਸਿੱਧਾ ਹਿਸਾਬ ਹੈ ਕਿ ਖੁਰਾਕ ਸੁਰੱਖਿਆ ਬਿਲ ਦਾ ਘੱਟੋ-ਘੱਟ ਸਾਲਾਨਾ ਖਰਚਾ 1 ਲੱਖ 60 ਹਜ਼ਾਰ ਕਰੋੜ ਰੁਪਏ ਹੋਵੇਗਾ। ਤਾਂ ਵੀ, ਸਰਕਾਰ ਦੇ ਅੰਦਾਜ਼ੇ ਮੁਤਾਬਕ ਇਸ ਯੋਜਨਾ 'ਤੇ ਕੁੱਲ ਖਰਚ 1 ਲੱਖ 25 ਹਜ਼ਾਰ ਕਰੋੜ ਰੁਪਏ ਸਾਲਾਨਾ ਹੋਵੇਗਾ। ਪਰ ਸਰਕਾਰ ਕੋਲ ਇਹ ਵਿਕਲਪ ਹੈ ਕਿ ਉਹ ਲਾਗਤ ਨੂੰ ਅਗਲੇ ਸਾਲ ਦੇ ਬਜਟ ਵਿਚ ਤਬਦੀਲ ਕਰ ਦੇਵੇ ਅਤੇ ਅਗਲੇ ਸਾਲ ਦੀ ਸਬਸਿਡੀ ਨੂੰ ਉਸ ਤੋਂ ਅਗਲੇ ਸਾਲ। ਭਾਵੇਂ ਹਿਸਾਬ-ਕਿਤਾਬ ਦੀ ਜਾਦੂਗਰੀ ਜਾਂ ਪੈਸੇ ਦੀ ਤਬਦੀਲੀ ਹੋਵੇ, ਭਾਰਤ ਦੀ ਅਸਲ ਵਾਸਤਵਿਕਤਾ ਨਹੀਂ ਬਦਲਦੀ। ਅਸਲ ਵਿਚ, ਸਬਸਿਡੀ ਤਬਦੀਲ ਕਰਨ ਲਈ ਜੇ ਸਹੀ ਖਾਤਾ ਬਣਾਇਆ ਜਾਵੇ ਤਾਂ ਇਸ ਦਾ ਖਜ਼ਾਨੇ 'ਤੇ 3500 ਕਰੋੜ ਰੁਪਏ ਵਾਧੂ ਭਾਰ ਪਵੇਗਾ। (ਅਗਲੇ ਸਾਲ ਲਈ 10 ਪ੍ਰਤਿਸ਼ਤ ਵਿਆਜ ਦੇ ਹਿਸਾਬ ਨਾਲ 35,000 ਕਰੋੜ ਰੁਪਏ) 1 ਲੱਖ 60 ਹਜ਼ਾਰ ਕਰੋੜ ਰੁਪਏ ਸਾਲਾਨਾ ਸਬਸਿਡੀ ਦਾ ਮਤਲਬ ਹੈ ਕਿ ਇਸ ਯੋਜਨਾ ਵਿਚ ਕੋਈ ਖ਼ਾਮੀ ਨਹੀਂ ਹੋਵੇਗੀ, ਨਾ ਹੀ ਭ੍ਰਿਸ਼ਟਾਚਾਰ ਹੋਵੇਗਾ। ਪਰ ਇਹ ਬਹੁਤ ਹੀ ਫਰਜ਼ੀ ਜਿਹੀਆਂ ਧਾਰਣਾਵਾਂ ਹਨ। ਜਨਤਕ ਵੰਡ ਪ੍ਰਣਾਲੀ ਵਿਚਲੀਆਂ ਖ਼ਾਮੀਆਂ ਜਾਂ ਭ੍ਰਿਸ਼ਟਾਚਾਰ ਦਾ ਸਾਡੇ ਕੋਲ ਹੀ ਸਬੂਤ ਹੈ ਜੋ ਪਿਛਲੇ 30 ਸਾਲਾਂ ਤੋਂ ਭਾਰਤ ਝੱਲ ਰਿਹਾ ਹੈ? ਪਹਿਲਾ ਸਬੂਤ ਹੈ ਕਿ ਭਾਰਤੀ ਖੁਰਾਕ ਨਿਗਮ ਦੇ ਗੁਦਾਮਾਂ ਵਿਚੋਂ ਨਿਕਲਣ ਵਾਲਾ ਅੱਧਾ ਅਨਾਜ ਕਿਸੇ ਕੋਲ ਵੀ ਨਹੀਂ ਪਹੁੰਚਦਾ, ਨਾ ਗਰੀਬ ਤੇ ਨਾ ਅਮੀਰ ਕੋਲ। ਇਸ ਕਰਕੇ ਜੇ ਖੁਰਾਕ ਸੁਰੱਖਿਆ ਯੋਜਨਾ ਉਸੇ 'ਯੋਗਤਾ' ਨਾਲ ਚੱਲੇਗੀ ਜਿਹੋ ਜਿਹੀ ਪਿਛਲੇ 30 ਸਾਲਾਂ ਤੋਂ ਚੱਲ ਰਹੀ ਹੈ, ਜੇ 2.5 ਕਿਲੋਗ੍ਰਾਮ ਦੀ ਥਾਂ 5 ਕਿਲੋਗ੍ਰਾਮ ਅਨਾਜ 800 ਮਿਲੀਅਨ ਲੋਕਾਂ ਨੂੰ ਮੁਹੱਈਆ ਕਰਵਾਉਣਾ ਹੈ ਤਾਂ ਸਿੱਧਾ-ਸਿੱਧਾ 24 ਮਿਲੀਅਨ ਮੀਟਰਿਕ ਟਨ ਅਨਾਜ ਹੋਰ ਖਰੀਦਣਾ ਪਵੇਗਾ। ਜ਼ਾਹਰ ਹੈ, ਅਜਿਹਾ ਹੋਣ ਵਾਲਾ ਨਹੀਂ, ਕਿਉਂਕਿ ਘਰੇਲੂ ਪੂਰਤੀ ਅਤੇ ਵਿਸ਼ਵ ਬਾਜ਼ਾਰ ਦਾ ਸਵਾਲ ਹੈ।

ਰਾਸ਼ਨ ਦੀਆਂ ਦੁਕਾਨਾਂ ਤਕ ਪਹੁੰਚਣ ਵਾਲੇ ਅਨਾਜ ਦੀ ਚੋਰੀ ਨੂੰ ਸਰਕਾਰ ਕਿਸ ਤਰ੍ਹਾਂ ਘਟਾ ਜਾਂ ਰੋਕ ਸਕੇਗੀ? ਜਨਤਕ ਵੰਡ ਪ੍ਰਣਾਲੀ ਨੂੰ ਸਿੱਧੀ ਨਗਦ ਅਦਾਇਗੀ ਨਾਲ ਬਦਲਣ ਦੀਆਂ ਵੀ ਗੱਲਾਂ ਹੋ ਰਹੀਆਂ ਹਨ ਜਿਸ ਦਾ 800 ਮਿਲੀਅਨ ਲੋਕਾਂ ਨੂੰ ਫ਼ਾਇਦਾ ਪੁੱਜੇਗਾ। ਨਗਦ ਅਦਾਇਗੀ ਦਾ ਮਤਲਬ ਹੈ ਲਾਭਪਾਤਰੀ ਨੂੰ ਨਗਦ ਪੈਸਾ ਮੁਹੱਈਆ ਕਰਵਾਉਣਾ ਪਰ ਲਾਭਪਾਤਰੀ

ਨੂੰ ਅਨਾਜ ਫਿਰ ਵੀ ਰਾਸ਼ਨ ਦੀ ਦੁਕਾਨ ਤੋਂ ਹੀ ਖਰੀਦਣਾ ਪਵੇਗਾ। ਜੇ ਨਹੀਂ, ਤਾਂ ਭਾਰਤੀ ਖੁਰਾਕ ਨਿਗਮ ਅਤੇ ਜਨਤਕ ਵੰਡ ਪ੍ਰਣਾਲੀ ਨੂੰ ਪੂਰਨ ਤੌਰ ਤੇ ਸਮਾਪਤ ਕਰਨਾ ਪਵੇਗਾ। ਭਾਵੇਂ ਕਿ ਇਹ ਚੰਗਾ ਲੱਗੇਗਾ ਪਰ ਇਹ ਖੁਰਾਕ ਸੁਰੱਖਿਆ ਯੋਜਨਾ ਮੁਤਾਬਕ ਵਿਉਂਤਿਆ ਜਾਂ ਸੁਝਾਇਆ ਬਿਲਕੁਲ ਨਹੀਂ ਹੋਵੇਗਾ।

ਸੋ, ਇਸ ਮਾਨਤਾ ਅਨੁਸਾਰ ਕਿ ਪਹਿਲਾਂ ਵਾਂਗ ਕੰਮ ਚੱਲਦਾ ਰਹੇਗਾ, 24 ਮਿਲੀਅਨ ਮੀਟਰਿਕ ਟਨ ਅਨਾਜ ਨਹੀਂ ਖਰੀਦਿਆ ਜਾਵੇਗਾ, ਅਤੇ ਨਾ ਹੀ 800 ਮਿਲੀਅਨ (ਜ਼ਰੂਰਤਮੰਦਾਂ) ਤਕ ਪਹੁੰਚਾਇਆ ਜਾਵੇਗਾ। ਪਰ ਕਾਨੂੰਨਸਾਜ਼ਾਂ ਦੀ ਇਹ ਧਾਰਨਾ ਹੈ ਕਿ ਇਹ ਅਨਾਜ 800 ਮਿਲੀਅਨ ਗਰੀਬ ਤੇ ਭੁੱਖਮਰੀ ਦਾ ਸ਼ਿਕਾਰ ਲੋਕਾਂ ਦੀ ਲੋੜ ਹੈ। ਅਰਥਸ਼ਾਸ਼ਤਰੀਆਂ ਅਤੇ ਸਿਵਲ ਸੋਸਾਇਟੀ ਦੇ ਲੋਕਾਂ ਨੂੰ ਇਸ ਚੰਗੀ ਯੋਜਨਾ ਨੂੰ, ਦੋਸ਼ ਭਰਪੂਰ ਸਰਕਾਰੀ ਸਕੀਮਾਂ ਜਾਂ ਸ਼ਾਇਦ ਸੰਸਦ ਦੁਆਰਾ ਲਾਗੂ ਕਰਨ 'ਤੇ ਹੋਣ ਵਾਲੀ 'ਅਸਲ' ਲਾਗਤ ਬਾਰੇ ਜ਼ਰੂਰ ਅੰਦਾਜ਼ਾ ਲਾਉਣਾ ਚਾਹੀਦਾ ਹੈ। ਇਕ ਹਿਸਾਬ ਮੁਤਾਬਕ ਮੌਜੂਦਾ ਖ਼ਾਮੀਆਂ ਨੂੰ ਧਿਆਨ ਵਿਚ ਰਖਦੇ ਹੋਏ ਖੁਰਾਕ ਸੁਰੱਖਿਆ ਯੋਜਨਾ ਨੂੰ ਹਕੀਕਤ ਵਿਚ ਲਾਗੂ ਕਰਨ ਲਈ ਵਾਧੂ 24 ਮਿਲੀਅਨ ਮੀਟਰਿਕ ਟਨ ਅਨਾਜ ਜਾਂ 80 ਹਜ਼ਾਰ ਕਰੋੜ ਰੁਪਏ ਦੇ ਖਰਚੇ ਨੂੰ ਯੋਗਤਾ ਵਧਾ ਕੇ ਜਾਂ ਭ੍ਰਿਸ਼ਟਾਚਾਰ 'ਤੇ ਕਾਬੂ ਪਾ ਕੇ ਨਹੀਂ ਘਟਾਇਆ ਜਾ ਸਕਦਾ ਪਰ ਇਸ ਬਿਲ ਦੇ ਜ਼ਿਆਦਾਤਰ ਹਮਾਇਤੀ ਇਸ ਮਹੱਤਵਪੂਰਨ ਮੁੱਦੇ ਬਾਰੇ ਚੁੱਪ ਹਨ। ਜਦੋਂ ਤਕ ਭ੍ਰਿਸ਼ਟਾਚਾਰ ਘਟਾਉਣ ਦੇ ਕੋਈ ਠੋਸ ਉਪਰਾਲੇ ਨਹੀਂ ਕੀਤੇ ਜਾਂਦੇ, ਉਦੋਂ ਤਕ ਇਹ ਮੰਨ ਕੇ ਚੱਲਣਾ ਪਵੇਗਾ ਕਿ ਪ੍ਰਤਿ ਵਿਅਕਤੀ 5 ਕਿਲੋ ਅਨਾਜ ਹਰੇਕ ਮਹੀਨੇ ਮੁਹੱਈਆ ਕਰਵਾਉਣ ਲਈ ਸਾਲਾਨਾ ਸਬਸਿਡੀ ਬਿਲ 2 ਲੱਖ 40 ਹਜ਼ਾਰ ਕਰੋੜ ਰੁਪਏ ਹੋ ਜਾਏਗਾ।

ਇਕ ਹੋਰ ਮੁੱਦਾ ਜਿਸ ਦਾ ਖੁਰਾਕ ਸੁਰੱਖਿਆ ਯੋਜਨਾ ਦੀ ਲਾਗਤ ਵਿਚ ਜ਼ਿਕਰ ਨਹੀਂ ਕੀਤਾ ਗਿਆ, ਉਹ ਹੈ ਖਰਾਬ ਹੋਣ ਵਾਲਾ ਅਨਾਜ। ਖੇਤੀਬਾੜੀ ਮੰਤਰੀ ਨੇ ਖੁਦ ਇਹ ਮੰਨਿਆ ਹੈ ਕਿ ਹਰ ਸਾਲ 30 ਹਜ਼ਾਰ ਕਰੋੜ ਰੁਪਏ ਦਾ ਅਨਾਜ ਸੜ-ਗਲ਼ ਜਾਂਦਾ ਹੈ। ਇਸ ਨਾਲ ਇਕ ਬੁਨਿਆਦੀ ਸਵਾਲ ਖੜ੍ਹਾ ਹੋ ਜਾਂਦਾ ਹੈ - ਭਾਰਤ ਮੰਗਲ ਗ੍ਰਹਿ 'ਤੇ ਰਾਕਟ ਭੇਜਣ ਦੇ ਸਮਰੱਥ ਤਾਂ ਹੈ ਪਰ ਅਨਾਜ ਦੇ ਭੰਡਾਰਨ ਦੀ ਸਮੱਸਿਆ ਹੱਲ ਨਹੀਂ ਕਰ ਸਕਦਾ? ਇਸ ਦਾ ਉੱਤਰ ਹੈ ਕਿ ਅਨਾਜ ਭੰਡਾਰਨ ਦੇ ਮਾਮਲੇ ਵਿਚ ਭਾਰਤ ਵਿਸ਼ਵ ਦੇ ਕਿਸੇ ਵੀ ਦੇਸ਼ ਨਾਲੋਂ ਵੱਧ ਤਜਰਬਾ ਰੱਖਦਾ ਹੈ ਤੇ ਭਾਰਤ ਪਿਛਲੇ 30 ਸਾਲਾਂ ਤੋਂ ਇਹ ਕੰਮ ਬਾਖੂਬੀ ਕਰਦਾ ਆ ਰਿਹਾ ਹੈ। ਇਹ ਬਿਲਕੁਲ ਵੀ ਨਹੀਂ ਆਖਿਆ ਜਾ ਸਕਦਾ ਕਿ ਭਾਰਤ ਕੋਲ ਇਸ ਬਾਰੇ ਤਕਨੀਕੀ ਜਾਣਕਾਰੀ ਨਹੀਂ, ਜ਼ਮੀਨ ਨਹੀਂ ਜਿਥੇ ਵਾਧੂ ਭੰਡਾਰ ਬਣਾਏ ਜਾ ਸਕਣ। ਇਸ ਤੋਂ ਇਹ ਸੰਭਾਵਨਾ ਸਿੱਧ ਹੁੰਦੀ ਹੈ ਕਿ ਭਾਰਤ ਵਿਚ ਅਨਾਜ ਅਸਲ ਵਿਚ ਖਰਾਬ ਨਹੀਂ ਹੁੰਦਾ ਪਰ ਖਰਾਬ ਕੀਤਾ ਜਾਂਦਾ ਹੈ। ਅਨਾਜ ਨੂੰ ਸੜਨ ਦੇਣ ਨਾਲ ਕੀ ਪ੍ਰਾਪਤੀ ਹੋਵੇਗੀ? ਸੜੇ ਹੋਏ ਅਨਾਜ ਦਾ ਵਿਕਲਪ, ਚੂਹਿਆਂ ਦੇ ਵਧਣ ਤੋਂ ਬਿਨਾਂ, ਸ਼ਰਾਬ ਬਣਾਉਣਾ ਹੈ। ਜੇ ਇਹ ਸਚਾਈ ਹੈ ਤਾਂ ਇਸ ਯੋਜਨਾ ਦੀ ਸਪੱਸ਼ਟਤਾ 'ਤੇ ਵਾਰੇ-ਵਾਰੇ ਜਾਣ ਨੂੰ ਜੀਅ ਕਰਦਾ ਹੈ। ਵਿੱਤੀ ਭਾਸ਼ਾ ਵਿਚ ਗਲ਼ੇ-ਸੜੇ ਅਨਾਜ ਦਾ ਹਿਸਾਬ-ਕਿਤਾਬ ਰੱਖਣ ਦੀ ਲੋੜ ਨਹੀਂ। ਪਰ ਵਿਕਲਪਿਕ ਵਰਤੋਂ ਵਿਚ ਇਸ ਨੂੰ ਗ਼ੈਰ-ਲਾਗਤ ਵਾਲਾ ਨਿਵੇਸ਼ ਕਿਹਾ ਜਾ ਸਕਦਾ ਹੈ ਜਿਸ ਦਾ ਮਤਲਬ ਹੈ ਵਾਧੂ ਮੁਨਾਫ਼ਾ।

**ਸ਼ਾਇਦ ਸ਼ਾਬਦਿਕ ਅਰਥਾਂ ਵਿਚ ਭਾਰਤ ਵਿਚ ਅਨਾਜ ਬਰਬਾਦ ਨਹੀਂ ਕੀਤਾ ਜਾਂਦਾ ਪਰ ਖਰਾਬ, ਸੜਿਆ ਹੋਇਆ ਅਨਾਜ ਆਮ ਜਨਤਾ ਅਤੇ ਖਜ਼ਾਨੇ 'ਤੇ ਭਾਰ ਜ਼ਰੂਰ ਪਾਉਂਦਾ ਹੈ। ਜਦੋਂ ਤਕ ਖੁਰਾਕ ਸੁਰੱਖਿਆ ਯੋਜਨਾ ਅੰਦਰ ਅਨਾਜ ਦੀ ਬਰਬਾਦੀ ਖਤਮ ਕਰਨ ਦਾ ਪ੍ਰਾਵਧਾਨ ਨਹੀਂ ਕੀਤਾ ਜਾਂਦਾ, ਖਰਾਬ ਹੋਏ ਅਨਾਜ ਦੀ ਕੀਮਤ ਨੂੰ 2 ਲੱਖ 40 ਹਜ਼ਾਰ ਕਰੋੜ ਰੁਪਏ ਦੀ ਕੁੱਲ ਸਬਸਿਡੀ ਵਿਚ ਜੋੜਿਆ ਜਾਣਾ ਚਾਹੀਦਾ ਹੈ ਜਿਸ ਨਾਲ ਖੁਰਾਕ ਸੁਰੱਖਿਆ ਯੋਜਨਾ ਦਾ ਕੁੱਲ ਖਰਚ 2 ਲੱਖ 70 ਹਜ਼ਾਰ ਕਰੋੜ ਰੁਪਏ ਤਕ ਪੁੱਜ ਜਾਵੇਗਾ।**

ਕੀ 2 ਲੱਖ 70 ਹਜ਼ਾਰ ਕਰੋੜ ਰੁਪਏ ਦੇ ਖਰਚੇ ਨਾਲ ਖੁਰਾਕ ਸੁਰੱਖਿਆ ਬਿਲ ਰਾਹੀਂ ਭੁੱਖ, ਗਰੀਬੀ ਅਤੇ ਕੁਪੋਸ਼ਣ ਦਾ ਮੁਕੰਮਲ ਖਾਤਮਾ ਹੋ ਸਕੇਗਾ?

ਅੱਜ ਭਾਰਤ ਵਿਚ ਭੁੱਖਮਰੀ ਕਿੰਨੀ ਵਿਆਪਕ ਹੈ? ਇਸ ਬਾਰੇ ਵੱਖ ਅੰਦਾਜ਼ੇ ਹਨ। ਅਸਲ ਵਿਚ, ਅਜਿਹੇ ਅੰਦਾਜ਼ਿਆਂ ਦੇ ਦੋ ਸਰੋਤ ਹਨ। ਪਹਿਲਾ ਅੰਦਾਜ਼ਾ ਕਿਸੇ ਵੀ ਰਵਾਇਤੀ ਘਰ ਵਿਚ ਪੁੱਛੇ ਜਾਣ ਵਾਲੇ ਸਵਾਲ ਦਾ ਜਵਾਬ ਹੈ - ਕੀ ਤੁਹਾਡੇ ਘਰ ਦੇ ਕਿਸੇ ਜੀਅ ਨੂੰ ਇਕ ਹਫ਼ਤੇ ਜਾਂ ਮਹੀਨੇ ਵਿਚ ਦਿਨ ਵਿਚ ਦੋ ਵਾਰ ਭਰ ਪੇਟ ਖਾਣਾ ਨਹੀਂ ਮਿਲਿਆ। ਇਹ ਸਵਾਲ ਨੈਸ਼ਨਲ ਸੈਂਪਲ ਸਰਵੇ ਵਿਚ ਵਾਰ-ਵਾਰ ਪੁੱਛਿਆ ਜਾਂਦਾ ਰਿਹਾ ਹੈ। 2004-05 ਦੇ ਨੈਸ਼ਨਲ ਸੈਂਪਲ ਸਰਵੇ ਤੋਂ ਬਾਅਦ ਇਹ ਸਵਾਲ ਸੂਚੀ ਵਿਚੋਂ ਹਟਾ ਦਿਤਾ ਗਿਆ। ਇਸ ਦਾ ਬੜਾ ਸਿੱਧਾ ਕਾਰਨ ਸੀ ਕਿ ਬਹੁਤ ਹੀ ਘੱਟ ਪਰਿਵਾਰਾਂ (ਭਾਰਤ ਦੀ ਕੁੱਲ ਵਸੋਂ ਦੇ 2 ਪ੍ਰਤਿਸ਼ਤ ਤੋਂ ਵੀ ਘੱਟ) ਨੇ ਇਹ ਜਵਾਬ ਦਿਤਾ ਸੀ ਕਿ ਉਨ੍ਹਾਂ ਨੂੰ ਭਰ ਪੇਟ ਖਾਣਾ ਨਹੀਂ ਮਿਲਦਾ। ਤਿੰਨ ਦਹਾਕੇ ਪਹਿਲਾਂ ਇਹ ਗਿਣਤੀ 10 ਪ੍ਰਤਿਸ਼ਤ ਤੋਂ ਵੱਧ ਸੀ।

ਜਾਣਕਾਰੀ ਦਾ ਦੂਜਾ ਸਰੋਤ ਹੈ ਕੈਲੋਰੀ ਦੀ ਖਪਤ, ਮਤਲਬ - ਜੇ ਕੈਲੋਰੀ ਦੀ ਖਪਤ ਇਕ ਘੱਟੋ-ਘੱਟ ਪੱਧਰ ਤੋਂ ਹੇਠਾਂ ਰਹਿ ਜਾਵੇ ਤਾਂ ਇਹ ਮੰਨ ਲਿਆ ਜਾਂਦਾ ਹੈ ਕਿ ਵਿਅਕਤੀ ਭੁੱਖਾ ਹੈ। ਕੈਲੋਰੀ ਦੀ ਖਪਤ ਵਾਲਾ ਤਰੀਕਾ ਕਈ ਕਾਰਨਾਂ ਕਰਕੇ ਸਟੀਕ ਨਹੀਂ, ਕਿਉਂਕਿ ਇਹ ਉਮਰ, ਲਿੰਗ, ਕੰਮ ਦਾ ਭਾਰ, ਕੱਦ, ਭਾਰ, ਰਾਜਨੀਤਕ ਵਿਚਾਰਧਾਰਾ ਆਦਿ ਨਾਲ ਬਦਲਦੀ ਰਹਿੰਦੀ ਹੈ। ਪੌਸ਼ਟਿਕਤਾ ਦੇ ਮਾਹਰਾਂ ਨੇ ਕੈਲੋਰੀ ਖਪਤ ਨਾਲ ਪੌਸ਼ਟਿਕਤਾ ਬਾਰੇ ਜਾਣਨ ਲਈ ਤਰੀਕੇ ਲੱਭ ਲਏ ਹਨ ਪਰ ਭੁੱਖ ਬਾਰੇ ਕੁੱਝ ਨਹੀਂ ਕਰ ਸਕੇ। ਪਰ ਇਹ ਕੱਢੇ ਗਏ ਸਿੱਟੇ ਵੀ ਸ਼ੱਕੀ ਜਿਹੇ ਹਨ।

ਕੁਪੋਸ਼ਣ ਬਾਰੇ ਵਿਸ਼ਵ ਦਾ ਸਭ ਤੋਂ ਵਧੀਆ ਪੈਮਾਨਾ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਭਾਰ ਅਤੇ ਕੱਦ ਹੈ। ਇਸ ਪੈਮਾਨੇ ਮੁਤਾਬਕ ਭਾਰਤ ਦੇ 40 ਪ੍ਰਤਿਸ਼ਤ ਬੱਚੇ ਕੁਪੋਸ਼ਣ ਦੇ ਸ਼ਿਕਾਰ ਹਨ।

## ਖੁਰਾਕ ਸੁਰੱਖਿਆ ਬਿੱਲ ਦੀ ਬੌਧਿਕ ਉਤਪੱਤੀ

ਭਾਰਤ ਵਿਚ ਜਨਤਕ ਵੰਡ ਪ੍ਰਣਾਲੀ ਸ਼ੁਰੂ ਕਰਨ ਪਿੱਛੇ ਵਿਚਾਰਧਾਰਕ, ਰਾਜਨੀਤਕ ਅਤੇ ਆਰਥਿਕ ਸੋਚ ਦੀ ਪੜਤਾਲ ਕਰਨਾ ਅਣਉਚਿਤ

ਨਹੀਂ ਹੋਵੇਗਾ। ਜਿਵੇਂ ਕਿ 2013 ਦੀ ਭੱਲਾ ਰਿਪੋਰਟ ਵਿਚ ਵਿਸਥਾਰਿਤ ਚਰਚਾ ਕੀਤੀ ਗਈ ਹੈ, ਸਰਕਾਰ ਨੇ ਅਨਾਜ ਉਤਪਾਦਨ, ਖਰੀਦ ਅਤੇ ਵੰਡ ਦੇ ਸਾਰੇ ਪਹਿਲੂਆਂ ਵਿਚ ਆਪਣੇ ਆਪ ਨੂੰ ਸ਼ਾਮਿਲ ਕਰ ਲਿਆ। ਬਜਾਇ ਇਸ ਦੇ ਕਿ ਅੰਨ ਟਿਕਟਾਂ ਦੇਣ ਦੇ (ਜਿਵੇਂ ਕਿ ਅਮਰੀਕਾ ਅਤੇ ਸ੍ਰੀਲੰਕਾ ਵਿਚ ਕੀਤਾ ਜਾਂਦਾ ਹੈ) ਸਰਕਾਰ ਨੇ ਕਿਸਾਨਾਂ ਲਈ ਕੀਮਤਾਂ ਨਿਰਧਾਰਤ ਕੀਤੀਆਂ, ਜਿਣਸ ਦੀ ਖਰੀਦ ਕੀਤੀ, ਅਨਾਜ ਦੀ ਅੰਤਰਰਾਜੀ ਤਬਦੀਲੀ 'ਤੇ ਰੋਕ ਲਾਈ (ਇਕ ਕਠੋਰ ਕਾਨੂੰਨ ਜਿਸ ਨੂੰ ਪਿਛਲੇ ਦਹਾਕੇ ਵਿਚ ਹੀ ਵਾਪਸ ਲਿਆ ਗਿਆ) ਅਤੇ ਰਿਆਇਤੀ ਦਰਾਂ 'ਤੇ ਅਨਾਜ ਖਰੀਦਣ ਲਈ ਯੋਗਤਾ ਦੇ ਮਾਪਦੰਡ ਨਿਰਧਾਰਤ ਕੀਤੇ। ਆਸ ਮੁਤਾਬਕ, ਇਸ ਨਾਲ ਕਾਲਾ ਬਾਜ਼ਾਰੀ ਹੋਈ ਅਤੇ ਕੁੱਝ ਰਾਜਾਂ ਵਿਚ ਰਾਸ਼ਨ ਕਾਰਡ ਧਾਰਕਾਂ ਦੀ ਗਿਣਤੀ ਰਾਜ ਦੀ ਕੁੱਲ ਵਸੋਂ ਤੋਂ ਵੀ ਵਧ ਗਈ।

ਪਰ ਭ੍ਰਿਸ਼ਟਾਚਾਰ ਦੀ ਦਰਦਨਾਕ, ਵਿਅੰਗਮਈ ਕਹਾਣੀ ਇਥੇ ਹੀ ਖਤਮ ਨਹੀਂ ਹੋਈ। ਸਰਕਾਰ ਘਰੇਲੂ ਪੱਧਰ 'ਤੇ ਹੋਰ ਜ਼ਿਆਦਾ ਅਨਾਜ ਉਤਪਾਦਨ ਚਾਹੁੰਦੀ ਸੀ ਜਿਸ ਨਾਲ ਉਸ ਦਾ ਗਰੀਬੀ ਵਿਰੋਧੀ ਮੋਰਚਾ ਸਫਲ ਹੋ ਸਕੇ। ਸੋ, ਸਰਕਾਰ ਨੇ ਰਸਾਇਣਕ ਖਾਦਾਂ 'ਤੇ ਸਬਸਿਡੀ ਦੇ ਭੰਡਾਰ ਖੋਲ੍ਹ ਦਿਤੇ। ਪਰ ਨਵੀਂ ਤਕਨੀਕ ਰਸਾਇਣਕ ਖਾਦਾਂ ਦੇ ਨਾਲ-ਨਾਲ ਨਿਰੰਤਰ ਪਾਣੀ ਦੀ ਮੰਗ ਕਰਦੀ ਸੀ, ਸੋ ਪਾਣੀ ਤੇ ਸਬਸਿਡੀ ਦੇ ਦਿਤੀ ਗਈ, ਪਰ ਸਿੰਜਾਈ ਲਈ ਬਿਜਲੀ ਚਾਹੀਦੀ ਸੀ, ਫਿਰ ਬਿਜਲੀ ਤੇ ਸਬਸਿਡੀ ਦੇ ਦਿਤੀ ਗਈ। ਇਸ ਸਾਰੇ ਕੁੱਝ ਨਾਲ ਇਹ ਦੁਨੀਆਂ ਭਰ ਦਾ ਸਭ ਤੋਂ ਵੱਧ ਭ੍ਰਿਸ਼ਟ ਗਰੀਬੀ ਵਿਰੋਧੀ ਪ੍ਰੋਗਰਾਮ ਬਣ ਗਿਆ।

## ਖੁਰਾਕ ਸੁਰੱਖਿਆ ਬਿਲ ਦੀ ਲੋੜ ਕਿਉਂ ਪਈ?

ਖੁਰਾਕ ਸੁਰੱਖਿਆ ਬਿਲ ਦੇ ਪ੍ਰਯੋਜਕਾਂ (ਜਿਨ੍ਹਾਂ ਵਿਚ ਰਾਜ ਨੇਤਾ ਅਤੇ ਸਿੱਖਿਆ ਮਾਹਰ ਸ਼ਾਮਿਲ ਹਨ) ਨੇ ਇਸ ਦੇ ਹੱਕ ਵਿਚ ਤਿੰਨ ਦਲੀਲਾਂ ਦਿਤੀਆਂ। ਪਹਿਲੀ ਅਤੇ ਸਭ ਤੋਂ ਮਹੱਤਵਪੂਰਨ ਦਲੀਲ ਇਹ ਦਿਤੀ ਗਈ ਕਿ ਇਸ ਬਿਲ ਦੇ ਪਾਸ ਹੋਣ ਨਾਲ ਭੁੱਖਮਰੀ ਜੇ ਖਤਮ ਨਹੀਂ ਤਾਂ ਹੌਲੀ-ਹੌਲੀ ਘਟ ਜ਼ਰੂਰ ਜਾਵੇਗੀ। ਜਿਵੇਂ ਕਿ ਉੱਪਰ ਦੱਸਿਆ ਜਾ ਚੁੱਕਾ ਹੈ ਇਸ ਤਰਕ ਨੂੰ ਸਿੱਧ ਕਰਨ ਲਈ ਅੰਕੜਿਆਂ ਬਾਰੇ ਕੋਈ ਸਬੂਤ ਨਹੀਂ ਕਿ ਵਸੋਂ ਦਾ 5 ਪ੍ਰਤਿਸ਼ਤ ਵੀ ਭੁੱਖਮਰੀ ਦਾ ਸ਼ਿਕਾਰ ਹੈ, 67 ਪ੍ਰਤਿਸ਼ਤ ਦੀ ਤਾਂ ਗੱਲ ਛੱਡੋ ਜਿਨ੍ਹਾਂ ਲਈ ਇਹ ਬਿਲ ਰਿਆਇਤੀ ਅਨਾਜ ਮੁਹੱਈਆ ਕਰਵਾਉਣ ਦੀ ਗੱਲ ਕਰਦਾ ਹੈ।

**ਇਸ ਬਿਲ ਦੇ ਹੱਕ ਵਿਚ ਦੂਜੀ ਦਲੀਲ ਇਹ ਹੈ ਕਿ ਭਾਰਤ ਦੇ ਬਹੁਤੇ ਵਸਨੀਕ ਗਰੀਬ ਹਨ ਤੇ ਉਨ੍ਹਾਂ ਨੂੰ ਗਰੀਬੀ ਘਟਾਉਣ ਲਈ ਅੰਨ ਦੀ ਜ਼ਰੂਰਤ ਹੈ। ਪਰ 2011-12 ਦੇ ਨੈਸ਼ਨਲ ਸੈਂਪਲ ਸਰਵੇ ਦੇ ਨਤੀਜੇ ਦਰਸਾਉਂਦੇ ਹਨ ਕਿ ਭਾਰਤ ਦੀ 22 ਪ੍ਰਤਿਸ਼ਤ ਵਸੋਂ ਹੀ ਗਰੀਬ ਹੈ। ਸੋ, ਜੇ ਇਹ ਪ੍ਰੋਗਰਾਮ ਵਸੋਂ ਦੇ ਹੇਠਲੇ ਤੀਜੇ ਹਿੱਸੇ ਦੀ ਮਦਦ ਲਈ ਬਣਾਇਆ ਗਿਆ ਸੀ ਤਾਂ ਸਾਰਥਕ ਮੰਨਿਆ ਜਾ ਸਕਦਾ ਸੀ ਪਰ ਵਸੋਂ ਦੇ ਦੋ ਤਿਹਾਈ ਹਿੱਸੇ ਲਈ ਖੁਰਾਕ ਦਾ ਅਧਿਕਾਰ ਪ੍ਰੋਗਰਾਮ ਸ਼ੁਰੂ ਕਰਕੇ ਹੇਠਲੇ ਤੀਜੇ ਹਿੱਸੇ ਦੀ ਮਦਦ ਕਰਨ ਵਿਚ ਕੋਈ ਤੁਕ ਨਹੀਂ।**

ਬੱਚਿਆਂ ਦੇ ਕੁਪੋਸ਼ਣ ਦਾ ਮੁੱਦਾ ਖੜ੍ਹੇ ਦਾ ਖੜ੍ਹਾ ਹੈ। ਭਾਰਤੀ ਬੱਚਿਆਂ ਦੀ ਇਕ ਵੱਡੀ ਪ੍ਰਤਿਸ਼ਤ ਵਿਚ ਕੁਪੋਸ਼ਣ ਨੂੰ ਨਕਾਰਿਆ ਨਹੀਂ ਜਾ ਸਕਦਾ। ਯਕੀਨਨ, ਅੰਕੜੇ ਬਿਆਨ ਕਰਦੇ ਹਨ ਕਿ ਕੱਦ ਦੇ ਹਿਸਾਬ ਨਾਲ ਵਜ਼ਨ ਦੇ ਮਾਮਲੇ ਵਿਚ ਭਾਰਤੀ ਬੱਚੇ ਅਫਰੀਕਾ ਦੇ ਉਪ-ਸਹਾਰਾ ਦੇਸ਼ਾਂ ਦੇ ਬੱਚਿਆਂ ਨਾਲੋਂ ਵੀ ਫਾਡੀ ਹਨ। ਇਹ ਪਤਾ ਨਹੀਂ ਲਗਦਾ ਕਿ ਅੰਨ ਸੁਰੱਖਿਆ ਯੋਜਨਾ ਬੱਚਿਆਂ ਵਿਚ ਫੈਲੇ ਕੁਪੋਸ਼ਣ ਨੂੰ ਕਿਵੇਂ ਕਾਬੂ ਕਰੇਗੀ। ਤਾਜ਼ਾ ਖੋਜ (ਮਿਸਾਲ ਲਈ ਯੂਪੀਅਰਜ਼-2012) ਵਿਚ ਇਹ ਦਰਸਾਇਆ ਗਿਆ ਹੈ ਕਿ ਬੱਚਿਆਂ ਦੇ ਕੁਪੋਸ਼ਣ ਲਈ ਮੁੱਖ ਤੌਰ ਤੇ ਪਾਣੀ ਦੀ ਕਮੀ ਅਤੇ ਸਾਫ਼-ਸਫ਼ਾਈ ਦੀ ਅਣਹੋਂਦ ਹੈ। ਭਾਰਤ ਵਿਚ ਸਭ ਤੋਂ ਜ਼ਿਆਦਾ (ਕਰੀਬ 50 ਪ੍ਰਤਿਸ਼ਤ) ਲੋਕ ਖੁੱਲ੍ਹੇ ਵਿਚ ਹਾਜਤ ਲਈ ਜਾਂਦੇ ਹਨ, ਇਸ ਤੋਂ ਬੱਚਿਆਂ ਵਿਚ ਜ਼ਿਆਦਾ ਕੁਪੋਸ਼ਣ ਦਾ ਪਤਾ ਲਗਦਾ ਹੈ, ਬਾਵਜੂਦ ਇਸ ਦੇ ਕਿ ਭਾਰਤ ਦਰਮਿਆਨੀ ਆਮਦਨ ਵਾਲਾ ਮੁਲਕ ਹੈ।

## ਖੁਰਾਕ ਸੁਰੱਖਿਆ ਬਿਲ ਦੀ ਲਾਗਤ ਦੇ ਵਿਕਲਪ

ਭਾਰਤ ਦੇ ਨੀਤੀ ਨਿਰਧਾਰਕਾਂ ਲਈ ਇਹ ਕਲਪਨਾ ਕਰਨ ਦਾ ਅੰਦਾਜ਼ਾ ਲਾਉਣ ਦੀ ਲੋੜ ਹੈ ਕਿ ਜੇ ਭਲਾਈ ਸਕੀਮਾਂ 'ਤੇ ਖਰਚਿਆ ਜਾ ਰਿਹਾ ਪੈਸਾ ਹੋਰ ਸਕੀਮਾਂ 'ਤੇ ਖਰਚਿਆ ਜਾਂਦਾ ਤਾਂ ਗਰੀਬ, ਕੁਪੋਸ਼ਿਤ ਵਿਅਕਤੀਆਂ ਦਾ ਕੀ ਹਾਲ ਹੁੰਦਾ?

ਪਿਛਲੇ ਬਹੁਤ ਵਰ੍ਹਿਆਂ ਤੋਂ ਕੁੱਲ ਘਰੇਲੂ ਉਤਪਾਦ ਦਾ 2 ਪ੍ਰਤਿਸ਼ਤ ਤੋਂ ਵੱਧ ਗਰੀਬਾਂ ਦੇ ਨਾਮ 'ਤੇ ਚਲਾਈਆਂ ਜਾ ਰਹੀਆਂ ਸਕੀਮਾਂ 'ਤੇ ਖਰਚ ਹੋ ਰਿਹਾ ਹੈ (ਇਹ ਖੁਰਾਕ ਸੁਰੱਖਿਆ ਯੋਜਨਾ ਦੇ ਖੋਜ ਤੋਂ ਪਹਿਲਾਂ ਦੀ ਗੱਲ ਹੈ ਜਿਸ ਵਿਚ ਜਨਤਕ ਵੰਡ ਪ੍ਰਣਾਲੀ, ਰੁਜ਼ਗਾਰ ਦੇਣ ਵਾਲੀ ਨਰੇਗਾ ਅਤੇ ਖੇਤੀ ਉਪਜ ਵਧਾਉਣ ਲਈ ਰਸਾਇਣਕ ਖਾਦਾਂ 'ਤੇ ਦਿਤੀ ਜਾਣ ਵਾਲੀ ਸਬਸਿਡੀ ਸ਼ਾਮਿਲ ਹੈ)। ਕਲਪਨਾ ਕਰੋ ਕਿ ਇਸ ਰਕਮ ਦਾ ਅੱਧਾ ਹਿੱਸਾ ਪਾਣੀ ਅਤੇ ਸਾਫ਼-ਸਫ਼ਾਈ ਦੀਆਂ ਯੋਜਨਾਵਾਂ 'ਤੇ ਖਰਚ ਕੀਤਾ ਜਾਣਾ ਸੀ। ਹਾਲੇ ਕੁੱਝ ਚਿਰ ਪਹਿਲਾਂ ਤਕ ਕੁੱਲ ਘਰੇਲੂ ਉਤਪਾਦ ਦਾ 4 ਪ੍ਰਤਿਸ਼ਤ ਢਾਂਚਾਗਤ ਨਿਵੇਸ਼ 'ਤੇ ਖਰਚ ਕੀਤਾ ਜਾਂਦਾ ਸੀ (ਅੱਜ ਇਹ ਅੰਕੜਾ 7 ਪ੍ਰਤਿਸ਼ਤ ਦੇ ਲਗਭਗ ਹੈ। ਕੁੱਲ ਘਰੇਲੂ ਉਤਪਾਦ ਦਾ ਅੱਧਾ ਪ੍ਰਤਿਸ਼ਤ ਨਿਵੇਸ਼ ਦੇ ਲਿਹਾਜ ਨਾਲ ਬਹੁਤ ਘੱਟ ਲੱਗੇਗਾ। ਪਰ ਗਰੀਬਾਂ ਲਈ ਇਹ ਖਾਸਾ ਵੱਡਾ ਨਿਵੇਸ਼ ਸਾਬਤ ਹੁੰਦਾ। ਇਸ ਨਿਵੇਸ਼ ਦੇ ਫ਼ਾਇਦੇ ਚੰਗੀ ਪੌਸ਼ਟਿਕ ਖੁਰਾਕ, ਵਧੇਰੇ ਉਤਪਾਦਨ ਸਮਰੱਥਾ, ਸਿਹਤ ਸਹੂਲਤਾਂ ਤੇ ਘੱਟ ਖਰਚ, ਜ਼ਿਆਦਾ ਆਮਦਨ ਤੇ ਘੱਟ ਗਰੀਬੀ ਦੇ ਰੂਪ ਵਿਚ ਸਾਹਮਣੇ ਆਉਂਦੇ। ਇਸ ਵਿਚ ਚੋਰੀ ਅਤੇ ਜਨਤਕ ਖੇਤਰ ਦੇ ਠੇਕਿਆਂ ਵਿਚ ਆਮ ਦਰ ਦਾ ਭ੍ਰਿਸ਼ਟਾਚਾਰ ਹੁੰਦਾ। ਇਸ ਦਾ ਨਾ ਹੋਣਾ 'ਵੱਡੇ ਲੋਕਾਂ ਲਈ ਬਣਾਏ ਪ੍ਰੋਗਰਾਮਾਂ ਅਤੇ ਗਰੀਬਾਂ ਲਈ ਬਣਾਈਆਂ ਯੋਜਨਾਵਾਂ 'ਤੇ 'ਚੋਟ' ਹੈ, ਉਹ ਸਕੀਮਾਂ ਜਿਨ੍ਹਾਂ ਬਾਰੇ ਰਾਜੀਵ ਗਾਂਧੀ ਨੇ ਕਿਹਾ ਸੀ ਕਿ ਇਨ੍ਹਾਂ ਦਾ ਫ਼ਾਇਦਾ ਅਸਲੀ ਹੱਕਦਾਰਾਂ-ਗਰੀਬਾਂ ਨੂੰ ਨਹੀਂ ਮਿਲਦਾ।

*(ਲੇਖਕ ਦਿੱਲੀ ਸਥਿਤ ਔਕਸਸ ਰੀਸਰਚ ਐਂਡ ਇਨਵੈਸਟਮੈਂਟ ਦਾ ਮੈਨੇਜਿੰਗ ਡਾਇਰੈਕਟਰ ਹੈ।)*

*e-mail :ssbhalla@gmail.com*

*admin@oxusinvestments.com*

# ਹਾਸ਼ੀਏ 'ਤੇ ਪਏ ਭਾਈਚਾਰਿਆਂ ਦੇ ਵਿਕਾਸ ਲਈ ਜਨਤਕ ਸਰੋਤਾਂ ਦਾ ਢੁਕਵਾਂਪਨ

**ਜਾਵੇਦ ਆਲਮ ਖ਼ਾਨ**

ਭਾਰਤ ਵਿਚ ਅਨੁਸੂਚਿਤ ਜਨਜਾਤੀਆਂ, ਅਨੁਸੂਚਿਤ ਜਾਤੀਆਂ, ਧਾਰਮਿਕ ਘੱਟ ਗਿਣਤੀਆਂ, ਔਰਤਾਂ, ਬੱਚਿਆਂ ਅਤੇ ਅੰਗਹੀਣਾਂ ਨੂੰ ਹਾਸ਼ੀਏ 'ਤੇ ਪਏ ਸਮੁਦਾਇ ਵਜੋਂ ਜਾਣਿਆ ਜਾਂਦਾ ਹੈ। ਭਾਰਤ ਦੀ ਕੁੱਲ ਵਸੋਂ ਵਿਚੋਂ ਧਾਰਮਿਕ ਘੱਟ ਗਿਣਤੀਆਂ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੀ ਗਿਣਤੀ ਕ੍ਰਮਵਾਰ 19, 16 ਅਤੇ 8 ਪ੍ਰਤਿਸ਼ਤ ਹੈ (2001 ਦੀ ਜਨਗਣਨਾ ਮੁਤਾਬਕ)। ਮੁਸਲਮਾਨ ਕੁੱਲ ਵਸੋਂ ਦਾ 15 ਪ੍ਰਤਿਸ਼ਤ ਹਨ। ਇਸ ਹਿਸਾਬ ਨਾਲ ਧਾਰਮਿਕ ਘੱਟ ਗਿਣਤੀਆਂ ਵਿਚੋਂ ਉਹ ਸਭ ਤੋਂ ਵੱਡਾ ਤਬਕਾ ਹਨ। ਹਾਸ਼ੀਏ 'ਤੇ ਰਹਿਣ ਦਾ ਮਤਲਬ ਉਹ ਪ੍ਰਕਿਰਿਆ ਹੈ ਜਿਸ ਤਹਿਤ ਵੰਚਿਤ ਭਾਈਚਾਰਿਆਂ ਨੂੰ ਬਹੁਤ ਸਾਰੀਆਂ ਔਕੜਾਂ, ਭੇਦਭਾਵ, ਜਨਤਕ ਮਾਲ ਦੀ ਪ੍ਰਾਪਤੀ ਵਿਚ ਉਨ੍ਹਾਂ ਨੂੰ ਸ਼ਾਮਿਲ ਨਾ ਕਰਨਾ, ਜਿਸ ਨਾਲ ਅਸਾਵਾਂ ਵਿਕਾਸ ਅਤੇ ਨਿਆਂ ਨਾ ਮਿਲਣ ਵਰਗੀਆਂ ਧਾਰਨਾਵਾਂ ਉਪਜਦੀਆਂ ਹਨ। ਅਨੁਸੂਚਿਤ ਜਾਤੀ ਅਤੇ ਜਨਜਾਤੀ ਵਰਗ ਭਾਰਤ ਦੇ ਸਭ ਤੋਂ ਜ਼ਿਆਦਾ ਵੰਚਿਤ ਵਰਗਾਂ ਵਿਚੋਂ ਹਨ। ਉਨ੍ਹਾਂ ਦਾ ਸਮਾਜਿਕ-ਆਰਥਿਕ ਪੱਧਰ ਸਮਾਜ ਦੇ ਹੋਰ ਸਮੂਹਾਂ ਨਾਲੋਂ ਕਿਤੇ ਨੀਵਾਂ ਹੈ। ਇਸ ਦੇ ਕਾਰਨ ਉਨ੍ਹਾਂ ਵਿਰੁੱਧ ਵਰ੍ਹਿਆਂ ਤੋਂ ਅਪਣਾਈਆਂ ਜਾ ਰਹੀਆਂ ਭੇਦਭਾਵ ਅਤੇ ਸ਼ੋਸ਼ਣ ਵਾਲੀਆਂ ਨੀਤੀਆਂ ਹਨ। ਇਸ ਤੋਂ ਇਲਾਵਾ, ਬਿਨਾਂ ਉਨ੍ਹਾਂ ਦੇ ਭੂਗੋਲਿਕ ਹਾਲਾਤ, ਸਮਾਜਿਕ ਬਾਈਕਾਟ, ਸਮਾਜਿਕ-ਆਰਥਿਕ ਸ਼ੋਸ਼ਣ ਅਤੇ ਅਲਿਹਦਗੀ ਵੀ ਲੰਮੇ ਸਮੇਂ ਤੋਂ ਉਨ੍ਹਾਂ ਖ਼ਿਲਾਫ਼ ਭੁਗਤਦੇ ਆਏ ਹਨ। ਮਾਨਵ ਵਿਕਾਸ ਅਤੇ ਆਰਥਿਕ ਵਿਕਾਸ ਦੇ ਮਾਮਲੇ ਵਿਚ ਬਾਕੀ ਵਸੋਂ ਨਾਲੋਂ ਇਹ ਬਹੁਤ ਪਛੜੇ ਹੋਏ ਹਨ।

1951 ਦੇ ਸ਼ੁਰੂ ਤੋਂ ਹੀ ਵੰਚਿਤ ਵਰਗਾਂ ਦੀਆਂ ਸਮੱਸਿਆਵਾਂ ਵਿਕਾਸ ਸੰਬੰਧੀ ਯੋਜਨਾਬੰਦੀ ਦਾ ਮੁੱਖ ਵਿਸ਼ਾ ਰਹੀਆਂ ਹਨ। ਯੋਜਨਾ ਆਯੋਗ ਦੀਆਂ ਸੈਂਕੜੇ ਕੋਸ਼ਿਸ਼ਾਂ ਦੇ ਬਾਵਜੂਦ, ਸਮਾਜ ਦੇ ਵੰਚਿਤ ਵਰਗ ਵਿਚ ਆਭਾਵ ਦੇ ਪੱਧਰ ਨੂੰ ਘਟਾਇਆ ਨਹੀਂ ਜਾ ਸਕਿਆ। 1970 ਤੋਂ, ਯੋਜਨਾ ਆਯੋਗ ਨੇ ਅਨੁਸੂਚਿਤ ਜਾਤੀਆਂ, ਜਨਜਾਤੀਆਂ, ਧਾਰਮਿਕ ਘੱਟ ਗਿਣਤੀਆਂ, ਔਰਤਾਂ, ਬੱਚਿਆਂ ਅਤੇ ਅੰਗਹੀਣਾਂ ਦੇ ਕਲਿਆਣ ਲਈ ਨੀਤੀਗਤ ਅਤੇ ਅਧਿਕਾਰ ਆਧਾਰਿਤ ਕਦਮ ਉਠਾਏ ਹਨ। ਨੀਤੀਗਤ ਲਏ ਫ਼ੈਸਲਿਆਂ ਦੇ ਲਾਭਾਂ ਵਿਚ ਇਨ੍ਹਾਂ ਵਰਗਾਂ ਲਈ ਕੇਂਦਰ ਅਤੇ ਰਾਜ ਸਰਕਾਰਾਂ ਦੇ ਬਜਟ ਵਿਚ ਵਿਸ਼ੇਸ਼ ਫ਼ੰਡ ਸਥਾਪਤ ਕਰਨਾ ਅਤੇ ਹੋਰ ਫ਼ਾਇਦੇ ਸ਼ਾਮਿਲ ਹਨ। ਇਹ ਪਹਿਲੀ ਸੋਚ ਦੇ ਬਿਲਕੁਲ ਉਲਟ ਹੈ ਜਦੋਂ ਪਹਿਲਾਂ 'ਅਚਾਨਕ' ਲਾਭ ਵੱਖ-ਵੱਖ ਸਰਕਾਰੀ ਦਖ਼ਲ ਤੋਂ ਬਾਅਦ ਦਿਤੇ ਜਾਂਦੇ ਸਨ।

ਇਸ ਤੋਂ ਇਲਾਵਾ, ਇਕ ਕਲਿਆਣਕਾਰੀ ਰਾਜ ਹੋਣ ਦੇ ਨਾਤੇ ਹਮੇਸ਼ਾ ਦਾਅਵਾ ਕੀਤਾ ਗਿਆ ਹੈ ਕਿ ਹਾਸ਼ੀਏ 'ਤੇ ਰਹਿ ਰਹੇ ਭਾਈਚਾਰਿਆਂ ਦੇ ਮਾਨਵੀ ਵਿਕਾਸ ਨੂੰ ਉੱਚਾ ਚੁੱਕਣ ਲਈ ਅਗਲੀ ਯੋਜਨਾਵਾਂ ਤਹਿਤ ਵਿਸ਼ੇਸ਼ ਜ਼ੋਰ ਦਿਤਾ ਜਾ ਰਿਹਾ ਹੈ। 11ਵੀਂ ਅਤੇ 12ਵੀਂ ਪੰਜ ਸਾਲਾ ਯੋਜਨਾਵਾਂ ਦੇ ਨੀਤੀ ਘੋਸ਼ਣਾ ਪੱਤਰਾਂ ਵਿਚ ਸਰਕਾਰ ਵਲੋਂ ਇਹ ਜ਼ੋਰ ਦੇ ਕੇ ਕਿਹਾ ਗਿਆ ਹੈ ਕਿ ਬੇਹਤਰ ਮਾਨਵੀ ਵਿਕਾਸ ਅਤੇ ਸਮੁੱਚੇ ਵਿਕਾਸ ਲਈ ਆਰਥਿਕ ਵਿਕਾਸ ਬੇਹੱਦ ਜ਼ਰੂਰੀ ਹੈ। ਤਰੱਕੀ ਤੋਂ ਬਿਨਾਂ ਵਿਕਾਸ ਅਤੇ ਸਮੁੱਚਾ ਵਿਕਾਸ ਸੰਭਵ ਨਹੀਂ ਹੈ। ਫਿਰ ਇਹ ਵੀ ਦਾਅਵਾ ਕੀਤਾ ਗਿਆ ਕਿ ਕੇਂਦਰੀ ਸਰਕਾਰ ਵਲੋਂ 11ਵੀਂ ਅਤੇ 12ਵੀਂ ਯੋਜਨਾ ਤਹਿਤ ਆਉਂਦੇ ਕੁਝ ਪ੍ਰੋਗਰਾਮ ਅਤੇ ਸਕੀਮਾਂ ਲਈ ਜ਼ਿਆਦਾ ਬਜਟ ਰੱਖਿਆ ਗਿਆ ਹੈ। ਇਸ ਤੋਂ ਇਲਾਵਾ, ਇਨ੍ਹਾਂ ਸਾਰੇ ਪ੍ਰੋਗਰਾਮਾਂ ਅਤੇ ਸਕੀਮਾਂ ਦੀ ਯੋਜਨਾਬੰਦੀ, ਲਾਗੂ ਕਰਨ ਅਤੇ ਨਿਗਰਾਨੀ ਪ੍ਰਕਿਰਿਆ ਵਿਚ ਵੰਚਿਤ ਭਾਈਚਾਰਿਆਂ ਦੀ ਭਾਗੀਦਾਰੀ ਯਕੀਨੀ ਬਣਾਈ ਜਾਵੇਗੀ। 2013-14 ਦੇ ਬਜਟ 'ਤੇ ਭਾਸ਼ਨ ਦਿੰਦਿਆਂ ਖਜ਼ਾਨਾ ਮੰਤਰੀ ਨੇ ਮੰਨਿਆ, "ਭਾਰਤ ਦੀ ਅਨੇਕਤਾ ਅਤੇ ਵਿਭਿੰਨਤਾ, ਸਦੀਆਂ ਤੋਂ ਅਣਡਿੱਠ, ਭੇਦਭਾਵ ਅਤੇ ਵੰਚਿਤ ਕਰਨ ਕਰਕੇ ਲੋਕਾਂ ਦੇ ਬਹੁਤ ਸਾਰੇ ਵਰਗ ਪਿੱਛੇ ਰਹਿ ਜਾਣਗੇ ਜੇ ਅਸੀਂ ਉਨ੍ਹਾਂ ਵੱਲ ਵਿਸ਼ੇਸ਼ ਧਿਆਨ ਨਾ ਦਿਤਾ।" ਪਰ ਇਸ ਬਜਟ 'ਚ ਗਰੀਬ ਅਤੇ ਵੰਚਿਤ ਵਰਗਾਂ ਲਈ ਸਰੋਤਾਂ ਦੀ ਵੰਡ ਨੂੰ ਧਿਆਨ 'ਚ ਰੱਖੀਏ ਤਾਂ ਇਹ ਉਪਰਾਲੇ ਮੌਜੂਦਾ ਸਮੇਂ ਦੀਆਂ ਲੋੜਾਂ ਤੋਂ ਕਾਫੀ ਘੱਟ ਰਹਿ ਜਾਂਦੇ ਹਨ।"

**ਹਥਲਾ ਲੇਖ ਬਜਟ ਅਤੇ ਯੋਜਨਾਬੰਦੀ ਦੀਆਂ ਪ੍ਰਕਿਰਿਆਵਾਂ ਤਹਿਤ ਸਮਾਜ ਦੇ ਵੰਚਿਤ ਵਰਗਾਂ (ਅਨੁਸੂਚਿਤ ਜਾਤੀਆਂ/ਜਨਜਾਤੀਆਂ ਅਤੇ ਘੱਟ ਗਿਣਤੀਆਂ ਨੂੰ ਦਿਤੀ ਜਾਣ ਵਾਲੀ ਸਹਾਇਤਾ ਅਤੇ ਉਨ੍ਹਾਂ ਦੀ ਸ਼ਮੂਲੀਅਤ ਦੀ ਗੱਲ ਕਰਦਾ ਹੈ। ਹੋਰ ਅਗਾਂਹ, ਇਹ ਸਰੋਤਾਂ ਦੇ ਢੁਕਵੇਂਪਨ ਅਤੇ ਬਣਾਈਆਂ ਗਈਆਂ ਸਕੀਮਾਂ ਬਾਰੇ ਵੀ ਚਾਨਣਾ ਪਾਉਂਦਾ ਹੈ।**


## ਅਨੁਸੂਚਿਤ ਜਾਤੀ ਉਪ-ਯੋਜਨਾ ਅਤੇ ਜਨਜਾਤੀ ਉਪ-ਯੋਜਨਾ

1970 ਤਕ ਪੰਜ ਸਾਲਾ ਯੋਜਨਾਵਾਂ ਨੂੰ

ਵੰਚਿਤ ਵਰਗਾਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖੇ ਬਿਨਾਂ ਹੀ ਲਾਗੂ ਕੀਤਾ ਜਾਂਦਾ ਸੀ। ਨੀਤੀ ਨਿਰਮਾਤਾਵਾਂ ਵਲੋਂ ਇਹ ਮਹਿਸੂਸ ਕੀਤਾ ਗਿਆ ਕਿ ਇੱਛਿਤ ਲਾਭ ਗਰੀਬਾਂ, ਅਨੁਸੂਚਿਤ ਜਾਤੀਆਂ ਅਤੇ ਜਨ-ਜਾਤੀਆਂ ਤਕ ਨਹੀਂ ਪਹੁੰਚ ਰਹੇ। ਇਹ ਯਕੀਨੀ ਬਣਾਉਣ ਲਈ ਕਿ ਬਜਟ ਅਤੇ ਯੋਜਨਾਬੰਦੀ ਦੀਆਂ ਪ੍ਰਕਿਰਿਆਵਾਂ ਦੁਆਰਾ ਨੀਤੀਗਤ ਲਾਭ ਅਨੁਸੂਚਿਤ ਜਾਤੀਆਂ ਅਤੇ ਜਾਨਜਾਤੀਆਂ ਤਕ ਪੁੱਜਣ, ਯੋਜਨਾ ਆਯੋਗ ਵਲੋਂ 1970 ਵਿਚ ਯੋਜਨਾਬੰਦੀ ਨੀਤੀਆਂ ਦੀ ਸ਼ੁਰੂਆਤ ਕੀਤੀ ਗਈ – ਵਿਸ਼ੇਸ਼ ਹਿੱਸਾ ਯੋਜਨਾ ਜਿਸ ਨੂੰ ਐਸ ਸੀ ਪੀ ਅਤੇ ਟੀ ਐਸ ਪੀ ਆਖਿਆ ਗਿਆ। ਅਨੁਸੂਚਿਤ ਜਾਤੀਆਂ ਵਾਸਤੇ ਵਿਸ਼ੇਸ਼ ਯੋਜਨਾ ਨੂੰ ਬਾਅਦ ਵਿਚ ਅਨੁਸੂਚਿਤ ਜਾਤੀ ਉਪ-ਯੋਜਨਾ ਦਾ ਨਾਮ ਦਿਤਾ ਗਿਆ। ਐਸ ਸੀ ਐਸ ਪੀ ਅਤੇ ਟੀ ਐਸ ਪੀ ਦਾ ਮੁੱਖ ਮੰਤਵ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਦੇ ਵਿਕਾਸ ਲਈ ਰੱਖੇ ਫ਼ੰਡਾਂ ਨੂੰ, ਇਨ੍ਹਾਂ ਭਾਈਚਾਰਿਆਂ ਦੀ ਵਸੋਂ ਵਿਚ ਅਨੁਪਾਤ ਅਨੁਸਾਰ ਸਹੀ ਵਰਤੋਂ ਵਿਚ ਲਿਆਉਣਾ ਸੀ (ਇਨ੍ਹਾਂ ਦੀ ਵਸੋਂ 2001 ਦੀ ਜਨਗਣਨਾ ਮੁਤਾਬਕ ਕ੍ਰਮਵਾਰ 16 ਅਤੇ 18 ਪ੍ਰਤਿਸ਼ਤ ਸੀ)।


ਇਨ੍ਹਾਂ ਨੀਤੀਆਂ ਤਹਿਤ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਲਈ, ਬਜਟ ਦੇ ਵੱਖ-ਵੱਖ ਪ੍ਰਾਵਧਾਨਾਂ ਤਹਿਤ ਹਰੇਕ ਮੰਤਰਾਲਾ ਵਲੋਂ ਵਿਸ਼ੇਸ਼ ਫ਼ੰਡ ਰਾਖਵੇਂ ਰੱਖੇ ਜਾਂਦੇ ਹਨ ਜੋ ਐਸ ਸੀ ਐਸ ਪੀ ਅਤੇ ਟੀ ਐਸ ਪੀ ਵਲੋਂ ਵਿਸ਼ੇਸ਼ ਫ਼ੰਡ ਰਾਖਵੇਂ ਰੱਖੇ ਜਾਂਦੇ ਹਨ ਜੋ ਐਸ ਸੀ ਐਸ ਪੀ ਅਤੇ ਟੀ ਐਸ ਪੀ ਦੇ ਤਹਿਤ ਲਾਗੂ ਹੁੰਦੇ ਹਨ। ਐਸ ਸੀ ਐਸ ਪੀ ਲਈ ਇਹ ਕੋਡ/ਬਜਟ ਪ੍ਰਾਵਧਾਨ 789 ਅਤੇ ਟੀ ਐਸ ਪੀ ਲਈ ਕੋਡ ਬਜਟ ਪ੍ਰਾਵਧਾਨ 796 ਤਹਿਤ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਲਈ ਖਰਚੇ ਧਨ ਦਾ ਵੇਰਵਾ ਹੁੰਦਾ ਹੈ। ਇਸ ਵਿਚ ਉਹ ਖਰਚੇ ਵੀ ਸ਼ਾਮਿਲ ਹੋ ਸਕਦੇ ਹਨ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਦੀ ਬਹੁਲਤਾ ਵਾਲੇ ਖੇਤਰਾਂ ਵਿਚ, ਜਿਥੇ ਇਨ੍ਹਾਂ ਦੀ ਬਹੁਸੰਖਿਆ ਹੋਵੇ, ਵਿਚ ਕੀਤੇ ਜਾਂਦੇ ਹਨ। ਇਹ ਨੀਤੀਆਂ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਦੇ ਵਿਕਾਸ ਲਈ ਨਵੇਂ ਢੁਕਵੇਂ ਪ੍ਰੋਗਰਾਮ ਅਤੇ ਸਕੀਮਾਂ ਬਣਾਉਣ ਵੱਲ ਵੀ ਇਸ਼ਾਰਾ ਕਰਦੀਆਂ ਹਨ। ਐਸ ਸੀ ਐਸ ਪੀ ਅਤੇ ਟੀ ਐਸ ਪੀ ਨਾ ਤਾਂ ਕਿਸੇ ਹੋਰ ਪਾਸੇ ਵਰਤੇ ਜਾ ਸਕਣਗੇ ਅਤੇ ਨਾ ਹੀ ਅਣਵਰਤੇ ਪਏ ਰਹਿਣਗੇ।

ਚਿੱਤਰ-1 : ਕੇਂਦਰੀ ਸਰਕਾਰ ਦੇ ਕੁੱਲ ਯੋਜਨਾ ਵਿਤਰਣ ਦੇ ਪ੍ਰਤਿਸ਼ਤ ਵਜੋਂ ਅਨੁਸੂਚਿਤ ਜਾਤੀਆਂ ਲਈ ਕੁੱਲ ਯੋਜਨਾ ਵਿਤਰਣ (ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਕੇਂਦਰੀ ਸਹਾਇਤਾ ਕੱਢ ਕੇ)




ਸਰੋਤ : ਸਟੇਟਮੈਂਟ ਗ੍ਰਾਫ 21 ਤੋਂ ਸੰਗ੍ਰਹਿਤ, ਖਰਚਾ ਬਜਟ ਭਾਗ 1, ਕੇਂਦਰੀ ਬਜਟ, (ਵੱਖ-ਵੱਖ ਸਾਲ)

ਚਿੱਤਰ-2 : ਕੇਂਦਰੀ ਸਰਕਾਰ ਦੇ ਕੁੱਲ ਯੋਜਨਾ ਵਿਤਰਣ ਦੇ ਪ੍ਰਤਿਸ਼ਤ ਵਜੋਂ ਅਨੁਸੂਚਿਤ ਜਨਜਾਤੀਆਂ ਲਈ ਕੁੱਲ ਯੋਜਨਾ ਵਿਤਰਣ (ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਕੇਂਦਰੀ ਸਹਾਇਤਾ ਕੱਢ ਕੇ




ਸਰੋਤ : ਸਟੇਟਮੈਂਟ ਗ੍ਰਾਫ 21 ਤੋਂ ਸੰਗ੍ਰਹਿਤ, ਖਰਚਾ ਬਜਟ ਭਾਗ 1, ਕੇਂਦਰੀ ਬਜਟ, (ਵੱਖ-ਵੱਖ ਸਾਲ)

ਅਨੁਸੂਚਿਤ ਜਾਤੀਆਂ ਲਈ ਬਣਾਏ ਐਸ ਸੀ ਐਸ ਪੀ ਤਹਿਤ ਯੋਜਨਾ ਫ਼ੰਡ ਦੇ ਵਿਤਰਣ ਦੇ ਮਾਮਲੇ ਵਿਚ ਕੇਂਦਰੀ ਬਜਟ (2013-14) ਦੇ ਯੋਜਨਾ ਵਿਤਰਣ ਦਾ 9.72 ਪ੍ਰਤਿਸ਼ਤ ਸੀ ਪਰ ਇਹ ਐਸ ਸੀ ਐਸ ਪੀ ਦੇ ਮਿਥੇ ਮਾਪਦੰਡਾਂ ਦੇ 16.2 ਪ੍ਰਤਿਸ਼ਤ ਤੋਂ ਕਿਤੇ ਘੱਟ ਰਹਿ ਗਿਆ। ਐਸ ਸੀ ਐਸ ਪੀ ਦੇ ਮਾਮਲੇ ਵਿਚ 2012-13 ਲਈ ਵਿਤਰਣ ਵਿਚ ਵਾਧਾ ਵੇਖਿਆ ਗਿਆ ਪਰ ਇਹ ਕੇਂਦਰ ਸਰਕਾਰ ਵਲੋਂ ਕੁੱਲ ਯੋਜਨਾ ਵਿਤਰਣ ਵਿਚ ਹੋਈ ਗਿਰਾਵਟ ਕਰਕੇ ਸੀ ਜੋ 3,91,027 ਕਰੋੜ ਰੁਪਏ ਤੋਂ ਘਟ ਕੇ 3,24,511 ਕਰੋੜ ਰੁਪਏ ਰਹਿ ਗਿਆ। ਇਸ ਨਾਲ ਕੁੱਲ ਯੋਜਨਾ ਵਿਤਰਣ ਤਹਿਤ ਐਸ ਸੀ ਐਸ ਪੀ ਦੇ ਅਨੁਪਾਤਕ ਹਿੱਸੇ ਵਿਚ ਵਾਧਾ ਦਰਜ ਹੋਇਆ।

ਚਿੱਤਰ 2 ਕੇਂਦਰੀ ਸਰਕਾਰ ਵਲੋਂ ਪਿਛਲੇ ਸਾਲਾਂ ਦੌਰਾਨ ਜਨਜਾਤੀਆਂ ਲਈ ਕੁੱਲ ਵਿਤਰਣ ਵਿਚੋਂ ਕੀਤੇ ਵਿਤਰਣ ਦਾ ਅਨੁਪਾਤ ਦਰਸਾਉਂਦਾ ਹੈ। ਇਹ ਦਿਲਚਸਪ ਗੱਲ ਹੈ ਕਿ ਵਿਤਰਣ ਮਿਥੇ 8 ਪ੍ਰਤਿਸ਼ਤ ਤਕ ਕਦੇ ਨਹੀਂ ਪਹੁੰਚਿਆ। 2013-14 ਵਿਚ ਟੀ ਐਸ ਪੀ ਦਾ ਹਿੱਸਾ ਕੁੱਲ ਯੋਜਨਾ ਵਿਤਰਣ ਦਾ 5.75 ਪ੍ਰਤਿਸ਼ਤ ਸੀ।

2013-14 ਦੇ ਬਜਟ ਵੇਰਵਿਆਂ ਵਿਚ ਪਹਿਲੀ ਵਾਰ ਐਸ ਸੀ ਐਸ ਪੀ ਅਤੇ ਟੀ ਐਸ ਪੀ ਦੇ ਅਸਲ ਖਰਚੇ ਦਿਖਾਏ ਗਏ। ਇਸ ਨੂੰ ਬਜਟ ਦੀ ਵਧੇਰੇ ਪਾਰਦਰਸ਼ਤਾ ਵੱਲ ਇਕ ਕਦਮ ਆਖਿਆ ਜਾ ਸਕਦਾ ਹੈ। ਵਿੱਤ ਮੰਤਰੀ ਵਲੋਂ ਆਪਣੇ ਬਜਟ ਭਾਸ਼ਨ ਵਿਚ ਆਖਿਆ ਗਿਆ ਕਿ ਉਪ-ਯੋਜਨਾਵਾਂ ਲਈ ਰਖਾਵਾਂ ਪੈਸਾ ਕਿਸੇ ਹੋਰ ਪਾਸੇ ਤਬਦੀਲ ਨਹੀਂ ਕੀਤਾ ਜਾ ਸਕਦਾ ਅਤੇ ਇਸ ਪੈਸੇ ਨੂੰ ਪਹਿਲਾਂ ਤੋਂ ਨਿਸ਼ਚਿਤ ਵਿਉਂਤ ਅਨੁਸਾਰ ਹੀ ਖਰਚ ਕੀਤਾ ਜਾ ਸਕੇਗਾ। ਪਰ ਇਸ ਦੇ ਸਿੱਟੇ ਅਤੇ ਅਨੁਸੂਚਿਤ ਜਾਤੀਆਂ 'ਤੇ ਪਏ ਪ੍ਰਭਾਵਾਂ ਬਾਰੇ ਹਾਲੇ ਬਹੁਤ ਕੁੱਝ ਕਰਨਾ ਬਾਕੀ ਹੈ।

ਐਸ ਸੀ ਐਸ ਪੀ ਅਤੇ ਟੀ ਐਸ ਪੀ 'ਤੇ ਹੋਏ ਖਰਚੇ ਦੀ ਰਿਪੋਰਟਿੰਗ ਵਿਚ ਬਹੁਤ ਸਾਰੀਆਂ ਖ਼ਾਮੀਆਂ ਹਨ। ਪਹਿਲੀ – ਬਜਟ ਸਟੇਟਮੈਂਟ ਵਿਚ ਅੰਕਿਤ ਕੁੱਲ ਬਜਟ ਦਾ 16 ਅਤੇ 8 ਪ੍ਰਤਿਸ਼ਤ, ਜੋ ਸਾਰੇ ਮੰਤਰਾਲਿਆਂ ਅਤੇ ਵਿਭਾਗਾਂ

ਵਲੋਂ ਕਰਨਾ ਜ਼ਰੂਰੀ ਹੈ, ਉਸ ਤੋਂ ਇਹ ਖਰਚਾ ਕਾਫੀ ਘੱਟ ਰਹਿ ਜਾਂਦਾ ਹੈ। 16 ਅਤੇ 8 ਪ੍ਰਤਿਸ਼ਤ ਐਸ ਸੀ ਐਸ ਪੀ ਅਤੇ ਟੀ ਐਸ ਪੀ ਤਹਿਤ ਪੈਸੇ ਰਾਖਵੇਂ ਰੱਖਣ ਦਾ ਮਾਪਦੰਡ ਹੈ। ਦੂਜਾ, ਸਿਰਫ਼ 25 ਤੋਂ 28 ਮੰਤਰਾਲੇ ਅਤੇ ਵਿਭਾਗ ਹੀ ਇਸ ਬਾਰੇ ਜਾਣਕਾਰੀ ਦੇ ਰਹੇ ਹਨ। ਬਾਕੀਆਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਹ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਵਿਚਾਲੇ ਵਿਤਰਣ ਕਾਰਨ ਇਸ ਨੂੰ ਲਾਗੂ ਨਹੀਂ ਕਰ ਸਕੇ ਹਾਲਾਂਕਿ ਉਨ੍ਹਾਂ ਕੋਲ ਇਸ ਸਕੀਮ ਤਹਿਤ ਕਾਫੀ ਪੈਸਾ ਪਿਆ ਸੀ। ਤੀਜਾ, ਜਿਹੜੇ ਮੰਤਰਾਲੇ ਬਜਟ ਸਟੇਟਮੈਂਟ ਤਹਿਤ ਖਰਚੇ ਦੀ ਰਿਪੋਰਟ ਦਿੰਦੇ ਵੀ ਹਨ, ਉਨ੍ਹਾਂ ਕੋਲ ਐਸ ਸੀ ਐਸ ਪੀ ਅਤੇ ਟੀ ਐਸ ਪੀ ਦੇ ਅੰਕੜਿਆਂ ਦਾ ਕੋਈ ਵੇਰਵਾ ਨਹੀਂ।

**2010 ਵਿਚ ਬਣੀ ਨਰਿੰਦਰ ਜਾਧਵ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਵਿਚ ਵੀ ਐਸ ਸੀ ਐਸ ਪੀ ਅਤੇ ਟੀ ਐਸ ਪੀ ਨੂੰ ਲਾਗੂ ਕਰਨ ਲਈ, ਅਨੁਸੂਚਿਤ ਜਾਤੀਆਂ/ਜਨਜਾਤੀਆਂ ਨੂੰ ਯੋਜਨਾਬੰਦੀ ਅਤੇ ਵਿਕਾਸ ਪ੍ਰੋਗਰਾਮਾਂ ਨੂੰ ਲਾਗੂ ਕਰਨ ਵਾਲੀਆਂ ਪ੍ਰਕਿਰਿਆਵਾਂ ਵਿਚ ਸ਼ਾਮਿਲ ਕਰਨ ਬਾਰੇ ਕੋਈ ਗੱਲ ਨਹੀਂ ਕੀਤੀ ਗਈ। ਅਨੇਕ ਸਕੀਮਾਂ ਵਿਚ ਇਸ ਨੂੰ ਲਾਗੂ ਕਰਨ ਵਾਲੇ ਮੰਤਰਾਲੇ ਯੋਜਨਾ ਵਿਤਰਣ ਦੇ ਸਿਰਫ਼ ਇਕ ਹਿੱਸੇ ਬਾਰੇ ਜਾਣਕਾਰੀ ਦੇ ਰਹੇ ਹਨ ਭਾਵੇਂ ਕਿ ਇਹ ਸਕੀਮਾਂ ਅਨੁਸੂਚਿਤ ਜਾਤੀਆਂ/ਜਨਜਾਤੀਆਂ ਦੀਆਂ ਲੋੜਾਂ ਮੁਤਾਬਕ ਨਾ ਵੀ ਹੋਣ। ਅਸਲ ਵਿਚ, ਕੇਂਦਰੀ ਸਕੀਮਾਂ ਵਿਚੋਂ ਜ਼ਿਆਦਾਤਰ ਸਾਰੀ ਵਸੋਂ ਨੂੰ ਧਿਆਨ ਵਿਚ ਰੱਖ ਕੇ ਬਣਾਈਆਂ ਗਈਆਂ ਹਨ। ਇਸ ਨੂੰ ਲਾਗੂ ਕਰਨ ਵਿਚ ਮੰਤਰਾਲਾ ਇਹ ਮੰਨ ਕੇ ਚੱਲਦਾ ਹੈ ਕਿ ਬਾਕੀ ਵਸੋਂ ਦੇ ਨਾਲ ਅਨੁਸੂਚਿਤ ਜਾਤੀਆਂ/ਜਨ ਜਾਤੀਆਂ ਨੂੰ ਵੀ ਇਸ ਦਾ ਲਾਭ ਪੁੱਜੇਗਾ।**

ਸਮਾਂਬੱਧ ਐਸ ਸੀ ਐਸ ਪੀ ਅਤੇ ਟੀ ਐਸ ਪੀ ਤਹਿਤ ਰਿਪੋਰਟਿੰਗ ਪੂਰਵ ਪ੍ਰਭਾਵੀ ਬਜਟ ਵਾਲੀ ਰਹੀ ਹੈ ਜਿਸ ਵਿਚ ਮੰਤਰਾਲਿਆਂ ਦੇ ਯੋਜਨਾ ਬਜਟ ਨੂੰ ਅੰਤਮ ਛੋਹ ਦੇਣ ਉਪਰੰਤ ਅਨੁਸੂਚਿਤ ਜਾਤੀਆਂ ਲਈ ਵਿਤਰਣ ਰਾਖਵਾਂ ਰੱਖਿਆ ਜਾਂਦਾ ਹੈ। ਇਸ ਵਿਚ ਬਜਟ ਨੂੰ ਤਿਆਰ ਕਰਨ ਦੀ ਪ੍ਰਕਿਰਿਆ ਦੌਰਾਨ ਐਸ ਸੀ ਐਸ ਪੀ ਅਤੇ ਟੀ ਐਸ ਪੀ ਲਾਗੂ ਕਰਨ ਵਿਚ ਕੋਈ ਖ਼ਾਸ ਕਦਮ ਨਹੀਂ ਉਠਾਏ ਜਾਂਦੇ। ਇਨ੍ਹਾਂ ਸਕੀਮਾਂ/ਪ੍ਰੋਗਰਾਮਾਂ ਦੀ ਡੂੰਘੀ ਪੜਤਾਲ ਤੋਂ ਪਤਾ ਲਗਦਾ ਹੈ ਕਿ ਕਈ ਮੰਤਰਾਲੇ ਇਹ ਮੰਨ ਕੇ ਚੱਲਦੇ ਹਨ ਕਿ ਇਕ ਖ਼ਾਸ ਸਕੀਮ ਇਕ ਖ਼ਾਸ ਅਨੁਪਾਤ ਵਿਚ ਪੈਸਾ ਅਨੁਸੂਚਿਤ ਜਾਤੀਆਂ ਦੇ ਕਲਿਆਣ ਲਈ ਵਰਤਿਆ ਜਾਵੇਗਾ ਜੋ ਕਿ ਅਨੁਸੂਚਿਤ ਜਾਤੀਆਂ ਦੀ ਦੇਸ਼ ਦੀ ਕੁੱਲ ਵਸੋਂ ਵਿਚ ਹਿੱਸੇ 'ਤੇ ਆਧਾਰਿਤ ਹੋਵੇਗਾ। ਇਸ ਨਾਲ ਐਸ ਸੀ ਐਸ ਪੀ ਅਤੇ ਟੀ ਐਸ ਪੀ ਸਕੀਮਾਂ ਦੀ ਨੀਤੀ ਦਾ ਹੀ ਭੋਗ ਪੈਂਦਾ ਜਾਪਦਾ ਹੈ। ਜਿਥੋਂ ਤਕ ਸੰਭਵ ਹੋ ਸਕੇ ਅਨੁਸੂਚਿਤ ਜਾਤੀਆਂ/ਜਨਜਾਤੀਆਂ ਲਈ ਬਣਾਏ ਪ੍ਰਜੈਕਟ ਲਾਭ ਪਾਤਰੀਆਂ ਨੂੰ ਫਾਇਦਾ ਪਹੁੰਚਾਉਣ ਵਾਲੇ ਹੋਣੇ ਚਾਹੀਦੇ ਹਨ ਅਤੇ ਢਾਂਚਾਗਤ ਅਤੇ ਮੁਢਲੀਆਂ ਸਹੂਲਤਾਂ ਪ੍ਰਦਾਨ ਕਰਨ ਦੇ ਮਾਮਲੇ ਵਿਚ ਅਨੁਸੂਚਿਤ ਜਾਤੀਆਂ ਅਤੇ ਅਨਸੂਚਿਤ ਜਨਜਾਤੀਆਂ ਦੀ ਬਹੁਲਤਾ ਵਾਲੇ ਖੇਤਰਾਂ ਨੂੰ ਇਸ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ।

ਐਸ ਸੀ ਐਸ ਪੀ ਅਤੇ ਟੀ ਐਸ ਪੀ ਦਾ ਮੁੱਖ ਉਦੇਸ਼ ਸਿਰਫ਼ ਇਹ ਦਿਖਾਉਣਾ ਨਾ ਹੋਵੇ ਕਿ ਸਾਰੇ ਮੰਤਰਾਲਿਆਂ ਦੇ ਕੁੱਲ ਯੋਜਨਾ ਬਜਟ ਦਾ 16 ਪ੍ਰਤਿਸ਼ਤ ਅਨੁਸੂਚਿਤ ਜਾਤੀਆਂ ਦੇ ਫਾਇਦੇ ਲਈ ਹੈ ਕਿਉਂਕਿ ਅਜਿਹੇ ਉਦੇਸ਼ਾਂ ਤਹਿਤ ਬਹੁਤ ਸਾਰੇ ਮੰਤਰਾਲੇ ਪੂਰਵ ਪ੍ਰਭਾਵੀ ਬਜਟ ਦੀ ਰਿਪੋਰਟਿੰਗ ਕਰਨਾ ਸ਼ੁਰੂ ਕਰ ਦੇਣਗੇ। ਉਪ-ਯੋਜਨਾਵਾਂ ਦਾ ਮੁੱਖ ਮਕਸਦ ਸਾਰੇ ਮੰਤਰਾਲਿਆਂ ਨੂੰ ਇਹ ਉਤਸ਼ਾਹ ਦੇਣ ਲਈ ਹੋਣਾ ਚਾਹੀਦਾ ਹੈ ਕਿ (1) ਅਨੁਸੂਚਿਤ ਜਾਤੀਆਂ ਨੂੰ ਵੱਖ-ਵੱਖ ਖੇਤਰਾਂ ਵਿਚ ਆ ਰਹੀਆਂ ਸਮੱਸਿਆਵਾਂ ਨੂੰ ਲੱਭਣ (2) ਅਜਿਹੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਕਿਹੜੇ ਕਦਮ ਉਠਾਏ ਜਾ ਸਕਦੇ ਹਨ (3) ਅਤੇ ਅਜਿਹੇ ਵਿਸ਼ੇਸ਼ ਕਦਮ ਉਠਾਉਣ ਲਈ ਵਾਧੂ ਸਰੋਤਾਂ ਦੀ ਕਿੰਨੀ ਲੋੜ ਪਵੇਗੀ। ਅਜਿਹੇ ਵਿਸ਼ੇਸ਼ ਕਦਮਾਂ ਲਈ ਲੋੜੀਂਦੇ ਵਾਧੂ ਸਰੋਤਾਂ ਨੂੰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਕਲਿਆਣ ਲਈ ਐਸ ਸੀ ਐਸ ਪੀ ਅਤੇ ਟੀ ਐਸ ਪੀ ਤਹਿਤ ਦੱਸਿਆ ਜਾਣਾ ਚਾਹੀਦਾ ਹੈ।

## ਬਜਟ ਅਤੇ ਧਾਰਮਿਕ ਘੱਟ-ਗਿਣਤੀਆਂ

2006 ਦੀ ਸੱਚਰ ਕਮੇਟੀ ਦੀਆਂ ਸਿਫ਼ਾਰਸ਼ਾਂ ਮੁਤਾਬਕ 11ਵੀਂ ਯੋਜਨਾ ਵਿਚ ਪਹਿਲੀ ਵਾਰ, ਸਰਕਾਰ ਵਲੋਂ ਮੁਸਲਮਾਨਾਂ/ਘੱਟ ਗਿਣਤੀਆਂ ਨੂੰ 'ਤੇਜ਼ ਅਤੇ ਸਮੁੱਚਿਤ ਵਿਕਾਸ' ਵਰਗੇ ਪ੍ਰੋਗਰਾਮ ਤਹਿਤ ਪੇਸ਼ ਆਉਂਦੀ ਨਾ-ਬਰਾਬਰੀ, ਵੰਚਨਾ ਅਤੇ ਸ਼ਾਮਿਲ ਨਾ ਕਰਨ ਵਰਗੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। 2006-07 ਤੋਂ ਇਸ ਵਲੋਂ ਘੱਟ ਗਿਣਤੀਆਂ ਦੀ ਭਲਾਈ ਲਈ 4 ਮੁੱਖ ਦਖ਼ਲ ਅੰਦਾਜ਼ੀਆਂ ਕੀਤੀਆਂ ਗਈ ਹਨ : ਜਿਵੇਂ ਸਿੱਖਿਆ, ਆਰਥਿਕ ਸ਼ਸ਼ਕਤੀਕਰਨ, ਮੁਢਲੀਆਂ ਸੇਵਾਵਾਂ ਤਕ ਪਹੁੰਚ, ਘੱਟ ਗਿਣਤੀ ਸੰਸਥਾਵਾਂ ਨੂੰ ਮਜ਼ਬੂਤ ਕਰਨਾ ਅਤੇ ਖੇਤਰੀ ਵਿਕਾਸ ਪ੍ਰੋਗਰਾਮ ਤੇ ਵਿਕਾਸ ਸੰਬੰਧੀ ਨੀਤੀਆਂ, ਜਿਹੜੀਆਂ ਘੱਟ ਗਿਣਤੀਆਂ ਨੂੰ ਵਿਕਾਸ ਦੇ ਮਾਮਲੇ ਵਿਚ ਪੇਸ਼ ਆਉਂਦੀਆਂ ਹਨ, ਉਹ ਹਨ (1) ਪ੍ਰਧਾਨ ਮੰਤਰੀ ਦਾ 15 ਸੂਤਰੀ ਪ੍ਰੋਗਰਾਮ (15 ਪੀ ਪੀ) ਅਤੇ ਬਹੁ-ਖੇਤਰੀ ਵਿਕਾਸ ਪ੍ਰੋਗਰਾਮ (ਐਮ ਐਸ ਡੀ ਪੀ) ਜਿਹੜਾ ਘੱਟ ਗਿਣਤੀ ਬਹੁਤ ਜ਼ਿਲ੍ਹਿਆਂ ਅਤੇ ਬਲਾਕਾਂ ਵਿਚ ਲਾਗੂ ਕੀਤਾ ਜਾਂਦਾ ਹੈ। ਪ੍ਰਧਾਨ ਮੰਤਰੀ ਦਾ 15 ਸੂਤਰੀ ਪ੍ਰੋਗਰਾਮ ਕੁੱਲ ਮਨਜ਼ੂਰ ਰਾਸ਼ੀ ਦਾ 15 ਪ੍ਰਤਿਸ਼ਤ ਵੱਖ-ਵੱਖ ਸਕੀਮਾਂ ਤਹਿਤ ਨਿਰਧਾਰਿਤ ਸਿੱਟੇ ਪ੍ਰਾਪਤ ਕਰਨ, ਘੱਟ ਗਿਣਤੀ ਦੇ ਵਿਕਾਸ ਲਈ ਰਾਖਵਾਂ ਰੱਖਿਆ ਜਾਂਦਾ ਹੈ। ਘੱਟ ਗਿਣਤੀਆਂ ਨੂੰ ਸਿੱਧੇ ਫਾਇਦੇ ਪਹੁੰਚਾਉਣ ਲਈ ਵਾਧੂ ਵਿਕਾਸ ਸਕੀਮਾਂ ਅਤੇ ਪ੍ਰੋਗਰਾਮ ਬਣਾਏ ਜਾਣ 'ਤੇ ਵੀ ਜ਼ੋਰ ਦਿਤਾ ਗਿਆ ਹੈ। ਐਮ ਐਸ ਡੀ ਪੀ ਇਕ ਖੇਤਰੀ ਵਿਕਾਸ ਪ੍ਰੋਗਰਾਮ ਹੈ ਜਿਸ ਤਹਿਤ ਘੱਟ ਗਿਣਤੀ ਬਹੁਲ ਜ਼ਿਲ੍ਹਿਆਂ ਵਿਚ ਸਿੱਖਿਆ, ਪੋਸ਼ਣ, ਕੰਮ ਦੀ ਭਾਗੀਦਾਰੀ ਅਤੇ ਮੁਢਲੀਆਂ ਜਨਤਕ ਸੇਵਾਵਾਂ ਤਕ ਪਹੁੰਚ ਵਿਚ ਸੁਧਾਰ ਲਈ ਕਦਮ ਉਠਾਏ ਜਾਂਦੇ ਹਨ। 15 ਸੂਤਰੀ ਪ੍ਰੋਗਰਾਮ ਜਿਸ ਦੀ ਅਸਲ ਵਿਚ 80ਵਿਆਂ ਵਿਚ ਸ਼ੁਰੂਆਤ ਹੋਈ ਸੀ ਅਤੇ 2006 ਵਿਚ ਕੇਂਦਰੀ ਸਰਕਾਰ ਵਲੋਂ ਇਸ ਨੂੰ ਨਵਾਂ ਰੂਪ ਦਿਤਾ ਗਿਆ ਸੀ, ਮੁੱਖ ਸਮੱਸਿਆਵਾਂ 'ਤੇ ਕੇਂਦਰਿਤ ਹੈ - (1) ਸਿੱਖਿਆ

(2) ਰੁਜ਼ਗਾਰ ਅਤੇ ਹੁਨਰ ਦਾ ਵਿਕਾਸ (3) ਜੀਵਨ ਪੱਧਰ (4) ਮੁਸਲਮਾਨਾਂ/ਘੱਟ ਗਿਣਤੀਆਂ ਨੂੰ ਚੋਣਵੀਆਂ ਸਕੀਮਾਂ ਤਹਿਤ ਲਿਆ ਕੇ ਉਨ੍ਹਾਂ ਵਿਚ ਸੁਰੱਖਿਅਤਾ ਦੀ ਭਾਵਨਾ ਪੈਦਾ ਕਰਨਾ। ਮੌਜੂਦਾ ਸਮੇਂ ਕੇਂਦਰੀ ਸਰਕਾਰ ਦੇ 11 ਮੰਤਰਾਲਿਆਂ, ਵਿਭਾਗਾਂ ਵਲੋਂ 15 ਸੂਤਰੀ ਪ੍ਰੋਗਰਾਮ ਲਾਗੂ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿਚ ਪੇਂਡੂ ਵਿਕਾਸ, ਸ਼ਹਿਰੀ ਵਿਕਾਸ, ਮਕਾਨ ਅਤੇ ਗਰੀਬੀ ਹਟਾਉਣ ਬਾਰੇ ਮੰਤਰਾਲਾ, ਕਿਰਤ ਅਤੇ ਰੁਜ਼ਗਾਰ, ਘੱਟ ਗਿਣਤੀ ਮੰਤਰਾਲਾ, ਗ੍ਰਹਿ ਵਿੱਤ, ਮਹਿਲਾ ਅਤੇ ਬਾਲ ਵਿਕਾਸ, ਸਕੂਲੀ ਸਿੱਖਿਆ ਅਤੇ ਸਾਖਰਤਾ ਅਮਲਾ ਅਤੇ ਸਿਖਲਾਈ ਸ਼ਾਮਿਲ ਹਨ। ਸਕੀਮਾਂ ਇਸ ਤਰ੍ਹਾਂ ਹਨ –

ਇੰਦਰਾ ਆਵਾਸ ਯੋਜਨਾ, ਅਜੀਵਕਾ, ਰਾਸ਼ਟਰੀ ਪੇਂਡੂ ਪੀਣਯੋਗ ਪਾਣੀ ਪ੍ਰੋਗਰਾਮ, ਸ਼ਹਿਰੀ ਬੁਨਿਆਦੀ ਢਾਂਚਾ ਤੇ ਸ਼ਾਸਨ, ਛੋਟੇ ਤੇ ਦਰਮਿਆਨੇ ਕਸਬਿਆਂ ਲਈ ਸ਼ਹਿਰੀ ਬੁਨਿਆਦੀ ਢਾਂਚਾ ਵਿਕਾਸ ਸਕੀਮ, ਸੰਗਠਿਤ ਮਕਾਨ ਉਸਾਰੀ ਝੁੱਗੀ-ਝੌਂਪੜੀ ਵਿਕਾਸ ਪ੍ਰੋਗਰਾਮ, ਸ਼ਹਿਰੀ ਗਰੀਬਾਂ ਲਈ ਮੁਢਲੀਆਂ ਸੇਵਾਵਾਂ, ਸਵਰਨ ਜੈਯੰਤੀ ਗ੍ਰਾਮ ਪਹਿਲ ਖੇਤਰ ਘੱਟ ਗਿਣਤੀਆਂ ਨੂੰ ਕਰਜ਼ਾ ਪ੍ਰੋਗਰਾਮ, ਸੰਗਠਿਤ ਬਾਲ ਵਿਕਾਸ ਸੇਵਾਵਾਂ, ਸਵੈਰੋਜ਼ਗਾਰ ਯੋਜਨਾ, ਉਦਯੋਗਿਕ ਸਿਖਲਾਈ ਸੰਸਥਾਵਾਂ, ਸਰਵ ਸਿੱਖਿਆ ਅਭਿਆਨ, ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਾ ਤੇ ਮਦਰੱਸਾ ਅਧੁਨਿਕੀਕਰਨ ਪ੍ਰੋਗਰਾਮ।

ਇਕ ਅਨੁਮਾਨ ਮੁਤਾਬਕ 11ਵੀਂ ਯੋਜਨਾ ਦੇ ਪੈਸੇ ਦਾ ਕੁੱਲ 6 ਪ੍ਰਤਿਸ਼ਤ (ਤਰਜੀਹੀ ਖੇਤਰ ਨੂੰ ਛੱਡ ਕੇ) ਘੱਟ ਗਿਣਤੀਆਂ ਲਈ ਰੱਖਿਆ ਗਿਆ ਹੈ। ਜਵਾਹਰ ਲਾਲ ਨਹਿਰੂ ਸ਼ਹਿਰੀ ਨਵਿਆਉਣ ਯੋਗ ਮਿਸ਼ਨ ਘੱਟ ਗਿਣਤੀਆਂ ਲਈ ਰਾਖਵੇਂ ਫ਼ੰਡ ਦਾ ਕਰੀਬ 70 ਪ੍ਰਤਿਸ਼ਤ ਹਿੱਸਾ ਬਣਦਾ ਹੈ। ਜਵਾਹਰ ਲਾਲ ਨਹਿਰੂ ਨਵਿਆਉਯੋਗ ਮਿਸ਼ਨ ਵਿਚ ਮੁਸਲਮਾਨਾਂ ਦੀ ਸ਼ਮੂਲੀਅਤ ਨੂੰ ਵੇਖਦਿਆਂ ਹੋਇਆਂ ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਇਸ ਦੀ ਹੋਂਦ ਨਾਂ ਦੇ ਬਰਾਬਰ ਹੈ ਕਿਉਂਕਿ ਇਸ ਮਿਸ਼ਨ ਤਹਿਤ ਕੀਤਾ ਗਿਆ ਵਿਤਰਣ ਫ਼ਰਜ਼ੀ ਜਿਹਾ ਹੈ। ਇਸ ਬਾਰੇ ਰਿਪੋਰਟਿੰਗ ਪ੍ਰਣਾਲੀ ਹੋਏ ਅਸਲ ਖਰਚ ਅਤੇ ਘੱਟ ਗਿਣਤੀਆਂ ਦੇ ਲਾਭਪਾਤਰੀਆਂ ਦੀ ਵੱਖਰੇ ਤੌਰ ਤੇ ਜਾਣਕਾਰੀ ਨਹੀਂ ਦਿੰਦੀ। ਹੋਰ, ਘੱਟ ਗਿਣਤੀਆਂ ਨੂੰ ਸਿੱਧੇ ਲਾਭ ਪਹੁੰਚਾਉਣ ਵਾਲੀਆਂ ਸਕੀਮਾਂ ਅਤੇ ਪ੍ਰੋਗਰਾਮ ਜਿਵੇਂ ਕਿ ਐਮ ਐਸ ਡੀ ਪੀ, ਸਕਾਲਰਸ਼ਿਪ ਸਕੀਮ, ਇੰਦਰਾ ਆਵਾਸ ਯੋਜਨਾ, ਐਸ ਪੀ ਐਸ ਵਾਈ, ਆਈ ਟੀ ਆਈਜ਼ ਅਤੇ ਐਸ ਜੇ ਐਸ ਆਰ ਵਾਈ ਨੂੰ ਕੁੱਲ ਖਰਚ ਦਾ ਬਹੁਤ ਹੀ ਨਿਗੂਣਾ ਹਿੱਸਾ ਦਿਤਾ ਗਿਆ ਹੈ। ਤਾਲਿਕਾ-1 ਵਿਚ ਇਹ ਦਰਸਾਇਆ ਗਿਆ ਗਿਆ ਹੈ ਕਿ 2012-13 ਵਿਚ 15 ਸੂਤਰੀ ਪ੍ਰੋਗਰਾਮ ਤਹਿਤ ਵੱਖ-ਵੱਖ ਮੰਤਰਾਲਿਆਂ ਅਤੇ ਵਿਭਾਗਾਂ ਵਲੋਂ ਕੁੱਲ ਯੋਜਨਾ ਫ਼ੰਡ ਵਿਚੋਂ ਨਿਰਧਾਰਤ ਹਿੱਸੇ ਦਾ 8 ਪ੍ਰਤਿਸ਼ਤ ਘੱਟ ਗਿਣਤੀਆਂ ਲਈ ਵਰਤਿਆ ਗਿਆ। ਇਹ ਮੰਤਰਾਲਿਆਂ ਅਤੇ ਵਿਭਾਗਾਂ ਵਲੋਂ ਖਰਚੇ ਸੰਬੰਧੀ ਕਰਵਾਈ ਗਈ ਪੂਰਵ ਪ੍ਰਭਾਵੀ ਰਿਪੋਰਟਿੰਗ ਹੈ।

ਘੱਟ ਗਿਣਤੀਆਂ ਦੇ ਬਜਟ ਦੀ ਪ੍ਰਕਿਰਿਆ ਵਿਚ ਸ਼ਮੂਲੀਅਤ ਦੇ ਸੰਦਰਭ ਵਿਚ ਹੁਣ ਤਕ ਮੁੱਖ ਮੰਤਰਾਲਿਆਂ ਵਲੋਂ ਘੱਟ ਗਿਣਤੀਆਂ ਲਈ ਜਾਰੀ ਸਕੀਮਾਂ ਅਤੇ ਪ੍ਰੋਗਰਾਮਾਂ ਦੀ ਕੋਈ ਵੱਖਰੀ ਬਜਟ ਸਟੇਟਮੈਂਟ ਜਾਰੀ ਨਹੀਂ ਕੀਤੀ ਗਈ। ਇਸੇ ਤਰ੍ਹਾਂ, ਜੋ ਮੁੱਖ ਮੰਤਰਾਲੇ ਅਤੇ ਵਿਭਾਗ ਘੱਟ ਗਿਣਤੀਆਂ ਨੂੰ ਵਿਤਰਨ ਦੀ ਰਿਪੋਰਟਿੰਗ ਕਰਦੇ ਹਨ, ਉਨ੍ਹਾਂ ਵਲੋਂ ਗਰਾਂਟ ਲਈ ਵਿਸਤ੍ਰਿਤ ਮੰਗ ਫ਼ੰਡ ਜਾਰੀ ਕਰਨ ਲਈ ਕੋਈ ਛੋਟੇ ਜਾਂ ਵੱਡੇ ਅਕਾਊਂਟ ਹੈਡ ਨਹੀਂ ਬਣਾਏ ਗਏ। ਇਸ ਕਾਰਨ ਬਜਟ ਤਿਆਰ ਕਰਨ ਸਮੇਂ ਸਿਰਫ਼ ਘੱਟ ਗਿਣਤੀ ਮੰਤਰਾਲਾ ਨੂੰ ਛੱਡ ਕੇ ਬਾਕੀ ਮੰਤਰਾਲਿਆਂ ਵਲੋਂ ਘੱਟ ਗਿਣਤੀਆਂ ਲਈ ਵਿਤਰਣ ਫ਼ੰਡ ਦਾ ਅੰਕੜਾ ਇਕੱਠਾ ਕਰਨ ਦਾ ਕੋਈ ਸਾਧਨ ਨਹੀਂ। ਮਨੁੱਖੀ ਸਰੋਤ ਮੰਤਰਾਲਾ ਸਿਰਫ਼ ਮਦਰੱਸਿਆਂ ਦੇ ਨਵੀਨੀਕਰਨ ਲਈ ਵਿਤਰਣ ਦੇ ਅੰਕੜੇ ਜਾਰੀ ਕਰਦਾ ਹੈ। 2013-14 ਦੇ ਕੇਂਦਰੀ ਬਜਟ ਵਿਚ ਕੁੱਲ ਬਜਟ ਦਾ ਸਿਰਫ਼ 0.23 ਪ੍ਰਤਿਸ਼ਤ ਹੀ ਸਿਰਫ਼ ਘੱਟ ਗਿਣਤੀਆਂ ਵਾਸਤੇ ਰੱਖਿਆ ਗਿਆ ਹੈ। ਜਦ ਕਿ ਘੱਟ ਗਿਣਤੀਆਂ 2001 ਦੀ ਜਨਗਣਨਾ ਮੁਤਾਬਕ ਕੁੱਲ ਵਸੋਂ ਦਾ 19 ਪ੍ਰਤਿਸ਼ਤ ਹਨ।

ਦੂਜੇ ਦੋ ਮੁੱਖ ਵਾਅਦੇ ਕੀਤੇ ਗਏ ਹਨ, ਪਹਿਲਾ ਅਮਲਾ ਤੇ ਸਿਖਲਾਈ ਲਈ ਵਿਕਾਸ ਵਲੋਂ ਜਨਤਕ ਰੁਜ਼ਗਾਰ ਦਾ 15 ਪ੍ਰਤਿਸ਼ਤ ਹਿੱਸਾ ਘੱਟ ਗਿਣਤੀਆਂ ਨੂੰ ਦੇਣ ਅਤੇ ਵਿੱਤੀ ਸੇਵਾਵਾਂ ਵਿਭਾਗ ਵਲੋਂ ਸਾਲਾਨਾ ਤਰਜੀਹੀ ਰਿਣ-ਦਾਨ ਦਾ 15 ਪ੍ਰਤਿਸ਼ਤ ਘੱਟ ਗਿਣਤੀਆਂ ਨੂੰ ਵੰਡਣ ਦਾ ਟੀਚਾ ਰੱਖਿਆ ਗਿਆ ਹੈ।

ਸਰਕਾਰ ਦੇ ਅੰਦਾਜ਼ਿਆਂ ਮੁਤਾਬਕ 2012-13 ਵਿਚ ਤਰਜੀਹੀ ਖੇਤਰ ਰਿਣ-ਦਾਨ ਤਹਿਤ 1,71,960 ਕਰੋੜ ਰੁਪਏ ਦੇ ਕਰਜ਼ੇ ਰਾਸ਼ਟਰੀ ਪੱਧਰ 'ਤੇ ਘੱਟ ਗਿਣਤੀਆਂ ਨੂੰ ਦਿਤੇ ਗਏ ਜੋ ਤਰਜੀਹੀ ਖੇਤਰ ਰਿਣ-ਦਾਨ ਦੀ ਕੁੱਲ ਰਕਮ ਦਾ 15 ਪ੍ਰਤਿਸ਼ਤ ਤੋਂ ਵੱਧ ਬਣਦਾ ਹੈ। ਪਰ ਫਿਰ ਵੀ ਇਹ ਦੱਸਣ ਲਈ ਕੋਈ ਪ੍ਰਣਾਲੀ ਨਹੀਂ ਕਿ ਕਿੰਨੇ ਲਾਭਪਾਤਰੀਆਂ ਨੂੰ ਫਾਇਦਾ ਪੁੱਜਿਆ ਅਤੇ ਕਿਸ ਮਕਸਦ ਲਈ ਘੱਟ ਗਿਣਤੀਆਂ ਨੂੰ ਕਰਜ਼ੇ ਦਿਤੇ ਗਏ। 2010-11 ਵਿਚ ਕੁੱਲ ਭਰਤੀ ਵਿਚ ਘੱਟ ਗਿਣਤੀਆਂ ਦਾ ਹਿੱਸਾ 11.55 ਪ੍ਰਤਿਸ਼ਤ ਸੀ। ਤਰਜੀਹੀ ਖੇਤਰ ਰਿਣ-ਦਾਨ ਅਤੇ ਰੁਜ਼ਗਾਰ ਬਾਰੇ ਅੰਕੜੇ ਘੱਟ ਗਿਣਤੀਆਂ ਬਾਰੇ ਕ੍ਰਮਵਾਰ ਅੰਕੜੇ ਨਹੀਂ ਦਿੰਦੇ। ਹਾਲੇ ਤਕ ਇਹ ਪਤਾ ਨਹੀਂ ਕਿ ਪਰਿਓਰਿਟੀ ਸੈਕਟਰ ਲੈਂਡਿੰਗ ਅਤੇ ਭਾਰਤ ਵਿਚ ਮੁਸਲਮਾਨਾਂ ਦੀ ਸ਼ਮੂਲੀਅਤ ਵਿਚ ਸੁਧਾਰ ਹੋਇਆ ਹੈ ਜਾਂ ਨਹੀਂ। ਸੱਚਰ ਕਮੇਟੀ ਦੀ ਰਿਪੋਰਟ ਮੁਤਾਬਕ ਜਨਤਕ ਖੇਤਰ ਦੀ ਭਰਤੀ ਅਤੇ ਕਰਜ਼ੇ ਦੇਣ ਦੀ ਦਰ ਨੂੰ ਧਿਆਨ ਵਿਚ ਰੱਖੀਏ ਤਾਂ ਮੁਸਲਮਾਨਾਂ ਦੇ ਮਾਮਲੇ ਵਿਚ ਬਹੁਤ ਵੱਡਾ ਖੱਪਾ ਨਜ਼ਰ ਆਉਂਦਾ ਹੈ। ਇਸ ਕਰਕੇ ਭਰਤੀ ਅਤੇ ਕਰਜ਼ੇ ਦੀ ਸਹੂਲਤ ਬਾਰੇ ਅੰਕੜੇ ਜਲਦੀ ਨਾਲ ਜਨਤਕ ਕਰਨੇ ਚਾਹੀਦੇ ਹਨ।

ਕਈ ਖੋਜ ਕਾਰਜਾਂ ਰਾਹੀਂ ਇਹ ਗੱਲ ਸਾਹਮਣੇ ਆਈ ਹੈ ਕਿ ਨੀਤੀਆਂ ਬਣਨ ਦੇ 7 ਸਾਲ ਬਾਅਦ ਵੀ ਨੀਤੀ ਪ੍ਰਾਵਧਾਨ, ਸਕੀਮ ਦੇ ਆਕਾਰ, ਬਜਟ ਲਾਗਤ, ਪੈਸੇ ਦੀ ਵਰਤੋਂ ਅਤੇ ਸਰਕਾਰ ਵਲੋਂ ਮੁਸਲਮਾਨਾਂ ਦੇ ਵਿਕਾਸ ਲਈ ਬਣਾਏ ਪ੍ਰੋਗਰਾਮਾਂ ਨੂੰ ਚੁਸਤ-ਦਰੁਸਤ ਕਰਨ ਵਰਗੀਆਂ ਕਈ ਸਮੱਸਿਆਵਾਂ ਬਰਕਰਾਰ ਹਨ।

## ਸਮਾਪਤੀ ਟਿੱਪਣੀਆਂ

ਸਰੋਤਾਂ ਦੇ ਢੁਕਵੇਂਪਨ ਦੇ ਮਾਮਲੇ ਵਿਚ, ਯੋਜਨਾ ਨੀਤੀਆਂ (1970 ਦੀਆਂ) ਜਿਵੇਂ ਐਸ ਸੀ ਐਸ ਪੀ ਅਤੇ ਟੀ ਐਸ ਪੀ (ਅਨੁਸੂਚਿਤ ਜਾਤੀਆਂ ਅਤੇ ਜਨ ਜਾਤੀਆਂ ਲਈ) ਯੋਜਨਾ ਫ਼ੰਡ ਦਾ 9 ਅਤੇ 5 ਪ੍ਰਤਿਸ਼ਤ ਬਣਦੀਆਂ ਹਨ। 2012-13 ਵਿਚ ਘੱਟ ਗਿਣਤੀਆਂ ਤੇ ਯੋਜਨਾ ਖਰਚ ਕੁੱਲ ਯੋਜਨਾ ਖਰਚ ਦਾ 8 ਪ੍ਰਤਿਸ਼ਤ ਬਣਦਾ ਹੈ। ਵਿਕੇਂਦਰੀਕ੍ਰਿਤ ਯੋਜਨਾਬੰਦੀ, ਲਾਗੂਕਰਨ,

*ਬਾਕੀ ਸਫ਼ਾ 53 ਉੱਤੇ*

# ਅਨੁਸੂਚਿਤ ਜਾਤੀ ਉਪ-ਯੋਜਨਾ ਤੇ ਜਨਜਾਤੀ ਉਪ-ਯੋਜਨਾ

ਸੌਮਯਾ ਸ੍ਰੀਵਾਸਤਵ

ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਲੰਮੇ ਸਮੇਂ ਤੋਂ ਅਲਹਿਦਾ ਰਹਿਣ ਅਤੇ ਸਮਾਜਿਕ, ਆਰਥਿਕ ਲੁੱਟ-ਖਸੁੱਟ ਕਾਰਨ ਸਮਾਜ ਦੇ ਸਭ ਤੋਂ ਵੱਧ ਮੁਥਾਜ ਤਬਕੇ ਵਿਚ ਆਉਂਦੇ ਹਨ। ਮਨੁੱਖੀ ਵਿਕਾਸ ਅਤੇ ਆਰਥਿਕ ਸੂਚਕਾਂ ਦੇ ਹਵਾਲੇ ਨਾਲ ਇਹ ਬਾਕੀ ਦੀ ਵਸੋਂ ਤੋਂ ਪਿੱਛੇ ਹਨ। ਤਾਲਿਕਾ-1 ਹੋਰਨਾਂ ਸਮਾਜਿਕ ਸੰਗਠਨਾਂ ਦੇ ਮੁਕਾਬਲੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਸਮਾਜਿਕ ਅਤੇ ਮਾਲੀ ਸੂਚਕਾਂ ਵਿਚ ਵੱਡਾ ਫ਼ਰਕ ਦਰਸਾਉਂਦੀ ਹੈ।

ਬਾਰ੍ਹਵੀਂ ਪੰਜ ਸਾਲਾ ਯੋਜਨਾ ਵਿਚ ਇਹ ਦੇਖਿਆ ਗਿਆ ਕਿ ਸਾਰੇ ਸਮਾਜਿਕ ਸੰਗਠਨਾਂ ਵਿਚੋਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਦਰਮਿਆਨ ਗਰੀਬੀ ਸਭ ਤੋਂ ਵੱਧ ਹੈ। ਭਾਵੇਂ ਇਨ੍ਹਾਂ ਨੂੰ ਬਾਕੀ ਦੀ ਵਸੋਂ ਦੇ ਬਰਾਬਰ ਲਿਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ ਪਰ ਅਜੇ ਵੀ ਕਾਫ਼ੀ ਖੱਪੇ ਮੌਜੂਦ ਹਨ। 12ਵੀਂ ਯੋਜਨਾ ਦੇ ਦਸਤਾਵੇਜ਼ ਵਿਚ ਕਿਹਾ ਗਿਆ ਕਿ, "ਇਸ ਲਈ ਇਕ ਸਮੁੱਚਿਤਾ ਵਾਲੇ ਵਿਕਾਸ ਅਮਲ ਦੀ ਲੋੜ ਹੈ ਜੋ ਵਿਕਾਸ ਅਮਲ ਵਿਚ ਸਭ ਦੀ ਭਾਈਵਾਲੀ ਦਾ ਮੌਕਾ ਦੇਵੇ ਅਤੇ ਨਾਲ ਦੀ ਨਾਲ ਅਜਿਹੀਆਂ ਸਕੀਮਾਂ ਹੋਣ ਜੋ ਜਾਂ ਤਾਂ ਸਿੱਧੇ ਤੌਰ ਤੇ ਫ਼ਾਇਦਾ ਪਹੁੰਚਾਉਣ ਜਾਂ ਇਸ ਤੋਂ ਵੀ ਵੱਧ ਅਹਿਮ ਗੱਲ ਇਹ ਕਿ ਆਮ ਵਿਕਾਸ ਅਮਲ ਰਾਹੀਂ ਮੁਹੱਈਆ ਮੌਕਿਆਂ ਵਿਚੋਂ ਇਨ੍ਹਾਂ ਲੋਕਾਂ ਨੂੰ ਲਾਹਾ ਲੈਣ ਵਿਚ ਮਦਦ ਦੇਣ।

ਇਹ ਵੇਖਿਆ ਗਿਆ ਹੈ ਕਿ ਕਈ ਸਾਲਾਂ ਤੋਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਦਾ ਪੱਧਰ ਉਪਰ ਚੁੱਕਣ ਲਈ ਲੱਗ ਕੇ ਕੀਤੀਆਂ ਗਈਆਂ ਕੋਸ਼ਿਸ਼ਾਂ ਦੇ ਬਾਵਜੂਦ ਵਿਕਾਸ ਦੇ ਪੱਖੋਂ ਇਹ ਤਬਕੇ ਊਣੇ ਹੀ ਰਹੇ ਕਿਉਂਕਿ ਚੱਲ ਰਹੀਆਂ ਆਮ ਭਲਾਈ ਸਕੀਮਾਂ ਅਤੇ ਪ੍ਰੋਗਰਾਮ ਇਸ ਪ੍ਰਸੰਗ ਵਿਚ ਅਸਰਦਾਰ ਸਾਬਿਤ ਨਹੀਂ ਹੋਏ।

## ਅਨੁਸੂਚਿਤ ਜਾਤੀ ਉਪ-ਯੋਜਨਾ ਅਤੇ ਅਨੁਸੂਚਿਤ ਜਨਜਾਤੀ ਉਪ-ਯੋਜਨਾ

ਵਿਕਾਸ ਦੇ ਬਾਵਜੂਦ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਦੇ ਸਮਾਜਿਕ, ਆਰਥਿਕ ਪਛੜੇਪਨ ਦੇ ਬਰਕਰਾਰ ਰਹਿਣ ਦੇ ਮੱਦੇ-ਨਜ਼ਰ ਇਕ ਵਿਸ਼ੇਸ਼ ਅਤੇ ਕੇਂਦਰਿਤ ਰਣਨੀਤੀ ਦੀ ਲੋੜ ਮਹਿਸੂਸ ਹੋਈ ਜਿਸ ਰਾਹੀਂ ਇਹ ਲੋਕ ਸਮੁੱਚੇ ਮਾਲੀ ਵਿਕਾਸ ਵਿਚ ਬਰਾਬਰੀ ਦਾ ਫ਼ਾਇਦਾ ਉਠਾ ਸਕਣ। ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਲਈ ਵਿਸ਼ੇਸ਼ ਨੀਤੀਗਤ ਯੋਜਨਾਬੰਦੀ ਤਹਿਤ ਯੋਜਨਾ ਆਯੋਗ ਨੇ 1970 ਵਿਚ ਰਣਨੀਤਕ ਯੋਜਨਾਵਾਂ ਦਿਤੀਆਂ। ਅਨੁਸੂਚਿਤ ਜਾਤੀਆਂ ਲਈ ਵਿਸ਼ੇਸ਼ ਯੋਜਨਾ ਅਨੁਸੂਚਿਤ ਜਾਤੀ ਉਪ-ਯੋਜਨਾ ਅਤੇ ਅਨੁਸੂਚਿਤ ਜਨ ਜਾਤੀਆਂ ਲਈ ਅਨੁਸੂਚਿਤ ਜਨਜਾਤੀ ਉਪ-ਯੋਜਨਾ ਕਿਹਾ ਗਿਆ। ਅਨੁਸੂਚਿਤ ਜਾਤੀ ਉਪ-ਯੋਜਨਾ ਅਤੇ ਅਨੁਸੂਚਿਤ ਜਨ ਜਾਤੀ ਉਪ-ਯੋਜਨਾ ਦਾ ਮੁੱਖ ਟੀਚਾ ਕੁੱਲ ਵਸੋਂ ਵਿਚ ਇਨ੍ਹਾਂ ਭਾਈਚਾਰਿਆਂ ਦੀ ਵਸੋਂ ਦੇ ਅਨੁਪਾਤ ਅਨੁਸਾਰ ਉਨ੍ਹਾਂ ਦੇ ਵਿਕਾਸ ਲਈ ਯੋਜਨਾਬਧ ਫ਼ੰਡ ਜਾਰੀ ਕਰਨਾ ਹੈ ਜੋ ਕਿ 2001 ਦੀ ਰਾਸ਼ਟਰੀ ਮਰਦਮਸ਼ੁਮਾਰੀ ਵਿਚ 16 ਅਤੇ 8 ਪ੍ਰਤਿਸ਼ਤ ਸੀ।

ਇਨ੍ਹਾਂ ਰਣਨੀਤੀਆਂ ਤਹਿਤ ਅਨੁਸੂਚਿਤ ਜਾਤੀਆਂ ਲਈ ਅਨੁਸੂਚਿਤ ਜਾਤੀ ਉਪ-ਯੋਜਨਾ ਰਾਹੀਂ ਅਤੇ ਅਨੁਸੂਚਿਤ ਜਨਜਾਤੀਆਂ ਲਈ ਅਨੁਸੂਚਿਤ ਜਨਜਾਤੀ ਉਪ-ਯੋਜਨਾ ਰਾਹੀਂ ਹਰ ਉਪ-ਮੰਤਰਾਲਾ ਲਈ ਬਜਟ ਰਾਖਵਾਂ ਰੱਖਣਾ ਹੈ ਜੋ ਅਨੁਸੂਚਿਤ ਜਾਤੀ ਉਪ-ਯੋਜਨਾ ਅਤੇ ਅਨੁਸੂਚਿਤ ਜਨਜਾਤੀ ਉਪ-ਯੋਜਨਾ ਨੂੰ ਲਾਗੂ ਕਰ ਰਹੇ ਹਨ। ਇਨ੍ਹਾਂ ਰਣਨੀਤੀਆਂ ਤਹਿਤ ਅਨੁਸੂਚਿਤ ਜਾਤੀਆਂ

**ਤਾਲਿਕਾ-1**

**ਅਨੁਸੂਚਿਤ ਜਾਤੀਆਂ ਲਈ ਆਰਥਿਕ ਸੰਕੇਤਕ**

| ਸੂਚਕ | ਸਾਲ | ਅਨੁਸੂਚਿਤ ਜਾਤੀਆਂ | ਅਨੁਸੂਚਿਤ ਜਨ ਜਾਤੀਆਂ | ਹੋਰ ਸਮੂਹ |
|---|---|---|---|---|
| ਸਾਖਰਤਾ ਦਰ (ਦਿਹਾਤੀ) ਪ੍ਰਤਿਸ਼ਤ | | 60.5 | 58.8 | 76.9 |
| ਸਾਖਰਤਾ ਦਰ (ਸ਼ਹਿਰੀ) ਪ੍ਰਤਿਸ਼ਤ | 2007-08 | 74.9 | 78 | 89.9 |
| ਬੇਰੁਜ਼ਗਾਰੀ ਦਰ ਮੌਜੂਦਾ ਰੋਜ਼ਾਨਾ ਸਥਿਤੀ (ਦਿਹਾਤੀ) | 2007-08 | 11.9 | 7.5 | 8.4 |
| ਬੀ ਐਮ ਆਈ ਸ਼ਿਕਾਰ ਔਰਤਾਂ <18.5 ਪ੍ਰਤਿਸ਼ਤ | 2005-06 | 41.2 | 46.6 | 29.3 |
| ਖ਼ੂਨ ਦੀ ਕਮੀ ਦੀਆਂ ਸ਼ਿਕਾਰ ਔਰਤਾਂ (ਪ੍ਰਤਿਸ਼ਤ) | 2005-06 | 58.3 | 68.5 | 51.2 |
| ਬਾਲ ਮੌਤ ਦਰ (100 ਪਿੱਛੇ) | 2005-06 | 66.4 | 62.1 | 48.9 |
| ਪੱਕੇ ਘਰਾਂ ਵਾਲੇ ਪਰਿਵਾਰ (ਪ੍ਰਤਿਸ਼ਤ) | 2008-09 | 38.3 | 39.5 | 66.1 |
| ਬਿਜਲੀ ਦੀ ਸਹੂਲਤ ਵਾਲੇ ਪਰਿਵਾਰ (ਪ੍ਰਤਿਸ਼ਤ) | 2008-10 | 61.2 | 18.8 | 75 |

*ਸਰੋਤ : ਭਾਰਤ ਮਨੁੱਖੀ ਵਿਕਾਸ ਰਿਪੋਰਟ 2011, (ਯੋਜਨਾ ਆਯੋਗ)*

ਅਤੇ ਅਨੁਸੂਚਿਤ ਜਨਜਾਤੀ ਵਸੋਂ ਵਾਲੇ ਇਲਾਕਿਆਂ ਵਿਚ ਇਨ੍ਹਾਂ ਤਬਕਿਆਂ ਦੇ ਫ਼ਾਇਦੇ ਲਈ ਫ਼ੰਡ ਜਾਰੀ ਹੋ ਸਕਦੇ ਹਨ ਜਾਂ ਇਨ੍ਹਾਂ ਸ਼੍ਰੇਣੀਆਂ ਦੇ ਵਿਕਾਸ ਲਈ ਨਵੇਂ-ਢੁਕਵੇਂ ਵਿਕਾਸ ਪ੍ਰੋਗਰਾਮ ਉਲੀਕੇ ਜਾ ਸਕਦੇ ਹਨ। ਦੋਵੇਂ ਤਰ੍ਹਾਂ ਦੇ ਇਹ ਫ਼ੰਡ ਨਾ ਤਾਂ ਕਿਸੇ ਹੋਰ ਥਾਂ ਖਰਚੇ ਜਾ ਸਕਦੇ ਹਨ ਅਤੇ ਨਾ ਹੀ ਤੈਸ਼ੁਦਾ ਸਮਾਂ ਬੀਤਣ ਤੋਂ ਬਾਅਦ ਰੱਦ ਮੰਨੇ ਜਾ ਸਕਦੇ ਹਨ।

## ਅਨੁਸੂਚਿਤ ਜਾਤੀ ਉਪ-ਯੋਜਨਾ ਅਤੇ ਅਨੁਸੂਚਿਤ ਜਨ ਜਾਤੀ ਉਪ-ਯੋਜਨਾ ਤਹਿਤ ਫ਼ੰਡਾਂ ਦੀ ਵੰਡ - ਇਕ ਜਾਇਜ਼ਾ

ਉਪ-ਯੋਜਨਾ ਬਾਰੇ ਦਸਤਾਵੇਜ਼ ਤਹਿਤ ਵੱਖ-ਵੱਖ ਮੰਤਰਾਲਿਆਂ, ਵਿਭਾਗਾਂ ਵਲੋਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਭਲਾਈ ਲਈ ਮਾਲੀ ਫ਼ੰਡਾਂ ਦਾ ਵੇਰਵਾ ਦਿਤਾ ਗਿਆ ਹੈ। ਰੇਖਾ ਚਿੱਤਰ-1 ਅਤੇ 2 ਵਿਚ ਕੇਂਦਰੀ ਸਰਕਾਰ ਦੇ ਕੁੱਲ ਯੋਜਨਾ ਖਰਚਿਆਂ (ਰਾਜਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਨੂੰ ਕੇਂਦਰੀ ਮਦਦ ਨੂੰ ਛੱਡ ਕੇ) ਵਿਚ ਅਨੁਪਾਤ ਦੇ ਆਧਾਰ 'ਤੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨੂੰ ਜਾਰੀ ਫ਼ੰਡਾਂ ਦਾ ਰੁਝਾਨ ਦਰਸਾਇਆ ਗਿਆ ਹੈ।

ਕੇਂਦਰੀ ਬਜਟ 2012-13 (ਆਵਰਤਕ ਖਰਚੇ) ਵਿਚ ਅਨੁਸੂਚਿਤ ਜਾਤੀਆਂ ਲਈ (ਅਨੁਸੂਚਿਤ ਜਾਤੀ) ਜਾਰੀ ਫ਼ੰਡ, ਯੋਜਨਾ ਲਈ ਕੁੱਲ ਬਜਟ ਫ਼ੰਡ ਦਾ 10.43 ਪ੍ਰਤਿਸ਼ਤ ਦਰਜ ਹੋਇਆ ਜੋ ਕਿ ਸਭ ਤੋਂ ਵੱਧ ਸੀ ਪਰ ਅਜੇ ਵੀ ਇਹ ਅਨੁਸੂਚਿਤ ਜਾਤੀ ਉਪ-ਯੋਜਨਾ ਨੇਮਾਂ ਤਹਿਤ ਲੋੜੀਂਦੇ 16.2 ਪ੍ਰਤਿਸ਼ਤ ਤੋਂ ਕਾਫ਼ੀ ਘੱਟ ਸੀ। ਇਹ ਵਾਧਾ ਵੀ ਮੁੱਖ ਤੌਰ ਤੇ ਕੇਂਦਰੀ ਸਰਕਾਰ ਦੇ ਕੁੱਲ ਯੋਜਨਾ ਫ਼ੰਡ ਵਿਚ ਵੱਡੇ ਘਾਟੇ 321405.55 ਕਰੋੜ ਰੁਪਏ ਤੋਂ ਘਟ ਕੇ 317184.62 ਕਰੋੜ ਰੁਪਏ ਹੋ ਜਾਣ ਕਰਕੇ ਸੀ ਜਿਸ ਨਾਲ ਕੁੱਲ ਫ਼ੰਡਾਂ ਵਿਚ ਅਨੁਸੂਚਿਤ ਜਾਤੀ ਉਪ-ਯੋਜਨਾ ਦਾ ਹਿੱਸਾ 2013-14 ਆਵਰਤਕ ਖਰਚੇ ਵਿਚ ਘਟ ਕੇ 9.92 ਪ੍ਰਤਿਸ਼ਤ ਰਹਿ ਗਿਆ।

ਇਸੇ ਤਰ੍ਹਾਂ ਰੇਖਾ-ਚਿੱਤਰ-2 ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਜਾਇਜ਼ੇ ਦੇ ਸਾਰੇ ਵਰ੍ਹਿਆਂ ਵਿਚ ਕਿਸੇ ਵੀ ਸਾਲ ਅਨੁਸੂਚਿਤ ਜਨ ਜਾਤੀ ਉਪ-ਯੋਜਨਾ ਤਹਿਤ ਵੰਡ ਤੈ ਕੀਤੀ ਗਈ 8 ਪ੍ਰਤਿਸ਼ਤ ਦੇ ਮਾਰਕੇ 'ਤੇ ਨਾ ਪਹੁੰਚਦਿਆਂ 6 ਪ੍ਰਤਿਸ਼ਤ ਤੋਂ ਹੇਠਾਂ ਰਿਹਾ। ਅਨੁਸੂਚਿਤ ਜਾਤੀ ਉਪ-ਯੋਜਨਾ ਵਾਂਗ ਹੀ ਅਨੁਸੂਚਿਤ ਜਨਜਾਤੀ ਉਪ-ਯੋਜਨਾ ਤਹਿਤ ਅਨੁਪਾਤਕ ਵੰਡ ਵੀ ਪਿਛਲੇ ਕੁਝ ਵਰ੍ਹਿਆਂ ਤੋਂ ਖੜੋਤ ਦਾ ਸ਼ਿਕਾਰ ਰਹੀ ਹੈ।

## ਸਮੱਸਿਆ?

ਸਾਰੇ ਮੰਤਰਾਲਿਆਂ ਅਤੇ ਵਿਭਾਗਾਂ ਵਲੋਂ ਜਾਇਜ਼ੇ ਨਹੀਂ ਲਏ ਜਾ ਰਹੇ ਅਤੇ ਇਨ੍ਹਾਂ ਵਿਚੋਂ ਕਈ ਅਜਿਹੇ ਵਿਭਾਗ ਹਨ ਜਿਨ੍ਹਾਂ ਉਪਰ ਅਨੁਸੂਚਿਤ ਜਾਤੀ ਉਪ-ਯੋਜਨਾ ਤਹਿਤ ਫ਼ੰਡ ਜਾਰੀ ਕਰਨ ਦੀ ਜ਼ਿੰਮੇਵਾਰੀ ਹੈ। ਇਸ ਤੋਂ ਇਲਾਵਾ, ਕੁਝ ਵਿਭਾਗਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਲੋਂ ਜਾਇਜ਼ੇ ਦਾ ਅਮਲ ਬੰਦ ਕਰ ਦਿਤਾ ਗਿਆ ਹੈ, ਕੇਂਦਰੀ ਬਜਟ 2013-14 ਦੇ ਦਸਤਾਵੇਜ਼ 21 ਦੇ ਅਨੁਸਾਰ ਸਰਕਾਰ ਵਲੋਂ 2012-13 (ਆਵਰਤਕ ਖਰਚੇ) ਵਿਚ ਅਨੁਸੂਚਿਤ ਜਾਤੀ ਉਪ-ਯੋਜਨਾ ਦਾ ਹਿੱਸਾ 33085.04 ਕਰੋੜ ਰੁਪਏ ਤੋਂ ਵਧਾ ਕੇ 41561 ਕਰੋੜ ਰੁਪਏ ਕਰ ਦਿਤਾ ਗਿਆ ਹੈ। ਇਸ ਨਾਲ ਇਕ ਸਾਲ ਵਿਚ ਹੀ 8476.09 ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਤਾਂ ਵੀ ਕਈ ਮੰਤਰਾਲੇ ਅਤੇ ਵਿਭਾਗ ਅਜੇ ਵੀ ਅਨੁਸੂਚਿਤ ਜਾਤੀ ਉਪ-ਯੋਜਨਾ ਦੇ ਦਾਇਰੇ ਤੋਂ ਬਾਹਰ ਹਨ।

ਅਨੁਸੂਚਿਤ ਜਾਤੀ ਉਪ-ਯੋਜਨਾ ਵਾਂਗ ਹੀ ਸਾਰੇ ਮੰਤਰਾਲੇ, ਵਿਭਾਗ ਇਸ ਉਦੇਸ਼ ਲਈ ਫ਼ੰਡ ਰਾਖਵੇਂ ਨਹੀਂ ਰੱਖ ਰਹੇ। ਜ਼ਮੀਮਾ (ਨੱਥੀ ਦਸਤਾਵੇਜ਼) 2 ਦੇਖੋ। ਖੇਤੀ ਮੰਤਰਾਲਾ ਜੋ ਕਿ 2012-13 (ਆਵਰਤਕ ਖਰਚੇ) ਤਕ ਇਸ ਉਦੇਸ਼ ਲਈ ਫ਼ੰਡਾਂ ਦੀ ਰਿਪੋਰਟਿੰਗ ਕਰ ਰਿਹਾ ਸੀ, ਨੇ 2012-13 (ਆਵਰਤਕ ਖਰਚੇ) ਤੋਂ ਦਸਤਾਵੇਜ਼ 21 ਏ ਰਿਪੋਰਟਿੰਗ ਬੰਦ ਕਰ ਦਿਤੀ ਹੈ। ਸਿਵਲ ਹਾਵਾਬਾਜ਼ੀ ਮੰਤਰਾਲਾ ਅਤੇ ਜੈਵ-ਤਕਨਾਲੋਜੀ ਵਿਭਾਗ ਦੀ ਵੀ ਅਜਿਹੀ ਹੀ ਹਾਲਤ ਹੈ ਜਿਸ ਨੇ ਕਿ ਇਕ ਹੀ ਸਾਲ (2010-11 ਆਵਰਤਕ ਖਰਚੇ) ਨੂੰ ਇਸ ਫ਼ੰਡ ਬਾਰੇ ਰਿਪੋਰਟ ਪੇਸ਼ ਕੀਤੀ ਹੈ। ਪਿਛਲੇ ਸਾਲ ਤੋਂ ਅਜਿਹਾ ਫ਼ੰਡ ਰਾਖਵਾਂ ਰੱਖਣ ਵਾਲੇ ਮੰਤਰਾਲੇ ਜਾਂ ਵਿਭਾਗਾਂ ਵਿਚ ਕੋਈ ਇਜ਼ਾਫ਼ਾ ਨਹੀਂ ਹੋਇਆ। ਜ਼ਮੀਮਾ (ਨੱਥੀ ਦਸਤਾਵੇਜ਼) 2, ਪਿਛਲੇ ਕਈ ਸਾਲਾਂ ਤੋਂ ਵੱਖ-ਵੱਖ ਮੰਤਰਾਲਿਆਂ/ਵਿਭਾਗਾਂ ਵਲੋਂ ਅਨੁਸੂਚਿਤ ਜਨਜਾਤੀ ਉਪ-ਯੋਜਨਾ ਲਈ ਰਾਖਵੇਂ ਫ਼ੰਡਾਂ ਦਾ ਵੇਰਵਾ ਦਿਤਾ ਗਿਆ ਹੈ, ਕੇਂਦਰੀ ਬਜਟ 2013-14 ਦੇ ਦਸਤਾਵੇਜ਼ 21 ਏ ਅਨੁਸਾਰ ਅਨੁਸੂਚਿਤ ਜਨਜਾਤੀ ਉਪ-ਯੋਜਨਾ ਤਹਿਤ ਸਰਕਾਰੀ ਫ਼ੰਡ 2012-13 (ਆਵਰਤਕ ਖਰਚੇ) ਦੌਰਾਨ 18721.33 ਕਰੋੜ ਰੁਪਏ ਤੋਂ ਵਧਾ ਕੇ 24598.39 ਕਰੋੜ ਰੁਪਏ ਕਰ ਦਿਤੇ ਗਏ ਜਿਸ ਨਾਲ 5877.57 ਕਰੋੜ ਰੁਪਏ ਦਾ ਇਜ਼ਾਫ਼ਾ ਦਰਜ ਹੋਇਆ।

**ਦੂਜੇ ਪਾਸੇ, ਉਸਾਰੂ ਪੱਖ ਨੂੰ ਵੇਖਦਿਆਂ ਕੇਂਦਰੀ ਬਜਟ 2013-14 ਵਿਚ ਦਸਤਾਵੇਜ਼ 21 ਅਤੇ 21 (ਏ) ਵਿਚ ਪਹਿਲੀ ਵਾਰ ਅਸਲ ਅੰਕੜਿਆਂ ਨੂੰ ਪੇਸ਼ ਕੀਤਾ ਗਿਆ ਜੋ ਕਿ ਵਧੇਰੇ ਪਾਰਦਰਸ਼ਤਾ ਦੇ ਰੁਝਾਨ ਵੱਲ ਇਸ਼ਾਰਾ ਕਰਦਾ ਹੈ। ਇਸ ਤੋਂ ਇਲਾਵਾ, ਵਿੱਤ ਮੰਤਰੀ ਨੇ ਇਸ ਸਾਲ ਬਜਟ ਦੇ ਭਾਸ਼ਣ ਵਿਚ ਜ਼ੋਰ ਦੇ ਕੇ ਕਿਹਾ ਕਿ ਉਪ-ਯੋਜਨਾ ਤਹਿਤ ਫ਼ੰਡ ਕਿਸੇ ਹੋਰ ਉਦੇਸ਼ ਲਈ ਨਹੀਂ ਸਗੋਂ ਇਸੇ ਵਿਸ਼ੇਸ਼ ਟੀਚੇ ਲਈ ਵਰਤੇ ਜਾਣ। ਕੁਝ ਗੱਲਾਂ ਜੋ ਇਨ੍ਹਾਂ ਵਿਉਂਤਬਧ ਰਣਨੀਤੀਆਂ ਨੂੰ ਢੁਕਵੇਂ ਢੰਗ ਨਾਲ ਲਾਗੂ ਕਰਨ ਵਿਚ ਅੜਿੱਕਾ ਬਣ ਰਹੀਆਂ ਹਨ, ਬਾਰੇ ਅੱਗੇ ਦੱਸਿਆ ਗਿਆ ਹੈ।**

## ਅਨੁਸੂਚਿਤ ਜਾਤੀ ਉਪ-ਯੋਜਨਾ ਅਤੇ ਅਨੁਸੂਚਿਤ ਜਨਜਾਤੀ ਉਪ-ਯੋਜਨਾ ਨੂੰ ਲਾਗੂ ਕਰਨ ਸੰਬੰਧੀ ਚਿੰਤਾਵਾਂ

ਜਿਵੇਂ ਕਿ ਉਪਰ ਦੱਸਿਆ ਗਿਆ ਹੈ ਕਿ ਇਨ੍ਹਾਂ ਦੋ ਰਣਨੀਤੀਆਂ ਨੂੰ ਲਾਗੂ ਕਰਨ ਵਿਚ ਤਿੰਨ ਮੁੱਖ ਸਮੱਸਿਆਵਾਂ ਪੇਸ਼ ਆ ਰਹੀਆਂ ਹਨ। ਬਜਟ ਵੰਡ ਦਾ ਤੈਸ਼ੁਦਾ ਟੀਚੇ 16 ਅਤੇ 8 ਪ੍ਰਤਿਸ਼ਤ ਤੋਂ ਹੇਠਾਂ ਰਹਿਣਾ, ਕਈ ਮੰਤਰਾਲਿਆਂ ਵਲੋਂ ਇਸ ਪ੍ਰਬੰਧ ਤੋਂ ਬਾਹਰ ਰਹਿਣਾ ਅਤੇ ਕਈ ਹੋਰਨਾਂ ਵਲੋਂ ਆਪਣੀਆਂ ਵੇਰਵੇ ਸਹਿਤ ਬਜਟ ਸੂਚੀਆਂ (ਗਰਾਂਟਾਂ ਲਈ ਵੇਰਵਾਗਤ ਮੰਗਾਂ) ਵਿਚ ਅਨੁਸੂਚਿਤ ਜਾਤੀ ਉਪ-ਯੋਜਨਾ ਅਤੇ ਅਨੁਸੂਚਿਤ ਜਨਜਾਤੀ ਉਪ-ਯੋਜਨਾ ਲਈ ਲੋੜੀਂਦੇ ਵੱਖਰੇ ਬਜਟ ਨਾ ਰੱਖਣਾ। ਇਸ ਤੋਂ ਇਲਾਵਾ, ਇਨ੍ਹਾਂ ਦੋਹਾਂ ਯੋਜਨਾਬਧ ਰਣਨੀਤੀਆਂ ਬਾਰੇ ਸਮੁੱਚੇ ਨਜ਼ਰੀਏ ਨੂੰ ਲੈ ਕੇ ਵੀ ਕਈ ਮੁੱਦੇ ਹੱਲ ਹੋਣੋਂ ਰਹਿੰਦੇ ਹਨ

ਦੂਜਾ ਅਹਿਮ ਮੁੱਦਾ ਜਿਸ ਨੇ ਇਨ੍ਹਾਂ ਯੋਜਨਾਵਾਂ ਨੂੰ ਢਾਅ ਲਾਈ ਹੈ, ਨਰਿੰਦਰ ਜਾਧਵ ਕਾਰਜ ਦਲ

ਵਲੋਂ ਅਪਣਾਏ ਗਏ ਵਤੀਰੇ ਦੀ ਹੈ। ਇਸ ਕਮੇਟੀ ਵਲੋਂ ਅਨੁਸੂਚਿਤ ਜਾਤੀ ਉਪ-ਯੋਜਨਾ ਅਤੇ ਅਨੁਸੂਚਿਤ ਜਨਜਾਤੀ ਉਪ-ਯੋਜਨਾ ਨੂੰ ਲਾਗੂ ਕਰਨ ਲਈ ਦਿਤੇ ਖਾਕੇ ਵਿਚ ਵੱਖ-ਵੱਖ ਮੰਤਰਾਲਿਆਂ ਵਲੋਂ ਇਨ੍ਹਾਂ ਸਦੀਆਂ ਨੂੰ ਲੈ ਕੇ ਅਧੂਰੇਪਨ ਵਾਲੇ ਦ੍ਰਿਸ਼ਟੀਕੋਣ ਦੇ ਮੁੱਖ ਮੁੱਦੇ ਨਾਲ ਨਜਿੱਠਿਆ ਨਹੀਂ ਗਿਆ। ਕਈ ਸਕੀਮਾਂ ਵਿਚ ਨੋਡਲ ਮੰਤਰਾਲੇ ਸਰੋਤ ਦੇ ਇਕ ਹਿੱਸੇ ਦੀ ਹੀ ਰਿਪੋਰਟਿੰਗ ਕਰ ਰਹੇ ਹਨ (ਰਾਜ ਬਜਟ ਦਸਤਾਵੇਜ਼ 2012-13, ਗੁਜਰਾਤ ਸਰਕਾਰ)।

**ਦੂਜੇ, ਆਮ ਉਦੇਸ਼ਾਂ ਲਈ ਫ਼ੰਡਾਂ ਦੀ ਵਰਤੋਂ ਦੇ ਰੁਝਾਨਾਂ ਨਾਲ ਅਨੁਸੂਚਿਤ ਜਾਤੀ ਉਪ-ਯੋਜਨਾ ਅਤੇ ਅਨੁਸੂਚਿਤ ਜਨਜਾਤੀ ਉਪ-ਯੋਜਨਾ ਜਿਹੀਆਂ ਰਣਨੀਤੀਆਂ ਸ਼ੁਰੂ ਕਰਨ ਦੇ ਉਦੇਸ਼ ਨੂੰ ਢਾਅ ਲਗਦੀ ਹੈ। ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀਆਂ ਲਈ ਸਕੀਮਾਂ ਵਾਸਤੇ ਜਿਥੋਂ ਤਕ ਸੰਭਵ ਹੋਵੇ ਲਾਭ ਕਰਤਾ-ਮੁਖੀ ਰਵੱਈਆ ਅਪਣਾਇਆ ਜਾਣਾ ਚਾਹੀਦਾ ਹੈ ਅਤੇ ਬੁਨਿਆਦੀ ਢਾਂਚੇ ਅਤੇ ਮੂਲ ਸਹੂਲਤਾਂ ਨਾਲ ਸੰਬੰਧਿਤ ਸਕੀਮਾਂ ਵਿਚ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਜਨਜਾਤੀ ਬਹੁਤਾਤ ਹਲਕਿਆਂ ਨੂੰ ਮੁੱਖ ਤੌਰ ਤੇ ਲਿਆ ਜਾਣਾ ਚਾਹੀਦਾ ਹੈ ਤਾਂ ਜੋ ਯੋਜਨਾਬਧ ਕਰਦਿਆਂ ਇਨ੍ਹਾਂ ਦੇ ਵਿਸ਼ੇਸ਼ ਸਰੋਕਾਰਾਂ ਨੂੰ ਪੂਰਾ ਕੀਤਾ ਜਾ ਸਕੇ।**

ਤੀਜਾ, ਨਰਿੰਦਰ ਜਾਧਵ ਕਾਰਜ ਦਲ ਨੇ ਇਸ ਮੁੱਖ ਆਧਾਰ 'ਤੇ ਕਈ ਵਿਭਾਗਾਂ ਅਤੇ ਮੰਤਰਾਲਿਆਂ ਨੂੰ ਇਸ ਪ੍ਰਬੰਧ ਤੋਂ ਛੋਟ ਦਿਤੀ ਹੋਈ ਹੈ ਕਿ ਇਨ੍ਹਾਂ ਖੇਤਰਾਂ ਦੀ 'ਵੰਡ' ਮੁਸ਼ਕਿਲ ਹੈ ਪਰ ਇਸ ਗੱਲ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਅਜਿਹਾ ਕੋਈ ਖੇਤਰ ਨਹੀਂ ਹੈ ਜਿਸ ਬਾਰੇ ਵੱਖਰੀ ਵੰਡ ਨਾ ਕੀਤੀ ਜਾ ਸਕੇ ਅਤੇ ਮੰਤਰਾਲਾ ਆਪਣੇ ਕੁੱਲ ਬਜਟ ਦੇ ਪ੍ਰਸੰਗ ਵਿਚ ਰਖਾਵੀਂ ਰਕਮ ਘੱਟ ਹੋਣ ਦੇ ਬਾਵਜੂਦ ਵੀ ਜ਼ਰੂਰ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਦੇ ਖੇਤਰਾਂ ਵਿਚ ਉਨ੍ਹਾਂ ਨੂੰ ਦਰਪੇਸ਼ ਵਿਸ਼ੇਸ਼ ਚੁਣੌਤੀਆਂ ਦੀ ਸ਼ਨਾਖ਼ਤ ਕਰ ਕੇ ਉਨ੍ਹਾਂ ਦੇ ਹੱਲ ਲਈ ਨਵੀਂ ਸਕੀਮ ਆਦਿ ਈਜ਼ਾਦ ਕਰ ਸਕਦੇ ਹਨ।

ਅਜਿਹੇ ਸਰੋਕਾਰ ਇਸ ਪੱਖ ਤੋਂ ਅਨੁਸੂਚਿਤ ਜਾਤੀ ਉਪ-ਯੋਜਨਾ ਅਤੇ ਅਨੁਸੂਚਿਤ ਜਨਜਾਤੀ ਉਪ-ਯੋਜਨਾ ਦੀਆਂ ਯੋਜਨਾਬਧ ਰਣਨੀਤੀਆਂ ਉਪਰ ਮੁੜ ਵਿਚਾਰ ਦੀ ਲੋੜ ਵੱਲ ਇਸ਼ਾਰਾ ਕਰਦੇ ਹਨ ਕਿ ਕਿਵੇਂ ਇਨ੍ਹਾਂ ਨੂੰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੀਆਂ ਲੋੜਾਂ ਅਨੁਸਾਰ ਢਾਲਿਆ ਜਾਵੇ ਅਤੇ ਉਨ੍ਹਾਂ ਦੇ ਵਧੇਰੇ ਹੱਕ ਵਿਚ ਕੀਤਾ ਜਾਵੇ।

## ਸੁਝਾਇਆ ਗਿਆ ਖ਼ਾਕਾ

ਅਨੁਸੂਚਿਤ ਜਾਤੀ ਉਪ-ਯੋਜਨਾ ਅਤੇ ਅਨੁਸੂਚਿਤ ਜਨਜਾਤੀ ਉਪ-ਯੋਜਨਾ ਦਾ ਟੀਚਾ ਆਮ ਸਕੀਮਾਂ ਰਾਹੀਂ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਨੂੰ ਹੋਣ ਵਾਲੇ ਇਤਫ਼ਾਕੀਆਂ ਫ਼ਾਇਦਿਆਂ ਦੇ ਨਜ਼ਰੀਏ ਨੂੰ ਦਰਸਾਉਣ ਦਾ ਨਹੀਂ ਹੋਣਾ ਚਾਹੀਦਾ ਸਗੋਂ ਮੰਤਰਾਲਿਆਂ ਵਿਚ ਚੋਖੇ ਬਜਟ ਵਸੀਲਿਆਂ ਦੀ ਉਪਲਬਧੀ ਯਕੀਨੀ ਬਣਾ ਕੇ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਦੇ ਵਿਸ਼ੇਸ਼ ਖੇਤਰਾਂ ਵਿਚ ਉਨ੍ਹਾਂ ਨੂੰ ਸਿੱਧੇ ਫ਼ਾਇਦਿਆਂ ਦੇ ਲਾਭ ਵਾਲੀਆਂ ਨੀਤੀਆਂ ਲਾਗੂ ਹੋਣ ਅਨੁਸੂਚਿਤ ਜਾਤੀ ਉਪ-ਯੋਜਨਾ ਅਤੇ ਅਨੁਸੂਚਿਤ ਜਨਜਾਤੀ ਉਪ-ਯੋਜਨਾ ਦਾ ਮੁੱਖ ਟੀਚਾ ਕੇਵਲ ਇਕ ਦਰਸਾਉਣਾ/ਰਿਪੋਰਟ ਕਰਨਾ ਨਹੀਂ ਹੈ ਕਿ ਸਾਰੇ ਮੰਤਰਾਲਿਆਂ ਦੇ ਕੁੱਲ ਯੋਜਨਾਬਧ ਬਜਟਾਂ ਦਾ 16 ਅਤੇ 8 ਪ੍ਰਤਿਸ਼ਤ ਹਿੱਸਾ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਦੇ ਫ਼ਾਇਦਿਆਂ ਲਈ ਹੈ ਕਿਉਂਕਿ ਅਜਿਹਾ ਉਦੇਸ਼ ਰੱਖਣ ਨਾਲ ਕਈ ਮੰਤਰਾਲੇ ਸਿਰਫ਼ ਪਿਛੇਤੇ ਪ੍ਰਭਾਵ ਨਾਲ ਰਿਪੋਰਟਿੰਗ ਕਰਨ ਲਈ ਉਤਸ਼ਾਹਿਤ ਹੋ ਜਾਂਦੇ ਹਨ। ਇਸ ਉਪ-ਯੋਜਨਾ ਦਾ ਮੁੱਖ ਉਦੇਸ਼ :

1. ਸਾਰੇ ਮੰਤਰਾਲਿਆਂ ਨੂੰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨੂੰ ਦਰਪੇਸ਼ ਵਾਧੂ ਮੁਸ਼ਕਿਲਾਂ/ਚੁਣੌਤੀਆਂ ਦੀ ਸ਼ਨਾਖ਼ਤ ਕਰਨ,

2. ਇਨ੍ਹਾਂ ਵਿਸ਼ੇਸ਼ ਮੁਸ਼ਕਿਲਾਂ/ਵੰਗਾਰਾਂ ਨਾਲ ਨਜਿੱਠਣ ਲਈ ਲੋੜੀਂਦੇ ਉਪਾਵਾਂ ਲਈ ਲੋੜੀਂਦੇ ਵਾਧੂ ਵਸੀਲਿਆਂ ਦੀ ਮਿਕਦਾਰ ਤੈਅ ਕਰਨ ਦਾ ਹੋਣਾ ਚਾਹੀਦਾ ਹੈ। ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਲਈ ਲੋੜੀਂਦੇ ਵਿਸ਼ੇਸ਼ ਉਪਾਵਾਂ ਬਾਰੇ ਇਨ੍ਹਾਂ ਵਾਧੂ ਵਸੀਲਿਆਂ ਨੂੰ ਅਨੁਸੂਚਿਤ ਜਾਤੀ ਉਪ-ਯੋਜਨਾ ਅਤੇ ਅਨੁਸੂਚਿਤ ਜਨਜਾਤੀ ਉਪ-ਯੋਜਨਾ ਤਹਿਤ ਦਰਸਾਇਆ ਜਾਵੇ।

ਸਪੱਸ਼ਟ ਤੌਰ ਤੇ, ਸਾਰਿਆਂ ਮੰਤਰਾਲਿਆਂ ਦੇ ਅਨੁਸੂਚਿਤ ਜਾਤੀ ਉਪ-ਯੋਜਨਾ ਅਤੇ ਅਨੁਸੂਚਿਤ ਜਨਜਾਤੀ ਉਪ-ਯੋਜਨਾ ਦੇ 16/8 ਪ੍ਰਤਿਸ਼ਤ ਦੇ ਮਾਪਦੰਡ ਉਪਰ ਖਰਾ ਉਤਰਨਾ ਨਾ ਹੀ ਅਮਲੀ ਰੂਪ ਵਿਚ ਸੰਭਵ ਹੈ ਅਤੇ ਨਾ ਹੀ ਜ਼ਰੂਰੀ। ਪਰ ਜੇ ਮੰਤਰਾਲੇ ਇਸ ਨਜ਼ਰੀਏ ਨੂੰ ਲੈ ਕੇ ਸੰਜੀਦਾ ਕੋਸ਼ਿਸ਼ਾਂ ਕਰਦੇ ਹਨ ਤਾਂ ਸਕੀਮਾਂ ਰਾਹੀਂ ਵੀ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਫ਼ਾਇਦਿਆਂ ਲਈ ਅਨੁਪਾਤਕ ਵੰਡ ਵਾਲੇ ਯੋਜਨਾਬਧ ਫ਼ੰਡ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੀਆਂ ਵਿਸ਼ੇਸ਼ ਲੋੜਾਂ ਤੇ ਵੰਗਾਰਾਂ ਉਪਰ ਸ਼ਾਇਦ ਧਿਆਨ ਕੇਂਦਰਿਤ ਨਾ ਕਰ ਸਕਣ। ਕਈ ਸਾਲਾਂ ਤੋਂ ਅਨੁਸੂਚਿਤ ਜਾਤੀ ਉਪ-ਯੋਜਨਾ ਤਹਿਤ ਰਿਪੋਟਿੰਗ 'ਪਿਛੇਤੇ ਪ੍ਰਭਾਵ ਨਾਲ ਬਜਟ ਤਿਆਰ ਕਰਨ' ਦੇ ਹਨ ਜਿਥੇ ਅਨੁਸੂਚਿਤ ਜਾਤੀਆਂ ਲਈ ਰਾਖਵੇਂ ਫ਼ੰਡਾਂ ਬਾਰੇ ਫ਼ੈਸਲਾ, ਕੇਂਦਰੀ ਬਜਟ ਤਿਆਰ ਕਰਨ ਦੇ ਅਮਲ ਦੌਰਾਨ ਸਾਰੇ ਮੰਤਰਾਲਿਆਂ ਲਈ ਯੋਜਨਾ ਬਜਟ ਤੈਅ ਕਰਨ ਤੋਂ ਬਾਅਦ ਲਿਆ ਜਾਂਦਾ ਹੈ ਅਤੇ ਬਜਟ ਤਿਆਰ ਕਰਨ ਦੇ ਅਮਲ ਦੌਰਾਨ ਅਨੁਸੂਚਿਤ ਜਾਤੀ ਉਪ-ਯੋਜਨਾ ਅਤੇ ਅਨੁਸੂਚਿਤ ਜਨਜਾਤੀ ਉਪ-ਯੋਜਨਾ ਲਈ ਲੋੜੀਂਦੇ ਵਿਸ਼ੇਸ਼ ਉਪਾਅ ਦਾ ਪ੍ਰਬੰਧ ਨਹੀਂ ਕੀਤਾ ਜਾਂਦਾ।

ਦੂਜਾ, ਕਈ ਮੰਤਰਾਲਿਆਂ ਦਿਆਂ ਪ੍ਰੋਗਰਾਮਾਂ/ਸਕੀਮਾਂ ਦੀ ਪੜਤਾਲ ਦੱਸਦੀ ਹੈ ਕਿ ਇਸ ਗੱਲ ਬਾਰੇ ਵੀ ਸਿਰਫ਼ 'ਭਰਮ ਪੂਰਨ ਧਾਰਨਾ' ਹੀ ਕੰਮ ਕਰ ਰਹੀ ਹੈ ਕਿ ਕਿਸੇ ਵਿਸ਼ੇਸ਼ ਸਕੀਮ ਵਿਚ ਕੁੱਲ ਵਸੋਂ ਦੇ ਮੁਕਾਬਲੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਲਈ ਖ਼ਾਸ ਅਨੁਪਾਤ ਤਹਿਤ ਫ਼ੰਡ ਰਾਖਵੇਂ ਰੱਖਣ ਨਾਲ ਇਨ੍ਹਾਂ ਤਬਕਿਆਂ ਨੂੰ ਫ਼ਾਇਦਾ ਪਹੁੰਚੇਗਾ ਅਤੇ ਇਸੇ ਕਾਰਨ ਅਨੁਸੂਚਿਤ ਜਾਤੀ ਉਪ-ਯੋਜਨਾ ਅਤੇ ਅਨੁਸੂਚਿਤ ਜਨਜਾਤੀ ਉਪ-ਯੋਜਨਾ ਤਹਿਤ ਰਾਸ਼ਟਰੀ ਪੱਧਰ 'ਤੇ ਫ਼ੰਡ ਰਾਖਵੇਂ ਰੱਖਣ ਬਾਰੇ ਬਹਿਸ ਜ਼ੋਰ ਫੜ ਰਹੀ ਹੈ। ਇਸ ਤੋਂ ਇਲਾਵਾ, ਕਈ ਮਾਮਲਿਆਂ ਵਿਚ ਦਸਤਾਵੇਜ਼ਾਂ ਵਿਚ ਦਰਸਾਈਆਂ ਗਈਆਂ ਸਕੀਮਾਂ ਵਿਸ਼ੇਸ਼ ਰੂਪ ਵਿਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਲਈ ਨਾ ਹੋ ਕੇ ਆਮ ਰੁਝਾਵਾਂ ਵਾਲੀਆਂ ਹਨ। ਇਸ ਗੱਲ ਦੀਆਂ ਉੱਘੀਆਂ ਉਦਾਹਰਣਾਂ ਮਿਲਦੀਆਂ ਹਨ ਕਿ ਕਿਵੇਂ ਅਨੁਸੂਚਿਤ ਜਾਤੀ ਉਪ-ਯੋਜਨਾ ਅਤੇ ਅਨੁਸੂਚਿਤ

| ਦਸਤਾਵੇਜ਼-1 : ਕੇਂਦਰੀ ਬਜਟ 2013-14 ਦੇ ਦਸਤਾਵੇਜ਼ 21 ਤਹਿਤ ਫ਼ੰਡ ਰਾਖਵੇਂ ਕਰਨ ਦਾ ਜਾਇਜ਼ਾ (ਕਰੋੜਾਂ ਵਿਚ) | | | | | |
|---|---|---|---|---|---|
| ਕ੍ਰੰ ਸੰ. | ਮੰਤਰਾਲਾ/ਵਿਭਾਗ | 2010-11 ਆਵਰਤਕ ਖਰਚੇ | 2011-12 ਆਵਰਤਕ ਖਰਚੇ | 2012-13 ਆਵਰਤਕ ਖਰਚੇ | 2013-14 ਬਜਟ ਅਨੁਮਾਨ (ਰੁਪਏ ਕਰੋੜਾਂ 'ਚ) |
| 1 | ਪਸ਼ੂ-ਪਾਲਣ, ਡੇਅਰੀ ਅਤੇ ਮੱਛੀ ਪਾਲਣ ਵਿਭਾਗ | 0 | 160.11 | 291.59 | 328.05 |
| 2 | ਖੇਤੀ ਅਤੇ ਸਹਿਯੋਗ ਵਿਭਾਗ | - | 1401.98 | 1533.71 | 1888.11 |
| 3 | ਵਣਜ ਵਿਭਾਗ | - | 90 | 94 | 100 |
| 4 | ਸ਼ਹਿਰੀ ਹਵਾਬਾਜ਼ੀ ਮੰਤਰਾਲਾ | 0.1 | - | - | - |
| 5 | ਪੁਲਿਸ | 2.66 | - | - | - |
| 6 | ਕਿਰਤ ਅਤੇ ਰੋਜ਼ਗਾਰ ਮੰਤਰਾਲਾ | 9.8 | 210.6 | 352.59 | 408.89 |
| 7 | ਨਵੀਨ ਅਤੇ ਮੁੜ-ਨਵਿਆਉਣ ਯੋਗ ਊਰਜਾ ਮੰਤਰਾਲਾ | 0 | 42 | 40.25 | 53.23 |
| 8 | ਵਿਗਿਆਨ ਅਤੇ ਤਕਨਾਲੋਜੀ ਵਿਭਾਗ | 3 | 31.52 | 25.97 | 69.43 |
| 9 | ਜੈਵਿਕ ਤਕਨਾਲੋਜੀ ਵਿਭਾਗ | 3.5 | - | - | - |
| 10 | ਸਮਾਜਿਕ ਨਿਆਂ ਅਤੇ ਅਧਿਕਾਰਾਂ ਬਾਰੇ ਮੰਤਰਾਲਾ | 3434.76 | 4019.1 | 3888.93 | 4755.8 |
| 11 | ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ | 10.41 | - | - | - |
| 12 | ਕੇਂਦਰੀ ਸ਼ਾਸਤ ਪ੍ਰਦੇਸ਼ ਦਮਨ ਅਤੇ ਦਿਊ | 0.56 | - | - | - |
| 13 | ਖੇਤੀਬਾੜੀ ਮੰਤਰਾਲਾ | 272.5 | - | - | |
| 14 | ਸੱਨਅਤੀ ਨੀਤੀ ਅਤੇ ਉੱਨਤੀ ਬਾਰੇ ਵਿਭਾਗ | 30.73 | 30.01 | 5.8 | 42 |
| 15 | ਸੂਚਨਾ ਤਕਨਾਲੋਜੀ ਵਿਭਾਗ | 53.2 | 45.08 | 51.74 | 60 |
| 16 | ਵਾਤਾਵਰਨ ਅਤੇ ਜੰਗਲਾਤ ਵਿਭਾਗ | 0 | 51 | 43.36 | 53.46 |
| 17 | ਸਿਹਤ ਅਤੇ ਪਰਿਵਾਰ ਕਲਿਆਣ ਵਿਭਾਗ | 2163 | 3137.61 | 3712.88 | 4433.08 |
| 18 | ਆਯੂਸ਼ ਵਿਭਾਗ | - | 32.5 | 33.5 | 53.45 |
| 19 | ਏਡਜ਼ ਨਿਯੰਤਰਣ ਵਿਭਾਗ | 0 | 228 | 267.45 | 271.32 |
| 20 | ਐਚ ਯੂ ਪੀ ਏ ਮੰਤਰਾਲਾ | 0 | 234.91 | 162.5 | 328.5 |
| 21 | ਸਕੂਲੀ ਵਿੱਦਿਆ ਅਤੇ ਸਾਖਰਤਾ ਵਿਭਾਗ | 5881.83 | 7791.4 | 8545.8 | 9931.8 |
| 22 | ਉੱਚ ਸਿੱਖਿਆ ਵਿਭਾਗ | 2175.67 | 1922.85 | 2076.91 | 2431.51 |
| 23 | ਲਘੂ, ਛੋਟੀਆਂ, ਤੇ ਦਰਮਿਆਨੀਆਂ ਸੱਨਅਤਾਂ ਮੰਤਰਾਲਾ | 276.26 | 186.09 | 309.69 | 357.24 |
| 24 | ਪੰਚਾਇਤੀ ਰਾਜ ਮੰਤਰਾਲਾ | 11 | 14.01 | 23.78 | 75.49 |
| 25 | ਸ਼ਕਤੀ ਮੰਤਰਾਲਾ | - | 502.23 | 390.76 | 800 |
| 26 | ਦਿਹਾਤੀ ਵਿਕਾਸ ਵਿਭਾਗ | 7492 | 4375.06 | 3819.74 | 6358.37 |
| 27 | ਭੂਮੀ ਸਰੋਤ ਵਿਭਾਗ | 0 | 279.75 | 491.69 | 933.85 |
| 28 | ਪਾਣੀ ਸਰੋਤਾਂ ਅਤੇ ਸਾਫ਼-ਸਫ਼ਾਈ ਬਾਰੇ ਵਿਭਾਗ | 0 | 2200 | 2860 | 3358 |
| 29 | ਕੱਪੜਾ ਮੰਤਰਾਲਾ | 139.2 | 265.16 | 225 | 231.55 |
| 30 | ਔਰਤਾਂ ਅਤੇ ਬਾਲ ਵਿਕਾਸ ਮੰਤਰਾਲਾ | 2349 | 2530 | 3700 | 4070 |
| 31 | ਯੁਵਕ ਮਾਮਲਿਆਂ ਅਤੇ ਖੇਡਾਂ ਬਾਰੇ ਮੰਤਰਾਲਾ | 204.98 | 136.55 | 137.4 | 168 |
| | **ਕੁੱਲ ਵੰਡ ਰਕਮਾਂ** | **24514.16** | **29917.52** | **33085.04** | **41561.13** |

*ਸਰੋਤ : ਖਰਚ ਬਜਟ ਵੋਲੀਅਮ-1, ਦਸਤਾਵੇਜ਼-21, ਕੇਂਦਰੀ ਬਜਟ*

ਜਨਜਾਤੀ ਉਪ-ਯੋਜਨਾ ਅਤੇ ਵਿਸ਼ੇਸ਼ ਅਨੁਸੂਚਿਤ ਜਾਤੀ ਉਪ-ਯੋਜਨਾ ਫ਼ੰਡਾਂ ਦੀ ਆਮ ਉਦੇਸ਼ ਲਈ ਵਰਤੋਂ ਕੀਤੀ ਜਾ ਰਹੀ ਹੈ ਜਿਵੇਂ ਕਿ ਰਾਜ ਪੱਧਰ 'ਤੇ ਅਜਿਹੀਆਂ ਘਟਨਾਵਾਂ ਬਾਰੇ ਹੇਠਾਂ ਦੱਸਿਆ ਗਿਆ ਹੈ।

## ਮੱਧ ਪ੍ਰਦੇਸ਼ ਰਾਜ ਬਜਟ

ਮੱਧ ਪ੍ਰਦੇਸ਼ ਨੇ ਆਪਣੇ ਬਜਟ ਵਿਚ ਅਨੁਸੂਚਿਤ ਜਾਤੀ ਉਪ-ਯੋਜਨਾ ਤਹਿਤ, ਫਰਨੀਚਰ ਅਤੇ ਹੋਰ ਸਾਜ਼-ਸਾਮਾਨ ਖਰੀਦਣ, ਨਹਿਰਾਂ ਦੀ ਉਸਾਰੀ ਅਤੇ ਸਕੀਮ ਦੇ ਸਰਵੇਖਣ, ਖਾਕਾ ਤਿਆਰ ਕਰਨ ਆਦਿ ਬਾਰੇ ਦਰਸਾਇਆ ਹੈ। ਅਜਿਹੇ ਉੱਦਮ ਸਪੱਸ਼ਟ ਰੂਪ ਵਿਚ ਨਾ ਤਾਂ ਅਨੁਸੂਚਿਤ ਜਾਤੀ ਤਬਕੇ ਨੂੰ ਅਖ਼ਤਿਆਰਬਧ ਕਰਨ ਲਈ ਉਤਸ਼ਾਹਿਤ ਕਰਨ ਵਾਲੇ ਹਨ ਅਤੇ ਨਾ ਹੀ ਉਨ੍ਹਾਂ ਦੀਆਂ ਵਿਸ਼ੇਸ਼ ਵਿਕਾਸ ਲੋੜਾਂ

| ਦਸਤਾਵੇਜ਼-1 : ਕੇਂਦਰੀ ਬਜਟ 2013-14 ਦੇ ਦਸਤਾਵੇਜ਼ 21 ਤਹਿਤ ਫ਼ੰਡ ਰਾਖਵੇਂ ਕਰਨ ਦਾ ਜਾਇਜ਼ਾ (ਕਰੋੜਾਂ ਵਿਚ) | | | | | |
|---|---|---|---|---|---|
| ਕ੍ਰ. ਸੰ. | ਮੰਤਰਾਲਾ/ਵਿਭਾਗ | 2010-11 ਆਵਰਤਕ ਖਰਚੇ | 2011-12 ਆਵਰਤਕ ਖਰਚੇ | 2012-13 ਆਵਰਤਕ ਖਰਚੇ | 2013-14 ਬਜਟ ਅਨੁਮਾਨ (ਰੁਪਏ ਕਰੋੜਾਂ 'ਚ) |
| 1 | ਖੇਤੀ ਮੰਤਰਾਲਾ | 139.3 | 692.33 | - | - |
| 2 | ਖੇਤੀ ਖੋਜ ਅਤੇ ਸਿੱਖਿਆ ਵਿਭਾਗ | | 100.8 | 86.4 | 123 |
| 3 | ਖੇਤੀ ਅਤੇ ਸਹਿਯੋਗ ਵਿਭਾਗ | | | 757.3 | 932.5 |
| 4 | ਕੋਲਾ ਮੰਤਰਾਲਾ | | 27 | 31.01 | 31.6 |
| 5 | ਦੂਰ-ਸੰਚਾਰ ਵਿਭਾਗ | 0 | 5.02 | 5.99 | 14.5 |
| 6 | ਸੂਚਨਾ ਅਤੇ ਤਕਨਾਲੋਜੀ ਵਿਭਾਗ | 0 | 196.2 | 138.46 | 201 |
| 7 | ਖੁਰਾਕ ਅਤੇ ਜਨਤਕ ਵੰਡ ਵਿਭਾਗ | 0 | 1.96 | 3.44 | 6.28 |
| 8 | ਸਭਿਆਚਾਰ ਬਾਰੇ ਮੰਤਰਾਲਾ | 7.4 | 16.1 | 17.28 | 28.7 |
| 9 | ਵਾਤਾਵਰਨ ਅਤੇ ਜੰਗਲਾਤ ਬਾਰੇ ਮੰਤਰਾਲਾ | | 15 | 14.51 | 16 |
| 10 | ਸਿਹਤ ਅਤੇ ਪਰਿਵਾਰ ਕਲਿਆਣ ਵਿਭਾਗ | 1167 | 1683.7 | 1804 | 2391.53 |
| 11 | ਆਯੂਸ਼ ਵਿਭਾਗ | 8.21 | 13 | 13.4 | 21.38 |
| 12 | ਏਡਜ਼ ਨਿਯੰਤਰਣ ਵਿਭਾਗ | 0 | 123 | 144.28 | 146.37 |
| 13 | ਮਕਾਨਾਂ ਅਤੇ ਸ਼ਹਿਰੀ ਗਰੀਬੀ ਘਟਾਉਣ ਬਾਰੇ ਮੰਤਰਾਲਾ | 0 | 25.06 | 17.32 | 35.04 |
| 14 | ਸਕੂਲੀ ਵਿੱਦਿਆ ਅਤੇ ਸਾਖਰਤਾ ਬਾਰੇ ਵਿਭਾਗ | 3441.06 | 4168.4 | 4572 | 5313.52 |
| 15 | ਉੱਚ ਸਿੱਖਿਆ ਬਾਰੇ ਵਿਭਾਗ | 621.29 | 961.33 | 1021.53 | 1219.59 |
| 16 | ਕਿਰਤ ਅਤੇ ਰੋਜ਼ਗਾਰ ਮੰਤਰਾਲਾ | 0 | 106.6 | 169.01 | 206.95 |
| 17 | ਲਘੂ, ਛੋਟੀਆਂ, ਤੇ ਦਰਮਿਆਨੀਆਂ ਸੱਨਅਤਾਂ ਮੰਤਰਾਲਾ | 147.32 | 133.96 | 211.11 | 244.21 |
| 18 | ਖਾਣਾਂ ਬਾਰੇ ਮੰਤਰਾਲਾ | | 8.12 | 8.72 | 9.72 |
| 19 | ਪੰਚਾਇਤੀ ਰਾਜ ਮੰਤਰਾਲਾ | 11 | 7.08 | 12.27 | 37.55 |
| 20 | ਸੜਕੀ ਆਵਾਜਾਈ ਅਤੇ ਜਰਨੈਲੀ ਸੜਕਾਂ ਬਾਰੇ ਮੰਤਰਾਲਾ | | 375 | 500 | 800 |
| 21 | ਦਿਹਾਤੀ ਵਿਕਾਸ ਬਾਰੇ ਮੰਤਰਾਲਾ | 0 | 3081.94 | 2778.87 | 4452.03 |
| 22 | ਭੂਮੀ ਸਰੋਤ ਵਿਭਾਗ | 0 | 246.42 | 302.4 | 576.45 |
| 23 | ਪੀਣ ਯੋਗ ਪਾਣੀ ਅਤੇ ਸਾਫ਼-ਸਫ਼ਾਈ ਵਿਭਾਗ | 0 | 1000 | 1300 | 1526 |
| 24 | ਵਿਗਿਆਨ ਅਤੇ ਤਕਨਾਲੋਜੀ ਵਿਭਾਗ | 3 | 32.75 | 21.86 | 69.43 |
| 25 | ਸਮਾਜਿਕ ਨਿਆਂ ਅਤੇ ਅਧਿਕਾਰਾਂ ਬਾਰੇ ਮੰਤਰਾਲਾ | | | 0 | 46 |
| 26 | ਕੱਪੜਾ ਮੰਤਰਾਲਾ | 27.6 | 63.63 | 54.75 | 55.57 |
| 27 | ਸੈਰ-ਸਪਾਟਾ ਮੰਤਰਾਲਾ | 0 | 27.5 | 23.75 | 32.05 |
| 28 | ਜਨਜਾਤੀ ਮਾਮਲਿਆਂ ਬਾਰੇ ਮੰਤਰਾਲਾ | 3203.3 | 3723.01 | 3100 | 4279 |
| 29 | ਕੇਂਦਰੀ ਸ਼ਾਸਤ ਪ੍ਰਦੇਸ਼ (ਅੰਡੇਮਾਨ, ਨਿਕੋਬਾਰ ਟਾਪੂ) | | 2.71 | 2.94 | 2.94 |
| 30 | ਕੇਂਦਰੀ ਸ਼ਾਸਤ ਪ੍ਰਦੇਸ਼ (ਦਮਨ ਅਤੇ ਦਿਊ) | | 1.16 | 1 | 1 |
| 31 | ਪਾਣੀ ਸਰੋਤਾਂ ਬਾਰੇ ਮੰਤਰਾਲਾ | 0 | 10.4 | 17.5 | 19.5 |
| 32 | ਔਰਤਾਂ ਅਤੇ ਬਾਲ ਵਿਕਾਸ ਮੰਤਰਾਲਾ | 0 | 1037.3 | 1517 | 1668.7 |
| 33 | ਯੁਵਕ ਮਾਮਲਿਆਂ ਅਤੇ ਖੇਡਾਂ ਬਾਰੇ ਮੰਤਰਾਲਾ | 75.9 | 72.55 | 73.23 | 90.28 |
| 34 | ਸਿਵਲ ਹਵਾਬਾਜ਼ੀ ਬਾਰੇ ਮੰਤਰਾਲਾ | 0.05 | | | |
| 35 | ਜੈਵ ਤਕਨਾਲੋਜੀ ਬਾਰੇ ਵਿਭਾਗ | 1.75 | | | |
| 36 | ਅੰਡੇਮਾਨ ਨਿਕੋਬਾਰ ਟਾਪੂ, ਦਾਦਰ ਅਤੇ ਨਗਰ ਹਵੇਲੀ, ਦਮਨ ਅਤੇ ਦਿਊ ਅਤੇ ਲਕਸ਼ਦੀਪ | 367.13 | | | |
| | **ਕੁੱਲ ਵੰਡ ਰਕਮ** | **9221.31** | **17959.03** | **18721.33** | **24598.39** |

*ਸਰੋਤ : ਦਸਤਾਵੇਜ਼ 21 ਏ, ਖਰਚ ਬਜਟ ਅੰਕ-1, ਵਿੱਤ ਮੰਤਰਾਲਾ, ਭਾਰਤ ਸਰਕਾਰ*

ਪੂਰੀਆਂ ਕਰਨ ਵਾਲੇ ਹਨ ਅਤੇ ਇਨ੍ਹਾਂ ਨਾਲ ਰਾਜ ਵਿਚ ਅਨੁਸੂਚਿਤ ਜਾਤੀ ਉਪ-ਯੋਜਨਾ ਨੀਤੀ ਢੁੱਕਵੇਂ ਢੰਗ ਨਾਲ ਲਾਗੂ ਕਰਨ ਉਪਰ ਸਵਾਲ ਖੜ੍ਹਾ ਹੁੰਦਾ ਹੈ।

ਮੱਧ ਪ੍ਰਦੇਸ਼ ਵਿਚ 2010-11 (ਬਜਟ ਅਨੁਮਾਨ) ਦੌਰਾਨ ਅਨੁਸੂਚਿਤ ਜਾਤੀ ਉਪ-ਯੋਜਨਾ ਫ਼ੰਡਾਂ ਦੀ ਕੁਵਰਤੋਂ ਦੀਆਂ ਉਦਾਹਰਣਾਂ

- ਡਾਕਟਰੀ ਵਿੱਦਿਆ ਵਿਭਾਗ ਵਿਚ ਹੋਮਿਓਪੈਥਿਕ ਅਤੇ ਆਯੁਰਵੈਦਿਕ ਕਲੀਨਿਕ ਕਾਇਮ ਕਰਨ ਲਈ ਫਰਨੀਚਰ ਅਤੇ ਹੋਰ ਸਾਜ਼-ਸਾਮਾਨ ਖਰੀਦਣ ਲਈ 22 ਲੱਖ ਰੁਪਏ ਰਾਖਵੇਂ ਰੱਖੇ ਗਏ।

| ਤਾਲਿਕਾ-2 | | |
|---|---|---|
| **ਰਾਜ ਬਜਟ ਓਡੀਸ਼ਾ ਗ੍ਰਹਿ ਵਿਭਾਗ ਲਈ ਗਰਾਂਟ ਵਾਸਤੇ ਵੇਰਵਾਗਤ ਮੰਗ** | | |
| ਸਕੀਮਾਂ | 2009-10 ਆਵਰਤਕ ਖਰਚੇ | 2010-11 ਆਵਰਤਕ ਖਰਚੇ |
| ਜੇਲ੍ਹਾਂ ਲਈ ਇਮਾਰਤ ਦੀ ਉਸਾਰੀ | 2.30 | 4.77 |
| ਅੱਗ ਬੁਝਾਊ ਸੇਵਾਵਾਂ ਲਈ ਇਮਾਰਤਾਂ ਦੀ ਉਸਾਰੀ | 3.32 | 4.11 |
| ਪੁਲਿਸ ਭਲਾਈ ਲਈ ਇਮਾਰਤ ਦੀ ਉਸਾਰੀ | 7.49 | 1.70 |

*ਸਰੋਤ : ਐਨ ਸੀ ਡੀ ਐਚ ਆਰ, ਦਿੱਲੀ ਵਲੋਂ ਇਕੱਤਰ ਕੀਤੇ ਗਏ*

– ਉੱਚ ਸਿੱਖਿਆ ਵਿਭਾਗ ਤਹਿਤ ਸਟਾਫ਼-ਰੂਮਾਂ ਦੀ ਉਸਾਰੀ ਲਈ ਇਕ ਕਰੋੜ ਰੁਪਏ ਦਾ ਪ੍ਰਬੰਧ।

– ਪਾਣੀ ਦੇ ਸਰੋਤਾਂ ਬਾਰੇ ਵਿਭਾਗ ਨੇ ਨਹਿਰਾਂ ਦੀ ਉਸਾਰੀ ਲਈ 6.4 ਕਰੋੜ ਰੁਪਏ ਰਾਖਵੇਂ ਰੱਖੇ ਹਨ।

– ਨਰਮਦਾ ਘਾਟੀ ਵਿਕਾਸ ਸਕੀਮ ਲਈ ਸਰਵੇਖਣ ਅਤੇ ਸਕੀਮ ਦਾ ਵੇਰਵਾਗਤ ਖਾਕਾ ਤਿਆਰ ਕਰਨ ਲਈ 40 ਲੱਖ ਰੁਪਏ ਰਾਖਵੇਂ ਰੱਖੇ ਗਏ।

ਸਰੋਤ : ਅੰਕੜੇ ਐਨ ਸੀ ਡੀ ਐਚ ਆਰ, ਇਕ ਦਿੱਲੀ ਆਧਾਰਤ ਸਵੈ-ਇਛੁੱਕ ਅਦਾਰਾ, ਮੱਧ ਪ੍ਰਦੇਸ਼ ਰਾਜ ਬਜਟ ਵਿਚ ਗਰਾਂਟਾਂ ਲਈ ਵੇਰਵਾਗਤ ਮੰਗਾਂ ਸਾਲ 2010-11।

## ਓਡੀਸ਼ਾ ਰਾਜ ਬਜਟ ਤੋਂ ਉਦਾਹਰਣਾਂ

ਰਾਜ ਦੇ 2010-11 ਦੇ ਬਜਟ ਵਿਚ ਅਨੁਸੂਚਿਤ ਜਾਤੀ ਉਪ-ਯੋਜਨਾ ਤਹਿਤ ਜੇਲ੍ਹ ਇਮਾਰਤਾਂ ਦੀ ਉਸਾਰੀ ਲਈ 4.77 ਕਰੋੜ ਰੁਪਏ ਰੱਖੇ ਗਏ ਜੋ ਕਿ ਅਨੁਸੂਚਿਤ ਜਾਤੀ ਤਬਕੇ ਨੂੰ ਕਿਸੇ ਤਰ੍ਹਾਂ ਵੀ ਫ਼ਾਇਦਾ ਪਹੁੰਚਾਉਂਦੇ ਨਹੀਂ ਲੱਗਦੇ। ਦੇਖੋ ਤਾਲਿਕਾ-2

## ਗੁਜਰਾਤ ਰਾਜ ਬਜਟ ਤੋਂ ਉਦਾਹਰਣਾਂ

ਗੁਜਰਾਤ ਵਲੋਂ ਅਨੁਸੂਚਿਤ ਜਨਜਾਤੀ ਉਪ-ਯੋਜਨਾ ਤਹਿਤ ਅਜਿਹੇ ਖਰਚੇ ਕੀਤੇ ਗਏ ਜਿਨ੍ਹਾਂ ਦਾ ਅਨੁਸੂਚਿਤ ਜਨਜਾਤੀ ਤਬਕੇ ਦੇ ਵਿਕਾਸ ਲਈ ਕੀਤੇ ਫ਼ੰਡ ਰਾਖਵੇਂਕਰਨ ਨਾਲ ਕੋਈ ਵਾਸਤਾ ਨਹੀਂ ਹੈ। ਇਸ ਤੋਂ ਇਲਾਵਾ, ਵਿਸ਼ੇਸ਼ ਰੂਪ ਵਿਚ ਅਨੁਸੂਚਿਤ ਜਨਜਾਤੀ ਆਧਾਰਤ ਸਕੀਮਾਂ ਦੀ ਥਾਂ ਆਮ ਸਕੀਮਾਂ ਲਾਗੂ ਕਰਨਾ ਅਤੇ ਜਨਮ ਵਰ੍ਹੇਗੰਢ ਆਦਿ ਦੇ ਜਸ਼ਨਾਂ ਲਈ ਫ਼ੰਡ ਰਾਖਵੇਂ ਕਰਨਾ ਢੁੱਕਵੀਂ ਗੱਲ ਨਹੀਂ ਹੈ।

ਗੁਜਰਾਤ ਵਿਚ 2012-13 (ਬਜਟ ਅਨੁਮਾਨ) ਬਜਟ ਵਿਚ ਜਨਜਾਤੀ ਲਈ ਅਨੁਸੂਚਿਤ ਜਨ ਜਾਤੀ ਉਪ-ਯੋਜਨਾ ਤਹਿਤ ਫ਼ੰਡਾਂ ਦੀ ਕੁਵਰਤੋਂ

– ਮਾਈਨਰ ਹੈੱਡ 796, ਉਪ ਹੈੱਡ 0.7 ਤਹਿਤ ਸਵਾਮੀ ਵਿਵੇਕਾਨੰਦ ਦੀ 150ਵੀਂ ਜਨਮ ਵਰ੍ਹੇਗੰਢ ਜਸ਼ਨਾਂ ਲਈ ਸਾਲ 2012-13 ਲਈ 5 ਕਰੋੜ ਰੁਪਏ ਰਾਖਵੇਂ ਕੀਤੇ ਗਏ।

– ਮਾਈਨਰ ਹੈੱਡ 796, ਉਪ-ਹੈੱਡ -08 ਯੂ ਡੀ ਪੀ – ਸਵਰਨਿਮ ਜਯੰਤੀ ਮੁੱਖ ਮੰਤਰੀ ਸ਼ਹਿਰੀ ਵਿਕਾਸ ਯੋਜਨਾ ਲਈ ਸਾਲ 2012-13 ਵਾਸਤੇ 170 ਕਰੋੜ ਰੁਪਏ ਰਾਖਵੇਂ ਰੱਖੇ ਗਏ। ਸਕੀਮ ਸਕੂਲਾਂ ਦੀ ਉਸਾਰੀ/ਮੁਰੰਮਤ ਆਦਿ, ਸ਼ਹਿਰੀ ਸਿਹਤ ਕੇਂਦਰ ਕਾਇਮ ਕਰਨ, ਕਿੰਡਰਗਾਰਟਨ, ਈ. ਲਾਇਬ੍ਰੇਰੀਆਂ, ਖੇਡਾਂ ਦੇ ਮੈਦਾਨ, ਠੋਸ ਅਤੇ ਤਰਲ ਰਹਿੰਦ-ਖੂਹੰਦ ਪ੍ਰਬੰਧ, ਈ-ਗਵਰਨੈਂਸ, ਪਾਰਕਿੰਗ ਅਤੇ ਜਨ-ਸ਼ੌਚਾਲਯ, ਸਬਜ਼ੀਆਂ ਅਤੇ ਮੌਸਮੀ ਪਰਚੂਨ ਮੰਡੀ ਲਈ ਸਹੂਲਤਾਂ ਜਿਵੇਂ ਮੂਲ ਬੁਨਿਆਦੀ ਸਮਾਜਿਕ ਢਾਂਚੇ ਵਿਚ ਮਦਦ ਕਰ ਯੂ ਐਲ ਬੀ ਤਬਕੇ ਨੂੰ ਫ਼ਾਇਦਾ ਪਹੁੰਚਾਉਣਾ ਸੀ।

ਸਾਰੇ ਮੰਤਰਾਲਿਆਂ ਲਈ ਸਾਂਝੇ ਯੋਜਨਾ ਫ਼ੰਡਾਂ ਦੇ ਮਾਪਦੰਡਾਂ ਤੋਂ ਉਪਰ ਜਾਣ ਦੀ ਪੂਰੀ ਸੰਭਾਵਨਾ ਹੈ ਤੇ ਅਜਿਹੇ ਜੇ ਪਹਿਲੇ ਵਰ੍ਹੇ ਨਹੀਂ ਤਾਂ ਕੁਝ ਵਰ੍ਹਿਆਂ ਦੇ ਸਮੇਂ ਕਾਲ ਤੋਂ ਬਾਅਦ ਹੋਣ ਦੀ ਪੂਰੀ ਆਸ ਹੈ।

*(ਲੇਖਿਕਾ ਸੈਂਟਰ ਫਾਰ ਬਜਟ ਐਂਡ ਗੋਵਰਨੈਂਸ ਅਕਾਉਂਟੇਬਿਲਿਟੀ ਵਿਖੇ ਰੀਸਰਚ ਐਸੋਸੀਏਟ ਹੈ।)*

*e-mail :saumya@cbgaindia.org*

*ਸਫ਼ਾ 47 ਦੀ ਬਾਕੀ*

ਨਿਗਰਾਨੀ ਅਤੇ ਜ਼ਿਲ੍ਹਾ ਪੱਧਰ 'ਤੇ ਵਿਕਾਸ ਪ੍ਰੋਗਰਾਮਾਂ ਦੀ ਨਿਗਰਾਨੀ ਪ੍ਰਕਿਰਿਆ ਵਿਚ ਵੰਚਿਤ ਭਾਈਚਾਰਿਆਂ ਨੂੰ ਸ਼ਾਮਿਲ ਨਹੀਂ ਕੀਤਾ ਗਿਆ। ਐਸ ਸੀ ਐਸ ਪੀ, ਟੀ ਐਸ ਪੀ ਅਤੇ 15 ਸੂਤਰੀ ਪ੍ਰੋਗਰਾਮਾਂ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਸਿਫਾਰਸ਼ੀ ਪ੍ਰਾਵਧਾਨ ਤੋਂ ਅਧਿਕਾਰਤ ਪ੍ਰਾਵਧਾਨ ਵਾਲਾ ਢਾਂਚਾ ਬਣਾਇਆ ਜਾਵੇ। ਕੇਂਦਰ ਸਰਕਾਰ ਨੂੰ ਉਪ-ਯੋਜਨਾ ਅਤੇ 15 ਸੂਤਰੀ ਪ੍ਰੋਗਰਾਮ ਨੂੰ ਕਾਨੂੰਨੀ ਮਾਨਤਾ ਦੇਣੀ ਚਾਹੀਦੀ ਹੈ।

ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਲਈ ਯੋਜਨਾ ਖਰਚ ਤਹਿ ਕਰਨ ਵੇਲੇ ਰਾਸ਼ਟਰੀ ਅਤੇ ਰਾਜ ਪੱਧਰ 'ਤੇ ਆਬਾਦੀ ਵਿਚ ਉਨ੍ਹਾਂ ਦੇ ਅਨੁਪਾਤ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਢਾਂਚਾਗਤ ਵਿਕਾਸ ਦੇ ਨਾਮ ਉਤੇ ਹੋ ਰਿਹਾ ਫ਼ਰਜ਼ੀ ਖਰਚਾ ਬੰਦ ਹੋਣਾ ਚਾਹੀਦਾ ਹੈ। ਸਾਰੇ ਹੀ ਮੰਤਰਾਲਿਆਂ ਅਤੇ ਵਿਭਾਗਾਂ ਨੂੰ ਵਾਧੂ ਸਮੱਸਿਆਵਾਂ, ਚੁਨੌਤੀਆਂ, ਜੋ ਵੰਚਿਤ ਸਮਾਜ ਦੇ ਸਾਹਮਣੇ ਹਨ, ਨੂੰ ਪਛਾਣਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਸਮੱਸਿਆਵਾਂ, ਚੁਨੌਤੀਆਂ ਦੇ ਹੱਕ ਲਈ ਵਿਸ਼ੇਸ਼ ਯਤਨ ਕਰਨੇ ਚਾਹੀਦੇ ਹਨ। ਇਸ ਅਨੁਸਾਰ ਇਨ੍ਹਾਂ ਵਰਗਾਂ ਲਈ ਵਿਸ਼ੇਸ਼ ਪ੍ਰਾਜੈਕਟ ਬਣਾ ਕੇ ਉਨ੍ਹਾਂ ਨੂੰ ਵਾਧੂ ਸਰੋਤ ਦਿਤੇ ਜਾਣੇ ਚਾਹੀਦੇ ਹਨ।

2014-15 ਦੇ ਕੇਂਦਰੀ ਬਜਟ ਵਿਚ ਘੱਟ-ਗਿਣਤੀਆਂ ਲਈ ਬਣਾਈਆਂ ਸਕੀਮਾਂ ਅਤੇ ਪ੍ਰੋਗਰਾਮਾਂ ਦੇ ਮੱਦੇਨਜ਼ਰ ਵਿੱਤੀ ਵੰਡ ਦੀ ਇਕ ਵੱਖਰਾ ਚਿੱਠਾ ਤਿਆਰ ਕਰਨੀ ਚਾਹੀਦੀ ਹੈ। ਬਜਟ ਵਿਚ ਅਨੁਸੂਚਿਤ ਜਾਤੀਆਂ/ਜਨਜਾਤੀਆਂ ਦੀ ਤਰਜ਼ 'ਤੇ ਘੱਟ ਗਿਣਤੀਆਂ ਲਈ ਇਕ ਵੱਖਰਾ ਛੋਟਾ ਖਾਤਾ ਖੋਲ੍ਹਣਾ ਚਾਹੀਦਾ ਹੈ। ਘੱਟ ਗਿਣਤੀਆਂ ਲਈ ਬਜਟ ਵਿਚ ਕੀਤੇ ਪ੍ਰਾਵਧਾਨ ਅਜਾਈਂ ਨਹੀਂ ਜਾਣੇ ਚਾਹੀਦੇ। ਨਾਲ ਦੀ ਨਾਲ ਇਕ ਅਜਿਹੇ ਉਪਰਾਲੇ ਕਰਨ ਦੀ ਲੋੜ ਹੈ ਜਿਸ ਨਾਲ ਇਨ੍ਹਾਂ ਸਕੀਮਾਂ ਲਈ ਰਾਖਵਾਂ ਪੈਸਾ ਆਮ ਖਰਚੇ ਲਈ ਵਰਤੇ ਜਾਣ 'ਤੇ ਸਥਾਈ ਰੋਕ ਲਾਈ ਜਾ ਸਕੇ।

*(ਲੇਖਕ ਦਿੱਲੀ ਸਥਿਤ ਸੀ ਬੀ ਜੀ ਏ ਵਿਚ ਸੀਨੀਅਰ ਰੀਸਰਚ ਅਫ਼ਸਰ ਹੈ।)*

*e-mail :jawed@cbgaindia.org*

# ਉੱਚ ਕੁਸ਼ਲਤਾ ਵਾਲਾ ਚੱਕਵਾਂ ਚੁੱਲ੍ਹਾ (ਸਟੋਵ)

ਵੀ ਜੈਪ੍ਰਕਾਸ਼

***ਕੇਰਲ ਦੇ ਚੁੱਲ੍ਹਾ ਬਣਾਉਣ ਵਾਲੇ ਵੀ ਜੈਪ੍ਰਕਾਸ਼ (43) ਨੇ ਹਾਈਡਰੋਕਾਰਬਨ ਅਤੇ ਅਨਜਲੇ ਬਾਇਓ ਮਾਸ ਨੂੰ ਜਲਾਉਣ ਲਈ ਦੂਜੈਲੇ ਦਹਿਨ ਚੈਂਬਰ ਦੇ ਸੰਯੋਜਨ ਦੁਆਰਾ ਕੰਮ ਚਲਾਊ ਚੱਕਵਾਂ ਚੁੱਲ੍ਹਾ (ਸਟੋਵ) ਤਿਆਰ ਕੀਤਾ ਹੈ। ਨਤੀਜੇ ਵਜੋਂ, ਸਟੋਵ ਦੀ ਤਾਪ ਕੁਸ਼ਲਤਾ ਵਿਚ ਸੁਧਾਰ ਆਇਆ ਹੈ ਅਤੇ ਪ੍ਰਦੂਸ਼ਨ ਵੀ ਘਟਿਆ ਹੈ।***

ਹੇਠਲੇ ਮੱਧ ਵਰਗੀ ਪਿਛੋਕੜ ਨਾਲ ਸੰਬੰਧ ਰੱਖਣ ਵਾਲਾ ਵੀ ਜੈ ਪ੍ਰਕਾਸ਼ ਬਹੁਤ ਵਧੀਆ ਵਿਦਿਆਰਥੀ ਸੀ। ਬਚਪਨ ਤੋਂ ਹੀ ਉਸ ਨੂੰ ਵਿਗਿਆਨ ਅਤੇ ਨਵੀਆਂ ਕਾਢਾਂ ਵਿਚ ਦਿਲਚਸਪੀ ਸੀ। ਉਸ ਨੇ ਆਪਣੇ ਸਕੂਲ ਦੀ ਪ੍ਰਤਿਨਿਧਤਾ ਕਰਦੇ ਹੋਏ ਲਗਾਤਾਰ ਵਿਦਿਆਰਥੀ ਪ੍ਰਦਰਸ਼ਨੀਆਂ ਵਿਚ ਹਿੱਸਾ ਲਿਆ। ਉਸ ਦੇ ਸ਼ੁਰੂਆਤ ਦੇ ਕੁਝ ਪ੍ਰਾਜੈਕਟ ਹਨ ਜਿਵੇਂ ਚਰਖ਼ੀ ਦੀ ਵਰਤੋਂ ਰਾਹੀ ਇਕ ਨਿਸ਼ਚਤ ਉੱਚਾਈ ਤਕ ਭਾਰ ਚੁੱਕਣਾ ਅਤੇ ਇਕ ਛੋਟੀ ਮੋਟਰ ਬੋਟ ਜੋ ਕੁਝ ਦੂਰੀ ਤਕ ਜਾ ਸਕਦੀ ਹੈ ਅਤੇ ਆਪਣੇ ਆਪ ਵਾਪਸ ਆ ਜਾਂਦੀ ਹੈ।

ਉਸ ਦਾ ਬਚਪਨ ਕਈ ਮਜਬੂਰੀਆਂ ਵਿਚੋਂ ਗੁਜ਼ਰਿਆ ਅਤੇ ਉਸ ਨੂੰ ਬਹੁਤ ਸਾਰੀਆਂ ਆਰਥਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਉਹ ਯਾਦ ਕਰਦਾ ਹੋਇਆ ਕਹਿੰਦਾ ਹੈ ਕਿ ਸਕੂਲ ਜਾਣ ਦੀ ਇਕੋ ਖਿੱਚ ਸੀ ਤੇ ਉਹ ਸੀ ਮਿਡ ਡੇ ਮੀਲ ਸਕੀਮ (ਦੁਪਹਿਰ ਦਾ ਖਾਣਾ)। ਭਾਵੇਂ ਉਸ ਨੇ ਐੱਸ ਐੱਸ ਐੱਲ ਸੀ ਪਹਿਲੇ ਦਰਜੇ ਵਿਚ ਪਾਸ ਕੀਤੀ ਪਰ ਉਸਨੂੰ ਇੰਟਰਮੀਡੀਏਟ ਵਿਚ ਸਾਇੰਸ ਵਿਸ਼ੇ ਵਿਚ ਦਾਖ਼ਲਾ ਨਾ ਮਿਲਿਆ। ਫਿਰ ਫ਼ੀਸ ਜ਼ਿਆਦਾ ਹੋਣ ਕਰਕੇ ਉਹ ਏਅਰੋਨੌਟਿਕ ਡਿਪਲੋਮਾ ਵਿਚ ਵੀ ਦਾਖ਼ਲਾ ਨਾ ਲੈ ਸਕਿਆ। 12ਵੀਂ ਜਮਾਤ ਪਾਸ ਕਰਨ ਤੋਂ ਬਾਅਦ ਉਹ ਕੋਇੰਬਟੂਰ ਚਲਾ ਗਿਆ ਜਿਥੇ ਉਸ ਦੇ ਪਿਤਾ ਕੰਮ ਕਰਦੇ ਸਨ ਅਤੇ ਉਸ ਨੇ ਵੀ ਆਪਣੀ ਉਪਜੀਵਕਾ ਲਈ ਦਿਹਾੜੀ ਕਰਨੀ ਸ਼ੁਰੂ ਕਰ ਦਿਤੀ। ਉਸ ਦਾ ਵਿਚਾਰ ਸੀ ਕਿ ਕੁਝ ਪੈਸਾ ਕਮਾਇਆ ਜਾਵੇ ਅਤੇ ਪੜ੍ਹਾਈ ਜਾਰੀ ਰੱਖੀ ਜਾਵੇ। ਮਾੜੀ ਕਿਸਮਤ ਨੂੰ ਇਕ ਦੁਰਘਟਨਾ ਵਿਚ ਉਸ ਦੇ ਸਾਰੇ ਸਰਟੀਫਿਕੇਟ ਗੁਆਚ ਗਏ ਜਿਸ ਕਰਕੇ ਉਸ ਦੇ ਦਾਖ਼ਲਾ ਲੈਣ ਦੇ ਸਾਰੇ ਅਵਸਰ ਖ਼ਤਮ ਹੋ ਗਏ। ਇਕ ਸਾਲ ਬਾਅਦ 1989 ਵਿਚ ਉਹ ਆਪਣੇ ਗ੍ਰਹਿ ਨਗਰ ਵਾਪਸ ਪਰਤ ਆਇਆ ਅਤੇ ਫਲਾਂ ਦਾ ਛੋਟਾ ਜਿਹਾ ਕਾਰੋਬਾਰ ਸ਼ੁਰੂ ਕਰ ਦਿਤਾ।

## ਚਿਕਨ ਤੇ ਸਟੋਵ ਸੰਬੰਧ

ਜਦੋਂ ਉਹ ਆਪਣੇ ਨਵੇਂ ਕਾਰੋਬਾਰ ਵਿਚ ਸਥਾਪਤ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਉਸ ਨੇ ਕੇਰਲਾ ਸ਼ਾਸਤਰ ਸਾਹਿਤਯ ਪਰਿਸ਼ਦ (ਕੇ ਐੱਸ ਐੱਸ ਪੀ - ਵਿਗਿਆਨ ਸਾਹਿਤ ਅਤੇ ਜਾਗਰੂਕਤਾ ਲਈ ਸਥਾਨਕ ਮੰਚ) ਅਤੇ ਉਸ ਵਲੋਂ ਹਰਮਨ ਬਣਾਏ ਗਏ ਘੱਟ ਕੀਮਤ ਵਾਲੇ ਧੂੰਆਂ ਰਹਿਤ ਚੁੱਲ੍ਹੇ ਬਾਰੇ ਸੁਣਿਆ। ਧੂੰਆਂ ਰਹਿਤ ਸ਼ਬਦ ਨੇ ਉਸ ਨੂੰ ਆਪਣੇ ਵੱਲ ਆਕਰਸ਼ਿਤ ਅਤੇ ਉਸ ਅੰਦਰ ਖੋਜ ਲਈ ਇਕ ਨਵੀਂ ਦਿਲਚਸਪੀ ਪੈਦਾ ਹੋ ਗਈ। ਉਸ ਨੇ ਧੂੰਆਂ ਰਹਿਤ ਚੁੱਲ੍ਹੇ ਬਾਰੇ ਹੋਰ ਜਾਣਕਾਰੀ ਲੈਣ ਲਈ ਅਨੇਰਟ (ਗ਼ੈਰ-ਰਵਾਇਤੀ ਊਰਜਾ ਤੇ ਦਿਹਾਤੀ ਤਕਨਾਲੋਜੀ ਵਾਸਤੇ ਏਜੰਸੀ - ਕੇਰਲ ਸਰਕਾਰ ਦਾ ਇਕ ਅਦਾਰਾ ਹੈ ਜੋ ਗ਼ੈਰ ਰਵਾਇਤੀ ਊਰਜਾ ਦੇ ਖੇਤਰ ਵਿਚ ਕੰਮ ਕਰ ਰਿਹਾ ਹੈ) ਨਾਲ ਸੰਪਰਕ ਕਾਇਮ ਕੀਤਾ। ਸਮੇਂ ਦੇ ਨਾਲ ਉਸ ਨੇ ਇਸ ਸੰਬੰਧੀ ਕਾਫ਼ੀ ਜਾਣਕਾਰੀ ਪ੍ਰਾਪਤ ਕਰ ਲਈ ਅਤੇ ਉਹ ਚੁੱਲ੍ਹੇ ਬਣਾਉਣ ਦੇ ਕਾਰੋਬਾਰ ਵਿਚ ਲੱਗ ਗਿਆ। ਇਕ ਵਾਰ ਉਸ ਨੇ ਹਸਪਤਾਲ ਲਈ ਸਮੁਦਾਇਕ ਚੁੱਲ੍ਹਾ ਬਣਾਇਆ ਅਤੇ ਹਸਪਤਾਲ ਦੇ ਵਿਹੜੇ ਵਿਚ ਲਗਾ ਦਿਤਾ। ਇਕ ਦਿਨ ਉਸ ਦਾ ਨਰੀਖਣ ਕਰਦੇ ਹੋਏ ਉਸ ਨੇ ਦੇਖਿਆ ਕਿ ਚੁੱਲ੍ਹਾ ਸ਼ੁਰੂ ਹੋਣ ਤੋਂ 10 ਮਿੰਟ ਬਾਅਦ ਚਿਮਨੀ ਨੇੜੇ ਅਚਾਨਕ ਅੱਗ ਦਿਖਾਈ ਦਿਤੀ। ਉਹ ਹੈਰਾਨ ਰਹਿ ਗਿਆ ਅਤੇ ਉਸ ਨੇ ਅਨੇਰਟ (ਏ ਐੱਨ ਈ ਆਰ ਟੀ) ਦੇ ਮਾਹਿਰਾਂ ਨੂੰ ਇਸ ਦੀ ਸੂਚਨਾ ਦਿਤੀ।

ਮਾਹਿਰਾਂ ਨੇ ਦੱਸਿਆ ਕਿ ਦੇਖੀ ਗਈ ਅੱਗ ਚਿਮਨੀ ਦੀ ਟੀਸੀ ਨੇੜੇ ਆਕਸੀਜਨ ਦੇ ਸੰਪਰਕ ਵਿਚ ਆਉਣ ਕਰਕੇ ਕਾਰਬਨ ਅੰਸ਼ਾਂ ਦੇ ਪੂਰੀ ਤਰ੍ਹਾਂ ਜਲਣ ਦਾ ਨਤੀਜਾ ਹੈ। ਇਸ ਨੇ ਉਸ ਦੇ ਖੋਜੀ ਮਨ ਨੂੰ ਗਤੀਸ਼ੀਲ ਕੀਤਾ ਅਤੇ ਉਸ ਨੇ ਅਜਿਹੇ ਸਟੋਵ ਮਾਡਲ ਬਾਰੇ ਸੋਚਣਾ ਸ਼ੁਰੂ ਕੀਤਾ ਜਿਥੇ ਦੋ ਪੱਧਰਾਂ 'ਤੇ ਤਾਪ ਪੈਦਾ ਹੋ ਸਕੇ। ਉਸ ਨੇ ਕਈ ਮਹੀਨਿਆਂ ਤਕ ਇਸ ਬਾਰੇ ਸੋਚ ਵਿਚਾਰ ਕੀਤੀ ਅਤੇ ਹਵਾ ਦੀ ਗਤੀ ਲਈ ਵੱਖ-ਵੱਖ ਰਸਤੇ ਬਣਾਉਣ ਦੀ ਪ੍ਰਕਿਰਿਆ ਦੌਰਾਨ ਕਈ ਸਟੋਵ ਤਿਆਰ ਕੀਤੇ ਅਤੇ ਤੋੜੇ।

ਆਖਿਰ, ਉਹ ਆਪਣੇ ਕੰਮ ਵਿਚ ਕਾਮਯਾਬ ਹੋਇਆ। ਇਕ ਦਿਨ ਸਵੇਰੇ ਉਸ ਦੀ ਮਿਹਨਤ ਨੂੰ ਫਲ ਲੱਗਾ ਅਤੇ ਉਹ ਬਿਨਾਂ ਧੂੰਏਂ ਅਤੇ ਦੋ ਪੱਧਰਾਂ 'ਤੇ ਪੂਰਨ ਜਲਣਸ਼ੀਲਤਾ ਨਾਲ ਅੱਗ ਬਾਲਣ ਵਿਚ ਕਾਮਯਾਬ ਹੋ ਗਿਆ। ਉਸ ਨੇ ਕੇਰਲ ਸ਼ਾਸਤਰ ਸਾਹਿਤਯ ਪਰਿਸ਼ਦ ਦੁਆਰਾ ਆਯੋਜਿਤ ਵਰਕਸ਼ਾਪ ਵਿਚ ਹਿੱਸਾ ਲਿਆ। ਉਸ ਨੇ ਉਸ ਦੇ ਸਟੋਵ ਦੀ ਪ੍ਰੀਖਿਆ ਲਈ ਅਤੇ ਇਹ ਪਤਾ ਲੱਗਾ ਕਿ ਧੂੰਏਂ ਰਹਿਤ ਚੁੱਲ੍ਹੇ ਦੀ 20 ਪ੍ਰਤਿਸ਼ਤ ਕੁਸ਼ਲਤਾ ਦੇ ਮੁਕਾਬਲੇ ਇਸ ਚੁੱਲ੍ਹੇ ਦੀ ਕੁਸ਼ਲਤਾ 30 ਪ੍ਰਤਿਸ਼ਤ ਤੋਂ ਜ਼ਿਆਦਾ ਹੈ। ਉਸ ਨੇ ਇਸ ਮਾਡਲ ਵਿਚ ਅੱਗੋਂ ਸੁਧਾਰ ਕਰਕੇ ਆਪਣੇ ਨਵੇਂ ਉਤਪਾਦ ਨੂੰ ਵੇਚਣਾ ਸ਼ੁਰੂ ਕਰ ਦਿਤਾ।

## ਸਟੋਵ (ਚੁੱਲ੍ਹਾ)

ਜੈਪ੍ਰਕਾਸ਼ ਨਵੀਨ ਚੁੱਲ੍ਹਾ ਦੂਹਰੇ ਖ਼ਾਨੇ ਵਾਲਾ ਕੁਸ਼ਲ ਚੱਕਵਾਂ ਚੁੱਲ੍ਹਾ ਹੈ ਜਿਸ ਦੀ ਪ੍ਰਥਮ ਰੂਪ ਵਿਚ ਸਮੂਹ ਦਾ ਖਾਣਾ ਬਣਾਉਣ ਲਈ ਵਰਤੋਂ ਕੀਤੀ ਗਈ ਹੈ। ਬਾਲਣ ਦੇ ਤੌਰ ਤੇ ਇਸ ਵਾਸਤੇ ਲੱਕੜੀ ਜਾਂ ਨਾਰੀਅਲ ਖੋਲ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਇਹ ਚੱਕਵਾਂ ਚੁੱਲ੍ਹਾ ਇੱਟਾਂ, ਸੀਮਿੰਟ, ਮਿੱਟੀ ਅਤੇ ਢਲੇ ਹੋਏ ਲੋਹੇ ਤੋਂ ਬਣਿਆ ਹੋਇਆ ਹੈ ਅਤੇ 100 ਕਿਲੋਗ੍ਰਾਮ ਤਕ ਖਾਣਾ ਬਣਾ ਸਕਦਾ ਹੈ। ਹੇਠਲੇ ਖ਼ਾਨੇ ਦਾ ਆਧਾਰ ਲੋਹੇ ਦੀ ਗਰਿੱਲ ਦਾ ਬਣਿਆ ਹੋਇਆ ਹੈ ਜਿਸ 'ਤੇ ਬਾਲਣ ਰੱਖਿਆ ਜਾਂਦਾ ਹੈ। ਗਰਿੱਲ ਦੇ ਹੇਠਾਂ ਹਵਾ ਵਾਲਾ ਖਾਨਾ ਹੈ। ਜਦੋਂ ਬਾਲਣ ਬਲਦਾ ਹੈ ਤਾਂ ਅਣਜਲੇ ਹਾਈਡਰੋਕਾਰਬਨ ਨਾਲ ਧੂੰਆਂ ਰਲ ਜਾਂਦਾ ਹੈ, ਉਪਰਲੇ ਖਾਨੇ ਤਕ ਪਹੁੰਚਦਾ ਹੈ ਜਿਥੇ ਹਵਾ ਵਾਲੀਆਂ ਪ੍ਰਵੇਸ਼ ਮੋਰੀਆਂ ਹਨ। ਇਥੇ ਪੂਰੀ ਅੱਗ ਬਲਦੀ ਹੈ ਅਤੇ ਦੂਜੇ ਖਾਨੇ ਦੇ ਖਾਣਾ ਉਣਾਉਣ ਵਾਲੇ ਬਰਤਨ ਤਕ ਸੰਯੁਕਤ ਅੱਗ ਉਪਲਬਧ ਹੋ ਜਾਂਦੀ ਹੈ। ਉਤਪਾਦ ਦੇ ਮੂਹਰਲੇ ਪਾਸੇ ਅੱਗ ਬਾਲਣ ਲਈ ਜਗਹ ਹੈ ਅਤੇ ਸ਼ਟਰ ਦੀ ਵਰਤੋਂ ਦੁਆਰਾ ਅੱਗ ਨੂੰ ਨਿਯਮਤ ਕੀਤਾ ਜਾ ਸਕਦਾ ਹੈ ਜੋ ਬਾਅਦ ਵਿਚ ਹਵਾ ਦੇ ਪ੍ਰਵਾਹ ਨੂੰ ਕਾਬੂ ਕਰਦਾ ਹੈ। ਬਾਲਣ ਦੌਰਾਨ ਮੂੰਹ ਰਾਹੀਂ ਜੋ ਹਵਾ ਦਾ ਪ੍ਰਵਾਹ ਹੁੰਦਾ ਹੈ ਉਸ ਕਾਰਨ ਅਪਡਰਾਫਟ ਪੈਦਾ ਹੁੰਦਾ ਹੈ ਜਦੋਂ ਬਾਲਣ ਬਲਦਾ ਹੈ। ਜਿਹੜੇ ਕਾਰਬਨ ਦੇ ਕਣ ਅਣਜਲੇ ਰਹਿ ਜਾਂਦੇ ਹਨ ਉਹ ਵਾਧੂ ਹਵਾ ਮਿਲਣ ਕਾਰਨ ਬਲਣ ਲੱਗਦੇ ਹਨ ਅਤੇ ਦੂਜੇ ਪੱਧਰ ਦੀ ਅੱਗ ਬਲਣ ਲੱਗਦੀ ਹੈ।

ਇਸ ਚੁੱਲ੍ਹੇ ਦੀ ਕੁਸ਼ਲਤਾ ਤੋਂ ਇਲਾਵਾ ਘੱਟ ਲਾਗਤ ਅਤੇ ਇਸ ਦਾ ਇਧਰ-ਉਧਰ ਲਿਜਾ ਸਕਣਾ ਇਸ ਦੇ ਮਹੱਤਵਪੂਰਨ ਗੁਣ ਹਨ। ਜਦੋਂ ਲੱਕੜੀ ਨੂੰ ਬਾਲਣ ਦੇ ਤੌਰ ਤੇ ਵਰਤਿਆ ਜਾਂਦਾ ਹੈ ਤਾਂ ਇਸ ਦੀ ਬਲਣ ਕੁਸ਼ਲਤਾ 37.67 ਪ੍ਰਤਿਸ਼ਤ ਦੀ ਰੇਂਜ ਵਿਚ ਹੁੰਦੀ ਹੈ ਅਤੇ ਜਦੋਂ ਨਾਰੀਅਲ ਦੇ ਖੋਲ ਬਾਲੇ ਜਾਂਦੇ ਹਨ ਤਾਂ ਬਲਣ ਕੁਸ਼ਲਤਾ 29.49 ਪ੍ਰਤਿਸ਼ਤ ਹੁੰਦੀ ਹੈ (ਇਹ ਟੈਸਟ ਰਿਪੋਰਟ ਇੰਟੇਗਰੇਟਡ ਰੂਰਲ ਟੈਕਨਾਲੋਜੀ ਸੈਂਟਰ, ਮੰਦੁਰ ਪਲੱਕੜ ਦੀ ਹੈ)। ਆਈ ਆਈ ਟੀ ਗੁਵਾਹਾਟੀ ਨੇ ਵੀ ਇਸ ਦੀ ਪਰਖ ਕੀਤੀ ਹੈ ਅਤੇ ਤਾਪ ਦੀ ਕੁਸ਼ਲਤਾ 29.28 ਪ੍ਰਤਿਸ਼ਤ ਦੇਖੀ ਗਈ ਹੈ। ਅਨੇਰਟ ਦੀ ਟੀਮ ਨੇ ਸੂਚਿਤ ਕੀਤਾ ਕਿ ਕਾਲੀਕਟ ਦੇ ਹੋਟਲ ਇਸ ਸਟੋਵ ਦਾ ਪ੍ਰਯੋਗ ਕਰ ਰਹੇ ਹਨ। 40 ਕਿਲੋਗ੍ਰਾਮ ਚੌਲ ਬਣਾਉਣ ਲਈ ਸਿਰਫ਼ 75 ਨਾਰੀਅਲ ਖੋਲਾਂ ਦੀ ਲੋੜ ਹੈ ਜਿਸ ਦੀ ਕੀਮਤ ਮਾਤਰ 30 ਰੁਪਏ ਹੈ। ਐਲ ਪੀ ਜੀ ਨਾਲ ਚੱਲਣ ਵਾਲੇ ਉਪਕਰਨਾਂ ਵਿਚ ਇੰਨੀ ਹੀ ਮਾਤਰਾ ਦੇ ਚੌਲ ਬਣਾਉਣ ਲਈ 10 ਕਿਲੋਗ੍ਰਾਮ ਈਧਣ ਦੀ ਲੋੜ ਪੈਂਦੀ ਹੈ ਜਿਸ ਦੀ ਕੀਮਤ ਲਗਭਗ 400 ਰੁਪਏ ਹੈ। ਇਸ ਦੀ ਕੁਸ਼ਲਤਾ ਲਾਗਤ, ਇਸ ਦੇ ਇਧਰ-ਉਧਰ ਲਿਜਾਉਣ ਅਤੇ ਵਿਲੱਖਣ ਡਿਜ਼ਾਇਨ ਨੂੰ ਦੇਖਦੇ ਹੋਏ ਐੱਨ ਆਈ ਐੱਫ (ਨਿਫ) ਨੇ ਕਾਢਕਰਤਾ ਦੇ ਨਾਮ 'ਤੇ ਇਸ ਪੋਰਟੇਬਲ ਲੱਕੜੀ ਦੇ ਸਟੋਵ ਦੇ ਪੇਟੈਂਟ ਲਈ (1582/ਸੀ ਐੱਚ ਈ/2011) ਅਪਲਾਈ ਕੀਤਾ ਹੈ।



ਵੀ ਜੈਪ੍ਰਕਾਸ਼ ਆਪਣਾ ਬਣਾਇਆ ਹੋਇਆ ਚੱਕਵਾਂ ਚੁੱਲ੍ਹਾ ਦਿਖਾਉਂਦਾ ਹੋਇਆ।

ਨਿਫ ਨੇ ਸਟੋਵ ਦੇ ਕਾਰੋਬਾਰ ਲਈ ਖੋਜ ਕਰਤਾ ਨੂੰ ਮਾਈਕਰੋ ਵੈਂਚਰ ਇਨੋਵੇਸ਼ਨ ਫ਼ੰਡ ਦੇ ਤਹਿਤ ਸਮਰਥਨ ਦਿਤਾ। ਜੈਪ੍ਰਕਾਸ਼ ਪਿਛਲੇ ਦੋ ਸਾਲਾਂ ਵਿਚ ਸੌ ਤੋਂ ਉਪਰ ਸਟੋਵ ਵੇਚ ਚੁੱਕਾ ਹੈ ਅਤੇ ਉਸ ਨੂੰ ਮਿਊਂਸੀਪਲ ਕਮੇਟੀਆਂ, ਹਸਪਤਾਲਾਂ ਅਤੇ ਕਾਲਜਾਂ ਤੋਂ ਬਹੁਤ ਸਾਰੇ ਆਰਡਰ ਮਿਲ ਰਹੇ ਹਨ। ਵਰਤਮਾਨ ਵਿਚ ਉਸ ਕੋਲ 500 ਸਟੋਵਾਂ ਦੇ ਆਰਡਰ ਪਏ ਹਨ। ਆਪਣੇ ਕਾਰੋਬਾਰ ਨੂੰ ਅੱਗੇ ਵਧਾਉਣ ਲਈ ਉਹ ਆਪਣੀ ਉਤਪਾਦਨ ਇਕਾਈ ਸਥਾਪਤ ਕਰਨਾ ਚਾਹੁੰਦਾ ਹੈ ਅਤੇ ਅਜਿਹੇ ਉੱਦਮੀ ਦੀ ਭਾਲ ਵਿਚ ਹੈ ਜੋ ਤਕਨਾਲੋਜੀ ਨੂੰ ਲਾਇਸੰਸ ਦਿਵਾਉਣ ਵਿਚ ਦਿਲਚਸਪੀ ਰੱਖਦਾ ਹੋਵੇ ਤਾਂ ਕਿ ਫਿਰ ਉਹ ਇਸ ਸੰਬੰਧੀ ਖੋਜ ਅਤੇ ਵਿਕਾਸ ਵਿਚ ਹੋਰ ਜ਼ਿਆਦਾ ਵਕਤ ਦੇ ਸਕੇ। ਵਰਤੋਂ ਕਰਨ ਵਾਲਿਆਂ ਦੀ ਪ੍ਰਤਿਪੁਸ਼ਟੀ (ਫੀਡਬੈਕ) ਉਸ ਲਈ ਜ਼ਿਆਦਾ ਮਹੱਤਵਪੂਰਨ ਹੈ, ਉਸ ਦਾ ਵਿਸ਼ਵਾਸ ਹੈ ਕਿ ਨਵੀਂ ਕਾਢ ਲਈ ਉਪਭੋਗਤਾ ਮੁੱਲਵਾਨ ਸੁਝਾਅ ਦੇ ਸਕਦੇ ਹਨ। ਉਸ ਨੇ ਦੱਸਿਆ ਕਿ ਬਹੁਤ ਸਾਰੀਆਂ ਔਰਤਾਂ ਜਿਨ੍ਹਾਂ ਨੇ ਸਟੋਵ ਦੀ ਵਰਤੋਂ ਕੀਤੀ ਹੈ, ਨੇ ਕਈ ਮਹੱਤਵਪੂਰਨ ਸੁਝਾਅ ਦਿਤੇ ਹਨ। ਇਕ ਔਰਤ ਨੇ ਉਸ ਨੂੰ ਦੋ ਬਰਨਰ ਵਾਲਾ ਚੁੱਲ੍ਹਾ ਬਣਾਉਣ ਲਈ ਸੁਝਾਅ ਦਿਤਾ ਹੈ।

ਲੱਕੜੀ ਦੇ ਚੱਕਵੇਂ ਸਟੋਵ ਤੋਂ ਇਲਾਵਾ, ਉਸ ਨੇ ਧੂੰਆਂ ਰਹਿਤ ਅਤੇ ਸਮੂਹਿਕ ਚੁੱਲ੍ਹੇ ਵੀ ਬਣਾਏ ਅਤੇ ਵੇਚੇ ਹਨ। ਏ ਐੱਨ ਈ ਆਰ ਟੀ ਇਸ ਵਾਸਤੇ ਲਾਇਸੰਸ ਅਤੇ ਸਰਟੀਫਿਕੇਟ ਜਾਰੀ ਕੀਤਾ ਗਿਆ ਹੈ। ਉਹ ਹੁਣ ਤਕ 4000 ਤੋਂ ਜ਼ਿਆਦਾ ਧੂੰਆਂ ਰਹਿਤ ਚੁੱਲ੍ਹੇ ਅਤੇ 700 ਤੋਂ ਜ਼ਿਆਦਾ ਸਮੁਦਾਇਕ ਚੁੱਲ੍ਹੇ ਵੇਚ ਚੁੱਕਾ ਹੈ।

ਆਪਣੇ ਕਾਰੋਬਾਰ ਤੋਂ ਇਲਾਵਾ, ਉਹ ਸਮੁਦਾਇ ਇਕੱਠਾਂ ਵਿਚ ਜਾਂਦਾ ਹੈ ਅਤੇ ਦੂਜੇ ਲੋਕਾਂ ਨਾਲ ਆਪਣੇ ਤਜਰਬੇ ਸਾਂਝੇ ਕਰਦਾ ਹੈ। ਕੇਰਲ ਦੇ ਤਿਰੂਵਾਨੰਤਪੁਰਮ ਵਿਖੇ ਕੇਰਲ ਰਾਜ ਵਿਗਿਆਨ ਤਕਨਾਲੋਜੀ ਤੇ ਵਾਤਾਵਰਨ ਪਰਿਸ਼ਦ ਦੁਆਰਾ ਆਯੋਜਿਤ ਦਿਹਾਤੀ ਨਵੀਨਕਾਰਾਂ ਦੇ ਇਕੱਠ ਵਿਚ ਜੈਪ੍ਰਕਾਸ਼ ਨੇ ਇਸ ਦੇ ਸਮੂਹਿਕ ਪ੍ਰਯੋਗ, ਬਿਹਤਰ ਬਾਇਓਮਾਸ ਸਟੋਵ ਦੇ ਮੁੱਲੰਕਣ ਅਤੇ ਨਮੂਨਾ ਵਿਕਾਸ ਬਾਰੇ ਦੱਸਿਆ। ਊਰਜਾ ਸੰਭਾਲ ਅਤੇ ਪ੍ਰਬੰਧਨ ਪ੍ਰਤਿ ਉਨ੍ਹਾਂ ਦੀ ਸ਼ਲਾਘਾਯੋਗ ਉਪਲਬਧੀ ਦੀ ਪ੍ਰਸ਼ੰਸਾ ਵਿਚ ਉਸ ਨੂੰ ਕੇਰਲ ਰਾਜ ਊਰਜਾ ਸੰਭਾਲ ਪੁਰਸਕਾਰ 2008 ਨਾਲ ਸਨਮਾਨਿਤ ਕੀਤਾ ਗਿਆ। ਮਾਰਚ 2011, ਵਿਚ ਰਾਸ਼ਟਰਪਤੀ ਭਵਨ ਵਿਖੇ ਇਨੋਵੇਸ਼ਨ ਐਗਜ਼ੀਬੀਸ਼ਨ ਵਿਚ ਨਿਫ ਨੇ ਉਸ ਨੂੰ ਸੱਦਿਆ ਅਤੇ ਇਸ ਦਿਨ ਨੂੰ ਉਹ ਆਪਣੀ ਜ਼ਿੰਦਗੀ ਦਾ ਯਾਦਗਾਰੀ ਦਿਨ ਮੰਨਦਾ ਹੈ। ਬਾਅਦ 'ਚ 2012 ਵਿਚ ਰਾਸ਼ਟਰਪਤੀ ਭਵਨ, ਨਵੀਂ ਦਿੱਲੀ ਵਿਚ ਨਿਫ ਦੇ ਛੇਵੇਂ ਰਾਸ਼ਟਰੀ ਸਨਮਾਨ ਸਮਾਰੋਹ ਵਿਚ ਜੈਪ੍ਰਕਾਸ਼ ਨੂੰ ਰਾਸ਼ਟਰੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ❑❑

# ਰਵਾਇਤੀ ਸਿਆਣਪ ਦੀ ਰਖਵਾਲੀ

ਬਾਬਾ ਮਾਯਾਰਾਮ

ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਅਨੁਸਾਰ ਮੱਧ ਪ੍ਰਦੇਸ਼ ਦੇ ਸਤਨਾ ਜ਼ਿਲ੍ਹੇ ਦੇ ਦੂਰ-ਦਰਾਜ ਦੇ ਪਿੰਡ ਪਿਥੌਰਾਗੜ੍ਹ ਦੀ ਧੁੰਦਲੀ ਵਿਲੱਖਣਤਾ ਇਹ ਹੈ ਕਿ 2010 ਦੇ ਮੁਕਾਬਲੇ 50 ਕਿਸਾਨਾਂ ਦੀ ਖ਼ੁਦਕਸ਼ੀ ਨਾਲ ਇਹ ਪੰਜ ਭਾਰਤੀ ਰਾਜਾਂ ਵਿਚੋਂ ਇਕ ਹੈ। ਉਪਰੋਂ ਸਿਤਮ ਇਹ ਹੈ ਕਿ ਖ਼ੁਦਕਸ਼ੀ ਦੀ ਪ੍ਰਵਿਰਤੀ ਨੂੰ ਖ਼ਤਮ ਕਰਨ ਦਾ ਰਾਜ਼ ਇਸੇ ਪਿੰਡ ਵਿਚ ਮੌਜੂਦ ਹੈ ਅਤੇ ਇਹ ਭੇਦ ਕਿਸਾਨਾਂ ਵਿਚ ਖੇਤੀ ਕਰਨ ਦਾ ਰੁਝਾਨ ਵਾਪਸ ਲਿਆ ਸਕਦਾ ਹੈ।

ਇਥੇ ਕਿਸਾਨ ਆਪਣੇ ਖੇਤ ਵਿਚ ਦੇਸੀ ਬੀਜਾਂ ਨਾਲ ਸਿਰਫ਼ ਨਵੇਂ-ਨਵੇਂ ਤਜਰਬੇ ਹੀ ਨਹੀਂ ਕਰ ਰਹੇ ਸਗੋਂ ਆਪਣੀ ਤਰੱਕੀ ਅਤੇ ਪ੍ਰਤਿਪਾਲਣ ਲਈ ਨਵੇਂ ਤਰੀਕੇ ਖੋਜ ਰਹੇ ਹਨ ਅਤੇ ਦੋਗਲੇ ਬੀਜਾਂ ਦੇ ਚੱਕਰ ਵਿਚ ਫਸੇ ਹੋਏ ਆਪਣੇ ਦੂਜੇ ਕਿਸਾਨ ਭਰਾਵਾਂ ਲਈ ਰੋਲ ਮਾਡਲ ਵੀ ਬਣ ਰਹੇ ਹਨ।

**ਜਿਵੇਂ ਹੀ ਕੋਈ ਵਿਅਕਤੀ 65 ਸਾਲਾਂ ਦੇ ਬਾਬੂ ਲਾਲ ਦਹੀਆ ਦੇ ਘਰ ਪ੍ਰਵੇਸ਼ ਕਰਦਾ ਹੈ ਤਾਂ ਸੰਭਾਲ ਕੇ ਰੱਖੇ ਹੋਏ ਬੀਜਾਂ ਦੇ ਭੰਡਾਰ ਦਾ ਜ਼ਬਰਦਸਤ ਨਜ਼ਾਰਾ ਦੇਖਣ ਨੂੰ ਮਿਲਦਾ ਹੈ ਜੋ ਸ਼ਾਨਦਾਰ ਪੁਰਾਤਨ ਭਾਰਤ ਦੀ ਤਸਵੀਰ ਪੇਸ਼ ਕਰਦਾ ਹੈ। ਝੋਨੇ ਦੇ ਬੀਜਾਂ ਦੀਆਂ ਕਿਸਮਾਂ ਬੜੇ ਧਿਆਨ ਨਾਲ ਪਲਾਸਟਿਕ ਬੈਗਾਂ ਵਿਚ ਸੰਭਾਲੀਆਂ ਹੋਈਆਂ ਹਨ। ਤੁਰੰਤ ਹੋਈ ਵਾਢੀ ਦਾ ਨਾੜ ਗੋਹੇ ਨਾਲ ਲਿੱਪੇ ਹੋਏ ਵਿਹੜੇ ਵਿਚ ਇਕੱਠਾ ਕੀਤਾ ਹੁੰਦਾ ਹੈ ਜੋ ਕਿਸਾਨੀ ਦੇ ਕੰਮ ਦੌਰਾਨ ਕੀਤੀ ਗਈ ਸਖ਼ਤ ਮਿਹਨਤ ਨੂੰ ਦਰਸਾਉਂਦਾ ਹੈ।**

ਖ਼ੂਬ ਜਾਣਕਾਰੀ ਰੱਖਣ ਵਾਲੇ ਬਾਬੂ ਲਾਲ ਦੇ ਬੀਜਾਂ ਦੇ ਗੁਣਾਂ ਦੀ ਵਿਆਖਿਆ ਕਰਦੇ ਹਨ। ਤਾਜ਼ੇ ਪੌਦਿਆਂ ਦੀ ਖ਼ੁਸ਼ਬੂ ਅਤੇ ਮਾਂਹ ਦੀ ਦਾਲ ਪੀਸਣ ਲਈ ਹੱਥ ਨਾਲ ਚੱਲਣ ਵਾਲੀ ਚੱਕੀ ਦੀ ਮਿੱਠੀ-ਮਿੱਠੀ ਆਵਾਜ਼ ਉਨ੍ਹਾਂ ਦੀ ਸਿਆਣਪ ਨੂੰ ਚਾਰ ਚੰਦ ਲਾਉਂਦੀ ਹੈ।

ਦੋਗਲੇ ਝੋਨੇ ਦੇ ਮੁਕਾਬਲੇ ਦੇਸੀ ਝੋਨੇ ਦਾ ਸ਼ਬਦ ਜ਼ਿਆਦਾ ਵਧੀਆ ਹੈ ਅਤੇ ਚੰਗੀ ਕੀਮਤ ਵੀ ਮਿਲਦੀ ਹੈ। ਦੇਸੀ ਝੋਨੇ ਵਾਲੀਆਂ ਫ਼ਸਲਾਂ ਲਈ ਰਵਾਇਤੀ ਗੋਹੇ ਦੀ ਰੂੜੀ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ ਜਦ ਕਿ ਦੋਗਲੀਆਂ ਜਾਂ ਬੌਣੀਆਂ ਫ਼ਸਲਾਂ ਲਈ ਰਸਾਇਣਕ ਖਾਦਾਂ ਦੀ ਜ਼ਰੂਰਤ ਹੁੰਦੀ ਹੈ। ਬਾਬੂ ਲਾਲ ਬੜੇ ਮਾਣ ਨਾਲ ਦੱਸਦਾ ਹੈ ਕਿ ਰਸਾਇਣਕ ਖਾਦਾਂ ਦਾ ਪ੍ਰਯੋਗ ਇਕ ਤਾਂ ਲਾਗਤ ਵਿਚ ਵਾਧਾ ਕਰਦਾ ਹੈ ਅਤੇ ਨਾਲ ਹੀ ਜ਼ਮੀਨ ਦੀ ਉਤਪਾਦਕਤਾ ਨੂੰ ਨੁਕਸਾਨ ਪਹੁੰਚਾਉਂਦਾ ਹੈ। ਬਾਬੂ ਲਾਲ ਨੇ ਇਕ-ਇਕ ਪਿੰਡ ਘੁੰਮ ਕੇ ਝੋਨੇ ਦੇ ਬੀਜਾਂ ਦੀਆਂ 70 ਕਿਸਮਾਂ ਇਕੱਤਰ ਕੀਤੀਆਂ ਹਨ ਅਤੇ ਬੜੇ ਹੀ ਕੁਦਰਤੀ ਅਤੇ ਰਵਾਇਤੀ ਤਰੀਕੇ ਨਾਲ ਇਨ੍ਹਾਂ ਦੀ ਖੇਤੀ ਕਰ ਰਿਹਾ ਹੈ। ਉਸ ਦਾ ਕਹਿਣਾ ਹੈ, "ਮੱਖੀਆਂ, ਸ਼ਹਿਦ ਦੀਆਂ ਮੱਖੀਆਂ, ਕੀੜੀਆਂ ਅਤੇ ਹੋਰ ਕੀੜੇ-ਮਕੌੜੇ ਕੁਦਰਤੀ ਤਰੀਕੇ ਨਾਲ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ ਨੂੰ ਖ਼ਤਮ ਕਰ ਦਿੰਦੇ ਹਨ। ਗੰਡੋਏ 24 ਘੰਟੇ ਕੰਮ ਕਰਦੇ ਹਨ, ਜ਼ਮੀਨ ਦੇ ਅਣਉਪਜਾਊ ਤੱਤਾਂ ਨੂੰ ਖਾਂਦੇ ਹਨ ਜਿਸ ਨਾਲ ਜ਼ਮੀਨ ਬਹੁਤ ਨਰਮ ਹੋ ਜਾਂਦੀ ਹੈ ਅਤੇ ਵਧੀਆ ਫ਼ਸਲ ਤਿਆਰ ਹੁੰਦੀ ਹੈ। ਦੋਗਲੀਆਂ ਕਿਸਮਾਂ ਜੋ ਜ਼ਿਆਦਾ ਸਿੰਜਾਈ ਦੀ ਮੰਗ ਕਰਦੀਆਂ ਹਨ, ਦੇ ਮੁਕਾਬਲੇ ਦੇਸੀ ਕਿਸਮਾਂ ਤਿਆਰ ਹੋਣ ਵਿਚ ਬਹੁਤ ਘੱਟ ਸਮਾਂ ਲੈਂਦੀਆਂ ਹਨ ਅਤੇ ਕੁਦਰਤੀ ਪ੍ਰਕਿਰਿਆ ਵਿਚੋਂ ਗੁਜ਼ਰਦੀਆਂ ਹਨ।"

ਝੋਨੇ ਦੀ ਹਰੇਕ ਕਿਸਮ ਦੇ ਵਿਲੱਖਣ ਗੁਣ ਹਨ। ਕੁਝ ਕਿਸਮਾਂ ਜਿਵੇਂ ਸਰਿਆ, ਸਿਕੀਆ, ਸ਼ਿਆਮਜੀਰ, ਦਿਹੂਲਾ ਅਤੇ ਸਾਰੇਖਨੀ 70 ਤੋਂ 75 ਦਿਨਾਂ ਦੇ ਵਿਚ ਕਟਾਈ ਲਈ ਤਿਆਰ ਹੋ ਜਾਂਦੀਆਂ ਹਨ ਜਦ ਕਿ ਦੂਜੀਆਂ ਕਿਸਮਾਂ ਜਿਵੇਂ ਨੇਵਾਰੀ, ਝਾਲੋਰ, ਕਰਗੀ, ਮੁੰਗਰ ਤੇ ਸੇਕੂਰਗਰ 100-120 ਦਿਨ ਲੈਂਦੀਆਂ ਹਨ ਅਤੇ ਬਾਦਲ ਫੂਲ, ਕੋਰਾਖਾਮਾਹ, ਵਿਸ਼ਨੂੰਭੋਗ, ਦਿਲਬਖ਼ਤ ਬੀਜਾਈ ਤੋਂ ਬਾਅਦ ਸਿਰਫ਼ 120 ਤੋਂ 130 ਦਿਨਾਂ ਵਿਚ ਤਿਆਰ ਹੋ ਜਾਂਦੀਆਂ ਹਨ।

ਬੀਜਾਂ ਦੀਆਂ ਅਣਗਿਣਤ ਕਿਸਮਾਂ ਦੇ ਰੰਗ ਅਤੇ ਸੁੰਦਰਤਾ ਦਾ ਜਸ਼ਨ ਬਣਾਉਣ ਵਾਲੀ ਲੋਕਧਾਰਾ ਅਤੇ ਪਰੰਪਰਿਕ ਗੀਤਾਂ ਦੇ ਹੌਲੀ-ਹੌਲੀ ਲੋਪ ਹੋਣ ਨੇ ਬਾਬੂ ਲਾਲ ਦਾ ਧਿਆਨ ਅਸੁਰੱਖਿਅਤ ਦੇਸੀ ਅਨਾਜ ਦੀ ਸੰਭਾਲ ਵੱਲ ਖਿੱਚਿਆ ਜੋ ਕਿ ਦੋਗਲੀਆਂ ਕਿਸਮਾਂ ਦੇ ਸਾਹਮਣੇ ਆਪਣੀ ਜੰਗ ਲਗਭਗ ਹਾਰ ਚੁੱਕੇ ਹਨ। ਇਸ ਕਾਰੋਬਾਰ ਨੇ ਉਸ ਨੂੰ ਖੇਤੀਬਾੜੀ ਦੇ ਪਰੰਪਰਿਕ ਤਰੀਕਿਆਂ ਨੂੰ ਨਾ ਸਿਰਫ਼ ਸੰਭਾਲ ਅਤੇ ਵਿਕਾਸ ਵੱਲ ਧਿਆਨ ਦੇਣ ਲਈ ਪ੍ਰੇਰਿਆ ਸਗੋਂ ਖੇਤੀਬਾੜੀ ਵਿਚ ਇਕ ਸਭਿਆਚਾਰ ਪੈਦਾ ਕਰਨ ਲਈ ਵੀ ਉਤਸ਼ਾਹਿਤ ਕੀਤਾ।

ਮੁੱਢਲੇ ਦਿਨਾਂ ਵਿਚ, ਮੌਸਮ ਦੀ ਭਵਿੱਖਬਾਣੀ ਲਈ ਜਦੋਂ ਸਾਡੇ ਕੋਲ ਰੇਡੀਓ ਜਾਂ ਟੈਲੀਵੀਜ਼ਨ ਨਹੀਂ ਸਨ ਤਾਂ ਉਸ ਸਮੇਂ ਖੇਤੀਬਾੜੀ ਪ੍ਰਕਿਰਿਆ ਦੇ ਹਰੇਕ ਪੜਾਅ ਵਾਸਤੇ ਸਹੀ ਮੌਸਮ ਦੇ ਅਨੁਮਾਨ ਲਈ ਸਾਡੇ ਪੁਰਖਿਆਂ ਦਾ ਤਜਰਬਾ ਹੀ ਮਦਦ ਕਰਦਾ ਸੀ। ਉਹ ਬੱਦਲਾਂ ਦੇ ਰੰਗ, ਹਵਾ ਦੇ ਵੇਗ ਅਤੇ ਬਾਰਿਸ਼ ਦੀ ਵੰਨਗੀ ਤੋਂ ਪ੍ਰਕਿਰਤੀ ਦਾ ਮਿਜਾਜ਼ ਨਾਪ ਸਕਦੇ ਸਨ। ਇਕ ਪੁਰਾਣੀ ਅਖੌਤ ਹੈ, "ਪੁਰਵਾ ਜੋ ਪੂਰਬੀ ਪਬੇ, ਸੂਖੀ

*ਬਾਕੀ ਸਫ਼ਾ 58 ਉੱਤੇ*

# ਚਿੱਟੇ ਮਾਰਕੇ ਵਾਲਾ ਏ ਟੀ ਐੱਮ ਕੀ ਹੈ?

**ਸੰਗ੍ਰਹਿਕਰਤਾ - ਹਸਨ ਜ਼ਿਆ**

ਏ ਟੀ ਐੱਮ ਦੁਆਰਾ ਨਗਦ ਆਦਾਨ-ਪ੍ਰਦਾਨ ਨੇ ਸਾਡੀ ਜ਼ਿੰਦਗੀ ਨੂੰ ਕਾਫ਼ੀ ਸੁਖਾਵਾਂ ਬਣਾ ਦਿਤਾ ਹੈ। ਪਿਛਲੇ ਕੁਝ ਸਮੇਂ ਤਕ ਏ ਟੀ ਐੱਮ ਚਲਾਉਣ ਦਾ ਅਧਿਕਾਰ ਕੇਵਲ ਬੈਂਕਾਂ ਕੋਲ ਹੀ ਸੀ। ਪਰ ਏ ਟੀ ਐੱਮ ਦੀ ਆਮ ਤੌਰ ਤੇ ਵੱਡੇ ਸ਼ਹਿਰਾਂ ਅਤੇ ਕਸਬਿਆਂ ਤਕ ਹੀ ਵੇਖਦਿਆਂ ਹੋਇਆਂ ਭਾਰਤੀ ਰਿਜ਼ਰਵ ਬੈਂਕ ਨੇ 2012 ਵਿਚ ਆਪਣੀ ਨੀਤੀ ਵਿਚ ਬਦਲਾਅ ਕੀਤੇ। ਇਸ ਦਾ ਮਕਸਦ ਏ ਟੀ ਐੱਮ ਨੂੰ ਦੇਸ਼ ਦੇ ਕੋਨੇ-ਕੋਨੇ ਤਕ ਫੈਲਾਉਣਾ ਹੈ।

ਸਫੈਦ ਮਾਰਕੇ ਵਾਲਾ ਏ ਟੀ ਐੱਮ ਉਹ ਹੈ ਜੋ ਰਵਾਇਤੀ ਤੌਰ ਤੇ ਬੈਂਕਾਂ ਦੁਆਰਾ ਸੰਚਾਲਿਤ ਏ ਟੀ ਐੱਮ ਤੋਂ ਇਲਾਵਾ ਨਗਦੀ ਮੁਹੱਈਆ ਕਰਵਾਉਣ ਦਾ ਇਕ ਬਦਲਵਾਂ ਸਾਧਨ ਹੈ। ਚਿੱਟੇ ਮਾਰਕੇ ਵਾਲਾ ਏ ਟੀ ਐੱਮ ਸਾਰੇ ਬੈਂਕਾਂ ਦੇ ਡੈਬਿਟ ਕਾਰਡਾਂ ਨੂੰ ਮਾਨਤਾ ਦਿੰਦਾ ਹੈ ਪਰ ਇਸ ਏ ਟੀ ਐੱਮ ਨੂੰ ਚਲਾਉਣ ਵਾਲੀ ਕੰਪਨੀ/ਏਜੰਸੀ ਆਪਣੇ ਆਪ ਵਿਚ ਬੈਂਕ ਨਹੀਂ ਹੁੰਦੀ। ਇਹ ਪ੍ਰਣਾਲੀ ਪੱਛਮੀ ਦੇਸ਼ਾਂ ਵਿਚ ਸ਼ੁਰੂ ਹੋਈ ਸੀ ਅਤੇ ਹੁਣ ਭਾਰਤ ਵਿਚ ਵੀ ਇਹ ਪ੍ਰਚਲਿਤ ਹੋ ਗਈ ਹੈ।

ਭਾਰਤੀ ਰਿਜ਼ਰਵ ਬੈਂਕ ਮੁਤਾਬਕ ਬੈਂਕਾਂ ਨੇ ਏ ਟੀ ਐੱਮ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਬੈਂਕਾਂ ਨੇ ਏ ਟੀ ਐੱਮ ਦੇ ਮਾਮਲੇ ਵਿਚ ਕਾਫ਼ੀ ਵਿਕਾਸ ਕੀਤਾ ਹੈ। ਇਸ ਵੇਲੇ ਦੇਸ਼ ਭਰ ਵਿਚ ਲਗਭਗ 87,000 ਏ ਟੀ ਐੱਮ ਹਨ। ਪਰ ਛੋਟੇ ਸ਼ਹਿਰਾਂ ਅਤੇ ਪੇਂਡੂ ਖੇਤਰਾਂ ਵਿਚ ਇਨ੍ਹਾਂ ਦੀ ਗਿਣਤੀ ਅਜੇ ਵੀ ਬਹੁਤ ਘੱਟ ਹੈ। ਭਾਵੇਂ ਕਿ 2008 ਤੋਂ ਲੈ ਕੇ, ਦੇਸ਼ ਵਿਚ ਏ ਟੀ ਐੱਮ ਦੀ ਗਿਣਤੀ ਵਿਚ 30 ਪ੍ਰਤਿਸ਼ਤ ਦੀ ਵਿਕਾਸ ਦਰ ਨਾਲ ਵਾਧਾ ਹੋਇਆ ਹੈ ਪਰ ਦੂਜੇ ਦੇਸ਼ਾਂ ਦੇ ਮੁਕਾਬਲੇ ਏ ਟੀ ਐੱਮ ਦੀ ਪਹੁੰਚ ਅਜੇ ਵੀ ਘੱਟ ਹਨ।

**ਇਸ ਨੂੰ ਧਿਆਨ ਗੋਚਰੇ ਰੱਖਦੇ ਹੋਏ, ਭਾਰਤੀ ਰਿਜ਼ਰਵ ਬੈਂਕ ਨੇ 2012 ਵਿਚ ਆਪਣੀ ਨੀਤੀ 'ਤੇ ਮੁੜ-ਵਿਚਾਰ ਕੀਤਾ ਅਤੇ ਦੇਸ਼ ਭਰ ਵਿਚ ਏ ਟੀ ਐੱਮ ਚਲਾਉਣ ਲਈ ਗ਼ੈਰ-ਬੈਂਕਿੰਗ ਕੰਪਨੀਆਂ ਨੂੰ ਏ ਟੀ ਐੱਮ ਸਥਾਪਿਤ ਕਰਨ, ਆਪਣੀ ਮਾਲਕੀ ਥੱਲੇ ਉਨ੍ਹਾਂ ਨੂੰ ਚਲਾਉਣ ਦੇ ਅਧਿਕਾਰ ਦੇਣ ਦਾ ਫ਼ੈਸਲਾ ਕੀਤਾ। ਇਨ੍ਹਾਂ ਨੂੰ ਚਿੱਟੇ ਮਾਰਕੇ ਵਾਲੇ ਏ ਟੀ ਐੱਮ ਆਖਿਆ ਜਾਂਦਾ ਹੈ। ਇਹ ਸਾਰੇ ਬੈਂਕਾਂ ਦੇ ਗਾਹਕਾਂ ਨੂੰ ਏ ਟੀ ਐੱਮ ਸੇਵਾਵਾਂ ਪ੍ਰਦਾਨ ਕਰਨਗੇ।**

ਇਕ ਗ਼ੈਰ-ਬੈਂਕਿੰਗ ਸੰਸਥਾ ਜੋ ਅਜਿਹੇ ਏ ਟੀ ਐੱਮ ਸਥਾਪਿਤ ਕਰਨਾ ਚਾਹੁੰਦੀ ਹੈ, ਉਸ ਕੋਲ ਦਰਖ਼ਾਸਤ ਦੇਣ ਸਮੇਂ ਅਤੇ ਉਸ ਤੋਂ ਬਾਅਦ ਨਿਰੰਤਰ ਤੌਰ ਤੇ 100 ਕਰੋੜ ਰੁਪਏ ਦੇ ਅਸਾਸੇ ਹੋਣੇ ਜ਼ਰੂਰੀ ਹਨ। ਇਨ੍ਹਾਂ ਗ਼ੈਰ-ਬੈਂਕਿੰਗ ਸੰਸਥਾਵਾਂ ਨੂੰ ਚਿੱਟੇ ਮਾਰਕੇ ਵਾਲੇ ਏ ਟੀ ਐੱਮ ਸਥਾਪਿਤ ਕਰਨ ਲਈ ਜਗ੍ਹਾ ਚੁਣਨ ਦੀ ਆਜ਼ਾਦੀ ਹੋਵੇਗੀ ਪਰ ਸ਼ਹਿਰੀ-ਪੇਂਡੂ ਅਨੁਪਾਤ ਨੂੰ ਕਾਇਮ ਰੱਖਣ ਲਈ ਭਾਰਤੀ ਰਿਜ਼ਰਵ ਬੈਂਕ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨੀ ਹੋਵੇਗੀ।

ਬੈਂਕਾਂ ਦੁਆਰਾ ਜਾਰੀ ਕੀਤੇ ਗਏ ਕਾਰਡ ਮੰਨਣਯੋਗ ਹੋਣਗੇ ਅਤੇ ਇਨ੍ਹਾਂ ਏ ਟੀ ਐੱਮ 'ਤੇ ਨਗਦ ਪੈਸੇ ਜਮ੍ਹਾਂ ਕਰਨਾ ਮਨ੍ਹਾਂ ਹੋਵੇਗਾ। ਚਿੱਟੇ ਮਾਰਕੇ ਵਾਲੇ ਏ ਟੀ ਐੱਮ ਨੂੰ ਚਲਾਉਣ ਵਾਲੀ ਸੰਸਥਾ ਇਸ਼ਤਿਹਾਰਬਾਜ਼ੀ ਜਾਂ ਵੈਲਿਊ ਐਡਡ ਸੇਵਾਵਾਂ ਦੁਆਰਾ ਮੁਨਾਫ਼ਾ ਕਮਾ ਸਕਦੇ ਹਨ। ਇਨ੍ਹਾਂ ਏ ਟੀ ਐੱਮ ਨੂੰ ਚਲਾਉਣ ਵਾਲੇ ਗਾਹਕਾਂ ਕੋਲੋਂ ਕੋਈ ਫ਼ੀਸ ਨਹੀਂ ਲੈਣਗੇ। ਇਨ੍ਹਾਂ ਏ ਟੀ ਐੱਮ ਦਾ ਕੰਮਕਾਜ ਪੇਮੈਂਟਸ ਐਂਡ ਸੈਟਲਮੈਂਟ ਸਿਸਟਮਜ਼ ਐਕਟ, 2007 ਦੇ ਤਹਿਤ ਦੇਸ਼ ਵਿਚ ਸੰਚਾਲਿਤ ਹੋਵੇਗਾ। ਇਨ੍ਹਾਂ ਏ ਟੀ ਐੱਮ ਨੂੰ ਚਲਾਉਣ ਵਾਲੀ ਕੰਪਨੀ ਨੂੰ ਇਕ 'ਪ੍ਰਾਯੋਜਕ ਬੈਂਕ' ਦਾ ਐਲਾਨ ਕਰਨਾ ਹੋਵੇਗਾ ਜੋ ਸੇਵਾਵਾਂ ਦੀ ਅਦਾਇਗੀ ਦੇ ਨਿਪਟਾਰੇ ਲਈ ਬੈਂਕ ਦਾ ਕੰਮ ਕਰੇਗੀ। ਪ੍ਰਾਯੋਜਕ ਬੈਂਕ ਨੂੰ ਇਹ ਵੇਖਣਾ ਹੋਵੇਗਾ ਕਿ ਇਨ੍ਹਾਂ ਚਿੱਟੇ ਮਾਰਕੇ ਵਾਲੇ ਏ ਟੀ ਐੱਮ ਵਿਚ ਕਾਫ਼ੀ ਮਾਤਰਾ ਵਿਚ ਨਗਦੀ ਮੌਜੂਦ ਰਹੇ ਅਤੇ ਵਰਤੋਂਕਾਰਾਂ ਨੂੰ ਚੰਗੀ ਕਿਸਮ ਦੇ ਨੋਟ ਹੀ ਮੁਹੱਈਆ ਕਰਵਾਏ ਜਾਣ।

ਭਾਰਤੀ ਰਿਜ਼ਰਵ ਬੈਂਕ ਨੇ ਕਿਹਾ ਹੈ ਕਿ ਅਸਫਲ ਭੁਗਤਾਨ ਨਾਲ ਸੰਬੰਧਿਤ ਸਮੱਸਿਆਵਾਂ ਨਾਲ ਨਜਿੱਠਣ ਦੀ ਜ਼ਿੰਮੇਵਾਰੀ ਕਾਰਡ ਜਾਰੀ ਕਰਨ ਵਾਲੀ ਬੈਂਕ ਦੀ ਹੋਵੇਗੀ। ਪ੍ਰਾਯੋਜਕ ਬੈਂਕ ਲੋੜੀਂਦੀ ਸਹਾਇਤਾ ਪ੍ਰਦਾਨ ਕਰੇਗੀ।

ਮੀਡੀਆ ਰਿਪੋਰਟਾਂ ਅਨੁਸਾਰ ਭਾਰਤੀ ਰਿਜ਼ਰਵ ਬੈਂਕ ਨੇ ਭਾਰਤ ਵਿਚ ਚਿੱਟੇ ਮਾਰਕੇ ਵਾਲੇ ਏ ਟੀ ਐੱਮ ਸਥਾਪਿਤ ਕਰਨ ਲਈ ਚਾਰ ਗ਼ੈਰ-ਬੈਂਕਿੰਗ ਸੰਸਥਾਵਾਂ ਨੂੰ ਅਧਿਕਾਰਤ ਕੀਤਾ ਹੈ। ਇਹ ਹਨ – ਟਾਟਾ ਕਮਿਊਨੀਕੇਸ਼ਨਜ਼ ਪੇਮੈਂਟ ਸੋਲਿਊਸ਼ਨਜ਼ ਲਿ., ਪ੍ਰਿਜ਼ਮ ਪੇਮੈਂਟ ਸਰਵਿਸਿਜ਼ ਪ੍ਰਾਈਵੇਟ ਲਿ., ਮੁਥੁਤ ਫਾਈਨੈਂਸ ਲਿ. ਅਤੇ ਵੈਕਰੈਂਜੀ ਲਿ.। ਟਾਟਾ ਕਮਿਊਨੀਕੇਸ਼ਨਜ਼ ਪੇਮੈਂਟ ਸੋਲਿਊਸ਼ਨਜ਼ ਲਿ. ਨੇ ਮੁੰਬਈ ਨੇੜੇ ਥਾਣੇ ਜ਼ਿਲ੍ਹੇ ਵਿਚ ਚੰਦਰਾਪਾੜਾ ਪਿੰਡ ਵਿਚ ਦੇਸ਼ ਦਾ ਪਹਿਲਾ ਚਿੱਟਾ ਮਾਰਕੇ ਵਾਲਾ ਏ ਟੀ ਐੱਮ ਖੋਲ੍ਹ ਦਿਤਾ ਹੈ।

## ਆਈ ਸੀ ਏ ਐੱਨ ਐੱਨ ਕੀ ਹੈ?

ਆਈ ਸੀ ਏ ਐੱਨ ਐੱਨ ਦਾ ਮਤਲਬ

ਹੈ – ਇੰਟਰਨੈੱਟ ਕਾਰਪੋਰੇਸ਼ਨ ਫਾਰ ਅਸਾਈਨਡ ਨੇਮਜ਼ ਐਂਡ ਨੰਬਰਜ਼।

**ਇੰਟਰਨੈੱਟ 'ਤੇ ਕਿਸੇ ਵੀ ਵਿਅਕਤੀ ਤਕ ਪਹੁੰਚਣ ਲਈ ਅਸੀਂ ਇਕ ਪਤੇ ਦੀ ਵਰਤੋਂ ਕਰਦੇ ਹਾਂ ਜਿਹੜਾ ਵੱਖਰਾ ਅਤੇ ਵਿਲੱਖਣ ਹੋਣਾ ਚਾਹੀਦਾ ਹੈ। ਆਈ ਸੀ ਏ ਐੱਨ ਐੱਨ ਦੁਨੀਆਂ ਭਰ ਵਿਚ ਅਜਿਹੇ ਵਿਲੱਖਣ ਪਛਾਣ ਕਰਤਾਵਾਂ ਵਿਚਾਲੇ ਇਕ ਸੰਪਰਕ ਦਾ ਕੰਮ ਕਰਦਾ ਹੈ। ਅਜਿਹੇ ਸੰਪਰਕ ਤੋਂ ਬਿਨਾਂ ਅਸੀਂ ਵਿਸ਼ਵ ਇੰਟਰਨੈੱਟ ਬਾਰੇ ਕਲਪਨਾ ਵੀ ਨਹੀਂ ਕਰ ਸਕਦੇ। ਆਈ ਸੀ ਏ ਐੱਨ ਐੱਨ ਦੀ ਸਥਾਪਨਾ 1998 ਵਿਚ ਕੀਤੀ ਗਈ ਸੀ। ਆਈ ਸੀ ਏ ਐੱਨ ਐੱਨ ਅਨੁਸਾਰ, ਦੁਨੀਆਂ ਭਰ ਦੇ ਲੋਕਾਂ ਦੀ 'ਬਿਨਾਂ ਕਿਸੇ ਮੁਨਾਫ਼ੇ ਤੋਂ ਭਾਈਵਾਲੀ ਹੈ ਜੋ ਇੰਟਰਨੈੱਟ ਨੂੰ ਸੁਰੱਖਿਅਤ, ਸਥਾਈ ਅਤੇ ਅੰਤਰ-ਸੰਚਾਲਿਤ ਰੱਖਣ ਲਈ ਸਮਰਪਿਤ ਹਨ। ਇਹ ਮੁਕਾਬਲੇਬਾਜ਼ੀ ਨੂੰ ਪ੍ਰੋਤਸਾਹਿਤ ਕਰਦਾ ਹੈ ਅਤੇ ਇੰਟਰਨੈੱਟ ਦੇ ਵਿਲੱਖਣ ਪਛਾਣ ਕਰਤਾਵਾਂ ਬਾਰੇ ਨੀਤੀਆਂ ਵਿਕਸਤ ਕਰਦਾ ਹੈ।**

ਡੋਮੇਨ ਨੇਮ ਸਿਸਟਮ ਇੰਟਰਨੈੱਟ ਆਮ ਮਨੁੱਖਾਂ ਦੀ ਪਹੁੰਚ ਤਕ ਕਰਨ ਲਈ ਬਣਾਇਆ ਗਿਆ ਹੈ। ਜਦਕਿ ਅੰਕਾਂ ਨੂੰ ਯਾਦ ਰੱਖਣਾ ਵਿਵਹਾਰਕ ਤੌਰ ਤੇ ਮੁਮਕਿਨ ਨਹੀਂ, ਡੋਮੇਨ ਨੇਮ ਸਿਸਟਮ ਅੰਕਾਂ ਦੀ ਬਜਾਇ ਅੱਖਰਾਂ ਦੀ ਵਰਤੋਂ ਕਰਦਾ ਹੈ ਅਤੇ ਫਿਰ ਅੱਖਰਾਂ ਦੀ ਸਟੀਕ ਸ਼੍ਰੇਣੀ ਨੂੰ ਅੰਕਾਂ ਦੀ ਸਟੀਕ ਸ਼੍ਰੇਣੀ ਨਾਲ ਜੋੜ ਦਿੰਦਾ ਹੈ। ਇਸ ਪ੍ਰਣਾਲੀ ਨਾਲ ਨੈੱਟਵਰਕ ਨੂੰ ਇਸਤੇਮਾਲ ਕਰਨ ਵਿਚ ਆਸਾਨੀ ਹੁੰਦੀ ਹੈ। ਡੋਮੇਨ ਨੇਮ ਵਿਚ ਦੋ ਤੱਤ ਹੁੰਦੇ ਹਨ – ਬਿੰਦੀ ਤੋਂ ਪਹਿਲਾਂ ਤੇ ਬਾਅਦ, ਜਿਵੇਂ ਕੋਮ. ਨੈੱਟ. ਆਰਗ ਆਦਿ।

ਆਈ ਸੀ ਏ ਐੱਨ ਐੱਨ ਅਨੁਸਾਰ, ਇਹ ਕੰਪਿਊਟਰ ਦੁਆਰਾ ਵਰਤੇ ਜਾਣ ਵਾਲੇ ਆਈ ਪੀ ਪਤਿਆਂ ਨਾਲ ਇਕ ਪ੍ਰਬੰਧਕ ਦਾ ਕੰਮ ਕਰਦਾ ਹੈ। ਆਈ ਸੀ ਏ ਐੱਨ ਐੱਨ ਪ੍ਰਣਾਲੀ ਨੂੰ ਚਲਾਉਂਦਾ ਨਹੀਂ ਸਗੋਂ ਸੰਚਾਲਨ ਵਿਚ ਮਦਦ ਕਰਦਾ ਹੈ। ਇਸ ਸੰਸਥਾ ਦੀ ਭੂਮਿਕਾ ਵਿਲੱਖਣ ਪਛਾਣ ਕਰਤਾਵਾਂ ਦੇ ਵਿਸ਼ਾਲ ਅਤੇ ਜਟਿਲ ਅੰਤਰ-ਜੁੜੇ ਹੋਏ ਨੈੱਟਵਰਕ 'ਤੇ ਨਿਗਾਹ ਰੱਖਣਾ ਹੈ ਜਿਹੜਾ ਕੰਪਿਊਟਰ ਤੇ ਇੰਟਰਨੈੱਟ ਨੂੰ ਇਕ ਦੂਜੇ ਨੂੰ ਪਛਾਣਨ ਲਈ ਆਗਿਆ ਦਿੰਦਾ ਹੈ।

ਆਈ ਸੀ ਏ ਐੱਨ ਐੱਨ ਵੱਖ-ਵੱਖ ਸਮੂਹਾਂ ਦਾ ਇਕੱਠ ਹੈ ਜਿਹੜਾ ਨੈੱਟਵਰਕ 'ਤੇ ਵੱਖਰੇ-ਵੱਖਰੇ ਹਿਤਾਂ ਦੀ ਪ੍ਰਤਿਨਿਧਤਾ ਕਰਦਾ ਹੈ। ਆਈ ਪੀ ਐਡਰੈੱਸ, ਡੋਮੇਨ ਨੇਮ ਆਦਿ ਵਿਚ ਕੰਮ ਕਰ ਰਹੀਆਂ ਵੱਖ-ਵੱਖ ਸੰਸਥਾਵਾਂ ਹਨ। ਆਈ ਸੀ ਏ ਐੱਨ ਐੱਨ ਅਮਰੀਕਾ ਦੇ ਕੈਲੀਫੋਰਨੀਆ ਰਾਜ ਦੇ ਕਾਨੂੰਨ ਵਿਚ ਸ਼ਾਮਿਲ ਹੈ। ਇਸ ਨੂੰ ਅਮਰੀਕਾ ਦੇ ਕਾਨੂੰਨਾਂ ਦੀ ਪਾਲਣਾ ਕਰਨੀ ਪੈਂਦੀ ਹੈ ਅਤੇ ਇਸ ਨੂੰ ਅਦਾਲਤ ਵਿਚ ਚੁਣੌਤੀ ਵੀ ਦਿਤੀ ਜਾ ਸਕਦੀ ਹੈ। ਆਈ ਸੀ ਏ ਐੱਨ ਐੱਨ ਦਾ ਕਹਿਣਾ ਹੈ ਕਿ ਇਸ ਦਾ ਸਮੁਦਾਇ ਪ੍ਰਤਿ ਜਵਾਬਦੇਹੀ ਲਈ ਵੀ ਢਾਂਚਾ ਹੈ ਜੋ ਇਸ ਦੇ ਉਪ-ਨਿਯਮਾਂ ਅਤੇ ਦੂਜੇ ਤਰੀਕਿਆਂ ਨਾਲ ਸੰਭਵ ਹੁੰਦਾ ਹੈ। ❑❑

*ਸਫ਼ਾ 56 ਦੀ ਬਾਕੀ*

ਨਦੀਆ ਨਾਵ ਚਲਾਵੇ" ਭਾਵ ਜਦੋਂ ਹਵਾ ਪੂਰਬ ਦਿਸ਼ਾ ਵੱਲ ਚੱਲਣਾ ਸ਼ੁਰੂ ਕਰੇ ਤਾਂ ਇੰਨੀ ਤੇਜ਼ ਬਾਰਿਸ਼ ਹੁੰਦੀ ਹੈ ਕਿ ਸੁੱਕੀਆਂ ਨਦੀਆਂ ਵਿਚ ਬੇੜੀਆਂ ਚੱਲਣ ਲੱਗ ਪੈਂਦੀਆਂ ਹਨ। ਅਜਿਹੀ ਸਿਆਣਪ 'ਤੇ ਆਧਾਰਿਤ ਕਿਸਾਨਾਂ ਨੇ ਅਖੌਤਾਂ ਅਤੇ ਲੋਕ ਗੀਤ ਬਣਾਏ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਅਜਿਹੀਆਂ ਸਿਆਣਪਾਂ ਦਾ ਬਹੁਤ ਵੱਡਾ ਯੋਗਦਾਨ ਹੈ। ਆਹਾ ! ਇਹ ਕੜੀ ਟੁੱਟ ਚੁੱਕੀ ਹੈ, ਪੁਰਾਣੀ ਪੀੜ੍ਹੀ ਦਾ ਦਿਲ ਢਹਿ ਚੁੱਕਾ ਹੈ।

ਬਾਬੂ ਲਾਲ ਦੇ ਮੌਸਮ ਨਾਲ ਸੰਬੰਧਿਤ ਗੀਤਾਂ ਅਤੇ ਅਖੌਤਾਂ ਦਾ ਵਿਸ਼ਾਲ ਸੰਗ੍ਰਹਿ 'ਸਿਆਣੇਂ ਕੇ ਤੱਥ' ਨਾਮੀ ਪੁਸਤਕ ਵਿਚ ਪ੍ਰਕਾਸ਼ਿਤ ਹੋ ਚੁੱਕਾ ਹੈ ਅਤੇ ਇਸ ਨੂੰ ਮੱਧ ਪ੍ਰਦੇਸ਼ ਦੇ ਬਹੁ-ਵਿਵਸਥਾ ਬੋਰਡ ਵਲੋਂ ਛਾਪਿਆ ਗਿਆ ਹੈ। ਉਸ ਦਾ ਕਹਿਣਾ ਹੈ, ''ਲੋਕਗੀਤਾਂ ਅਤੇ ਅਖੌਤਾਂ ਵਾਂਗ ਸਾਡੇ ਦੇਸੀ ਬੀਜ ਵੀ ਲੋਪ ਹੁੰਦੇ ਜਾ ਰਹੇ ਹਨ, ਇਸ ਲਈ ਸਾਡੀ ਖੇਤੀਬਾੜੀ ਨਾਲ ਸੰਬੰਧਿਤ ਸ਼ਬਦਾਵਲੀ ਖ਼ਤਮ ਹੁੰਦੀ ਜਾ ਰਹੀ ਹੈ। ਸਾਡੀਆਂ ਖੇਤੀਬਾੜੀ ਨਾਲ ਸੰਬੰਧਿਤ ਸਰਗਰਮੀਆਂ ਅਤੇ ਜੀਵਨ ਪ੍ਰਣਾਲੀ ਦੇ ਆਸ ਪਾਸ ਦਾ ਪੂਰਾ ਵਾਤਾਵਰਨ ਰੁਕਿਆ ਪਿਆ ਹੈ। ਅਸੀਂ ਚੌਲ, ਕਣਕ ਅਤੇ ਦਾਲਾਂ ਤਕ ਸੀਮਤ ਹੋ ਗਏ ਹਾਂ। ਪਹਿਲਾਂ ਸਾਡੇ ਕੋਲ ਅਨਾਜ ਅਤੇ ਦਾਲਾਂ ਦੀਆਂ ਕਈ ਕਿਸਮਾਂ ਸਨ ਜਿਵੇਂ, ਸਾਮਾ, ਕੋਡੋ, ਕੁਟਕੀ, ਮੂੰਗੀ, ਮਾਂਹ, ਜਵਾਰ ਅਤੇ ਤਿਲੀ ਆਦਿ ਕੁਝ ਨਾਮ ਹਨ। ਲੋਕਾਂ ਨੂੰ ਹਰ ਪੜਾਅ 'ਤੇ ਸ਼ਾਮਿਲ ਹੋਣਾ ਚਾਹੀਦਾ ਹੈ, ਫ਼ਸਲ ਬੀਜਣ ਦੇ ਦਿਨ ਤੋਂ ਲੈ ਕੇ ਕਟਾਈ ਦੇ ਦਿਨ ਤਕ ਖੇਤੀਬਾੜੀ ਦੀ ਹਰ ਪ੍ਰਕਿਰਿਆ ਵਿਚ ਸ਼ਮੂਲੀਅਤ ਜ਼ਰੂਰੀ ਹੈ।

ਪੁਰਾਣੇ ਦਿਨਾਂ ਵਿਚ ਖੇਤੀਬਾੜੀ ਦੀਆਂ ਸਰਗਰਮੀਆਂ ਸਵੈ-ਨਿਰਭਰ ਸਨ। ਨਮਕ ਤੋਂ ਇਲਾਵਾ, ਲੋਕਾਂ ਨੂੰ ਰੋਜ਼ਾਨਾ ਦੀਆਂ ਸਾਰੀਆਂ ਚੀਜ਼ਾਂ ਪਿੰਡ ਵਿਚੋਂ ਹੀ ਮਿਲ ਜਾਂਦੀਆਂ ਸਨ। ਸਾਲ ਭਰ ਦੀਆਂ ਲੋੜਾਂ ਖੇਤਾਂ ਵਿਚ ਹੀ ਪੈਦਾ ਕੀਤੀਆਂ ਜਾਂਦੀਆਂ ਸਨ। ਉਹ ਜਵਾਰ, ਮੂੰਗੀ, ਮਾਂਹ, ਤੂਅਰ ਦਾਲ, ਤਿਲ ਜਾਂ ਕੋਡੋ ਆਦਿ ਬਹੁ ਅਨਾਜ ਦੀ ਪੈਦਾਵਾਰ ਕਰਦੇ ਸਨ। ਉਹ ਮਿਸ਼ਰਤ ਖੇਤੀ ਦੀ ਧਾਰਨਾ ਦੇ ਪੈਰੋਕਾਰ ਸਨ। ਇਹ ਉਨ੍ਹਾਂ ਨੂੰ ਕਣਕ, ਚੌਲ ਅਤੇ ਦਾਲ ਪ੍ਰਦਾਨ ਕਰਦਾ ਸੀ। ਇਸੇ ਤਰ੍ਹਾਂ ਪਿੰਡ ਦਾ ਲੁਹਾਰ ਖੇਤੀਬਾੜੀ ਵਿਚ ਕੰਮ ਆਉਣ ਵਾਲੇ ਸੰਦ ਤਿਆਰ ਕਰਦਾ ਸੀ। ਕਟਾਈ ਤੋਂ ਬਾਅਦ ਉਹ ਬਦਲੇ ਵਿਚ ਅਨਾਜ ਲੈਂਦਾ ਸੀ। ਸਮੁੱਚਾ ਪਿੰਡ ਅੰਦਰ-ਨਿਰਭਰ ਹੁੰਦਾ। ਜੇ ਅਸੀਂ ਆਪਣੇ ਕਿਸਾਨਾਂ ਦੀਆਂ ਜਾਨਾਂ ਬਚਾਉਣਾ ਚਾਹੁੰਦੇ ਹਾਂ ਅਤੇ ਆਪਣੀ ਪਰੰਪਰਾ ਨੂੰ ਜੀਵਤ ਰੱਖਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੀ ਪਰੰਪਰਾ ਦੀਆਂ ਸਿਆਣਪਾਂ, ਆਪਣੇ ਦੇਸੀ ਬੀਜਾਂ, ਬਲਦਾਂ ਨਾਲ ਹਲ਼-ਵਾਹੀ ਅਤੇ ਗੋਹੇ ਦੀ ਰੂੜੀ, ਆਧਾਰਿਤ ਖੇਤੀਬਾੜੀ ਵੱਲ ਮੁੜਨਾ ਹੋਵੇਗਾ।

*– ਚਰਖਾ ਫੀਚਰ*

**ਬੱਚੇ**

- *ਸਾਰੇ ਬੱਚੇ ਚੰਗੇ ਹੀ ਪੈਦਾ ਹੁੰਦੇ ਹਨ।*

*(ਐਮਰਸਨ)*

- *ਜਿਸ ਤਰ੍ਹਾਂ ਪ੍ਰਭਾਤ ਦਿਨ ਦਾ ਅਹਿਸਾਸ ਕਰਾਉਂਦੀ ਹੈ, ਉਸੇ ਤਰ੍ਹਾਂ ਬਚਪਨ ਜਵਾਨੀ ਦਾ।*

*(ਮਿਲਟਨ)*

- *ਹਰ ਬੱਚਾ ਇਹ ਸੁਨੇਹਾ ਲੈ ਕੇ ਆਉਂਦਾ ਹੈ ਕਿ ਰੱਬ ਅਜੇ ਮਨੁੱਖ ਤੋਂ ਨਿਰਾਸ਼ ਨਹੀਂ ਹੋਇਆ।*

*(ਟੈਗੋਰ)*

# ਸਾਕਾ ਜਲ੍ਹਿਆਂਵਾਲਾ ਬਾਗ਼

✍ **ਸੁਰਿੰਦਰ ਕੋਛੜ**

**13** ਅਪ੍ਰੈਲ 1919, ਇਕ ਅਜਿਹਾ ਲਹੂ ਨਾਲ ਭਿੱਜਿਆ ਦਿਨ ਜਿਸ ਬਾਰੇ ਕਿਸੇ ਨੇ ਭੁਲੇਖੇ ਨਾਲ ਵੀ ਇਹ ਕਲਪਨਾ ਨਹੀਂ ਕੀਤੀ ਹੋਵੇਗੀ ਕਿ ਇਹ ਦਿਨ ਭਾਰਤ ਦੇ ਸੁਤੰਤਰਤਾ ਅੰਦੋਲਨ ਦੇ ਇਤਿਹਾਸ ਵਿਚ ਇਕ ਨਵਾਂ ਅਧਿਆਇ ਆਰੰਭ ਕਰ ਦੇਵੇਗਾ। 30 ਮਾਰਚ 1919 ਦੇ ਬਾਅਦ 6 ਅਪ੍ਰੈਲ ਨੂੰ ਅੰਮ੍ਰਿਤਸਰ ਵਿਚ ਇਕ ਵਾਰ ਫਿਰ ਮੁਕੰਮਲ ਹੜਤਾਲ ਰੱਖੀ ਗਈ। ਉਸ ਤੋਂ ਬਾਅਦ 9 ਅਪ੍ਰੈਲ ਨੂੰ ਅੰਮ੍ਰਿਤਸਰ ਦੇ ਡਾਕਟਰ ਅਤੇ ਸਤਿਆਗ੍ਰਹਿ ਸਭਾ ਦੇ ਸਕੱਤਰ ਡਾ. ਹਾਫ਼ਿਜ਼ ਮੁਹੰਮਦ ਬਸ਼ੀਰ ਨੇ ਰਾਮਨੌਮੀ ਦਾ ਤਿਉਹਾਰ ਰਾਸ਼ਟਰੀ ਏਕਤਾ ਦਿਵਸ ਦੇ ਰੂਪ ਵਿਚ ਮਨਾ ਕੇ ਇਕ ਨਵਾਂ ਇਤਿਹਾਸ ਰਚ ਦਿਤਾ। ਇਹ ਰਿਪੋਰਟ ਇਕ ਅੱਧੇ ਘੰਟੇ ਵਿਚ ਹੀ ਲੈਫਟੀਨੈਂਟ ਗਵਰਨਰ ਸਰ ਮਾਈਕਲ ਓਡਵਾਇਰ ਨੂੰ ਲਾਹੌਰ ਪਹੁੰਚ ਗਈ। ਉਸ ਨੇ ਤੁਰੰਤ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮਿਸਟਰ ਮਾਈਲ ਇਰਵਿਨ ਨੂੰ ਹੁਕਮ ਭੇਜਿਆ ਕਿ ਡਾ. ਸਤਿਆਪਾਲ ਤੇ ਸੈਫ਼ੂਦੀਨ ਕਿਚਲੂ, ਜੋ ਕਿ ਪ੍ਰਸਿੱਧ ਸਥਾਨਕ ਨੇਤਾ ਸਨ, ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ। ਜਿਸ 'ਤੇ ਮਿਸਟਰ ਇਰਵਿਨ ਨੇ ਸ਼ਾਮ 7 ਵਜੇ ਡਾ. ਸਤਿਆਪਾਲ ਤੇ ਕਿਚਲੂ ਨੂੰ ਅਗਲੇ ਦਿਨ 10 ਅਪ੍ਰੈਲ 1919 ਨੂੰ ਸਵੇਰੇ ਉਸ ਦੀ ਕੋਠੀ ਆਉਣ ਲਈ ਸੁਨੇਹਾ ਭੇਜ ਦਿਤਾ। ਉਨ੍ਹਾਂ ਦੇ ਸਵੇਰੇ 10 ਵਜੇ ਡੀ.ਸੀ. ਦੀ ਕੋਠੀ ਪਹੁੰਚਣ 'ਤੇ ਅੱਧੇ ਘੰਟੇ ਬਾਅਦ ਹੀ ਉਨ੍ਹਾਂ ਨੂੰ ਕਾਰ ਵਿਚ ਬਿਠਾ ਕੇ ਧਰਮਸ਼ਾਲਾ (ਹਿਮਾਚਲ ਪ੍ਰਦੇਸ਼) ਭੇਜ ਦਿਤਾ ਗਿਆ। ਦੋਵਾਂ ਨੇਤਾਵਾਂ ਦੇ ਅੰਮ੍ਰਿਤਸਰ ਵਿਚ ਦਾਖ਼ਲੇ 'ਤੇ ਪਾਬੰਦੀ ਲਾਏ ਜਾਣ ਦੇ ਰੋਸ ਵਜੋਂ ਸਵੇਰੇ 11.30 ਵਜੇ ਸ਼ਹਿਰ ਦੇ ਲੋਕ ਆਪਣੀਆਂ ਦੁਕਾਨਾਂ ਬੰਦ ਕਰਕੇ ਡੀ.ਸੀ. ਦੀ ਕੋਠੀ ਪਹੁੰਚਣ ਲਈ ਇਕੱਠੇ ਹੋਣ ਲੱਗੇ। ਜਦੋਂ ਜਲੂਸ ਹਾਲ ਬ੍ਰਿਜ (ਨਵਾਂ ਨਾਮ ਪੌੜੀਆਂ ਵਾਲਾ ਪੁਲ) ਪਾਸ ਪਹੁੰਚਿਆ ਤਾਂ ਡਿਪਟੀ ਕਮਿਸ਼ਨਰ ਮਾਈਲ ਇਰਵਿਨ ਅਤੇ ਕੈਪਟਨ ਮੈਸੇ (ਸਿਵਲ ਲਾਈਨ ਜੇਲ੍ਹ ਦਾ ਕਮਾਂਡਰ) ਮੌਕੇ 'ਤੇ ਪਹੁੰਚ ਗਏ। ਬਿਨਾਂ ਭੀੜ ਨੂੰ ਕੋਈ ਚਿਤਾਵਨੀ ਦਿਤੇ, ਦੋ ਅੰਗਰੇਜ਼ ਫੌਜੀਆਂ ਨੇ ਭੀੜ 'ਤੇ ਗੋਲੀਆਂ ਦਾਗ਼ਣੀਆਂ ਸ਼ੁਰੂ ਕਰ ਦਿਤੀਆਂ, ਜਿਸ ਨਾਲ ਕੁਝ ਲੋਕ ਮੌਕੇ 'ਤੇ ਹੀ ਮਾਰੇ ਗਏ (ਜਿਨ੍ਹਾਂ ਵਿਚ ਇਕ ਰਾਮ ਚੰਦ ਨਾਂ ਦਾ ਵਿਅਕਤੀ ਵੀ ਸ਼ਾਮਿਲ ਸੀ) ਅਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ।

ਉਸੇ ਦੌਰਾਨ ਦੂਜੇ ਪਾਸਿਉਂ ਲੋਕਾਂ ਦਾ ਭਾਰੀ ਇਕੱਠ ਜੋ ਗੋਲ ਬਾਗ਼ ਵਾਲੇ ਪਾਸੇ ਇਕੱਠਾ ਹੋ ਚੁੱਕਿਆ ਸੀ, ਨੇ ਮਾਰੇ ਗਏ ਲੋਕਾਂ ਦੇ ਵਿਰੋਧ ਵਿਚ ਦੁਪਹਿਰ ਇਕ ਵਜੇ ਦੇ ਕਰੀਬ ਰੇਲਵੇ ਗੁਦਾਮ ਨੂੰ ਅੱਗ ਲਾ ਦਿਤੀ। ਜਦੋਂ ਫੌਜ ਹਾਲ ਬਾਜ਼ਾਰ ਵਿਚ ਪਹੁੰਚੀ ਤਾਂ ਭੀੜ ਵਲੋਂ ਉਨ੍ਹਾਂ ਉਤੇ ਇੱਟਾਂ-ਰੋੜਿਆਂ ਦੀ ਚੰਗੀ ਬਰਸਾਤ ਕੀਤੀ ਗਈ। ਫੌਜ ਵਲੋਂ ਚਲਾਈਆਂ ਗੋਲੀਆਂ ਨਾਲ 10-12 ਦੇ ਕਰੀਬ ਭਾਰਤੀ ਮੌਕੇ 'ਤੇ ਮਾਰੇ ਗਏ ਅਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ। ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਗੱਡੀ ਵਿਚ ਰੱਖਿਆ ਜਾ ਰਿਹਾ ਸੀ।

ਭੜਕੀ ਭੀੜ ਨੇ ਰੇਲਵੇ ਗੁਦਾਮ ਨੂੰ ਅੱਗ ਲਾਉਣ ਤੋਂ ਬਾਅਦ ਟੈਲੀਗ੍ਰਾਫ ਦਫ਼ਤਰ, ਨੈਸ਼ਨਲ ਬੈਂਕ ਆਫ ਇੰਡੀਆ, ਅਲਾਇੰਸ ਬੈਂਕ, ਚਾਰਟਰਡ ਬੈਂਕ, ਰਿਲੀਜੀਅਸ ਬੁੱਕ ਸੁਸਾਇਟੀ ਡੀਪੋ, ਸਬ-ਡਾਕਘਰ ਦਰਬਾਰ ਸਾਹਿਬ, ਢਾਬ ਬਸਤੀ ਰਾਮ ਤੇ ਮਜੀਠ ਮੰਡੀ ਆਦਿ ਵਿਚ ਤੋੜ-ਫੋੜ ਅਤੇ ਲੁੱਟ-ਮਾਰ ਕਰਨ ਤੋਂ ਬਾਅਦ ਅੱਗ ਲਾ ਦਿਤੀ। ਇਸ ਕਾਰਵਾਈ ਦੌਰਾਨ 5 ਅੰਗਰੇਜ਼ ਮਾਰੇ ਗਏ। ਸ਼ਹਿਰ ਦੇ ਹਾਲਾਤ ਬੇਕਾਬੂ ਹੁੰਦੇ ਵੇਖ ਡੀ ਸੀ ਨੇ 200 ਗੋਰਖਾ ਜਵਾਨ ਜੋ ਦੂਸਰੇ ਇਲਾਕਿਆਂ ਵਿਚ ਨਿਯੁਕਤ ਸਨ, ਨੂੰ ਰੇਲ ਗੱਡੀ ਰਾਹੀਂ ਅੰਮ੍ਰਿਤਸਰ ਮੰਗਵਾ ਲਿਆ। ਮੇਜਰ ਮੈਕਡੋਨਲਡ ਦੀ ਕਮਾਂਡ ਹੇਠ 300 ਫੌਜੀ ਦਸਤੇ ਲਾਹੌਰ ਤੋਂ ਅੰਮ੍ਰਿਤਸਰ ਪਹੁੰਚ ਗਏ ਅਤੇ ਉਸੇ ਦਿਨ 11 ਅਪ੍ਰੈਲ ਦੀ ਸ਼ਾਮ ਜਲੰਧਰ ਬ੍ਰਿਗੇਡ ਦਾ ਕਮਾਂਡਰ ਬ੍ਰਿਗੇਡੀਅਰ ਜਨਰਲ ਆਰ ਈ ਐਚ ਡਾਇਰ ਆਪਣੀ ਫੌਜ ਸਹਿਤ ਅੰਮ੍ਰਿਤਸਰ ਪਹੁੰਚ ਗਿਆ ਅਤੇ ਸੈਨਾ ਦਾ ਹੈੱਡ ਆਫ਼ਿਸ ਰੇਲਵੇ ਸਟੇਸ਼ਨ ਤੋਂ ਰਾਮਬਾਗ਼ (ਜਿਥੇ ਹੁਣ ਮਹਾਰਾਜਾ ਰਣਜੀਤ ਸਿੰਘ ਦਾ ਸਮਰ ਪੈਲੇਸ ਹੈ) ਵਿਚ ਤਬਦੀਲ ਕਰ ਲਿਆ। ਬਾਜ਼ਾਰਾਂ ਵਿਚ ਐਲਾਨ ਕਰ ਦਿਤਾ ਗਿਆ ਕਿ ਕੋਈ ਵਿਅਕਤੀ ਬਿਨਾਂ ਆਗਿਆ ਪੱਤਰ ਸ਼ਹਿਰ ਵਿਚ ਦਾਖ਼ਲ ਨਹੀਂ ਹੋ ਸਕਦਾ, ਅੱਠ ਵਜੇ (ਰਾਤ) ਦੇ ਬਾਅਦ ਗਲੀਆਂ ਵਿਚ ਦਿਖਾਈ ਦੇਣ ਵਾਲੇ ਵਿਅਕਤੀ ਨੂੰ ਗੋਲੀ ਮਾਰ ਦਿਤੀ ਜਾਵੇਗੀ, ਜਲੂਸ ਕੱਢਣ 'ਤੇ ਸਖ਼ਤ ਮਨਾਹੀ ਹੈ ਆਦਿ।

12 ਅਪ੍ਰੈਲ ਦੀ ਸਵੇਰ 10 ਵਜੇ ਜਨਰਲ ਡਾਇਰ ਨੇ 125 ਬ੍ਰਿਟਿਸ਼ ਅਤੇ 310 ਭਾਰਤੀ ਫੌਜੀ ਦਸਤਿਆਂ ਨਾਲ ਸ਼ਹਿਰ ਦੀ ਗਸ਼ਤ ਕੀਤੀ। ਉਸੇ ਦਿਨ ਸ਼ਾਮ ਨੂੰ 4 ਵਜੇ ਹਿੰਦੂ ਸਭਾ ਹਾਈ ਸਕੂਲ (ਢਾਬ ਖ਼ਟੀਕਾਂ) ਵਿਚ ਬੈਠਕ ਕਰਕੇ 13 ਅਪ੍ਰੈਲ ਨੂੰ ਜਲ੍ਹਿਆਂਵਾਲਾ ਬਾਗ਼ ਵਿਚ ਜਲਸਾ ਕਰਨ ਦੀ ਯੋਜਨਾ ਬਣਾਈ ਗਈ। 13 ਅਪ੍ਰੈਲ ਦੀ ਸਵੇਰ ਨੂੰ ਡਾਇਰ ਨੇ ਸ਼ਹਿਰ ਦੀਆਂ ਸੜਕਾਂ 'ਤੇ ਫਿਰ ਗਸ਼ਤ ਕੀਤੀ। ਲੋਕਾਂ ਨੂੰ ਚੌਕਾਂ ਵਿਚ ਢੋਲ ਵਜਾ ਕੇ ਅਤੇ ਪੋਸਟਰਾਂ ਰਾਹੀਂ ਚਿਤਾਵਨੀ ਦਿਤੀ ਗਈ ਕਿ 4 ਤੋਂ ਜ਼ਿਆਦਾ ਦੀ ਗਿਣਤੀ ਵਿਚ ਲੋਕ ਇਕ ਜਗ੍ਹਾ ਇਕੱਠੇ ਨਾ ਹੋਣ। ਸਿਟੀ ਸੁਪਰਿਟੈਂਡੈਂਟ ਅਸ਼ਰਫ਼ ਖ਼ਾਂ, ਸਬ-ਇੰਸਪੈਕਟਰ ਉਬੇਦ ਉੱਲਾ ਤੇ ਨਾਇਬ ਤਹਿਸੀਲਦਾਰ ਮਲਿਕ ਫ਼ਤਹ ਖ਼ਾਂ ਵੀ ਘੋੜਿਆਂ 'ਤੇ ਉਸ ਦੇ ਨਾਲ ਸਨ। ਸਖ਼ਤੀ ਦੇ ਬਾਵਜੂਦ ਲੋਕ ਜਲ੍ਹਿਆਂਵਾਲਾ ਬਾਗ਼

ਵਿਚ ਇਕੱਠਾ ਹੋਣਾ ਸ਼ੁਰੂ ਹੋ ਗਏ। ਜਨਰਲ ਡਾਇਰ ਨੂੰ ਇਹ ਖ਼ਬਰ ਦੁਪਹਿਰ 12.40 'ਤੇ ਮਿਲੀ। ਸ਼ਹਿਰ ਦੀ ਗਸ਼ਤ ਕਰਨ ਤੋਂ ਬਾਅਦ ਜਦ ਜਨਰਲ ਡਾਇਰ 2 ਵਜੇ ਰਾਮਬਾਗ਼ ਪਹੁੰਚ ਕੇ ਉਸ ਨੇ ਬੜੇ ਇਤਮੀਨਾਨ ਨਾਲ ਆਪਣੀ ਪਤਨੀ ਐਨੀ ਡਾਇਰ ਨਾਲ ਚਾਹ ਪੀਤੀ। ਉਧਰ ਪੂਰੇ 4 ਵਜੇ ਉਸ ਨੂੰ ਫਿਰ ਖ਼ਬਰ ਮਿਲੀ ਕਿ ਜਲ੍ਹਿਆਂਵਾਲਾ ਬਾਗ਼ ਵਿਚ ਹਜ਼ਾਰਾਂ ਲੋਕ ਇਕੱਠੇ ਹੋ ਚੁੱਕੇ ਹਨ। ਉਹ ਉਥੋਂ ਬਾਗ਼ ਵੱਲ ਜਾਣ ਲਈ ਆਪਣੀ ਕਾਰ ਵਿਚ ਨਿਕਲਿਆ, ਉਸ ਦਾ ਚਹੇਤਾ ਕੈਪਟਨ ਬ੍ਰਿਗਸ ਵੀ ਉਸ ਦੇ ਨਾਲ ਬੈਠਾ ਸੀ। ਉਸ ਦੀ ਕਾਰ ਦੇ ਪਿੱਛੇ ਹਥਿਆਰਾਂ ਨਾਲ ਭਰੀਆਂ ਦੋ ਕਾਰਾਂ ਸਨ, ਜਿਨ੍ਹਾਂ ਦੀ ਰਖਵਾਲੀ ਪੁਲਿਸ ਸੁਪਰਿਟੈਂਡੈਂਟ ਮਿ. ਰੇਹੀਲ ਅਤੇ ਡਿਪਟੀ ਸੁਪਰਿਟੈਂਡੈਂਟ ਮਿ. ਪਲੁਮਰ ਕਰ ਰਹੇ ਸਨ। ਜਨਰਲ ਡਾਇਰ ਨੇ ਆਪਣੀ ਕਾਰ ਚੌਕ ਫ਼ਵਾਰਾ ਦੇ ਡਾਕਘਰ ਪਾਸ ਖੜ੍ਹੀ ਕਰ ਦਿਤੀ। ਡਾਇਰ ਉਥੋਂ ਪੈਦਲ ਫੌਜ ਸਹਿਤ ਬਾਗ਼ ਵਿਚ ਪਹੁੰਚਿਆ।

ਬਾਗ਼ ਵਿਚ ਜਲਸਾ ਪੂਰੇ 4.30 ਵਜੇ ਸੀਨੀਅਰ ਵਕੀਲ ਲਾਲਾ ਕਨ੍ਹਈਆ ਲਾਲ (75 ਸਾਲ) ਦੀ ਪ੍ਰਧਾਨਗੀ ਹੇਠ ਸ਼ੁਰੂ ਹੋਇਆ। ਸਭਾ ਵਿਚ ਗੋਪੀ ਨਾਥ ਆਪਣੀ ਕਵਿਤਾ 'ਫ਼ਰਿਆਦ' ਪੜ੍ਹੀ ਹੀ ਸੀ ਕਿ ਡਾਇਰ ਆਪਣੀ ਫ਼ੌਜ ਨਾਲ ਬਾਗ਼ ਦੇ ਅੰਦਰ ਪਹੁੰਚ ਗਿਆ। ਸਭਾ ਦੀ ਪ੍ਰਧਾਨਗੀ ਕਰ ਰਹੇ ਡਾ. ਗੁਰਬਖਸ਼ ਸਿੰਘ ਰਾਇ (27 ਸਾਲ) ਨੇ ਜਲਦੀ ਨਾਲ ਬ੍ਰਿਟਿਸ਼ ਸਰਕਾਰ ਦੇ ਪ੍ਰਤਿ ਵਫ਼ਾਦਾਰ ਰਹਿਣ ਦਾ ਪਹਿਲਾ ਪ੍ਰਸਤਾਵ ਪੜ੍ਹਿਆ। ਉਨ੍ਹਾਂ ਨੇ ਸੋਚਿਆ ਕਿ ਸ਼ਾਇਦ ਇਸ ਨਾਲ ਜਨਰਲ ਦਾ ਗੁੱਸਾ ਸ਼ਾਂਤ ਹੋ ਜਾਵੇਗਾ ਅਤੇ ਭੀੜ ਵੱਲ ਵਧ ਰਹੀਆਂ ਬੰਦੂਕਧਾਰੀ ਫ਼ੌਜਾਂ ਵਾਪਸ ਪਰਤ ਜਾਣਗੀਆਂ। ਦੂਸਰਾ ਪ੍ਰਸਤਾਵ ਜੋ ਸਰਕਾਰ ਦੀ ਦਮਨਕਾਰੀ ਨੀਤੀ ਦੇ ਵਿਰੋਧ ਵਿਚ ਸੀ (ਇਸ ਸਭਾ ਵਿਚ ਕੁੱਲ ਚਾਰ ਪ੍ਰਸਤਾਵ ਪਾਸ ਕੀਤੇ ਜਾਣੇ ਸਨ। ਉਪਰੋਕਤ ਦੋ ਤੋਂ ਇਲਾਵਾ, ਤੀਸਰਾ ਪ੍ਰਸਤਾਵ ਸ਼ਹਿਰ ਵਾਸੀਆਂ ਨੂੰ ਹੜਤਾਲ ਖ਼ਤਮ ਕਰਨ ਲਈ ਬੇਨਤੀ ਕਰਨਾ ਅਤੇ ਚੌਥਾ ਭਾਰਤ ਸਰਕਾਰ ਨੂੰ ਰੋਲੇਟ ਐਕਟ ਵਾਪਸ ਲੈਣ ਦੀ ਮੰਗ ਕਰਨਾ ਸੀ), ਪੰਡਿਤ ਸ੍ਰੀ ਦੁਰਗਾ ਦਾਸ (ਸੰਪਾਦਕ, ਨਵਾਏ ਵਕਤ ਅੰਮ੍ਰਿਤਸਰ) ਨੇ ਅਜੇ ਪੜ੍ਹਨਾ ਸ਼ੁਰੂ ਕੀਤਾ ਹੀ ਸੀ ਕਿ ਡਾਇਰ ਦੀ ਫ਼ੌਜ ਨੇ ਪੁਜ਼ੀਸ਼ਨ ਸੰਭਾਲ ਲਈ। ਡਾਇਰ ਨੇ ਤੁਰੰਤ 25 ਸੈਨਿਕ ਆਪਣੇ ਖੱਬੇ ਪਾਸੇ ਅਤੇ 25 ਸੈਨਿਕ ਆਪਣੇ ਸੱਜੇ ਪਾਸੇ ਤੈਨਾਤ ਕਰ ਲਏ। ਪੂਰੇ ਚਾਰ ਵਜੇ ਦੇ ਕਰੀਬ ਬਾਗ਼ ਦੇ ਉਪਰੋਂ ਇਕ ਜਹਾਜ਼ ਉਡਾਣ ਭਰਦੇ ਹੋਏ ਦੇਖਿਆ ਗਿਆ, ਜਿਸ ਉਤੇ ਝੰਡਾ ਲੱਗਾ ਹੋਇਆ ਸੀ। ਜਨਰਲ ਨੇ ਤੁਰੰਤ ਆਪਣੇ ਸੈਨਿਕਾਂ ਨੂੰ ਗੋਲੀ ਚਲਾਉਣ ਦਾ ਆਦੇਸ਼ ਦਿਤਾ। ਸੈਨਿਕਾਂ ਨੇ ਗੋਡੇ ਟੇਕ ਕੇ ਪੁਜ਼ੀਸ਼ਨ ਲੈ ਲਈ ਅਤੇ ਭੀੜ 'ਤੇ ਗੋਲੀਆਂ ਦਾਗਣੀਆਂ ਸ਼ੁਰੂ ਕਰ ਦਿਤੀਆਂ। ਪਹਿਲੀ ਗੋਲੀ ਮਦਨ ਮੋਹਨ (13 ਸਾਲ) ਪੁੱਤਰ ਡਾ. ਮਨੀ ਰਾਮ ਨੂੰ ਲੱਗੀ।

ਹਜ਼ਾਰਾਂ ਜ਼ਖ਼ਮੀਆਂ ਦੇ ਦਿਲਾਂ ਨੂੰ ਹਿਲਾ ਦੇਣ ਵਾਲੀਆਂ ਚੀਕਾਂ ਅਤੇ ਮਦਦ ਲਈ ਨਿਕਲੀ ਪੁਕਾਰ ਦੀ ਕੂਕ ਸੁਣਾਈ ਦੇ ਰਹੀ ਸੀ, ਪਰ ਉਨ੍ਹਾਂ ਨੂੰ ਪਾਣੀ ਜਾਂ ਹੋਰ ਸਹਾਇਤਾ ਦੇਣ ਵਾਲਾ ਕੋਈ ਨਹੀਂ ਸੀ। ਵਿਸ਼ਵ ਦੇ ਇਤਿਹਾਸ ਵਿਚ ਕਿਸੇ ਵਿਦਰੋਹ ਨੂੰ ਦਬਾਉਣ ਲਈ ਇੰਨਾ ਘਟੀਆ ਅਤੇ ਦਰਦਨਾਕ ਕਰਮ ਸ਼ਾਇਦ ਹੀ ਪਹਿਲਾਂ ਕਦੇ ਹੋਇਆ ਹੋਵੇਗਾ। ਇਸ ਸ਼ਰਮਨਾਕ ਕਾਂਡ ਦੀ ਜ਼ੋਰਦਾਰ ਨਿੰਦਾ ਕਰਨ ਵਾਲਿਆਂ ਵਿਚ ਭਾਰੀ ਗਿਣਤੀ ਵਿਚ ਅੰਗਰੇਜ਼ ਵੀ ਸ਼ਾਮਿਲ ਸਨ। ਡੋਨਾਲਡ ਕਨਿੰਘਮ ਨੇ ਸੰਨ 1938 ਵਿਚ *ਦਰਸ਼ਕ* ਪੁਸਤਕ ਵਿਚ ਲਿਖਿਆ, "ਇਸ ਸਥਾਨ ਨੂੰ ਦੇਖਣ ਤੋਂ ਬਾਅਦ ਮੈਨੂੰ ਆਪਣੀ ਕੌਮ ਉਤੇ ਸ਼ਰਮ ਮਹਿਸੂਸ ਹੁੰਦੀ ਹੈ। ਮੈਨੂੰ ਲਗਦਾ ਹੈ ਜਿਵੇਂ ਗਲੀ ਵਿਚ ਮੇਰੇ ਵੱਲ ਦੇਖਣ ਵਾਲਾ ਹਰ ਵਿਅਕਤੀ ਮੈਨੂੰ ਹਤਿਆਰਿਆਂ ਦੇ ਸਮੁਦਾਇ ਦਾ ਮੈਂਬਰ ਸਮਝ ਰਿਹਾ ਹੋਵੇ। ਮੈਨੂੰ ਸਭਿਅਤਾ ਦੇ ਨਾਂ 'ਤੇ ਕੀਤੇ ਗਏ ਕਤਲੇਆਮ ਦੇ ਕਾਰਨ ਆਪਣੇ ਆਪ ਨੂੰ ਅੰਗਰੇਜ਼ ਕਹਾਉਂਦੇ ਹੋਏ ਸ਼ਰਮ ਮਹਿਸੂਸ ਹੁੰਦੀ ਹੈ। ਮੈਨੂੰ ਕੱਟੜ ਕਹਾਉਣ ਦੀ ਤੁਲਨਾ ਵਿਚ ਕਾਫ਼ਰ ਕਹਾਉਣਾ ਵਧੇਰੇ ਚੰਗਾ ਲਗਦਾ ਹੈ।"

ਸਰਕਾਰੀ ਸੂਤਰਾਂ ਅਨੁਸਾਰ 379 ਲੋਕਾਂ ਦੇ ਮਾਰੇ ਜਾਣ ਅਤੇ 1208 ਦੇ ਜ਼ਖ਼ਮੀ ਹੋਣ ਦਾ ਅਨੁਮਾਨ ਹੈ। ਕੁਝ ਹੋਰ ਸੰਸਥਾਵਾਂ ਦੁਆਰਾ ਤਿਆਰ ਸਰਕਾਰੀ ਅੰਕੜਿਆਂ ਅਨੁਸਾਰ ਜਲ੍ਹਿਆਂਵਾਲਾ ਬਾਗ਼ ਕਾਂਡ ਵਿਚ ਮਾਰੇ ਗਏ ਲੋਕਾਂ ਦੀ ਗਿਣਤੀ 800 ਤੋਂ ਜ਼ਿਆਦਾ ਦੱਸੀ ਗਈ। ਹੋਮ ਮਨਿਸਟਰੀ ਵਿਭਾਗ (1919), ਨੰਬਰ 23, ਡੀ ਆਰ 2 ਦੇ ਅਨੁਸਾਰ ਜੇ.ਪੀ. ਥਾਮਸਨ ਅਤੇ ਐਚ ਡੀ ਕਰੈਕ (14 ਅਗਸਤ 1919) ਨੇ ਦੱਸਿਆ ਕਿ ਜਨਰਲ ਡਾਇਰ ਨੇ 200-300 ਵਿਅਕਤੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਸੀ ਪਰ ਮਿਲਟਰੀ ਰਿਪੋਰਟ ਅਨੁਸਾਰ 200 ਤੋਂ ਵੀ ਘੱਟ ਵਿਅਕਤੀ ਮਾਰੇ ਗਏ ਸਨ। ਮਿਸਟਰ ਥਾਮਸਨ ਨੇ ਦੱਸਿਆ ਕਿ ਬਾਗ਼ ਵਿਚ ਮਰਨ ਵਾਲਿਆਂ ਦੀ ਗਿਣਤੀ 290 ਤੋਂ ਜ਼ਿਆਦਾ ਨਹੀਂ ਸੀ, ਪਰ ਸੇਵਾ ਸੰਮਿਤੀ ਨੇ ਮਰਨ ਵਾਲਿਆਂ ਦੀ ਗਿਣਤੀ 500 ਦੱਸੀ। *ਸਮਾਚਾਰ ਪੱਤਰ ਅੰਮ੍ਰਿਤਸਰ ਬਾਜ਼ਾਰ ਪਤ੍ਰਿਕਾ*, ਕਲੱਕਤਾ ਦੇ 7 ਅਗਸਤ 1919 ਦੇ ਅੰਕ ਅਨੁਸਾਰ ਸਵਾਮੀ ਸ਼ਰਧਾ ਨੰਦ ਨੇ ਅੰਮ੍ਰਿਤਸਰ ਪਹੁੰਚ ਕੇ ਅੰਕੜਿਆਂ ਦਾ ਜਾਇਜ਼ਾ ਲਿਆ ਅਤੇ ਦੱਸਿਆ ਕਿ ਮਰਨ ਵਾਲਿਆਂ ਦੀ ਗਿਣਤੀ 1500 ਦੇ ਕਰੀਬ ਸੀ। ਜਲ੍ਹਿਆਂਵਾਲਾ ਬਾਗ਼ ਯਾਦਗਾਰੀ ਟਰੱਸਟ ਪਾਸ 388 ਸ਼ਹੀਦਾਂ ਦੀ ਸੂਚੀ ਹੈ, ਜਦਕਿ ਜਲ੍ਹਿਆਂਵਾਲਾ ਬਾਗ਼ ਸ਼ਹੀਦ ਪਰਿਵਾਰ ਸੰਮਿਤੀ ਪਾਸ 436 ਨਾਵਾਂ ਦੀ ਸੂਚੀ ਹੈ। ਪੰਜਾਬ ਗੌਰਮਿੰਟ ਹੋਮ ਮਨਿਸਟੀ ਪਾਰਟ ਬੀ 1921, ਫਾਇਲ ਨੰਬਰ 139 ਵਿਚ 381 ਨਾਵਾਂ ਦਾ ਵੇਰਵਾ ਹੈ। ਮੈਂ (ਲੇਖਕ ਨੇ) ਆਪਣੀ ਪੁਸਤਕ 'ਅੰਮ੍ਰਿਤਸਰ-ਆਰੰਭ ਤੋਂ ਅੱਜ ਤਕ' ਵਿਚ ਜੋ ਸੂਚੀ ਪ੍ਰਕਾਸ਼ਤ ਕੀਤੀ ਹੈ, ਉਸ ਵਿਚ ਸ਼ਹੀਦ ਹੋਣ ਵਾਲਿਆਂ ਦੇ 501 ਨਾਮ ਦਰਜ ਹਨ। ਇਹ ਸੂਚੀ 12 ਨਵੰਬਰ 1919 ਨੂੰ ਮੁਕੰਮਲ ਹੋਈ ਸੀ।

**ਖ਼ੈਰ, 13 ਅਪ੍ਰੈਲ 1919 ਦੇ ਜਲ੍ਹਿਆਂਵਾਲਾ ਬਾਗ਼ ਕਾਂਡ ਵਿਚ ਭਾਰਤ ਮਾਤਾ ਦੇ ਜੋ ਬੱਚੇ ਸਮੇਂ ਤੋਂ ਪਹਿਲਾਂ ਦੁਸ਼ਮਣ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਕੇ ਦਮ ਤੋੜ ਗਏ ਸਨ ਜਾਂ ਜੋ ਦੇਸ਼ ਭਗਤ ਸੂਰਮੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਇਸ ਦੀ ਸ਼ਾਨ ਬਰਕਰਾਰ ਰੱਖਦੇ ਹੋਏ ਹੱਸਦੇ-ਹੱਸਦੇ ਫਾਂਸੀ ਚੜ੍ਹ ਗਏ ਸਨ। ਸਾਨੂੰ ਸਭ ਨੂੰ ਉਨ੍ਹਾਂ ਦਾ ਸਨਮਾਨ ਕਰਨਾ ਹੋਵੇਗਾ ਅਤੇ ਉਨ੍ਹਾਂ ਪਵਿੱਤਰ ਰੂਹਾਂ ਨਾਲ ਵਾਅਦਾ ਕਰਨਾ ਹੋਵੇਗਾ ਕਿ ਅਸੀਂ ਆਪਣੇ ਦੇਸ਼, ਆਪਣੇ ਭਾਰਤ ਦੀ ਸ਼ਾਨ ਨੂੰ ਹਮੇਸ਼ਾ ਬਰਕਰਾਰ ਰੱਖਾਂਗੇ।**

*(ਲੇਖਕ ਸੁਤੰਤਰਤਾ ਸੰਗ੍ਰਾਮ ਬਾਰੇ ਖੋਜੀ ਤੇ ਪੱਤਰਕਾਰ ਹੈ।)*

# ਭਾਰਤ ਦੇ ਚੋਣ ਕਾਨੂੰਨ

ਭਾਰਤ ਪ੍ਰਭੂਤਾ, ਸਮਾਜਵਾਦੀ, ਧਰਮ ਨਿਰਪੇਖ ਤੇ ਲੋਕਤੰਤਰ ਗਣਰਾਜ ਹੈ। ਲੋਕਤੰਤਰ ਭਾਰਤ ਦੇ ਸੰਵਿਧਾਨ ਦੀਆਂ ਬੁਨਿਆਦੀ ਵਿਸ਼ੇਸ਼ਤਾਵਾਂ ਵਿਚੋਂ ਇਕ ਹੈ। ਇਹ ਸੰਵਿਧਾਨ ਦੇ ਬੁਨਿਆਦੀ ਢਾਂਚੇ ਦਾ ਹਿੱਸਾ ਹੈ। ਲੋਕਤੰਤਰ ਨੂੰ ਬਣਾਏ ਰੱਖਣ ਲਈ ਕਾਨੂੰਨ ਦਾ ਸ਼ਾਸਨ ਲਾਜ਼ਮੀ ਹੈ ਅਤੇ ਇਹ ਵੀ ਜ਼ਰੂਰੀ ਹੈ ਕਿ ਦੇਸ਼ ਉੱਚਿਤ ਸ਼ਾਸਨ ਲਈ ਸਰਵਸ੍ਰੇਸ਼ਠ ਉਪਲਬਧ ਵਿਅਕਤੀ ਨੂੰ ਲੋਕ ਪ੍ਰਤਿਨਿਧੀ ਚੁਣਿਆ ਜਾਵੇ। ਸਰਵਸ੍ਰੇਸ਼ਠ ਉਪਲਬਧ ਵਿਅਕਤੀ ਨੂੰ ਲੋਕ ਪ੍ਰਤਿਨਿਧੀ ਚੁਣਨ ਵਾਸਤੇ ਆਜ਼ਾਦ ਅਤੇ ਨਿਰਪੱਖ ਚੋਣਾਂ ਹੋਣੀਆਂ ਚਾਹੀਦੀਆਂ ਹਨ ਅਤੇ ਚੋਣਾਂ ਅਜਿਹੇ ਮਾਹੌਲ ਵਿਚ ਕਰਵਾਈ ਜਾਣੀਆਂ ਚਾਹੀਦੀਆਂ ਹਨ, ਜਿਸ ਵਿਚ ਮਤਦਾਤਾ ਆਪਣੀ ਆਜ਼ਾਦ ਇੱਛਾ ਮੁਤਾਬਕ ਆਪਣੇ ਵੋਟ ਅਧਿਕਾਰ ਦਾ ਇਸਤੇਮਾਲ ਕਰ ਸਕੇ। ਇਸ ਤਰ੍ਹਾਂ ਆਜ਼ਾਦ ਅਤੇ ਨਿਰਪੱਖ ਚੋਣਾਂ ਲੋਕਤੰਤਰ ਦਾ ਆਧਾਰ ਹੈ।

ਭਾਰਤ ਨੇ ਸੰਸਦੀ ਪ੍ਰਣਾਲੀ ਦੀ ਸਰਕਾਰ ਬ੍ਰਤਾਨਵੀ ਪੱਛਮੀ ਪ੍ਰਣਾਲੀ ਤੋਂ ਅਪਣਾਈ ਹੈ। ਭਾਰਤ ਵਿਚ ਰਾਸ਼ਟਰਪਤੀ, ਉਪ-ਰਾਸ਼ਟਰਪਤੀ, ਸੰਸਦ ਅਤੇ ਹਰੇਕ ਰਾਜ ਲਈ ਰਾਜ ਵਿਧਾਨਮੰਡਲ ਚੁਣੇ ਜਾਂਦੇ ਹਨ। ਵਿਧਾਨਪਾਲਿਕਾ, ਪੰਚਾਇਤਾਂ ਅਤੇ ਹੋਰ ਸਥਾਨਕ ਅਦਾਰਿਆਂ ਲਈ ਵੀ ਚੋਣ ਕੀਤੀ ਜਾਂਦੀ ਹੈ। ਇਨ੍ਹਾਂ ਅਹੁਦਿਆਂ ਅਤੇ ਅਦਾਰਿਆਂ ਦੇ ਆਜ਼ਾਦ ਅਤੇ ਨਿਰਪੱਖ ਚੋਣਾਂ ਯਕੀਨੀ ਬਣਾਉਣ ਲਈ ਤਿੰਨ ਲੋੜਾਂ ਹਨ। ਇਨ੍ਹਾਂ ਚੋਣਾਂ ਨੂੰ ਮੁਕੰਮਲ ਕਰਾਉਣ ਲਈ ਰਾਜਨੀਤਕ, ਸਿਆਸੀ ਅਤੇ ਕਾਰਜਕਾਰੀ ਦਖ਼ਲਅੰਦਾਜ਼ੀ ਤੋਂ ਮੁਕਤ ਇਕ ਅਥਾਰਿਟੀ ਹੋਣੀ ਚਾਹੀਦੀ ਹੈ। ਅਜਿਹ ਕਾਨੂੰਨ ਜੋ ਚੋਣ ਸੰਚਾਲਨ ਨੂੰ ਚਲਾਏ ਅਤੇ ਜਿਸ ਅਨੁਸਾਰ ਇਨ੍ਹਾਂ ਚੋਣਾਂ ਨੂੰ ਕਰਾਉਣ ਲਈ ਜ਼ਿੰਮੇਵਾਰ ਅਥਾਰਿਟੀ ਹੋਵੇ ਅਤੇ ਇਕ ਅਜਿਹੀ ਵਿਵਸਥਾ ਹੋਵੇ ਜੋ ਇਨ੍ਹਾਂ ਚੋਣਾਂ ਨਾਲ ਸੰਬੰਧਿਤ ਸਾਰੇ ਸ਼ੰਕੇ ਅਤੇ ਵਿਵਾਦਾਂ ਦਾ ਹੱਲ ਕਰੇ।

ਭਾਰਤ ਦੇ ਸੰਵਿਧਾਨ ਨੇ ਇਨ੍ਹਾਂ ਸਾਰੀਆਂ ਲੋੜਾਂ ਵੱਲ ਉੱਚਿਤ ਧਿਆਨ ਦਿਤਾ ਹੈ ਅਤੇ ਇਨ੍ਹਾਂ ਸਾਰੇ ਤਿੰਨਾਂ ਮਾਮਲਿਆਂ ਲਈ ਉੱਚਿਤ ਵਿਵਸਥਾ ਕੀਤੀ ਹੈ। ਸੰਵਿਧਾਨ ਨੇ ਇਕ ਆਜ਼ਾਦ ਭਾਰਤੀ ਚੋਣ ਆਯੋਗ ਦਾ ਗਠਨ ਕੀਤਾ ਹੈ ਜੋ ਰਾਸ਼ਟਰਪਤੀ, ਉੱਪ-ਰਾਸ਼ਟਰਪਤੀ, ਸੰਸਦ ਅਤੇ ਰਾਜ ਵਿਧਾਨ ਸਭਾ ਦੀ ਚੋਣ ਲਈ ਮਤਦਾਤਾ ਸੂਚੀਆਂ ਦੀ ਤਿਆਰੀ ਅਤੇ ਚੋਣ ਪ੍ਰਬੰਧ ਨਿਰਦੇਸ਼ਨ ਅਤੇ ਨਿਯੰਤ੍ਰਣ ਦੀ ਸ਼ਕਤੀ ਰੱਖਦਾ ਹੈ। ਇਸੇ ਤਰ੍ਹਾਂ ਨਗਰਪਾਲਿਕਾਵਾਂ, ਪੰਚਾਇਤਾਂ ਅਤੇ ਹੋਰ ਸਥਾਨਕ ਅਦਾਰਿਆਂ ਦਾ ਚੋਣ ਕਰਾਉਣ ਲਈ ਆਜ਼ਾਦ ਸੰਵਿਧਾਨਕ ਅਥਾਰਿਟੀ ਦਾ ਗਠਨ ਕੀਤਾ ਗਿਆ ਹੈ।

ਰਾਸ਼ਟਰਪਤੀ, ਉਪ-ਰਾਸ਼ਟਰਪਤੀ, ਸੰਸਦ ਅਤੇ ਰਾਜ ਵਿਧਾਨ ਸਭਾਵਾਂ ਦੀ ਚੋਣ ਲਈ ਕਾਨੂੰਨ ਬਣਾਉਣ ਦਾ ਅਧਿਕਾਰ ਸੰਸਦ ਨੂੰ ਦਿਤਾ ਗਿਆ ਹੈ। ਨਗਰਪਾਲਿਕਾਵਾਂ ਤੇ ਹੋਰ ਸਥਾਨਕ ਅਦਾਰਿਆਂ ਦੇ ਚੋਣ ਕਰਵਾਉਣ ਸੰਬੰਧੀ ਕਾਨੂੰਨ ਰਾਜ ਵਿਧਾਨ ਸਭਾਵਾਂ ਬਣਾਉਂਦੀ ਹੈ। ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ ਅਹੁਦਿਆਂ ਦੇ ਚੋਣ ਸੰਬੰਧੀ ਸਾਰੇ ਸ਼ੰਕੇ, ਵਿਵਾਦਾਂ ਦਾ ਨਿਪਟਾਰਾ ਸੁਪਰੀਮ ਕੋਰਟ ਵਲੋਂ ਕੀਤਾ ਜਾਂਦਾ ਹੈ, ਜਦ ਕਿ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਦੇ ਚੋਣ ਸੰਬੰਧੀ ਸਾਰੇ ਸ਼ੰਕੇ ਅਤੇ ਵਿਵਾਦਾਂ ਨੂੰ ਨਿਪਟਾਉਣ ਦਾ ਅਧਿਕਾਰ ਸੰਬੰਧਿਤ ਰਾਜ ਦੀ ਹਾਈ ਕੋਰਟ ਨੂੰ ਹੈ। ਇਸ ਵਿਚ ਸੁਪਰੀਮ ਕੋਰਟ ਵਿਚ ਅਪੀਲ ਕਰਨ ਦਾ ਅਧਿਕਾਰ ਵੀ ਹੈ। ਨਗਰਪਾਲਿਕਾਵਾਂ ਆਦਿ ਦੀ ਚੋਣ ਸੰਬੰਧੀ ਵਿਵਾਦਾਂ ਦੇ ਮਾਮਲਿਆਂ ਦਾ ਨਿਪਟਾਰਾ ਰਾਜ ਸਰਕਾਰਾਂ ਵਲੋਂ ਬਣਾਏ ਗਏ ਕਾਨੂੰਨਾਂ ਮੁਤਾਬਕ ਹੇਠਲੀਆਂ ਅਦਾਲਤਾਂ ਕਰਦੀਆਂ ਹਨ। ਸੰਸਦ ਅਤੇ ਰਾਜ ਵਿਧਾਨ ਸਭਾਵਾਂ ਦੀ ਚੋਣ ਸੰਬੰਧੀ ਵਿਵਸਥਾ ਜਨ ਪ੍ਰਤਿਨਿਧੀ ਕਾਨੂੰਨ 1950 ਅਤੇ ਜਨ ਪ੍ਰਤਿਨਿਧੀ ਕਾਨੂੰਨ 1951 ਵਿਚ ਹੈ। ਜਨ ਪ੍ਰਤਿਨਿਧੀ ਕਾਨੂੰਨ 1950 ਦਾ ਮੁੱਖ ਸੰਬੰਧ ਚੋਣ ਸੂਚੀਆਂ ਦੀ ਤਿਆਰੀ ਅਤੇ ਸੋਧ ਸੰਬੰਧੀ ਹੈ। ਚੋਣਾਂ ਸੰਬੰਧੀ ਪੱਖਪਾਤ ਨਾਲ ਸੰਬੰਧਿਤ ਸਾਰੇ ਸ਼ੰਕੇ ਅਤੇ ਵਿਵਾਦਾਂ ਦਾ ਨਿਪਟਾਰਾ ਜਨ ਪ੍ਰਤਿਨਿਧੀ ਕਾਨੂੰਨ 1951 ਦੇ ਮੁਤਾਬਕ ਕੀਤਾ ਜਾਂਦਾ ਹੈ।

**ਸੰਵਿਧਾਨ ਵਿਚ ਚੋਣ ਪ੍ਰਬੰਧ ਨਿਰਦੇਸ਼ਨ ਅਤੇ ਨਿਯੰਤ੍ਰਣ ਦੀ ਸ਼ਕਤੀ ਚੋਣ ਕਮਿਸ਼ਨ ਨੂੰ ਦਿਤੀ ਗਈ ਹੈ। ਚੋਣ ਆਯੋਗ ਅਜਿਹੇ ਮਾਮਲਿਆਂ ਨਾਲ ਨਜਿੱਠਣ ਲਈ ਵਿਸ਼ੇਸ਼ ਆਦੇਸ਼ ਜਾਂ ਨਿਰਦੇਸ਼ ਜਾਰੀ ਕਰ ਸਕਦਾ ਹੈ, ਜਿਸ ਬਾਰੇ ਸੰਸਦ ਵਲੋਂ ਪਾਸ ਕਾਨੂੰਨ ਜਾਂ ਲੋੜੀਂਦੀ ਵਿਵਸਥਾ ਨਾ ਹੋਵੇ। ਸੰਸਦ ਵਲੋਂ ਪਾਸ ਕਾਨੂੰਨ ਅਤੇ ਉਨ੍ਹਾਂ ਦੀ ਪੂਰਤੀ ਲਈ ਬਣੇ ਨਿਯਮ ਅਤੇ ਕਮਿਸ਼ਨ ਦੇ ਨਿਰਦੇਸ਼ਾਂ ਦੀ ਸਮੀਖਿਆ ਸਮੇਂ-ਸਮੇਂ 'ਤੇ ਵੱਖ-ਵੱਖ ਅਹਿਮ ਮਾਮਲਿਆਂ ਵਿਚ ਸੁਪਰੀਮ ਕੋਰਟ ਵਲੋਂ ਕੀਤੀ ਜਾਂਦੀ ਹੈ। ਸੁਪਰੀਮ ਕੋਰਟ ਨੇ ਇਨ੍ਹਾਂ ਕਾਨੂੰਨਾਂ ਨੂੰ ਪੂਰਕ ਰੂਪ ਦੇਣ ਅਤੇ ਚੋਣ ਪ੍ਰਣਾਲੀ ਦੇ ਸੁਧਾਰ ਵਿਚ ਅਹਿਮ ਯੋਗਦਾਨ ਪਾਇਆ ਹੈ। ਇਨ੍ਹਾਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਕਮਿਸ਼ਨ ਆਦਰਸ਼ ਚੋਣ ਜ਼ਾਬਤਾ ਲਾਗੂ ਕਰ ਰਿਹਾ ਹੈ। ਇਹ ਆਜ਼ਾਦ ਅਤੇ ਨਿਰਪੱਖ ਚੋਣਾਂ ਲਈ ਸਵੈ-ਰਾਜਨੀਤਕ ਦਲਾਂ ਵਲੋਂ ਕੀਤਾ ਗਿਆ ਵਿਲੱਖਣ ਯੋਗਦਾਨ ਹੈ।**

ਸੁਪਰੀਮ ਕੋਰਟ ਵਲੋਂ ਚੋਣ ਕਾਨੂੰਨ ਸੰਬੰਧੀ ਇਕ ਹੋਰ ਅਹਿਮ ਯੋਗਦਾਨ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਕਾਨੂੰਨ 2013-09-87 ਮਾਮਲੇ ਵਿਚ ਕਿਹਾ ਹੈ ਕਿ ਮਤਦਾਤਾ ਨੂੰ ਚੋਣ ਖੇਤਰ ਦੇ ਸਾਰੇ ਉਮੀਦਵਾਰਾਂ ਪ੍ਰਤਿ ਅਸੰਤੁਸ਼ਟੀ ਪ੍ਰਗਟ ਕਰਨ ਅਤੇ ਨਾਕਾਰਾਤਮਕ ਵੋਟ ਦੇਣ ਦਾ

ਅਧਿਕਾਰ ਹੈ। ਸੁਪਰੀਮ ਕੋਰਟ ਦੇ ਇਸ ਫੈਸਲੇ ਨੂੰ ਲਾਗੂ ਕਰਨ ਲਈ ਚੋਣ ਕਮਿਸ਼ਨ ਨੇ ਵੋਟਿੰਗ ਮਸ਼ੀਨਾਂ ਵਿਚ ਨੋਟਾ ਬਟਨ ਜੋੜਿਆ ਹੈ। ਇਸ ਬਟਨ ਨੂੰ ਦਬਾ ਕੇ ਮਤਦਾਤਾ ਇਹ ਵਿਅਕਤ ਕਰ ਸਕਦਾ ਹੈ ਕਿ ਉਹ ਕਿਸੇ ਵੀ ਉਮੀਦਵਾਰ ਨੂੰ ਵੋਟ ਦੇਣਾ ਨਹੀਂ ਚਾਹੁੰਦਾ।

**ਡਾਕਟਰ ਸੁਬਰਾਮਨੀਅਮ ਸਵਾਮੀ ਮਾਮਲੇ ਵਿਚ ਇਤਿਹਾਸਕ ਫੈਸਲਾ ਦਿੰਦਿਆਂ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਵਿਚ ਵੋਟਰ ਵੈਰੀਫਾਈਬਲ ਪੇਪਰ ਆਡਿਟ ਟ੍ਰੇਲ ਦੀ ਵਿਵਸਥਾ ਹੋਣੀ ਚਾਹੀਦੀ ਹੈ, ਤਾਂ ਕਿ ਮਤਦਾਤਾ ਵਲੋਂ ਆਪਣੀ ਵੋਟ ਪਾਉਣ ਤੋਂ ਬਾਅਦ ਇਕ ਛਪੀ ਪਰਚੀ ਨਿਕਲੇ ਜਿਸ ਵਿਚ ਮਤਦਾਤਾ ਵਲੋਂ ਪ੍ਰਗਟਾਏ ਪਸੰਦ ਦੇ ਉਮੀਦਵਾਰ ਦਾ ਨਾਂ ਅਤੇ ਨਿਸ਼ਾਨ ਲਿਖਿਆ ਹੋਵੇ। ਇਸ ਨਾਲ ਮਤਦਾਤਾ ਆਪਣੇ ਆਪ ਨੂੰ ਸੰਤੁਸ਼ਟ ਕਰੇਗਾ ਕਿ ਉਸ ਵਲੋਂ ਦਿਤਾ ਗਿਆ ਮਤ ਉੱਚਿਤ ਤਰੀਕੇ ਨਾਲ ਰਿਕਾਰਡ ਹੋਇਆ ਹੈ ਅਤੇ ਉਸ ਨੇ ਆਪਣੀ ਮਨ ਪਸੰਦ ਦੇ ਉਮੀਦਵਾਰ ਨੂੰ ਵੋਟ ਦਿਤੀ ਹੈ।**

## ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਦਾ ਚੋਣਾਂ ਵਿਚ ਯੋਗਦਾਨ

ਆਜ਼ਾਦ ਅਤੇ ਨਿਰਪੱਖ ਚੋਣਾਂ ਕਿਸੇ ਵੀ ਦੇਸ਼ ਤੇ ਲੋਕਤੰਤਰਿਕ ਕਦਰਾਂ-ਕੀਮਤਾਂ ਲਈ ਅਹਿਮ ਹੁੰਦੀਆਂ ਹਨ। ਇਸ ਵਿਚ ਨਿਰਪੱਖ, ਦਰੁਸਤ ਅਤੇ ਪਾਰਦਰਸ਼ੀ ਚੋਣ ਪ੍ਰਕਿਰਿਆ ਵਿਚ ਅਜਿਹੇ ਨਤੀਜੇ ਸ਼ਾਮਿਲ ਹਨ, ਜਿਨ੍ਹਾਂ ਦੀ ਪੁਸ਼ਟੀ ਆਜ਼ਾਦ ਰੂਪ ਨਾਲ ਕੀਤੀ ਜਾ ਸਕਦੀ ਹੈ। ਪ੍ਰੰਪਰਾਗਤ ਮਤਦਾਨ ਪ੍ਰਣਾਲੀ ਇਨ੍ਹਾਂ ਉਦੇਸ਼ਾਂ ਨੂੰ ਪੂਰਾ ਕਰਦੀ ਹੈ, ਪਰ ਫ਼ਰਜ਼ੀ ਮਤਦਾਨ ਅਤੇ ਮਤਦਾਨ ਕੇਂਦਰ ਉਤੇ ਕਬਜ਼ੇ ਵਰਗੇ ਦੋਸ਼ ਪੂਰਨ ਵਿਵਹਾਰ ਚੋਣ ਲੋਕਤੰਤਰ ਭਾਵਨਾ ਲਈ ਗੰਭੀਰ ਖ਼ਤਰੇ ਹਨ। ਭਾਰਤ ਦਾ ਚੋਣ ਕਮਿਸ਼ਨ ਆਜ਼ਾਦ ਅਤੇ ਨਿਰਪੱਖ ਚੋਣਾਂ ਨੂੰ ਯਕੀਨੀ ਬਣਾਉਣ ਲਈ ਚੋਣ ਪ੍ਰਕਿਰਿਆ ਵਿਚ ਸੁਧਾਰ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਜਨਤਕ ਖੇਤਰ ਦੇ ਦੋ ਪ੍ਰਸਿੱਧ ਭਾਰਤ ਇਲੈਕਟ੍ਰਾਨਿਕਸ ਲਿਮਿਟਿਡ, ਬੰਗਲੌਰ ਅਤੇ ਇਲੈਕਟ੍ਰਾਨਿਕਸ ਕਾਰਪੋਰੇਸ਼ਨ ਆਫ਼ ਇੰਡੀਆ ਲਿਮਿਟਿਡ, ਹੈਦਰਾਬਾਦ ਦੇ ਸਹਿਯੋਗ ਨਾਲ ਭਾਰਤ ਚੋਣ ਕਮਿਸ਼ਨ ਨੇ ਈ ਵੀ ਐੱਮ ਦੀ ਖੋਜ ਅਤੇ ਡਿਜ਼ਾਈਨਿੰਗ ਕੀਤੀ।

ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਦੀ ਵਰਤੋਂ ਭਾਰਤ ਵਿਚ ਆਮ ਚੋਣਾਂ ਅਤੇ ਰਾਜ ਵਿਧਾਨ ਸਭਾ ਦੀਆਂ ਚੋਣਾਂ ਵਿਚ ਆਂਸ਼ਿਕ ਰੂਪ ਨਾਲ 1999 ਵਿਚ ਸ਼ੁਰੂ ਹੋਈ ਅਤੇ 2004 ਤੋਂ ਇਸ ਦਾ ਪੂਰੀ ਤਰ੍ਹਾਂ ਇਸਤੇਮਾਲ ਹੋ ਰਿਹਾ ਹੈ। ਈ ਵੀ ਐੱਮ ਨਾਲ ਪੁਰਾਣੀ ਮਤ ਪੱਤਰ ਪ੍ਰਣਾਲੀ ਦੇ ਮੁਕਾਬਲੇ ਵਿਚ ਵੋਟ ਪਾਉਣ ਦੇ ਸਮੇਂ ਵਿਚ ਕਮੀ ਆਉਂਦੀ ਹੈ ਅਤੇ ਘੱਟ ਸਮੇਂ ਵਿਚ ਨਤੀਜੇ ਐਲਾਨ ਕਰਦੀ ਹੈ। ਈ ਵੀ ਐੱਮ ਦੇ ਇਸਤੇਮਾਲ ਨਾਲ ਜਾਅਲੀ ਮਤਦਾਨ ਅਤੇ ਬੂਥ ਕਬਜ਼ਾ ਕਰਨ ਦੀਆਂ ਘਟਨਾਵਾਂ ਵਿਚ ਕਾਫ਼ੀ ਹੱਦ ਤਕ ਕਮੀ ਲਿਆਂਦੀ ਜਾ ਸਕਦੀ ਹੈ। ਇਸ ਨਾਲ ਅਨਪੜ੍ਹ ਲੋਕ ਈ ਵੀ ਐੱਮ ਨੂੰ ਮਤ ਪੱਤਰ ਪ੍ਰਣਾਲੀ ਤੋਂ ਵੱਧ ਸੌਖਾਲਾ ਪਾਉਂਦੇ ਹਨ। ਮਤ ਬਕਸਿਆਂ ਦੇ ਮੁਕਾਬਲੇ ਈ ਵੀ ਐੱਮ ਨੂੰ ਪਹੁੰਚਾਉਣ ਅਤੇ ਵਾਪਸ ਲਿਆਉਣ ਵਿਚ ਆਸਾਨੀ ਹੁੰਦੀ ਹੈ।

ਈ ਵੀ ਐੱਮ ਦੁਨੀਆਂ ਵਿਚ ਸਭ ਤੋਂ ਵੱਡੇ ਲੋਕਤੰਤਰ ਮਤਦਾਨ ਕਾਰਜ ਦਾ ਤਕੀਆ ਕਲਾਮ ਬਣ ਗਈ ਹੈ। ਜਿਥੇ ਈ ਵੀ ਐੱਮ ਦੇ ਵਿਕਾਸ ਅਤੇ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਵਿਚ ਇਸ ਦੇ ਇਸਤੇਮਾਲ ਦਾ ਸੰਖੇਪ ਇਤਿਹਾਸ ਪੇਸ਼ਕਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

## ਈ ਵੀ ਐੱਮ ਦਾ ਲੜੀਵਾਰ ਵਿਕਾਸ

ਈ ਵੀ ਐੱਮ ਦਾ ਪਹਿਲੀ ਵਾਰ ਇਸਤੇਮਾਲ ਮਈ, 1982 ਵਿਚ ਕੇਰਲ ਦੇ ਪਰੂਰ ਵਿਧਾਨ ਸਭਾ ਚੋਣ ਖੇਤਰ ਦੇ 50 ਮਤਦਾਨ ਕੇਂਦਰਾਂ ਵਿਚ ਹੋਇਆ। 1983 ਤੋਂ ਬਾਅਦ ਇਨ੍ਹਾਂ ਮਸ਼ੀਨਾਂ ਦਾ ਇਸਤੇਮਾਲ ਇਸ ਲਈ ਨਹੀਂ ਕੀਤਾ ਗਿਆ ਕਿ ਚੋਣਾਂ ਵਿਚ ਵੋਟਿੰਗ ਮਸ਼ੀਨਾਂ ਦੇ ਇਸਤੇਮਾਲ ਨੂੰ ਵਿਧਾਨਿਕ ਰੂਪ ਦਿਤੇ ਜਾਣ ਲਈ ਸੁਪਰੀਮ ਕੋਰਟ ਦਾ ਆਦੇਸ਼ ਜਾਰੀ ਹੋਇਆ ਸੀ। ਦਸੰਬਰ, 1988 ਵਿਚ ਸੰਸਦ ਦੇ ਇਸ ਕਾਨੂੰਨ ਵਿਚ ਸੋਧ ਕੀਤੀ ਅਤੇ ਲੋਕ ਪ੍ਰਤਿਨਿਧੀ ਕਾਨੂੰਨ 1951 ਵਿਚ ਨਵੀਂ ਧਾਰਾ-61 ਏ ਜੋੜੀ ਗਈ, ਜੋ ਆਯੋਗ ਨੂੰ ਵੋਟਿੰਗ ਮਸ਼ੀਨ ਦੇ ਇਸਤੇਮਾਲ ਦਾ ਅਧਿਕਾਰ ਦਿੰਦੀ ਹੈ। ਸੋਧੀ ਧਾਰਾ 15 ਮਾਰਚ 1989 ਤੋਂ ਪ੍ਰਭਾਵੀ ਹੋਈ। ਕੇਂਦਰ ਸਰਕਾਰ ਵਲੋਂ ਫ਼ਰਵਰੀ, 1990 ਵਿਚ ਹਰੇਕ ਮਾਨਤਾ ਪ੍ਰਾਪਤ ਰਾਸ਼ਟਰੀ ਅਤੇ ਖੇਤਰੀ ਪਾਰਟੀਆਂ ਦੇ ਪ੍ਰਤਿਨਿਧੀਆਂ ਵਾਲੀ ਚੋਣ ਸੁਧਾਰ ਕਮੇਟੀ ਬਣਾਈ ਗਈ। ਭਾਰਤ ਸਰਕਾਰ ਨੇ ਈ ਵੀ ਐੱਮ ਦੀ ਵਰਤੋਂ ਸੰਬੰਧੀ ਵਿਸ਼ੇ ਵਿਚਾਰ-ਵਟਾਂਦਰੇ ਲਈ ਚੋਣ ਸੁਧਾਰ ਕਮੇਟੀ ਨੂੰ ਭੇਜਿਆ। 24 ਮਾਰਚ, 1992 ਨੂੰ ਸਰਕਾਰ ਦੇ ਕਾਨੂੰਨ ਅਤੇ ਨਿਆਂ ਮੰਤਰਾਲੇ ਵਲੋਂ ਚੋਣ ਕਰਾਉਣ ਸੰਬੰਧੀ ਕਾਨੂੰਨਾਂ, 1961 ਵਿਚ ਲੋੜੀਂਦੀ ਸੋਧ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ। ਨਵੰਬਰ 1998 ਤੋਂ ਬਾਅਦ ਆਮ ਚੋਣਾਂ ਵਿਚ ਦੇਸ਼ ਦੇ ਸਾਰੇ ਮਤਦਾਨ ਕੇਂਦਰਾਂ ਉਤੇ ਦਸ ਲੱਖ 75 ਹਜ਼ਾਰ ਈ ਵੀ ਐੱਮ ਦੇ ਇਸਤੇਮਾਲ ਨਾਲ ਈ ਲੋਕਤੰਤਰ ਵਿਚ ਬਦਲ ਗਿਆ। ਉਦੋਂ ਤੋਂ ਹੀ ਸਾਰੀਆਂ ਚੋਣਾਂ ਵਿਚ ਈ ਵੀ ਐੱਮ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ।

## ਈ ਵੀ ਐੱਮ ਦੀਆਂ ਵਿਸ਼ੇਸ਼ਤਾਵਾਂ

ਇਹ ਛੇੜਛਾੜ ਮੁਕਤ ਅਤੇ ਸੰਚਾਲਨ ਵਿਚ ਆਸਾਨ ਹੈ। ਕੰਟਰੋਲ ਇਕਾਈ ਤੇ ਕਾਰਜਾਂ ਨੂੰ ਕੰਟਰੋਲ ਕਰਨ ਵਾਲੇ ਪ੍ਰੋਗਰਾਮ ਇਕ ਵਾਰ ਪ੍ਰੋਗਰਾਮ ਬਣਾਉਣ ਯੋਗ ਆਧਾਰ ਤੇ ਮਾਈਕਰੋ ਚਿੱਪ ਵਿਚ ਨਸ਼ਟ ਕਰ ਦਿਤਾ ਜਾਂਦਾ ਹੈ। ਉਸ ਤੋਂ ਬਾਅਦ ਇਸ ਨੂੰ ਪੜ੍ਹਨਾ, ਕਾਪੀ ਕਰਨਾ ਜਾਂ ਬਦਲਾਅ ਕਰਨਾ ਅਸੰਭਵ ਹੈ। ਗ਼ੈਰ ਕਾਨੂੰਨੀ ਵੋਟਾਂ ਦੀ ਸੰਭਾਵਨਾ ਘਟ ਜਾਂਦੀ ਹੈ। ਗਣਨਾ ਪ੍ਰਕਿਰਿਆ ਤੇਜ਼ ਬਣਾਉਂਦੀ ਹੈ ਤੇ ਲਾਗਤ ਵੀ ਘੱਟ ਆਉਂਦੀ ਹੈ। ਇਸ ਦਾ ਇਸਤੇਮਾਲ ਬਿਨਾਂ ਬਿਜਲੀ ਤੋਂ ਕੀਤਾ ਜਾ ਸਕਦਾ ਹੈ ਤੇ ਇਹ ਮਸ਼ੀਨ ਬੈਟਰੀ ਨਾਲ ਚਲਦੀ ਹੈ। ਜੇ ਉਮੀਦਵਾਰਾਂ ਦੀ ਗਿਣਤੀ 64 ਤੋਂ ਵੱਧ ਨਹੀਂ ਹੁੰਦੀ ਤਾਂ ਈ ਵੀ ਐੱਮ ਦੀ ਵਰਤੋਂ ਨਾਲ ਚੋਣਾਂ ਕਰਵਾਈਆਂ ਜਾ ਸਕਦੀਆਂ ਹਨ। ਇਹ ਵੱਧ ਤੋਂ ਵੱਧ 3840 ਵੋਟ ਦਰਜ ਕਰ ਸਕਦੀ ਹੈ।

## ਪੱਕੀ ਰੌਸ਼ਨਾਈ – ਉਂਗਲੀ 'ਤੇ ਨਿਸ਼ਾਨ ਅਤੇ ਗੌਰਵ ਦਾ ਪਲ

ਪੱਕੀ ਰੌਸ਼ਨਾਈ ਮਤਦਾਤਾ ਦੀ ਸਿਆਹੀ ਦੇ ਰੂਪ ਵਿਚ ਜਾਣੀ ਜਾਂਦੀ ਹੈ। ਚੋਣਾਂ ਦੌਰਾਨ ਇਸ ਨੂੰ ਮਤਦਾਤਾ ਦੀ ਉਂਗਲੀ 'ਤੇ ਲਗਾਇਆ ਜਾਂਦਾ ਹੈ ਤਾਂ ਕਿ ਧੋਖਾਧੜੀ, ਹਰੇਕ ਵਾਰ ਮਤਦਾਨ

*ਬਾਕੀ ਸਫ਼ਾ 64 ਉੱਤੇ*

# ਪੰਜਾਬ ਵਿਚ ਕਾਂਜਲੀ ਜਲਗਾਹ

✍ ਜਗਜੀਤ ਸਿੰਘ ਮਾਨ

ਹਰ ਸਾਲ ਵਿਸ਼ਵ ਪੱਧਰ 'ਤੇ ਜਲਗਾਹ ਦਿਵਸ ਮਨਾਇਆ ਜਾਂਦਾ ਹੈ। ਵਿੱਦਿਅਕ ਸੰਸਥਾਵਾਂ, ਵਾਤਾਵਰਨ ਦੀ ਸਾਂਭ-ਸੰਭਾਲ ਲਈ ਕੰਮ ਕਰਦੀਆਂ ਸੰਸਥਾਵਾਂ ਅਤੇ ਵਾਤਾਵਰਨ ਪ੍ਰੇਮੀਆਂ ਵਲੋਂ ਆਪੋ-ਆਪਣੇ ਢੰਗ ਤਰੀਕਿਆਂ ਨਾਲ ਕੁਦਰਤ ਵਲੋਂ ਬਖ਼ਸ਼ੀਆਂ ਨਿਆਮਤਾਂ ਜਲ, ਜੰਗਲ, ਜ਼ਮੀਨ, ਹਵਾ ਆਦਿ ਨੂੰ ਪ੍ਰਦੂਸ਼ਨ ਤੋਂ ਬਚਾਉਣ, ਇਸ ਵਿਚ ਹੋਰ ਸੁਧਾਰ ਕਰਨ, ਸਮਾਜ ਦੇ ਵੱਖ-ਵੱਖ ਵਰਗਾਂ ਵਿਸ਼ੇਸ਼ ਤੌਰ ਤੇ ਬੱਚਿਆਂ ਨੂੰ ਆਲੇ-ਦੁਆਲੇ ਪ੍ਰਤਿ ਜਾਗਰੂਕ ਕਰਨ ਦੇ ਮੰਤਵ ਨਾਲ ਸੈਮੀਨਾਰ ਜਾਂ ਵਰਕਸ਼ਾਪ ਆਦਿ ਆਯੋਜਿਤ ਕੀਤੇ ਜਾਂਦੇ ਹਨ। ਵਾਤਾਵਰਨਿਕ ਪ੍ਰਸਥਿਤੀਆਂ ਦਾ ਅਧਿਐਨ ਕਰਨ, ਧਰਤੀ ਉਪਰਲੇ ਜੀਵਨ ਚੱਕਰ ਨੂੰ ਸਮਝਣ ਲਈ ਕੁਦਰਤੀ ਸਥਾਨਾਂ ਦੀ ਸੈਰ ਆਦਿ ਵੀ ਆਪਣੇ ਆਲੇ-ਦੁਆਲੇ ਪ੍ਰਤਿ ਜਗਿਆਸਾ ਰੱਖਣ ਵਾਲੇ ਲੋਕਾਂ ਵਲੋਂ ਕੀਤੀ ਜਾਂਦੀ ਹੈ।

## ਜਲਗਾਹ ਹੈ ਕੀ?

ਜਲਗਾਹ ਉਹ ਸਥਾਨ ਹੈ ਜਿਥੇ ਧਰਤੀ ਉਪਰ ਪਾਣੀ ਦਾ ਪੱਧਰ ਉੱਚਾ ਹੋਣ ਕਾਰਨ ਧਰਤੀ ਹਮੇਸ਼ਾ ਤਰ, ਦਲਦਲੀ ਜਾਂ ਚਿੱਕੜ ਵਾਲੀ ਬਣੀ ਰਹਿੰਦੀ ਹੈ। ਅਜਿਹਾ ਅਕਸਰ ਦਰਿਆਵਾਂ ਦੇ ਨਾਲ ਲੱਗਦੇ ਖੇਤਰਾਂ ਵਿਚ ਜਾਂ ਬੰਨ੍ਹ ਵਾਲੇ ਇਲਾਕਿਆਂ ਵਿਚ ਹੁੰਦਾ ਹੈ। ਕਈ ਥਾਵਾਂ 'ਤੇ ਅਜਿਹਾ ਹੋਣ ਨਾਲ ਛੰਭ, ਜਿਲ੍ਹਣ ਆਦਿ ਵੀ ਹੋਂਦ ਵਿਚ ਆ ਜਾਂਦੀ ਹੈ। ਕਾਂਜਲੀ ਜਲਗਾਹ ਦਾ ਮਹੱਤਵ ਜਿਥੇ ਪਵਿੱਤਰਤਾ ਨਾਲ ਜੁੜਦਾ ਹੈ ਉਥੇ ਇਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਰਾਮਸਰ ਸਾਈਟ 1160 ਦਾ ਦਰਜਾ ਵੀ ਸੰਨ 2002 ਵਿਚ ਦਿਤਾ ਗਿਆ ਹੈ ਜੋ ਕਿ ਸਾਡੇ ਲਈ ਅਤੇ ਵਿਸ਼ੇਸ਼ ਤੌਰ ਤੇ ਪੰਜਾਬ ਲਈ ਮਾਣ ਦੀ ਗੱਲ ਹੈ। ਸੰਨ 1971 ਵਿਚ ਇਰਾਨ ਦੇ ਸ਼ਹਿਰ ਰਾਮਸਰ ਵਿਚ ਵਾਤਾਵਰਨ ਨਾਲ ਸੰਬੰਧਿਤ ਮਸਲਿਆਂ ਲਈ ਇਕ ਅੰਤਰਰਾਸ਼ਟਰੀ ਸਭਾ ਦਾ ਆਯੋਜਿਨ ਕੀਤਾ ਗਿਆ ਜਿਥੇ ਜਲਗਾਹਾਂ ਦੇ ਮਹੱਤਵ ਅਤੇ ਇਸ ਦੀ ਸਾਂਭ-ਸੰਭਾਲ ਉਪਰ ਵਿਸ਼ੇਸ਼ ਚਰਚਾ ਕੀਤੀ ਗਈ। ਜਿਸ ਰਾਹੀਂ ਜਲਗਾਹਾਂ ਦੀ ਪਰਿਭਾਸ਼ਾ ਇਹ ਮਿਥੀ ਗਈ ਕਿ "ਜਲਗਾਹ ਉਹ ਅਸਥਾਨ ਹਨ ਜਿਥੇ ਦਲਦਲੀ ਭੂਮੀ ਉੱਪਰ 6 ਮੀਟਰ ਤੋਂ ਘੱਟ ਡੂੰਘਾਈ ਤਕ ਤਾਜ਼ਾ ਜਾਂ ਖਾਰਾ ਪਾਣੀ ਸਦਾ ਖੜ੍ਹਾ ਰਹੇ, ਅਜਿਹਾ ਭਾਵੇਂ ਕੁਦਰਤੀ ਜਾਂ ਮਨੁੱਖ ਵਲੋਂ ਬੰਨ੍ਹ ਆਦਿ ਉਸਾਰਨ ਨਾਲ ਹੋਇਆ ਹੋਵੇ।" ਇਸ ਸਭਾ ਵਿਚ ਕੁਝ ਮਾਪ-ਦੰਡ ਉਲੀਕੇ ਗਏ ਕਿ ਜੇਕਰ ਕਿਸੇ ਮੁਲਕ ਦੀ ਜਲਗਾਹ ਇਨ੍ਹਾਂ ਮਾਪਦੰਡਾਂ 'ਤੇ ਖਰੀ ਉਤਰਦੀ ਹੈ ਤਾਂ ਉਸ ਨੂੰ ਅੰਤਰਰਾਸ਼ਟਰੀ ਮਾਨਤਾ ਅਰਥਾਤ ਰਾਮਸਰ ਜਲਗਾਹਾਂ ਦੀ ਸੂਚੀ ਵਿਚ ਸਥਾਨ ਦਿਤਾ ਜਾਂਦਾ ਹੈ।

## ਜਲਗਾਹ ਦਾ ਜੀਵਨ ਚੱਕਰ ਵਿਚ ਮਹੱਤਵ

ਜਲਗਾਹ ਕੁਦਰਤੀ ਪ੍ਰਣਾਲੀ ਦਾ ਇਕ ਅਹਿਮ ਅੰਗ ਹੈ। ਧਰਤੀ ਦੇ ਨਮੀ ਯੁਗਤ, ਤਰ ਜਾਂ ਦਲਦਲੀ ਹੋਣ ਕਾਰਨ ਜੀਵਾਂ ਦੀਆਂ ਬਹੁਤ ਸਾਰੀਆਂ ਦੁਰਲਭ ਪ੍ਰਜਾਤੀਆਂ ਇਥੇ ਵਾਸ ਕਰਦੀਆਂ ਹਨ। ਇਸ ਦੇ ਨਾਲ ਹੀ ਹੜ੍ਹਾਂ ਵਰਗੀ ਸਥਿਤੀ ਹੋਣ 'ਤੇ ਹੜ੍ਹਾਂ ਦਾ ਪਾਣੀ ਵੀ ਇਹ ਜਲਗਾਹਾਂ ਆਪਣੇ ਵਿਚ ਸਮਾ ਲੈਂਦੀਆਂ ਹਨ ਅਤੇ ਕੁਦਰਤ ਦੀ ਕਰੋਪੀ ਤੋਂ ਮਨੁੱਖ, ਬਨਸਪਤੀ ਅਤੇ ਹੋਰ ਜੀਵਨ ਦਾ ਬਚਾਅ ਕਰਦੀਆਂ ਹਨ।

## ਕਾਂਜਲੀ ਜਲਗਾਹ

ਕਾਂਜਲੀ ਜਲਗਾਹ ਵਿਚ ਬਹੁਤ ਸਾਰੇ ਪਰਿੰਦੇ ਜਿਵੇਂ ਸਾਵਾਂ ਮਘ, ਬਦਾਮੀ ਬੰਗਲਾ, ਕਲਗੀ ਵਾਲੀ ਡੁੰਬਕਣੀ, ਪ੍ਰਵਾਸੀ ਪੰਛੀਆਂ ਬਾਰੇ ਅਤੇ ਲੋਕਾਂ ਨੂੰ ਜਲਗਾਹਾਂ ਦੇ ਮਹੱਤਵ ਦਰਸਾਉਂਦੇ ਬੋਰਡ ਲਗਾ ਕੇ ਜਾਣਕਾਰੀ ਦਿਤੀ ਗਈ ਹੈ।

**ਖ਼ਾਸ ਮੌਸਮ ਵਿਸ਼ੇਸ਼ ਕਰਕੇ ਸਰਦੀਆਂ ਵਿਚ ਦੂਰ-ਦੁਰੇਡਿਉਂ ਕਈ ਪੰਛੀ ਵੀ ਇਨ੍ਹਾਂ ਥਾਵਾਂ ਦੀ ਸੈਰ ਕਰਨ ਆਉਂਦੇ ਹਨ ਜਿਨ੍ਹਾਂ ਨੂੰ ਸਾਈਬੇਰੀਅਨ ਜਾਂ ਪ੍ਰਵਾਸੀ ਪੰਛੀ ਵੀ ਕਿਹਾ ਜਾਂਦਾ ਹੈ। ਇਸ ਦੇ ਨਾਲ ਹੀ ਖ਼ਾਸ ਵਾਤਾਵਰਨਿਕ ਹਾਲਤਾਂ ਕਾਰਨ ਬਨਸਪਤੀ ਦੀਆਂ ਬਹੁਤ ਸਾਰੀਆਂ ਪ੍ਰਜਾਤੀਆਂ ਵੀ ਇਥੇ ਪਾਈਆਂ ਜਾਂਦੀਆਂ ਹਨ ਜੋ ਕਿ ਆਮ ਥਾਵਾਂ ਉਤੇ ਨਹੀਂ ਮਿਲਦੀਆਂ। ਜਲਗਾਹ ਜਿਥੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਬਣਾਈ ਰੱਖਣ ਦਾ ਇਕ ਅਹਿਮ ਕਾਰਜ ਨਿਭਾਉਂਦੇ ਹਨ ਉਥੇ ਮਨੁੱਖ ਲਈ ਕਈ ਪ੍ਰਕਾਰ ਦੇ ਸਹਾਇਕ ਧੰਦਿਆਂ ਦੇ ਮੌਕੇ ਵੀ ਪੈਦਾ ਕਰਦੇ ਹਨ। ਮਸਲਨ, ਮੱਛੀ ਪਾਲਣ, ਕਵਲ ਜਾਂ ਸੰਘਾੜਿਆਂ ਦੀ ਖੇਤੀ, ਪਸ਼ੂਆਂ ਲਈ ਚਾਰਾ, ਬਾਲਣ ਆਦਿ ਵੀ ਇਥੋਂ ਹੀ ਮੁਹੱਈਆ ਹੁੰਦਾ ਹੈ ਅਤੇ ਅਜਿਹੇ ਸਥਾਨਾਂ ਨੂੰ ਆਕਰਸ਼ਿਤ ਤੇ ਦਿਲ ਖਿੱਚਵਾਂ ਬਣਾ ਕੇ ਕੁਦਰਤ ਦੀ ਸੈਰ ਲਈ ਮਨੁੱਖ ਨੂੰ ਉਤਸ਼ਾਹਿਤ ਵੀ ਕੀਤਾ ਜਾ ਸਕਦਾ ਹੈ।**

ਬੇਸ਼ੱਕ ਕਾਂਜਲੀ ਜਲਗਾਹ ਨੂੰ ਅੰਤਰਰਾਸ਼ਟਰੀ ਦਰਜਾ ਪ੍ਰਾਪਤ ਹੈ ਅਤੇ ਇਸ ਦੀ ਸਾਂਭ-ਸੰਭਾਲ ਵਿਚ ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਪਰਿਸ਼ਦ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ, ਫਿਰ ਵੀ ਇਸ ਦੀ ਦਿੱਖ ਨੂੰ ਸਵਾਰਨ ਲਈ ਬਹੁਤ ਸਾਰੇ ਬੁਨਿਆਦੀ ਉਪਰਾਲੇ ਕਰਨ ਦੀ ਲੋੜ

ਹੈ। ਜਿਵੇਂ ਕਿ ਆਲੇ-ਦੁਆਲੇ ਦੇ ਪਿੰਡਾਂ ਵਿਸ਼ੇਸ਼ ਤੌਰ ਤੇ ਨਾਲ ਲੱਗਦੇ ਕਪੂਰਥਲਾ ਸ਼ਹਿਰ ਦੇ ਵਾਸੀਆਂ ਨੂੰ ਕਾਂਜਲੀ ਜਲਗਾਹ ਦੀ ਧਾਰਮਿਕ ਅਤੇ ਅੰਤਰਰਾਸ਼ਟਰੀ ਮਹੱਤਤਾ ਬਾਰੇ ਜਾਗਰੂਕ ਕਰਨਾ ਜਲਗਾਹ ਨੂੰ ਕੁਦਰਤੀ ਸੈਲਾਨੀ ਕੇਂਦਰ ਵਲੋਂ ਵਿਕਸਤ ਕਰਨ ਦੇ ਉਪਰਾਲੇ ਕਰਨਾ। ਜਲਗਾਹ ਦੇ ਖੇਤਰ ਵਿਚ ਕੂੜਾ-ਕਰਕਟ ਅਤੇ ਹਾਨੀਕਾਰਕ ਪਦਾਰਥਾਂ ਜਿਵੇਂ ਕਿ ਪਲਾਸਟਿਕ, ਥਰਮਾਕੋਲ ਆਦਿ ਦੀ ਵਰਤੋਂ ਉੱਪਰ ਸੰਪੂਰਨ ਰੋਕ ਲਗਾਉਣਾ ਅਤਿ ਜ਼ਰੂਰੀ ਹੈ। ਇਸ ਦੇ ਨਾਲ ਹੀ ਮਨੁੱਖ ਦੀਆਂ ਅਜਿਹੀਆਂ ਸਰਗਰਮੀਆਂ ਜਿਨ੍ਹਾਂ ਨਾਲ ਜਲਗਾਹਾਂ ਵਿਚ ਵਾਸ ਕਰਨ ਵਾਲੇ ਜੀਵਾਂ ਉਪਰ ਮਾਰੂ ਪ੍ਰਭਾਵ ਪਵੇ, ਉੱਪਰ ਤੁਰੰਤ ਰੋਕ ਲਗਾਉਣੀ ਚਾਹੀਦੀ ਹੈ। ਇਸ ਦੇ ਨਾਲ ਹੀ ਸਾਂਭ-ਸੰਭਾਲ ਅਤੇ ਨਿਗਰਾਨੀ ਲਈ ਕਰਮਚਾਰੀਆਂ ਦੀ ਨਿਯੁਕਤੀ ਅਤਿਅੰਤ ਜ਼ਰੂਰੀ ਹੈ।

## ਕਾਂਜਲੀ ਜਲਗਾਹ ਦਾ ਇਤਿਹਾਸ

ਜਲਗਾਹਾਂ ਸੰਬੰਧੀ ਆਪਣੀ ਜਾਣਕਾਰੀ ਵਿਚ ਅਮਲੀ ਤੌਰ ਤੇ ਵਾਧਾ ਕਰਨ ਲਈ ਸਾਡੀ ਤਿੰਨ ਮੈਂਬਰੀ ਟੀਮ ਜਿਸ ਵਿਚ ਮੇਰੇ ਸਮੇਤ ਮਨਜੀਤ ਸਿੰਘ ਚੱਕਮਾਈ ਦਾਸ ਅਤੇ ਰੁਪਿੰਦਰ ਪਾਲ ਸਿੰਘ ਗਿੱਲ ਸ਼ਾਮਿਲ ਸਨ, ਵਲੋਂ ਕਾਂਜਲੀ ਦੀ ਸੈਰ ਦਾ ਪ੍ਰੋਗਰਾਮ ਉਲੀਕਿਆ ਗਿਆ। ਕਾਂਜਲੀ ਕਪੂਰਥਲਾ ਤੋਂ ਮਹਿਜ 4-5 ਕਿਲੋਮੀਟਰ ਦੀ ਵਿੱਥ 'ਤੇ ਕਾਲੀ ਬੇਈਂ ਦੇ ਕੰਢੇ 'ਤੇ ਵਸਿਆ ਇਕ ਪਿੰਡ ਹੈ। ਇਹ ਉਹ ਕਾਲੀ ਬੇਈਂ ਹੈ ਜਿਸ ਦਾ ਜ਼ਿਕਰ ਇਤਿਹਾਸ ਵਿਚ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਨਾਲ ਸੰਬੰਧਿਤ ਇਕ ਅਲੌਕਿਕ ਘਟਨਾ ਰਾਹੀਂ ਕੀਤਾ ਜਾਂਦਾ ਹੈ। ਕਿਉਂਕਿ ਗੁਰੂ ਸਾਹਿਬ ਨੇ ਜੀਵਨ ਦਾ ਕੁੱਝ ਹਿੱਸਾ ਆਪਣੀ ਭੈਣ ਬੇਬੇ ਨਾਨਕੀ ਅਤੇ ਭਾਈਆ ਜੈ ਰਾਮ ਪਾਸ ਸੁਲਤਾਨਪੁਰ ਲੋਧੀ ਵਿਖੇ ਗੁਜ਼ਾਰਿਆ ਸੀ ਅਤੇ ਇਸੇ ਕਾਲੀ ਬੇਈਂ ਨੇ ਗੁਰੂ ਸਾਹਿਬ ਦੀ ਪਵਿੱਤਰ ਸਰੀਰਕ ਛੋਹ ਪ੍ਰਾਪਤ ਕੀਤੀ ਸੀ। ਜਿਸ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਕਿਸੇ ਸਮੇਂ ਇਹ ਬੇਈਂ ਸਾਫ਼ ਪਾਣੀ ਦਾ ਭਰਪੂਰ ਕੁਦਰਤੀ ਸੋਮਾ ਹੁੰਦੀ ਸੀ। ਕਾਲੀ ਬੇਈਂ ਹੁਸ਼ਿਆਰਪੁਰ ਦੇ ਦਸੂਹਾ ਲਾਗਲੇ ਪਿੰਡ ਧਨੋਆ ਤੋਂ ਸ਼ੁਰੂ ਹੁੰਦੀ ਹੈ ਅਤੇ ਸੁਲਤਾਨਪੁਰ ਲੋਧੀ ਕੋਲੋਂ ਲੰਘਦੀ ਹੋਈ ਬਿਆਸ ਅਤੇ ਸਤਲੁਜ ਦਰਿਆ ਦੇ ਸੰਗਮ ਵਿਚ ਜਾ ਮਿਲਦੀ ਹੈ। ਕਾਂਜਲੀ ਪਿੰਡ ਨੇੜੇ ਇਸ ਬੇਈ ਉਪਰ ਸੰਨ 1870 ਵਿਚ ਇਕ ਬੰਨ੍ਹ ਉਸਾਰਿਆ ਗਿਆ ਜਿਸ ਨਾਲ ਕਾਂਜਲੀ ਜਲਗਾਹ ਹੋਂਦ ਵਿਚ ਆਈ। ਅੱਜਕੱਲ੍ਹ ਜਲਗਾਹ ਦੇ ਪਾਣੀ ਦੀ ਨਿਰਮਲਤਾ ਅਤੇ ਨਿਰੰਤਰ ਵਹਾਅ ਨੂੰ ਬਣਾਈ ਰੱਖਣ ਲਈ ਬਿਆਸ ਦਰਿਆ ਰਾਹੀਂ ਵੀ ਪਾਣੀ ਛੱਡਿਆ ਜਾਂਦਾ ਹੈ।

## ਕਾਂਜਲੀ ਜਲਗਾਹ ਦੀ ਹਾਲਤ

ਅੱਜ ਕਾਂਜਲੀ ਜਲਗਾਹ ਦੀ ਹਾਲਤ ਤਰਸਯੋਗ ਹੈ ਅਤੇ ਉਥੇ ਜਾਣ 'ਤੇ ਅਜਿਹਾ ਨਹੀਂ ਲਗਦਾ ਕਿ ਅਸੀਂ ਕਿਸੇ ਪਵਿੱਤਰ ਬੇਈਂ ਜਾਂ ਅੰਤਰਰਾਸ਼ਟਰੀ ਮਾਨਤਾ ਪ੍ਰਾਪਤ ਅਸਥਾਨ ਨੂੰ ਦੇਖ ਰਹੇ ਹਾਂ। ਟੁੱਟੀ ਹੋਈ ਖੰਡਰ ਲਾਇਬ੍ਰੇਰੀ, ਟੁੱਟੀਆਂ-ਭੱਜੀਆਂ ਕਿਸ਼ਤੀਆਂ, ਬੇਈਂ ਦੇ ਪੁਲ ਲਾਗੇ ਖਿਲਰਿਆ ਕੂੜਾ-ਕਰਕਟ, ਹੋਰ ਖੰਡਰ ਹੋਈਆਂ ਇਮਾਰਤਾਂ ਅਤੇ ਪਾਰਕਾਂ ਦੇ ਨਾਂ 'ਤੇ ਸਿਰਫ਼ ਘਾਹ-ਫੂਸ ਉੱਗਿਆ ਹੋਇਆ ਕੁਝ ਅਜਿਹੇ ਨਾਂਹ ਪੱਖੀ ਪਹਿਲੂ ਹਨ ਜੋ ਕਿ ਮਨੁੱਖ ਦੀ ਸਾਡੇ ਕੁਦਰਤ ਪ੍ਰਤਿ ਨਕਾਰਾਤਮਕ ਸੋਚ ਨੂੰ ਰੂਪਮਾਨ ਕਰਦੇ ਹਨ। ਆਓ, ਜਲਗਾਹਾਂ ਦੇ ਸੁਧਾਰ ਅਤੇ ਵਾਤਾਵਰਨ ਦੇ ਡਿੱਗਦੇ ਮਿਆਰ ਨੂੰ ਅਮਲੀ ਤੌਰ ਤੇ ਕੰਮ ਕਰਕੇ ਉੱਚਾ ਚੁੱਕਣ ਦਾ ਯਤਨ ਕਰੀਏ।

*(ਲੇਖਕ ਸੁਤੰਤਰ ਪੱਤਰਕਾਰ ਹੈ।)*

*e-mail :pnpp30@yahoo.com*

***ਸਫ਼ਾ 62 ਦੀ ਬਾਕੀ***

ਕਰਨ ਅਤੇ ਗਲਤ ਵਿਵਹਾਰ ਨੂੰ ਰੋਕਿਆ ਜਾ ਸਕੇ। ਇਹ ਕੋਈ ਆਮ ਸਿਆਹੀ ਨਹੀਂ ਹੈ। ਇਕ ਵਾਰ ਉਂਗਲੀ 'ਤੇ ਲਗਾਉਣ ਤੋਂ ਬਾਅਦ ਕੁਝ ਮਹੀਨਿਆਂ ਤਕ ਇਹ ਮਿਟਦੀ ਨਹੀਂ। ਇਸ ਵਿਸ਼ੇਸ਼ ਪੱਕੀ ਰੌਸ਼ਨਾਈ ਨੂੰ ਬਣਾਉਣ ਦਾ ਸਿਹਰਾ ਕਰਨਾਟਕ ਸਰਕਾਰ ਦੇ ਪ੍ਰਸਿੱਧ ਮੈਸੂਰ ਪੇਂਟਸ ਅਤੇ ਵਾਰਨਿਸ਼ ਲਿਮਿਟਿਡ ਨੂੰ ਜਾਂਦਾ ਹੈ। ਇਹ ਕੰਪਨੀ ਭਾਰਤ ਅਤੇ ਹੋਰ ਵਿਦੇਸ਼ਾਂ ਨੂੰ ਰੌਸ਼ਨਾਈ ਦੀ ਸਪਲਾਈ ਕਰਦੀ ਹੈ।

ਭਾਰਤ ਵਿਚ ਆਮ ਚੋਣਾਂ ਕਰਾਉਣ ਅਤੇ ਚੋਣਾਂ ਦੀ ਪ੍ਰਕਿਰਿਆ ਮੁਕੰਮਲ ਕਰਨਾ ਸਰਕਾਰ ਅਤੇ ਚੋਣ ਕਮਿਸ਼ਨ ਲਈ ਵੱਡੀ ਚੁਣੌਤੀ ਰਹੀ ਹੈ। ਚੋਣਾਂ ਮੁਕੰਮਲ ਕਰਾਉਣ ਅਤੇ ਜਾਅਲੀ ਮਤਦਾਨ ਨੂੰ ਖਤਮ ਕਰਨ ਲਈ ਚੋਣ ਕਮਿਸ਼ਨ ਨੇ ਉਂਗਲੀ 'ਤੇ ਪੱਕੀ ਰੌਸ਼ਨਾਈ ਲਗਾਉਣ ਦਾ ਉਪਾਅ ਕੀਤਾ। ਇਹ ਰੌਸ਼ਨਾਈ ਮਤਦਾਨ ਦੇ ਖੱਬੇ ਹੱਥ ਦੀ ਉਂਗਲੀ ਦੇ ਨੰਹੁ 'ਤੇ ਲਗਾਈ ਜਾਂਦੀ ਹੈ। ਇਹ ਰੌਸ਼ਨਾਈ ਰਸਾਇਣ ਡਿਟਰਜੈਂਟ ਜਾਂ ਤੇਲ ਨਾਲ ਮਿਟਾਈ ਨਹੀਂ ਜਾ ਸਕਦੀ ਅਤੇ ਕੁਝ ਮਹੀਨਿਆਂ ਤਕ ਲੱਗੀ ਰਹਿੰਦੀ ਹੈ। ਮੈਸੂਰ ਪੇਂਟਸ ਐਂਡ ਵਾਰਨਿਸ਼ ਲਿਮਿਟਿਡ ਨੇ ਭਾਰਤ ਚੋਣ ਕਮਿਸ਼ਨ, ਰਾਸ਼ਟਰੀ ਭੌਤਕੀ ਵਰਕਸ਼ਾਪ ਅਤੇ ਰਾਸ਼ਟਰੀ ਖੋਜ ਵਿਕਾਸ ਨਿਗਮ ਦੇ ਸਹਿਯੋਗ ਨਾਲ ਇਸ ਪੱਕੀ ਰੌਸ਼ਨਾਈ ਦੇ ਉਤਪਾਦਨ ਅਤੇ ਗੁਣਵੱਤਾ ਸੰਪਨ ਪੂਰਤੀ ਵਿਚ ਮੁਹਾਰਤ ਪ੍ਰਾਪਤ ਕੀਤੀ ਹੈ। ਭਾਰਤ ਵਿਚ ਇਸ ਤਰ੍ਹਾਂ ਦੀ ਰੌਸ਼ਨਾਈ ਦੀ ਪੂਰਤੀ ਕਰਨ ਵਾਲੀ ਇਹ ਇਕ ਮਨਜ਼ੂਰ ਪੂਰਤੀ ਕਰਤਾ ਹੈ। ਕੰਪਨੀ ਨੂੰ 1962 ਤੋਂ ਐੱਨ ਆਰ ਡੀ ਸੀ, ਨਵੀਂ ਦਿੱਲੀ ਵਲੋਂ ਵਿਸ਼ੇਸ਼ ਲਾਇਸੰਸ ਦਿਤਾ ਗਿਆ ਹੈ।

ਭਾਰਤ ਚੋਣਾਂ ਲਈ ਅਮਿਟ ਪੱਕੀ ਰੌਸ਼ਨਾਈ ਪੂਰਤੀ ਕਰਨ ਤੋਂ ਇਲਾਵਾ, ਮੈਸੂਰ ਪੇਂਟਸ ਐਂਡ ਵਾਰਨਿਸ਼ ਲਿਮਿਟਿਡ 1976 ਤੋਂ ਵਿਸ਼ਵ ਦੇ 28 ਦੇਸ਼ਾਂ ਨੂੰ ਰੌਸ਼ਨਾਈ ਨਿਰਯਾਤ ਕਰ ਰਹੀ ਹੈ। ਇਨ੍ਹਾਂ ਦੇਸ਼ਾਂ ਵਿਚ ਤੁਰਕੀ, ਦੱਖਣੀ ਅਫ਼ਰੀਕਾ, ਨਾਈਜ਼ੀਰੀਆ, ਨੇਪਾਲ, ਘਾਨਾ, ਪਾਪੂਆ, ਨਿਊ ਗਿਨੀ, ਬੁਰਕੀਨਾ ਫਾਸੋ, ਕੈਨੇਡਾ, ਟੋਬੋ, ਸਿਏਰਾ ਲਿਓਨ, ਮਲੇਸ਼ੀਆ ਅਤੇ ਕੰਬੋਡੀਆ ਆਦਿ ਸ਼ਾਮਿਲ ਹਨ।

2009 ਦੀਆਂ ਆਮ ਚੋਣਾਂ ਵਿਚ ਐੱਮ ਪੀ ਵੀ ਐੱਲ ਨੇ 10 ਐੱਮ ਐੱਲ ਆਕਾਰ ਦੀਆਂ ਲਗਭਗ 20 ਲੱਖ ਸ਼ੀਸ਼ੀਆਂ ਦੀ ਪੂਰਤੀ ਕੀਤੀ ਸੀ, ਪਰ ਉੱਤਰ ਪ੍ਰਦੇਸ਼ ਵਿਚ ਦੋ ਲੱਖ 88 ਹਜ਼ਾਰ ਸ਼ੀਸ਼ੀਆਂ ਦੀ ਵਰਤੋਂ ਹੋਈ। ਪਹਿਲੀ ਫ਼ਰਵਰੀ 2006 ਤੋਂ ਇਹ ਰੌਸ਼ਨਾਈ ਮਤਦਾਤਾ ਦੇ ਖੱਬੇ ਹੱਥ ਦੀ ਪਹਿਲੀ ਉਂਗਲ ਉੱਪਰ ਲਗਾਈ ਜਾਂਦੀ ਹੈ। ਚੋਣ ਨਿਸ਼ਾਨ ਵਿਚ ਸਿਲਵਰ ਨਾਈਟ੍ਰੇਡ ਹੁੰਦਾ ਹੈ ਜੋ ਅਲਟਰਾ ਵਾਈਲਟ ਰੌਸ਼ਨੀ ਪੈਣ 'ਤੇ ਚਮੜੀ ਉਤੇ ਦਾਗ਼ ਛੱਡਦਾ ਹੈ। ਇਸ ਦਾਗ਼ ਦਾ ਧੋਣਾ ਅਸੰਭਵ ਹੈ। ਇਹ ਬਾਹਰਲੀ ਚਮੜੀ ਦੇ ਉਭਰਨ ਉਪਰ ਹੀ ਖ਼ਤਮ ਹੁੰਦਾ ਹੈ। ਇਸ ਵਿਚ ਸਿਲਵਰ ਨਾਈਟ੍ਰੇਡ ਦੀ ਮਾਤਰਾ ਸੱਤ ਤੋਂ ਪੱਚੀ ਪ੍ਰਤਿਸ਼ਤ ਹੁੰਦੀ ਹੈ। ਪੱਕੀ ਰੌਸ਼ਨਾਈ ਬੈਂਗਨੀ ਰੰਗ ਵਿਚ ਹੁੰਦੀ ਹੈ। 2005 ਵਿਚ ਸੂਰੀਨਾਮ ਨੇ ਵਿਧਾਨਕ ਚੋਣਾਂ ਵਿਚ ਨਾਰੰਗੀ ਰੰਗ ਦਾ ਇਸਤੇਮਾਲ ਕੀਤਾ ਸੀ।

*- ਪੀ.ਆਈ.ਬੀ. ਜਲੰਧਰ*

# ਗਾਜਰਬੂਟੀ ਦੇ ਖਾਤਮੇ ਲਈ ਉਪਰਾਲੇ ਜ਼ਰੂਰੀ

ਅਮਿਤ ਕੌਲ, ਜਸਵੀਰ ਸਿੰਘ ਗਿੱਲ ਅਤੇ ਅਜੈਬ ਸਿੰਘ

ਉਹ ਕਿਹੜੀ ਗਲੀ, ਜਿਥੇ ਭਾਗੋ ਨਹੀਂ ਖਲੀ, ਇਹ ਸਤਰ ਗਾਜਰਬੂਟੀ ਲਈ ਪੂਰੀ ਤਰ੍ਹਾਂ ਢੁਕਵੀਂ ਹੈ। ਇਸ ਬੂਟੀ ਨੂੰ ਕਾਂਗਰਸ ਘਾਹ, ਚਿੱਟੀ ਟੋਪੀ, ਗਾਜਰ ਘਾਹ ਆਦਿ ਵਰਗੇ ਬਦਲਵੇਂ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਅੱਜਕੱਲ੍ਹ ਦੇ ਦਿਨਾਂ ਵਿਚ ਕੋਈ ਵੀ ਗ਼ੈਰ ਫ਼ਸਲੀ ਥਾਂ ਇਹੋ ਜਿਹੀ ਨਹੀਂ ਹੋਵੇਗੀ ਜਿਥੇ ਇਸ ਦੀ ਭਰਮਾਰ ਨਾ ਹੋਵੇ। 1960 ਦੇ ਦਹਾਕੇ ਦੌਰਾਨ ਮੈਕਸੀਕੋ ਤੋਂ ਆਈ ਕਣਕ ਦੇ ਬੀਜ ਨਾਲ ਮਿਲਾਵਟ ਹੋਣ ਕਾਰਨ ਸਾਡੇ ਦੇਸ਼ ਵਿਚ ਇਸ ਦੀ ਆਮਦ ਹੋਈ। ਇਸ ਤੋਂ ਬਾਅਦ ਇਸ ਦਾ ਪਸਾਰ ਇੰਨੀ ਛੇਤੀ ਹੋਇਆ ਕਿ ਹੁਣ ਇਸ ਦੀ ਭਰਮਾਰ ਰਾਜਸਥਾਨ ਦੀ ਖ਼ੁਸ਼ਕ ਪੱਟੀ ਨੂੰ ਛੱਡ ਕੇ ਪੂਰੇ ਭਾਰਤ ਵਿਚ ਆਮ ਦੇਖੀ ਜਾ ਸਕਦੀ ਹੈ। ਗ਼ੈਰ ਫ਼ਸਲੀ ਥਾਵਾਂ ਜਿਵੇਂ ਕਿ ਸੜਕਾਂ, ਰੇਲ ਗੱਡੀਆਂ ਦੀਆਂ ਲੀਹਾਂ ਦੇ ਦੁਆਲੇ, ਵੇਈਆਂ, ਨਦੀਆਂ ਦੇ ਕਿਨਾਰੇ, ਖਾਲੀ ਮੈਦਾਨਾਂ, ਹੋਰ ਤਾਂ ਹੋਰ ਬਰਸੀਮ, ਕਮਾਦ ਆਦਿ ਵਰਗੀਆਂ ਫ਼ਸਲਾਂ ਵਿਚ ਵੀ ਸੰਘਣੀ ਤਦਾਦ ਵਿਚ ਪਾਈ ਜਾਂਦੀ ਹੈ। ਇਸ ਦਾ ਜੰਮ/ਪੁੰਗਾਰਾ (ਪਿਛਲੇ ਸਾਲਾਂ ਵਿਚ ਕਿਰੇ ਬੀਜ ਤੋਂ) ਫ਼ਰਵਰੀ ਦੇ ਮਹੀਨੇ ਹੁੰਦਾ ਹੈ ਅਤੇ ਬਾਰਿਸ਼ ਦੇ ਮੌਸਮ ਦੌਰਾਨ ਇਸ ਦੇ ਬੂਟੇ ਭਰਪੂਰ ਜੋਬਨ 'ਤੇ ਆ ਜਾਂਦੇ ਹਨ। ਇਸ ਨੂੰ ਚਿੱਟੇ ਰੰਗ ਦੇ ਫੁੱਲ ਪੈਂਦੇ ਹਨ ਅਤੇ ਇਕ ਬੂਟਾ ਲਗਭਗ ਤਿੰਨ ਹਜ਼ਾਰ ਬੀਜ ਪੈਦਾ ਕਰਦਾ ਹੈ। ਇਹ ਬੀਜ ਹਲਕੇ ਹੋਣ ਕਰਕੇ ਹਵਾ ਅਤੇ ਪਾਣੀ ਦੇ ਵਹਾਅ ਨਾਲ ਦੂਰ-ਦੂਰ ਤਕ ਚਲੇ ਜਾਂਦੇ ਹਨ।

ਇਹ ਬੂਟੀ ਸਿਹਤ ਲਈ ਬਹੁਤ ਹਾਨੀਕਾਰਕ ਹੈ। ਜੇ ਇਸ ਬੂਟੀ ਨਾਲ ਜ਼ਿਆਦਾ ਦੇਰ ਤਕ ਸੰਪਰਕ ਰਹੇ ਤਾਂ ਕਈ ਤਰ੍ਹਾਂ ਦੇ ਰੋਗ ਜਿਵੇਂ ਕਿ ਸਾਹ ਨਾਲੀ ਦੇ ਰੋਗ, ਦਮਾ, ਜ਼ੁਕਾਮ, ਛਿੱਕਾਂ ਆਉਣੀਆਂ, ਨੱਕ ਵਿਚੋਂ ਪਾਣੀ ਵਗਣਾ ਆਦਿ ਦੀ ਸਮੱਸਿਆ ਆ ਜਾਂਦੀ ਹੈ। ਜਦੋਂ ਇਹ ਬੂਟੀ ਫੁੱਲਾਂ ਦੀ ਪਰਾਗਣ ਕਿਰਿਆ ਕਰਦੀ ਹੈ ਤਾਂ ਕਈ ਵਿਅਕਤੀ ਫੁੱਲਾਂ ਵਿਚੋਂ ਨਿਕਲੇ ਪਰਾਗ ਕਣ ਸਾਹ ਰਾਹੀਂ ਅੰਦਰ ਖਿੱਚ ਲੈਂਦੇ ਹਨ ਅਤੇ ਸਾਹ ਨਾਲੀ ਦੇ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਤੋਂ ਇਲਾਵਾ ਬੁਖਾਰ, ਚਮੜੀ ਦੇ ਰੋਗ, ਚਮੜੀ ਦੀ ਸੋਜ, ਖੁਜਲੀ, ਧੱਫੜ ਅਤੇ ਜ਼ਖ਼ਮ ਆਦਿ ਹੋ ਜਾਂਦੇ ਹਨ। ਕਈ ਵਾਰ ਇਹ ਜ਼ਖ਼ਮ ਬਹੁਤ ਹੀ ਗੰਭੀਰ ਰੂਪ ਧਾਰਨ ਕਰ ਲੈਂਦੇ ਹਨ ਅਤੇ ਇਸ ਦਾ ਇਲਾਜ ਬਹੁਤ ਹੀ ਮਹਿੰਗਾ ਪੈਂਦਾ ਹੈ। ਸਰੀਰ ਦਾ ਕੋਈ ਵੀ ਹਿੱਸਾ ਨੰਗਾ ਨਹੀਂ ਹੋਣਾ ਚਾਹੀਦਾ ਤਾਂ ਜੋ ਇਸ ਬੂਟੀ ਦਾ ਸੰਪਰਕ ਸਰੀਰ ਨਾਲ ਨਾ ਹੋ ਸਕੇ। ਜਿਹੜੇ ਵਿਅਕਤੀ ਅੱਧੀ ਬਾਂਹ ਵਾਲੀ ਕਮੀਜ਼ ਪਾ ਕੇ ਜਾਂ ਕਈ ਵਾਰ ਕੰਮ ਕਰਦੇ ਸਮੇਂ ਪਜਾਮਾ ਉਤਾਰ ਕੇ ਖੇਤਾਂ ਵਿਚ ਇਸ ਬੂਟੀ ਦੇ ਸੰਪਰਕ ਵਿਚ ਰਹਿੰਦੇ ਹਨ, ਉਹ ਇਸ ਬੂਟੀ ਤੋਂ ਉਤਪੰਨ ਰੋਗਾਂ ਦੇ ਵੱਧ ਸ਼ਿਕਾਰ ਹੁੰਦੇ ਹਨ। ਰੋਗੀ ਨੂੰ ਠੀਕ ਹੋਣ ਲਈ ਕਾਫ਼ੀ ਸਮਾਂ ਲਗਦਾ ਹੈ ਅਤੇ ਕਈ ਵਾਰ ਡਾਕਟਰੀ ਸਹਾਇਤਾ ਦੀ ਲੋੜ ਪੈਂਦੀ ਹੈ। ਇਸ ਦੇ ਸੁੱਕੇ ਹੋਏ ਬੂਟੇ ਵੀ ਹਾਨੀਕਾਰਕ ਸਿੱਧ ਹੋ ਸਕਦੇ ਹਨ। ਬੂਟੇ ਪੁੱਟਣ ਸਮੇਂ ਹੱਥਾਂ ਉਪਰ ਦਸਤਾਨੇ ਜ਼ਰੂਰ ਪਾਉਣੇ ਚਾਹੀਦੇ ਹਨ ਅਤੇ ਬਾਕੀ ਸਰੀਰ ਦੇ ਅੰਗ ਵੀ ਪੂਰੀ ਤਰ੍ਹਾਂ ਢੱਕੇ ਹੋਣੇ ਚਾਹੀਦੇ ਹਨ। ਇਸ ਬੂਟੀ ਦਾ ਪਸ਼ੂਆਂ ਦੀ ਸਿਹਤ ਉਪਰ ਵੀ ਬਹੁਤ ਮਾੜਾ ਅਸਰ ਦੇਖਿਆ ਗਿਆ ਹੈ। ਜੇ ਇਸ ਬੂਟੀ ਵਿਚ ਪਸ਼ੂ ਘੁੰਮਦੇ ਰਹਿਣ ਤਾਂ ਪਸ਼ੂਆਂ ਦੀ ਚਮੜੀ ਉਪਰ ਖਰਾਸ਼ ਪੈ ਜਾਂਦੀ ਹੈ। ਜੇ ਦੁਧਾਰੂ ਪਸ਼ੂ ਇਸ ਬੂਟੀ ਨੂੰ ਖਾ ਲੈਣ ਤਾਂ ਦੁੱਧ ਦਾ ਸੁਆਦ ਬਦਲ ਜਾਂਦਾ ਹੈ ਕਿਉਂਕਿ ਪਾਰਥੀਨਿਨ ਨਾਂ ਦੇ ਜ਼ਹਿਰ ਦੀ ਮਾਤਰਾ ਦੁੱਧ ਵਿਚ ਆ ਜਾਂਦੀ ਹੈ ਜੋ ਕਿ ਮਨੁੱਖੀ ਸਿਹਤ ਲਈ ਬਹੁਤ ਹਾਨੀਕਾਰਕ ਹੈ। ਜੇ ਪਸ਼ੂ ਇਸ ਨੂੰ ਜ਼ਿਆਦਾ ਮਾਤਰਾ ਵਿਚ ਖਾ ਲੈਂਦੇ ਹਨ ਤਾਂ ਕਈ ਵਾਰ ਮਰ ਵੀ ਸਕਦੇ ਹਨ। ਇਸ ਦੀ ਜ਼ਹਿਰ ਕਰਕੇ ਪਸ਼ੂਆਂ ਦੇ ਸਰੀਰ 'ਤੇ ਲਾਲ ਧਾਰੀਆਂ, ਵਾਲਾਂ ਦਾ ਡਿੱਗਣਾ, ਚਮੜੀ ਖਰਾਬ ਹੋ ਜਾਣੀ, ਮੂੰਹ ਵਿਚ ਛਾਲੇ ਪੈ ਜਾਂਦੇ ਹਨ ਅਤੇ ਪਸ਼ੂਆਂ ਦੀ ਸਿਹਤ ਕਮਜ਼ੋਰ ਹੋ ਜਾਂਦੀ ਹੈ।

## ਗਾਜਰਬੂਟੀ ਦੇ ਖਾਤਮੇ ਦੇ ਢੰਗ

ਗਾਜਰਬੂਟੀ ਦੀ ਸਮੱਸਿਆ ਦਾ ਹੱਲ ਇਸ ਦੀ ਰੋਕਥਾਮ ਕਰਕੇ ਨਹੀਂ ਪਰ ਇਸ ਨੂੰ ਖਤਮ ਕਰਕੇ ਹੈ। ਖੇਤੀ ਖੋਜ ਦੀ ਸਿਰਮੌਰ ਸੰਸਥਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਪੰਜਾਬ ਇਸ ਬੂਟੀ ਦੇ ਖਾਤਮੇ ਲਈ ਪੱਬਾਂ ਭਾਰ ਹੈ ਅਤੇ ਪਿਛਲੇ ਸਮੇਂ ਦੌਰਾਨ ਇਸ ਦੇ ਖਾਤਮੇ ਲਈ ਇਸ ਅਦਾਰੇ ਵਲੋਂ ਕਾਫ਼ੀ ਸਿਫ਼ਾਰਸ਼ਾਂ ਵੀ ਦਿਤੀਆਂ ਗਈਆਂ ਹਨ ਪਰ ਇਨ੍ਹਾਂ ਸਿਫ਼ਾਰਸ਼ਾਂ ਨੂੰ ਕੁਝ ਹੇਠ ਦਿਤੇ ਕਾਰਨਾਂ ਕਰਕੇ ਨਹੀਂ ਅਪਣਾਇਆ ਜਾ ਰਿਹਾ :-

- ਇਸ ਬੂਟੀ ਦਾ ਮੁੱਖ ਫ਼ਸਲਾਂ ਨੂੰ ਨੁਕਸਾਨ ਨਾ ਪਹੁੰਚਾਉਣਾ ਕਿਉਂਕਿ ਕਿਸਾਨ ਜ਼ਿਆਦਾਤਰ ਉਥੇ ਹੀ ਨਦੀਨ ਪ੍ਰਬੰਧ ਕਰਦੇ ਹਨ ਜਿਥੇ ਉਨ੍ਹਾਂ ਦੀਆਂ ਫ਼ਸਲਾਂ ਦਾ ਮਾਲੀ ਨੁਕਸਾਨ ਹੁੰਦਾ ਹੋਵੇ।
- ਗ਼ੈਰ ਫ਼ਸਲੀ ਥਾਵਾਂ ਦੀ ਸਪੁਰਦਾਰੀ ਸਰਕਾਰੀ ਹੋਣ ਕਰਕੇ (ਜਿਵੇਂ ਕਿ ਸੜਕਾਂ ਅਤੇ ਰੇਲ ਪਟੜੀਆਂ ਦੇ ਦੁਆਲੇ ਪੰਚਾਇਤੀ ਜਾਂ ਸਰਕਾਰੀ ਸ਼ਾਮਲਾਟਾਂ ਆਦਿ) ਆਮ ਲੋਕਾਂ ਵਲੋਂ ਇਸ ਬੂਟੀ ਦੇ ਖਾਤਮੇ ਲਈ ਬਹੁਤੀ ਦਿਲਚਸਪੀ ਨਾ ਲੈਣਾ।
- ਇਸ ਬੂਟੀ ਦੇ ਮਾਰੂ ਅਸਰਾਂ ਪ੍ਰਤਿ ਲੋਕਾਂ ਦਾ ਜਾਗਰੂਕ ਨਾ ਹੋਣਾ।
- ਵਾਤਾਵਰਨ ਹਤੈਸ਼ੀ ਸੰਗਠਨਾਂ ਦਾ ਇਸ

ਦੇ ਖਾਤਮੇ ਲਈ ਵੱਡੇ ਪੱਧਰ 'ਤੇ ਕੋਈ ਬਹੁਤ ਧਿਆਨ ਨਾ ਦੇਣਾ।

• ਸਰਕਾਰ ਵਲੋਂ ਕੋਈ ਸਖਤ ਕਾਨੂੰਨ ਜਾਂ ਕੋਈ ਹੋਰ ਠੋਸ ਕਦਮ ਨਾ ਚੁੱਕਣਾ।

ਇਸ ਲਈ ਇਸ ਬੂਟੀ ਦੇ ਖਾਤਮੇ ਲਈ ਹੇਠਾਂ ਲਿਖੇ ਢੰਗਾਂ ਨੂੰ ਅਪਨਾਉਣਾ ਚਾਹੀਦਾ ਹੈ:-

• ***ਲੋਕਾਂ ਨੂੰ ਜਾਗਰੂਕ ਕਰਨਾ :*** ਇਸ ਤਰ੍ਹਾਂ ਅਸੀਂ ਜਾਗਰੂਕ ਹੋਣ ਉਪਰੰਤ ਪੋਲੀਓ, ਟੀ.ਬੀ., ਪੋਲੀ (ਨਦੀਨ) ਆਦਿ ਵਰਗੀਆਂ ਸਮੱਸਿਆਵਾਂ ਦਾ ਖਾਤਮਾ ਕਰ ਚੁੱਕੇ ਹਾਂ ਜਾਂ ਖਾਤਮਾ ਕਰ ਰਹੇ ਹਾਂ। ਇਸੇ ਤਰ੍ਹਾਂ, ਲੋੜ ਹੈ ਇਸ ਬੂਟੀ ਦੇ ਖਾਤਮੇ ਲਈ ਵੀ ਰਾਸ਼ਟਰੀ ਪੱਧਰ 'ਤੇ ਕੋਈ ਚੰਗੇ ਬਜਟ ਵਾਲੀ ਸਕੀਮ ਲਾਗੂ ਹੋਵੇ ਤੇ ਨਾਲ-ਨਾਲ ਲੋਕਾਂ ਵਲੋਂ ਵੀ ਭਰਪੂਰ ਹੁੰਗਾਰਾ ਮਿਲੇ। ਉਦਾਹਰਣ ਵਜੋਂ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਚਲ ਰਹੇ ਪੇਂਡੂ ਵਿਕਾਸ ਧਨ ਯੋਜਨਾ (ਪੰਜਾਬ ਸਰਕਾਰ ਤੋਂ ਵਿੱਤੀ ਸਹਾਇਤਾ ਪ੍ਰਾਪਤ) ਅਧੀਨ ਸਮੁੱਚੇ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਛੇ-ਛੇ ਪਿੰਡਾਂ ਨੂੰ ਅਪਨਾਇਆ ਗਿਆ ਹੈ। ਇਨ੍ਹਾਂ ਪਿੰਡਾਂ ਵਿਚ ਬਾਕੀ ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਤੋਂ ਇਲਾਵਾ, ਗਾਜਰਬੂਟੀ ਖਾਤਮਾ ਮੁਹਿੰਮ ਜ਼ਿਲ੍ਹਾ ਪੱਧਰ 'ਤੇ ਕੰਮ ਕਰ ਰਹੇ ਪਸਾਰ ਮਾਹਿਰਾਂ ਵਲੋਂ ਚਲਾਈ ਜਾ ਰਹੀ ਹੈ ਅਤੇ ਲੋਕਾਂ ਵਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ ਤੇ ਨਾਲ-ਨਾਲ ਨਤੀਜੇ ਵੀ ਸਾਰਥਕ ਆ ਰਹੇ ਹਨ। ਇਸ ਤਰ੍ਹਾਂ ਦੇ ਕਾਰਨਾਮਿਆਂ ਦੀ ਵੱਡੇ ਪੱਧਰ 'ਤੇ ਵੀ ਜ਼ਰੂਰਤ ਹੈ।

• ***ਵਾਤਾਵਰਨ ਪ੍ਰੇਮੀ ਅੱਗੇ ਆਉਣ :*** ਪੰਜਾਬ ਵਿਚ ਹੀ ਨਹੀਂ ਸਗੋਂ ਸਾਰੇ ਦੇਸ਼ ਵਿਚ ਬਹੁਤ ਸਾਰੀਆਂ ਵਾਤਾਵਰਨ ਹਤੈਸ਼ੀ ਸੰਸਥਾਵਾਂ ਤੇ ਸੰਗਠਨ ਚੱਲ ਰਹੇ ਹਨ ਜੋ ਕਿ ਵਾਤਾਵਰਨ ਦੇ ਬਹੁਤ ਸਾਰੇ ਵਿਸ਼ਿਆਂ ਉਪਰ ਕੰਮ ਕਰ ਰਹੇ ਹਨ ਜਿਵੇਂ ਕਿ ਰੁੱਖ ਲਗਾਉਣਾ, ਕੁਦਰਤੀ ਸਾਧਨਾਂ ਦੀ ਸੰਭਾਲ ਆਦਿ ਪਰ ਅਜੇ ਤਕ ਇਹ ਗਾਜਰਬੂਟੀ ਦਾ ਵਿਸ਼ਾ ਤਕਰੀਬਨ ਇਹ ਸਾਰੀਆਂ ਸੰਸਥਾਵਾਂ ਲਈ ਨਵਾਂ ਹੈ। ਸੋ, ਸਮੇਂ ਦੀ ਲੋੜ ਅਨੁਸਾਰ ਇਹ ਸੰਸਥਾਵਾਂ ਇਸ ਭਲੇ ਕੰਮ ਲਈ ਵੀ ਅੱਗੇ ਆਉਣ।

• ***ਸਰਕਾਰੀ ਰੁਜ਼ਗਾਰ ਸਕੀਮਾਂ ਦਾ ਲਾਹਾ ਲੈਣਾ ਚਾਹੀਦਾ ਹੈ :*** ਇਸ ਸਮੇਂ ਸਮੁੱਚੇ ਭਾਰਤ ਵਿਚ ਮਨਰੇਗਾ ਸਕੀਮ ਬਹੁਤ ਵੱਡੇ ਪੱਧਰ 'ਤੇ ਚੱਲ ਰਹੀ ਹੈ ਅਤੇ ਦੁਨੀਆਂ ਦੀਆਂ ਰੁਜ਼ਗਾਰ ਯੋਜਨਾਵਾਂ ਵਿਚ ਅਹਿਮ ਹੈ। ਇਸ ਯੋਜਨਾ ਵਿਚ ਪੈਸਾ ਕਾਫੀ ਜ਼ਿਆਦਾ ਅਤੇ ਖਰਚਣ ਦਾ ਅਧਿਕਾਰ ਪੰਚਾਇਤਾਂ ਕੋਲ ਹੋਣ ਕਰਕੇ ਕਈ ਥਾਈਂ ਇਹ ਯੋਜਨਾ ਆਲੋਚਨਾ ਦਾ ਸ਼ਿਕਾਰ ਵੀ ਹੋ ਰਹੀ ਹੈ। ਸੋ, ਲੋੜ ਹੈ ਕਿ ਇਹੋ ਜਿਹੀਆਂ ਰਾਸ਼ਟਰੀ ਪੱਧਰ ਦੀਆਂ ਸਕੀਮਾਂ ਦਾ ਭਰਪੂਰ ਲਾਹਾ ਲਿਆ ਜਾਵੇ। ਪੰਚਾਇਤਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਨਰੇਗਾ ਤਹਿਤ ਗਾਜਰਬੂਟੀ ਪੁਟਵਾ ਕੇ ਘੱਟੋ-ਘੱਟ ਆਪਣੇ ਨਗਰ ਨੂੰ ਤਾਂ ਇਸ ਕੋਹੜ ਤੋਂ ਮੁਕਤ ਰੱਖਣ।

• ***ਕਾਨੂੰਨ ਬਣੇ ਤੇ ਲਾਗੂ ਹੋਵੇ :*** ਹੋਰ ਸਾਧਨਾਂ ਦੇ ਨਾਲ-ਨਾਲ ਕਾਨੂੰਨੀ ਸ਼ਿਕੰਜਾ ਵੀ ਸਾਰਥਕ ਸਿੱਧ ਹੋ ਸਕਦਾ ਹੈ। ਕਾਨੂੰਨ ਤਹਿਤ ਇਸ ਬੂਟੀ ਦਾ ਵਿਸਥਾਰ ਰੋਕਿਆ ਜਾ ਸਕਦਾ ਹੈ। ਉਦਾਹਰਣ ਦੇ ਤੌਰ ਤੇ ਅਸਟ੍ਰੇਲੀਆ ਵਿਚ ਇਸ ਦੇ ਬੀਜ ਮਿਸ਼ਰਣ ਵਾਲੀਆਂ ਜਿਨਸਾਂ ਜਾਂ ਹੋਰ ਖੇਤੀ ਪਦਾਰਥਾਂ 'ਤੇ ਰੋਕ ਲਾ ਦਿਤੀ ਗਈ ਹੈ। ਇਸ ਤਰ੍ਹਾਂ ਕਰਨਾਟਕ ਸਰਕਾਰ ਵਲੋਂ ਸੰਨ 1976 ਵਿਚ ਇਸ ਬੂਟੀ ਨੂੰ 'ਕਰਨਾਟਕਾ ਐਗਰੀਕਲਚਰਲ ਪੇਸਟ ਐਂਡ ਡਜ਼ੀਜ਼ ਐਕਟ 1969' ਹੇਠ ਲੈ ਲਿਆ ਗਿਆ। ਕੋਈ ਅਜਿਹਾ ਕਾਨੂੰਨ ਬਣੇ ਕਿ ਜਿਸ ਦੀ ਕਾਸ਼ਤਕਾਰ ਦੇ ਖੇਤ ਵਿਚ ਜਾਂ ਖੇਤ ਦੇ ਦੁਆਲੇ ਜਾਂ ਕਿਸੇ ਵੀ ਮਕਾਨ ਅੱਗੇ ਜਾਂ ਹੋਰ ਕੋਈ ਥਾਵਾਂ 'ਪੰਚਾਇਤ ਘਰਾਂ, ਸਕੂਲਾਂ, ਸ਼ਾਮਲਾਟਾਂ ਆਦਿ) ਜਿਥੇ ਇਹ ਬੂਟੀ ਹੋਵੇ ਅਤੇ ਇਨ੍ਹਾਂ ਦੀ ਸਪੁਰਦਾਰੀ ਵਾਲੇ ਲੋਕਾਂ ਨੂੰ ਇਨ੍ਹਾਂ ਥਾਵਾਂ 'ਤੇ ਇਹ ਬੂਟੀ ਦੇ ਪਾਏ ਜਾਣ 'ਤੇ ਕਾਨੂੰਨੀ ਜੁਰਮਾਨਾ ਜਾਂ ਕੋਈ ਹੋਰ ਸਖਤ ਕਾਨੂੰਨੀ ਸ਼ਿਕੰਜਾ ਕੱਸਿਆ ਜਾਵੇ। ਇਸ ਪ੍ਰਕਾਰ ਕਾਨੂੰਨ ਦੀ ਸਖਤੀ ਦੇ ਡਰ ਤੋਂ ਲੋਕ ਇਹ ਬੂਟੀ ਦਾ ਨਾਸ਼ ਕਰ ਸਕਦੇ ਹਨ।

• ***ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫ਼ਾਰਸ਼ਾਂ ਨੂੰ ਅਪਨਾਇਆ ਜਾਵੇ :*** ਖੇਤੀ ਯੂਨੀਵਰਸਿਟੀ ਇਹੋ ਜਿਹੀਆਂ ਖੇਤੀ ਅਲਾਮਤਾਂ ਦੇ ਸਮਾਧਾਨ ਲਈ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ। ਇਸ ਬੂਟੀ ਨੂੰ ਮਾਰਨ ਲਈ ਦੋ ਤਰੀਕੇ ਹਨ, ਪਹਿਲਾ ਇਸ ਨੂੰ ਜੜ੍ਹਾਂ ਸਮੇਤ ਪੁੱਟਣਾ ਅਤੇ ਦੂਸਰਾ ਨਦੀਨ ਨਾਸ਼ਕਾਂ ਦਾ ਪ੍ਰਯੋਗ ਕਰਨਾ। ਬਰਸਾਤ ਦੇ ਮੌਸਮ ਦੌਰਾਨ ਜ਼ਮੀਨ ਵਿਚ ਨਮੀ ਹੋਣ ਕਰਕੇ ਮਿੱਟੀ ਪੋਲੀ ਹੋ ਜਾਂਦੀ ਹੈ ਅਤੇ ਇਸ ਬੂਟੀ ਨੂੰ ਜੜ੍ਹੋਂ ਪੁੱਟ ਕੇ ਵੀ ਇਸ ਦਾ ਖਾਤਮਾ ਕੀਤਾ ਜਾ ਸਕਦਾ ਹੈ। ਧਿਆਨ ਰਹੇ ਕਿ ਬੂਟੀ ਨੂੰ ਪੁੱਟਣ ਲਈ ਹੱਥਾਂ ਉਪਰ ਦਸਤਾਨੇ ਚੜ੍ਹਾ ਲਵੋ ਅਤੇ ਪੁੱਟ ਕੇ ਦੱਬ ਦੇਵੋ। ਉਪਰੰਤ ਆਪਣੇ ਹੱਥਾਂ ਨੂੰ ਚੰਗੀ ਤਰ੍ਹਾ ਸਾਬਣ ਨਾਲ ਧੋ ਲਵੋ।

ਗਾਜਰਬੂਟੀ ਨੂੰ ਲੰਬੇ ਦਸਤੇ ਵਾਲੇ ਔਜ਼ਾਰ ਜਿਸ ਤਰ੍ਹਾਂ ਕਹੀ ਜਾਂ ਕਸੋਲੇ ਨਾਲ ਜੜ੍ਹੋਂ ਪੁੱਟੋ ਕਿਉਂਕਿ ਜੇ ਇਸ ਦੇ ਬੂਟੇ ਨੂੰ ਜ਼ਮੀਨ ਦੇ ਉਪਰ ਤੋਂ ਕੱਟਿਆ ਜਾਵੇ ਤਾਂ ਇਹ ਦੁਬਾਰਾ ਚੱਲ ਪੈਂਦਾ ਹੈ। ਸਾਰੇ ਪੁੱਟੇ ਹੋਏ ਬੂਟਿਆਂ ਨੂੰ ਇਕ ਥਾਂ 'ਤੇ ਇਕੱਠਾ ਕਰਕੇ ਸੁਕਾ ਕੇ ਅੱਗ ਲਗਾ ਦਿਉ ਕਿਉਂਕਿ ਇਸ ਬੂਟੀ ਦੇ ਸੁੱਕੇ ਬੂਟੇ ਵੀ ਬੀਮਾਰੀ ਦਾ ਕਾਰਨ ਬਣ ਸਕਦੇ ਹਨ। ਖਾਲੀ ਥਾਵਾਂ 'ਤੇ ਜਿਥੇ ਟਰੈਕਟਰ ਚੱਲ ਸਕਦਾ ਹੋਵੇ ਉਥੇ ਜ਼ਮੀਨ ਨੂੰ ਲਗਾਤਾਰ ਵਾਹੁੰਦੇ ਰਹਿਣਾ ਚਾਹੀਦਾ ਹੈ। ਖੇਡ ਦੇ ਮੈਦਾਨਾਂ ਵਿਚ ਜੇ ਇਹ ਬੂਟੀ ਹੋਵੇ ਤਾਂ ਲਗਾਤਾਰ ਘਾਹ ਕੱਟਣ ਵਾਲੀ ਮਸ਼ੀਨ ਦੀ ਵਰਤੋਂ ਨਾਲ ਇਸ ਨਦੀਨ 'ਤੇ ਕਾਬੂ ਪਾਇਆ ਜਾ ਸਕਦਾ ਹੈ। ਖਾਲੀ ਥਾਵਾਂ ਵਿਚ ਗਿੰਨੀ ਘਾਹ ਦਾ ਬੀਜ ਖਿਲਾਰਨ ਨਾਲ ਗਾਜਰ ਬੂਟੀ 2-3 ਸਾਲਾਂ ਵਿਚ ਦਬ ਜਾਂਦੀ ਹੈ।

• ***ਨਦੀਨ ਨਾਸ਼ਕਾਂ ਰਾਹੀਂ ਰੋਕਥਾਮ :*** ਫ਼ਰਵਰੀ ਦੇ ਮਹੀਨੇ ਗਾਜਰਬੂਟੀ ਦਾ ਪੁੰਗਾਰਾ ਸ਼ੁਰੂ ਹੁੰਦਾ ਹੈ ਅਤੇ ਇਸ ਸਮੇਂ ਐਟਰਰਾਫ਼ (ਐਟਾਰਜੀਨ ਰਸਾਇਣ) 1 ਤੋਂ 1.5 ਕਿਲੋ/ਏਕੜ ਪ੍ਰਤਿ 200 ਲਿਟਰ ਪਾਣੀ ਦੇ ਘੋਲ ਦਾ ਛਿੜਕਾਅ ਕਰਨ ਨਾਲ ਇਸ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਇਹ ਰਸਾਇਣ ਗਾਜਰਬੂਟੀ ਦੇ ਉੱਗੇ ਹੋਏ ਬੂਟਿਆਂ ਨੂੰ ਵੀ ਮਾਰ ਦਿੰਦੀ ਹੈ। ਇਸ ਤੋਂ ਇਲਾਵਾ, ਉੱਗੀ ਹੋਈ ਬੂਟੀ ਨੂੰ (ਗਲਾਈਫੋਸੇਟ) ਰਾਉਂਡ ਅੱਪ ਇਕ ਲਿਟਰ ਜਾਂ ਐਕਸਲ ਮੇਰਾ 600 ਗ੍ਰਾਮ ਪ੍ਰਤਿ ਏਕੜ 200 ਲਿਟਰ ਪਾਣੀ ਦੇ ਘੋਲ ਦਾ ਇਸਤੇਮਾਲ ਵੀ ਕੀਤਾ ਜਾ ਸਕਦਾ ਹੈ।

• ***ਵੱਡੀ ਲੋਕ ਲਹਿਰ ਦੀ ਲੋੜ :*** ਜਾਗਰੂਕ ਲੋਕ ਇਸ ਬੂਟੀ ਦੇ ਖਾਤਮੇ ਲਈ ਇਕ ਵੱਡੀ ਲੋਕ ਲਹਿਰ ਦੇ ਰੂਪ ਵਿਚ ਅੱਗੇ ਆਉਣ। ਅਜਿਹਾ ਹੋਣ ਨਾਲ ਇਸ ਬੂਟੀ ਦਾ ਖਾਤਮਾ ਬਹੁਤ ਹੀ ਜਲਦੀ ਹੋ ਸਕਦਾ ਹੈ।

*(ਲੇਖਕ ਕੇ.ਵੀ.ਕੇ. ਬਾਹੋਵਾਲ, ਹੁਸ਼ਿਆਰਪੁਰ ਅਤੇ ਐਫ ਏ ਐੱਸ ਐੱਸ ਕਪੂਰਥਲਾ ਨਾਲ ਸੰਬੰਧਿਤ ਹਨ।)*

# ਡਾਇਬਟੀਜ਼ : ਸ਼ੰਕੇ, ਜਗਿਆਸਾ ਤੇ ਹੱਲ

ਡਾ. ਯਤੀਸ਼ ਅਗਰਵਾਲ

ਆਪਣੇ-ਆਪ ਨੂੰ ਜਾਂ ਪਰਿਵਾਰ ਵਿਚ ਕਿਸੇ ਦੋਸਤ-ਮਿੱਤਰ ਨੂੰ ਜੇ ਡਾਇਬਟੀਜ਼ ਹੋ ਜਾਵੇ ਤਾਂ ਮਨ ਵਿਚ ਆਪਣੇ-ਆਪ ਹੀ ਕਈ ਤਰ੍ਹਾਂ ਦੇ ਸਵਾਲ ਉੱਠ ਖੜ੍ਹੇ ਹੁੰਦੇ ਹਨ। ਜਿਵੇਂ ਲੰਮੇ ਸਮੇਂ ਤਕ ਚੱਲਣ ਵਾਲੇ ਹਰ ਰੋਗ ਨਾਲ ਸਮੇਂ ਦੀ ਧਾਰਾ ਵਿਚ ਅਨੇਕ ਅੰਧ-ਵਿਸ਼ਵਾਸ ਅਤੇ ਗਲਤ-ਫਹਿਮੀਆਂ ਜੁੜ ਜਾਂਦੇ ਹਨ, ਉਵੇਂ ਹੀ ਡਾਇਬਟੀਜ਼ ਦੇ ਨਾਲ ਵੀ ਹੋਇਆ ਹੈ। ਇਸ ਦੇ ਇਲਾਜ ਬਾਰੇ ਪਤਾ ਨਹੀਂ ਕਿੰਨੇ ਦਾਹਵੇ ਹਨ। ਕੋਈ ਕਿਸੇ ਚੀਜ਼ ਨੂੰ ਸਾਰਥਕ ਦੱਸਦਾ ਹੈ ਤੇ ਕੋਈ ਕਿਸੇ ਜੜੀ-ਬੂਟੀ ਨੂੰ। ਘਰ 'ਚ ਕਿਸੇ ਬੇਟੇ-ਬੇਟੀ ਵਿਚੋਂ ਕਿਸੇ ਨੂੰ ਰੋਗ ਹੋ ਜਾਵੇ ਤਾਂ ਜਿਵੇਂ ਹੱਥਾਂ-ਪੈਰਾਂ ਦੀ ਪੈ ਜਾਂਦੀ ਹੈ। ਕੁਝ ਲੋਕ ਰੋਗ ਦਾ ਪਤਾ ਲੱਗਣ ਸਾਰ ਹੀ ਨਿਰਾਸ਼ਾਵਾਦੀ ਹੋ ਜਾਂਦੇ ਹਨ, ਸੋਚਣ ਲਗਦੇ ਹਨ ਕਿ ਡਾਇਬਟੀਜ਼ ਹੋ ਗਈ ਤਾਂ ਹੁਣ ਕੀ ਹੋ ਸਕਦਾ ਹੈ। ਜਦ ਕਿ ਠੀਕ ਤਰ੍ਹਾਂ ਇਲਾਜ ਕਰਾਉਣ ਨਾਲ ਤੇ ਜੀਵਨ-ਸ਼ੈਲੀ ਵਿਚ ਸਿਹਤਮੰਦ ਪਰਿਵਰਤਨ ਲਿਆ ਕੇ ਡਾਇਬਟੀਜ਼ ਦੇ ਹੁੰਦਿਆਂ ਬਹੁਤਾ ਕੁਝ ਆਮ ਵਰਗਾ ਜੀਵਨ ਜੀਵਿਆ ਜਾ ਸਕਦਾ ਹੈ। ਇਥੇ ਡਾਇਬਟੀਜ਼ ਨਾਲ ਕੁਝ ਆਮ ਸ਼ੰਕਿਆਂ, ਜਗਿਆਸਾਵਾਂ ਤੇ ਗਲਤ-ਫਹਿਮੀਆਂ ਦੇ ਖੁੱਲ੍ਹੇ ਹੱਲ ਪੇਸ਼ ਹਨ।

*ਪ੍ਰਸ਼ਨ : ਡਾਇਬਟੀਜ਼ ਵਿਚ ਬਲੱਡ ਸ਼ੂਗਰ ਉਤੇ ਨਿਯੰਤ੍ਰਣ ਰੱਖਣਾ ਕਿਉਂ ਜ਼ਰੂਰੀ ਹੈ?*

ਉੱਤਰ : ਕਈ ਅਧਿਐਨਾਂ ਤੋਂ ਇਸ ਤੱਥ ਦੀ ਪੁਸ਼ਟੀ ਹੋਈ ਹੈ ਕਿ ਡਾਇਬਟੀਜ਼ ਵਿਚ ਬਲੱਡ ਸ਼ੂਗਰ ਜਿੰਨੀ ਸੰਤੁਲਿਤ ਰਹੇ, ਰੋਗੀ ਲਈ ਸਿਹਤਮੰਦ ਹੁੰਦੀ ਹੈ। ਇਸ ਨਾਲ ਡਾਇਬਟੀਜ਼ ਤੋਂ ਉਤਪੰਨ ਹੋਣ ਵਾਲੀਆਂ ਤਮਾਮ ਬੀਮਾਰੀਆਂ ਜਿਵੇਂ ਅੱਖ ਦੇ ਪਰਦੇ, ਗੁਰਦੇ, ਧਮਣੀਆਂ ਤੇ ਤੰਤ੍ਰਿਕਾਵਾਂ ਵਿਚ ਹੋਣ ਵਾਲੇ ਬੁਰੇ ਪਰਿਵਰਤਨਾਂ ਵਿਚ ਮਹੱਤਵਪੂਰਨ ਕਮੀ ਆਉਂਦੀ ਹੈ। ਜਿਨ੍ਹਾਂ ਲੋਕਾਂ ਵਿਚ ਬਲੱਡ ਸ਼ੂਗਰ ਸੰਤੁਲਿਤ ਬਣੀ ਰਹਿੰਦੀ ਹੈ ਉਨ੍ਹਾਂ ਵਿਚ ਇਨ੍ਹਾਂ ਜਟਿਲਤਾਵਾਂ ਦੀ ਦਰ 25 ਪ੍ਰਤਿਸ਼ਤ ਘੱਟ ਪਾਈ ਗਈ ਹੈ। ਇਹ ਬਹੁਤ ਵੱਡੀ ਗੱਲ ਹੈ ਕਿਉਂਕਿ ਡਾਇਬਟੀਜ਼ ਨਾਲ ਸਭ ਤੋਂ ਵੱਡੀ ਪ੍ਰੇਸ਼ਾਨੀ ਉਸ ਦੁਆਰਾ ਉਤਪੰਨ ਹੋਣ ਵਾਲੇ ਇਹ ਬੁਰੇ-ਪਰਿਵਰਤਨ ਹੀ ਹਨ। ਧਮਣੀਆਂ ਦੇ ਰੋਗਾਣੂ ਨਾ ਹੋਣ ਨਾਲ ਦਿਲ ਅਤੇ ਲਹੂ ਸੰਚਾਰ ਪ੍ਰਣਾਲੀ ਦੀ ਸਿਹਤ ਉਤੇ ਵੀ ਆਂਚ ਨਹੀਂ ਆਉਂਦੀ ਤੇ ਬਲੱਡ ਪ੍ਰੈਸ਼ਰ ਵੀ ਨਹੀਂ ਵਧਦਾ।

*ਪ੍ਰਸ਼ਨ : ਕੀ ਡਾਇਬਟੀਜ਼ ਵਿਚ ਵਿਟਾਮਿਨ ਅਤੇ ਦੂਜੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਤਾਕਤ ਵਧਾਉਣ ਵਾਲੇ ਕੈਪਸੂਲ ਲੈਣ ਨਾਲ ਫ਼ਾਇਦਾ ਹੁੰਦਾ ਹੈ?*

ਜਵਾਬ : ਭਾਵੇਂ ਕਿ ਸਮੇਂ-ਸਮੇਂ ਪੋਟੇਸ਼ੀਅਮ, ਮੈਗਨੇਸ਼ੀਅਮ, ਜ਼ਿੰਕ, ਕ੍ਰੋਮੀਆ ਅਤੇ ਵੇਨੇਡੀਅਮ ਅਤੇ ਡਾਇਬਟੀਜ਼ ਵਿਚਾਲੇ ਸੰਬੰਧ ਸਥਾਪਤ ਕਰਨ ਦੇ ਯਤਨ ਹੋਏ ਹਨ ਪਰ ਹੁਣ ਤਕ ਕੋਈ ਅਜਿਹਾ ਸਪਸ਼ਟ ਸਬੂਤ ਨਹੀਂ ਮਿਲਿਆ ਜਿਸ ਤੋਂ ਇਨ੍ਹਾਂ ਤੱਤਾਂ ਦੀ ਉਪਯੋਗਤਾ ਦੀ ਪੁਸ਼ਟੀ ਹੋ ਸਕੇ। ਬੀਤੇ ਕੁਝ ਵਰ੍ਹਿਆਂ ਤੋਂ ਡਾਇਬਟੀਜ਼ ਦੀ ਉਪਜ ਵਿਚ ਫ੍ਰੀ-ਰੇਡੀਕਲਜ਼ ਦੇ ਹੱਥ ਹੋਣ ਦੇ ਸਿੱਧਾਂਤ ਨੇ ਵੀ ਜ਼ੋਰ ਫੜਿਆ ਹੈ। ਪਰ ਐਂਟੀ-ਆਕਸੀਡੈਂਟ ਦੇਣ ਨਾਲ ਨਾ ਤਾਂ ਰੋਗ ਉਤੇ ਰੋਕ ਲਾਉਣ ਵਿਚ ਹੀ ਕਾਮਯਾਬੀ ਮਿਲੀ ਹੈ ਤੇ ਨਾ ਹੀ ਡਾਇਬਟੀਜ਼ ਨੂੰ ਕਾਬੂ ਕਰ ਸਕਣ ਵਿਚ ਕੋਈ ਵਧੇਰੇ ਸਫਲਤਾ ਮਿਲ ਸਕੀ ਹੈ। ਪਰ ਫਿਰ ਵੀ ਐਂਟੀਆਕਸੀਡੈਂਟ-ਭਰਪੂਰ ਕੁਦਰਤੀ ਆਹਾਰ ਜਿਸ ਵਿਚ ਫਲ, ਸਬਜ਼ੀ, ਸਲਾਦ ਭਰਵੀਂ ਮਾਤਰਾ ਵਿਚ ਹੋਣ ਤਾਂ ਲੈਣ ਵਿਚ ਕਤਈ ਕੋਈ ਹਰਜ਼ ਨਹੀਂ ਹੈ। ਕੋਈ ਵਿਅਕਤੀ ਸੰਤੁਲਿਤ ਸੰਪੂਰਨ ਆਹਾਰ ਲੈਂਦਾ ਰਹੇ ਤਾਂ ਕਿਸੇ ਵਿਟਾਮਿਨ ਜਾਂ ਮਿਨਰਲ ਭਰਪੂਰ ਕੈਪਸੂਲ ਲੈਣ ਦੀ ਜ਼ਰੂਰਤ ਨਹੀਂ ਹੁੰਦੀ।

**ਡਾਇਬਟੀਜ਼ ਦਾ ਪਤਾ ਲੱਗਣ ਸਾਰ ਹੀ ਕੁਝ ਲੋਕ ਨਿਰਾਸ਼ਾਵਾਦੀ ਹੋ ਜਾਂਦੇ ਹਨ, ਸੋਚਣ ਲਗਦੇ ਹਨ ਕਿ ਡਾਇਬਟੀਜ਼ ਹੋ ਗਈ ਤਾਂ ਹੁਣ ਕੀ ਹੋ ਸਕਦਾ ਹੈ। ਜਦ ਕਿ ਠੀਕ ਤਰ੍ਹਾਂ ਇਲਾਜ ਕਰਾਉਣ ਨਾਲ ਤੇ ਜੀਵਨ-ਸ਼ੈਲੀ ਵਿਚ ਸਿਹਤਮੰਦ ਪਰਿਵਰਤਨ ਲਿਆ ਕੇ ਡਾਇਬਟੀਜ਼ ਦੇ ਹੁੰਦਿਆਂ ਬਹੁਤਾ ਕੁਝ ਆਮ ਵਰਗਾ ਜੀਵਨ ਜੀਵਿਆ ਜਾ ਸਕਦਾ ਹੈ। ਇਥੇ ਡਾਇਬਟੀਜ਼ ਨਾਲ ਕੁਝ ਆਮ ਸ਼ੰਕਿਆਂ, ਜਗਿਆਸਾਵਾਂ ਤੇ ਗਲਤ-ਫਹਿਮੀਆਂ ਦੇ ਖੁੱਲ੍ਹੇ ਹੱਲ ਪੇਸ਼ ਹਨ।**

*ਪ੍ਰਸ਼ਨ : ਸੁਣਨ ਵਿਚ ਆਇਆ ਹੈ ਕਿ ਰੋਜ਼ ਥੋੜ੍ਹੀ ਜਿਹੀ ਸ਼ਰਾਬ ਪੀਣੀ ਦਿਲ ਵਾਸਤੇ ਠੀਕ ਹੈ। ਕੀ ਡਾਇਬਟੀਜ਼ ਦੇ ਹੁੰਦਿਆਂ ਵੀ ਸ਼ਰਾਬ ਪੀਤੀ ਜਾ ਸਕਦੀ ਹੈ?*

ਉੱਤਰ : ਡਾਇਬਟੀਜ਼ ਵਿਚ ਸ਼ਰਾਬ ਨੂੰ ਲੈ ਕੇ ਵੱਖਰਾ ਕੋਈ ਵਿਸ਼ੇਸ਼ ਨਿਯਮ ਨਹੀਂ ਹੈ। ਤੈ ਹੈ ਕਿ ਪੈਂਕਰਿਆਜ਼ ਵਿਚ ਸੋਜ਼ ਹੋਵੇ, ਟ੍ਰਾਇਗਲਸਰਾਇਡ ਦੀ ਮਾਤਰਾ ਵਧੀ ਹੋਵੇ ਤਾਂ ਤੰਤ੍ਰਿਕਾਵਾਂ ਵਿਚ ਨਿਊਰੋਪੈਥੀ ਦੇ ਪਰਿਵਰਤਨ ਆ ਚੁੱਕੇ ਹੋਣ ਤਾਂ ਸ਼ਰਾਬ ਤੋਂ ਪ੍ਰਹੇਜ਼ ਕਰਨਾ ਜ਼ਰੂਰੀ ਹੈ।

ਪਰ ਜੇ ਬਾਕੀ ਸਾਰੇ ਤਰ੍ਹਾਂ ਸਿਹਤਮੰਦ ਹੋਵੋ ਤਾਂ ਰੋਜ਼ 15 ਗ੍ਰਾਮ ਅਲਕੋਹਲ ਲਈ ਜਾ ਸਕਦੀ ਹੈ। ਮਤਲਬ ਇਹ ਕਿ ਜਾਂ ਤਾਂ 12 ਆਊਂਸ ਬੀਅਰ ਜਾਂ 05 ਆਊਂਸ ਵਾਈਨ ਜਾਂ 2 ਆਊਂਸ ਵਿਸਕੀ ਜਾਂ ਇੰਨੀ ਹੀ ਰਮ ਲੈਣ 'ਚ ਕੋਈ ਨੁਕਸਾਨ ਨਹੀਂ। ਪਰ ਇਹ ਸਾਵਧਾਨੀ ਜ਼ਰੂਰ ਵਰਤੋ ਕਿ ਸ਼ਰਾਬ ਨਾਲ ਭੋਜਨ ਜ਼ਰੂਰ ਲਵੋ। ਨਿਰੀ ਸ਼ਰਾਬ ਪੀਣ ਨਾਲ ਬਲੱਡ ਸ਼ੂਗਰ ਅਚਾਨਕ ਘਟ ਸਕਦੀ ਹੈ।

ਇਸ ਗੱਲ ਦਾ ਵੀ ਹਮੇਸ਼ਾ ਧਿਆਨ ਰੱਖੋ ਕਿ ਸ਼ਰਾਬ ਨੂੰ ਲੈ ਕੇ ਕਦੀ ਅਤਿ ਨਾ ਹੋ ਜਾਵੇ। ਅਜਿਹੇ ਲੋਕ ਜੋ ਬਹੁਤ ਪੀਣ ਲਗਦੇ ਹਨ ਉਨ੍ਹਾਂ ਦੇ ਸਰੀਰ ਉਤੇ ਇਸ ਦਾ ਬੁਰਾ ਅਸਰ ਪੈਂਦਾ ਹੈ। ਲੀਵਰ ਤੇ ਪੈਂਕਰਿਆਜ਼ ਵਿਚ ਸੋਜ ਆ ਸਕਦੀ ਹੈ, ਬਲੱਡ ਪ੍ਰੈਸ਼ਰ ਵਧ ਸਕਦਾ ਹੈ ਅਤੇ ਦਿਲ-ਧਮਣੀਆਂ ਅਤੇ ਦਿਮਾਗ ਉਤੇ ਵੀ ਬੁਰੇ-ਅਸਰ ਨਜ਼ਰ ਆਉਂਦੇ ਹਨ।

*ਪ੍ਰਸ਼ਨ : ਅਕਸਰ ਇਕ ਹੀ ਪਰਿਵਾਰ ਵਿਚ ਕਈ ਲੋਕ ਇਕੋ ਸਮੇਂ ਡਾਇਬਟਿਕ ਹੁੰਦੇ ਹਨ। ਅਜਿਹਾ ਕਿਉਂ? ਕੀ ਡਾਇਬਟੀਜ਼ ਛੂਤ ਦਾ ਰੋਗ ਹੈ?*

ਉੱਤਰ : ਨਹੀਂ, ਡਾਇਬਈਜ਼ ਲਾਗ ਜਾਂ ਛੂਤ ਦਾ ਰੋਗ ਨਹੀਂ ਹੈ। ਕਿਸੇ ਡਾਇਬਟਿਕ ਵਿਅਕਤੀ ਦੇ ਸੰਪਰਕ ਵਿਚ ਆਉਣ ਜਾਂ ਉਸ ਦੇ ਨਾਲ ਰਹਿਣ ਨਾਲ ਇਹ ਰੋਗ ਨਹੀਂ ਹੁੰਦਾ। ਕਿਸੇ ਬੱਚੇ ਨੂੰ ਡਾਇਬਟੀਜ਼ ਹੋਵੇ ਤਾਂ ਉਸ ਦੇ ਨਾਲ ਖੇਡਣ-ਕੁੱਦਣ ਨਾਲ ਡਾਇਬਟੀਜ਼ ਨਹੀਂ ਹੁੰਦੀ।

ਕਿਸੇ ਪਰਿਵਾਰ ਵਿਚ ਇਕ ਤੋਂ ਵੱਧ ਜਣਿਆਂ ਨੂੰ ਡਾਇਬਟੀਜ਼ ਹੋਣ ਦੇ ਮਾਇਨੇ ਸਿਰਫ਼ ਇਹ ਹਨ ਕਿ ਰੋਗ ਖ਼ਾਨਦਾਨੀ ਰੂਪ ਵਿਚ ਵੀ ਹੋ ਸਕਦਾ ਹੈ। ਮਾਂ ਜਾਂ ਬਾਪ ਜਾਂ ਉਨ੍ਹਾਂ ਦੇ ਪਰਿਵਾਰ ਵਿਚ ਡਾਇਬਟੀਜ਼ ਹੋਵੇ ਤਾਂ ਬੱਚਿਆਂ ਵਿਚ ਵੀ ਰੋਗ ਦੇ ਗੁਣ-ਸੂਤਰ ਆ ਸਕਦੇ ਹਨ। ਭੈਣਾਂ ਤੇ ਭਰਾਵਾਂ ਵਿਚ ਇਕੋ ਸਮੇਂ ਰੋਗ ਹੋਣ ਪਿੱਛੇ ਵੀ ਇਹੀ ਜੈਨੇਟਿਕ ਕਾਰਨ ਦੋਸ਼ੀ ਹੁੰਦਾ ਹੈ।

*ਪ੍ਰਸ਼ਨ : ਸਾਡੀ 19 ਵਰ੍ਹਿਆਂ ਦੀ ਬੇਟੀ ਡਾਇਬਟਿਕ ਹੈ। ਕੀ ਉਸ ਦਾ ਵਿਆਹ ਕਰਨਾ ਉਚਿਤ ਹੋਵੇਗਾ? ਕੀ ਉਹ ਆਪਣੀ ਗ੍ਰਹਿਸਤੀ ਠੀਕ ਤਰ੍ਹਾਂ ਚਲਾ ਸਕੇਗੀ?*

ਉੱਤਰ : ਹਾਂ, ਕਿਉਂ ਨੀਂ ! ਪਰ ਇੰਨਾ ਜ਼ਰੂਰ ਕਰੋ ਕਿ ਰਿਸ਼ਤਾ ਤੈ ਕਰਨ ਤੋਂ ਪਹਿਲਾਂ ਹੀ ਮੁੰਡੇ ਵਾਲਿਆਂ ਨੂੰ ਬੇਟੀ ਦੀ ਡਾਇਬਟੀਜ਼ ਬਾਰੇ ਜ਼ਰੂਰ ਦੱਸ ਦਿਉ। ਇਹ ਗੱਲ ਲੁਕੋਣ ਤੋਂ ਬਾਦ ਪ੍ਰੇਸ਼ਾਨੀ ਆ ਸਕਦੀ ਹੈ। ਵਿਆਹ ਤੋਂ ਬਾਦ ਵੀ ਇਨਸੁਲੀਨ ਦੇ ਟੀਕੇ ਅਤੇ ਖਾਣ-ਪੀਣ ਵਿਚ ਪ੍ਰਹੇਜ਼ ਛੱਡੇ ਨਹੀਂ ਜਾ ਸਕਦੇ। ਮੁੰਡੇ ਵਾਲਿਆਂ ਨੂੰ ਪਹਿਲਾਂ ਤੋਂ ਵਿਸ਼ਵਾਸ ਵਿਚ ਲੈਣ ਨਾਲ ਵਰ ਲੱਭਣ ਵਿਚ ਮੁਸ਼ਕਿਲ ਤਾਂ ਹੋਵੇਗੀ ਪਰ ਘੱਟ ਤੋਂ ਘੱਟ ਬਾਦ ਵਿਚ ਦੂਸ਼ਣਬਾਜ਼ੀ ਤੇ ਤਣਾਅ ਤੋਂ ਬਚੇ ਰਹੋਗੇ।

ਸੱਚ ਕਹਾਂ ਤਾਂ ਜ਼ਰੂਰੀ ਇਹ ਹੈ ਕਿ ਧੀ ਦੇ ਵਿਆਹ ਤੋਂ ਵੱਧ ਉਸ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਪ੍ਰੇਰਿਤ ਕਰੋ। ਅਨੇਕ ਅਜਿਹੇ ਨੌਜਵਾਨ ਹਨ ਜਿਨ੍ਹਾਂ ਡਾਇਬਟੀਜ਼ ਹੋਣ 'ਤੇ ਵੀ ਆਪਣੇ ਚੁਣੇ ਹੋਏ ਖੇਤਰ ਵਿਚ ਸਭ ਨੂੰ ਪਿੱਛੇ ਛੱਡ ਦਿਤਾ ਅਤੇ ਜੀਵਨ ਨਾਲ ਨਾ ਸਿਰਫ਼ ਕੋਈ ਗਿਲਾ ਸ਼ਿਕਵਾ ਨਹੀਂ ਰੱਖਿਆ ਸਗੋਂ ਉਸ ਨੂੰ ਮੌਜ-ਮਸਤੀ ਨਾਲ ਜੀਵਿਆ ਹੈ।

*ਪ੍ਰਸ਼ਨ : ਮੈਂ ਇਕ ਮੁਟਿਆਰ ਹਾਂ ਤੇ ਮੈਨੂੰ ਡਾਇਬਟੀਜ਼ ਹੈ, ਕੀ ਮੈਂ ਗਰਭ ਨਿਰੋਧਕ ਗੋਲੀਆਂ ਲੈ ਸਕਦੀ ਹਾਂ?*

ਉੱਤਰ : ਹਾਂ, ਚਾਹੋ ਤਾਂ ਲੈ ਸਕਦੇ ਹੋ, ਪਰ ਤੁਹਾਡੇ ਲਈ ਗਰਭ-ਨਿਰੋਧ ਦੀ ਕੋਈ ਦੂਜੀ ਵਿਧੀ ਜਿਵੇਂ ਕੰਡੋਮ, ਡਾਇਫ੍ਰਾਮ ਜਾਂ ਯੋਨੀ ਵਿਚ ਰੱਖੀ ਜਾਣ ਵਾਲੀ ਗਰਭ ਨਿਰੋਧਕ ਗੋਲੀ ਵਰਤਣੀ ਬਿਹਤਰ ਹੈ। ਇਹ ਸੱਚ ਹੈ ਕਿ ਗਰਭ-ਨਿਰੋਧਕ ਗੋਲੀਆਂ ਦੇ ਆਪਣੇ ਲਾਭ ਹਨ ਪਰ ਸੀਮਾ ਇਹ ਹੈ ਕਿ ਉਨ੍ਹਾਂ ਵਿਚ ਮੌਜੂਦ ਹਾਰਮੋਨ ਬਲੱਡ ਸ਼ੂਗਰ ਅਤੇ ਲਹੂ-ਸੰਚਾਰ ਪ੍ਰਣਾਲੀ ਉਤੇਮਾੜਾ ਅਸਰ ਪਾ ਸਕਦੇ ਹਨ। ਡਾਕਟਰ ਨਾਲ ਗੱਲ ਕਰ ਕੇ ਤੁਸੀਂ ਅਜਿਹੀਆਂ ਗਰਭ-ਨਿਰੋਧਕ ਗੋਲੀਆਂ ਵੀ ਚੁਣ ਸਕਦੇ ਹੋ ਜਿਨ੍ਹਾਂ ਵਿਚ ਇਸਟਰੋਜੇਨ ਅਤੇ ਪ੍ਰੋਜੇਸ-ਟੇਰਾਨ ਹਾਰਮੋਨ ਸੀਮਤ ਮਾਤਰਾ ਵਿਚ ਹੁੰਦੇ ਹਨ।

*ਪ੍ਰਸ਼ਨ : ਕੀ ਡਾਇਬਟੀਜ਼ ਦੇ ਹੁੰਦਿਆਂ ਮਾਂ ਬਣਿਆ ਜਾ ਸਕਦਾ ਹੈ?*

ਉੱਤਰ : ਹਾਂ, ਕਿਉਂ ਨਹੀਂ ! ਪਰ ਗਰਭ-ਧਾਰਣ ਤੋਂ ਪਹਿਲਾਂ ਹੀ ਇਸ ਦੇ ਵਾਸਤੇ ਤਿਆਰੀ ਸ਼ੁਰੂ ਕਰਨੀ ਚੰਗੀ ਹੈ। ਇਸ ਬਾਬਤ ਸੰਤਾਨ-ਬੀਜ ਧਾਰਣ ਕਰਨ ਤੋਂ ਪਹਿਲਾਂ ਡਾਕਟਰ ਨਾਲ ਵੀ ਗੱਲ ਕਰ ਲੈਣੀ ਚਾਹੀਦੀ ਹੈ। ਹੋ ਸਕਦਾ ਹੈ ਉਹ ਤੁਹਾਡੀ ਦਵਾਈ ਬਦਲ ਦੇਵੇ। ਇਨ੍ਹੀਂ ਦਿਨੀਂ ਬਲੱਡ ਸ਼ੂਗਰ ਉਤੇ ਜਿੰਨਾ ਵਧੀਆ ਕਾਬੂ ਰਹੇ, ਓਨਾ ਹੀ ਚੰਗਾ ਹੈ। ਇਸ ਨਾਲ ਸਿਹਮੰਦ ਸੰਤਾਨ ਹੋਣ ਦੀ ਸੰਭਾਵਨਾ ਵਧੇਰੇ ਹੋ ਜਾਂਦੀ ਹੈ। ਕੁੱਖ ਵਿਚ ਗਰਭ ਆਉਣ ਤੋਂ ਬਾਦ ਪਹਿਲੇ 8-10 ਹਫ਼ਤਿਆਂ ਵਿਚ ਹੀ ਬੱਚੇ ਦੇ ਅੰਗ ਪੂਰੀ ਸ਼ਕਲ ਲੈ ਲੈਂਦੇ ਹਨ। ਇਉਂ ਗਰਭ-ਅਵਸਥਾ ਦੇ ਸ਼ੁਰੂ ਦੇ ਹਫ਼ਤਿਆਂ ਵਿਚ ਬਲੱਡ-ਸ਼ੂਗਰ ਉਤੇ ਯੋਗ ਨਿਯੰਤ੍ਰਣ ਰੱਖਣ ਨਾਲ ਬੱਚੇ ਵਿਚ ਜਮਾਂਦਰੂ ਵਿਕਾਰਾਂ ਦੀ ਦਰ ਬਹੁਤ ਸੀਮਾ ਤਕ ਘੱਟ ਕੀਤੀ ਜਾ ਸਕਦੀ ਹੈ।

ਗਰਭ-ਅਵਸਥਾ ਦੇ ਦੌਰਾਨ ਵੀ ਸਮੇਂ-ਸਮੇਂ 'ਤੇ ਡਾਕਟਰ ਕੋਲ ਜਾਂਦੇ ਰਹਿਣਾ ਚਾਹੀਦਾ ਹੈ। ਕੁਝ ਹਾਲਤਾਂ ਵਿਚ ਬੱਚੇ ਨੂੰ ਜਨਮ ਦੇਣ ਲਈ ਡਾਕਟਰ ਨੂੰ ਸੀਜੇਰੀਅਨ ਅਪਰੇਸ਼ਨ ਕਰਨ ਦੀ ਜ਼ਰੂਰਤ ਪੈਂਦੀ ਹੈ। ਇਸ ਬਾਰੇ ਪਹਿਲਾਂ ਤੋਂ ਹੀ ਜਾਣਕਾਰੀ ਪ੍ਰਾਪਤ ਕਰ ਲੈਣੀ ਚਾਹੀਦੀ ਹੈ ਅੰਤਮ ਫ਼ੈਸਲਾ ਲੈਣ ਵਿਚ ਦੇਰ ਨਹੀਂ ਕਰਨੀ ਚਾਹੀਦੀ ਕਿਉਂਕਿ ਉਸ ਵਕਤ ਇਕ-ਇਕ ਪਲ ਬੱਚੇ ਦੇ ਜੀਵਨ ਦੀ ਦ੍ਰਿਸ਼ਟੀ ਤੋਂ ਬੇਹੱਦ ਕੀਮਤੀ ਹੁੰਦਾ ਹੈ।

*ਪ੍ਰਸ਼ਨ : ਮੈਨੂੰ ਡਾਇਬਟੀਜ਼ ਹੈ। ਕੀ ਮੇਰਾ ਬੱਚਾ ਵੀ ਡਾਇਬਟਿਕ ਹੋਵੇਗਾ?*

ਉੱਤਰ : ਆਮ ਮਾਵਾਂ ਦੇ ਬੱਚਿਆਂ ਦੀ ਤੁਲਨਾ ਵਿਚ ਡਾਇਬਟਿਕ ਮਾਵਾਂ ਦੇ ਬੱਚਿਆਂ ਵਿਚ ਡਾਇਬਟੀਜ਼ ਹੋਣ ਦੀ ਸੰਭਾਵਨਾ ਥੋੜ੍ਹੀ ਹੀ ਜ਼ਿਆਦਾ ਹੁੰਦੀ ਹੈ। ਸੋ, ਇਕ ਸ਼ੰਕਾ ਵਿਚ ਡੁੱਬੇ ਰਹਿਣਾ ਠੀਕ ਨਹੀਂ।

*ਪ੍ਰਸ਼ਨ : ਡਾਕਟਰ ਨੇ ਮੈਨੂੰ ਇਨਸੁਲੀਨ*

*ਲੈਣ ਦੀ ਸਲਾਹ ਦਿਤੀ ਹੈ। ਪਰ ਮੈਂ ਇਸ ਚੱਕਰ ਵਿਚ ਨਹੀਂ ਪੈਣਾ ਚਾਹੁੰਦਾ। ਕੀ ਡਾਇਬਟਿਕ-ਰੋਕੂ ਗੋਲੀਆਂ ਵਿਚ ਰੱਦੋਬਦਲ ਕਰ ਕੇ ਕੰਮ ਨਹੀਂ ਚੱਲ ਸਕਦਾ?*

ਉੱਤਰ : ਹਰ ਡਾਇਬਟਿਕ ਦੀ ਦਵਾਈ ਜ਼ਰੂਰਤ ਅਲੱਗ-ਅਲੱਗ ਹੁੰਦੀ ਹੈ। ਇਹ ਵੀ ਹੁੰਦਾ ਹੈ ਕਿ ਇਕ ਸਮੇਂ ਤਕ ਇਕ ਦਵਾ ਕੰਮ ਕਰਦੀ ਰਹੇ ਅਤੇ ਕੁਝ ਸਾਲਾਂ ਬਾਦ ਕਰਨਾ ਬੰਦ ਕਰ ਦੇਵੇ। ਡਾਇਬਟੀਜ਼ ਰੋਕੂ ਗੋਲੀਆਂ ਨਾਲ ਇਹ ਆਮ ਸਮੱਸਿਆ ਹੈ। ਅਜਿਹੇ ਵਿਚ ਬਲੱਡ-ਸ਼ੂਗਰ ਨੂੰ ਕੰਟਰੋਲ ਵਿਚ ਰੱਖਣ ਲਈ ਇਨਸੁਲੀਨ ਲੈਣਾ ਜ਼ਰੂਰੀ ਹੋ ਜਾਂਦਾ ਹੈ।

ਕਈ ਵਾਰ ਕਿਸੇ ਔਖੀ ਘੜੀ ਵਿਚੋਂ ਨਿਕਲਣ ਲਈ ਵੀ ਕੁਝ ਸਮੇਂ ਲਈ ਇਨਸੁਲੀਨ ਲੈਣੀ ਪੈ ਸਕਦੀ ਹੈ। ਅਜਿਹੀ ਹਾਲਤ ਵਿਚ ਡਾਕਟਰ ਦੀ ਸਲਾਹ ਉਤੇ ਚਲਣਾ ਹੀ ਠੀਕ ਰਹਿੰਦਾ ਹੈ। ਜੇ ਬਲੱਡ ਸ਼ੂਗਰ ਬਹੁਤ ਸਮੇਂ ਤਕ ਵਿਗੜੀ ਰਹੇ ਤਾਂ ਉਸ ਦਾ ਸਰੀਰ ਉਤੇ ਬੁਰਾ ਪ੍ਰਭਾਵ ਜ਼ਰੂਰ ਪੈਂਦਾ ਹੈ। ਇਸ ਲਈ ਇਨਸੁਲੀਨ ਬਾਰੇ ਪਹਿਲਾਂ ਹੀ ਧਿਆਨ ਰੱਖੇ ਜਾਣ ਵਿਚ ਭਲਾਈ ਹੈ। ਡਾਇਬਟੀਜ਼-ਰੋਕੂ ਗੋਲੀਆਂ ਨਾਲ ਹਾਲਤ ਸੰਭਲ ਸਕਦੀ ਹੈ ਤੇ ਤੁਹਾਨੂੰ ਇਨਸੁਲੀਨ ਲੈਣ ਦੀ ਸਲਾਹ ਡਾਕਟਰ ਨਹੀਂ ਦਿੰਦਾ।

*ਪ੍ਰਸ਼ਨ : ਫਿਰ ਤਾਂ ਇਨਸੁਲੀਨ ਵੀ ਕੁਝ ਸਮੇਂ ਬਾਦ ਅਸਰ ਕਰਨਾ ਬੰਦ ਕਰ ਸਕਦੀ ਹੈ। ਕੀ ਇਨਸੁਲੀਨ ਪ੍ਰਤਿ ਵੀ ਸਰੀਰ ਆਦੀ ਨਹੀਂ ਹੋ ਜਾਂਦਾ? ਇਨਸੁਲੀਨ ਦੇ ਕੰਮ ਨਾ ਕਰਨ 'ਤੇ ਕੀ ਕਰਦੇ ਹਨ?*

ਉੱਤਰ : ਇਹ ਸਵਾਲ ਇਨਸੁਲੀਨ ਸੰਬੰਧੀ ਬੇਅਰਥ ਹੈ। ਇਨਸੁਲੀਨ ਤਾਂ ਇਕ ਕੁਦਰਤੀ ਹਾਰਮੋਨ ਹੈ। ਉਸ ਦਾ ਕੰਮ ਹੀ ਸਰੀਰ ਵਿਚ ਗਲੂਕੋਜ਼ ਦੀ ਮਾਤਰਾ ਨੂੰ ਕੰਟਰੋਲ ਵਿਚ ਰੱਖਣਾ ਹੈ। ਆਮ ਆਦਮੀ ਵਿਚ ਜਦੋਂ-ਜਦੋਂ ਇਸ ਦੀ ਜ਼ਰੂਰਤ ਪੈਂਦੀ ਹੈ, ਪੈਂਕਰਿਆਜ਼ ਇਸ ਨੂੰ ਪੂਰੀ ਕਰ ਦਿੰਦਾ ਹੈ। ਪਰ ਡਾਇਬਟੀਜ਼ ਵਿਚ ਅਜਿਹਾ ਨਹੀਂ ਹੁੰਦਾ। ਇਸ ਲਈ ਬਾਹਰ ਤੋਂ ਇਨਸੁਲੀਨ ਦੇ ਕੇ ਇਹ ਜ਼ਰੂਰਤ ਪੂਰੀ ਕੀਤੀ ਜਾਂਦੀ ਹੈ।

*ਪ੍ਰਸ਼ਨ : ਮੈਂ ਡਾਇਬਟਿਕ ਹਾਂ, ਇਨਸੁਲੀਨ ਦੇ ਟੀਕੇ ਲੈਂਦਾ ਹਾਂ। ਪੁੜਿਆਂ ਉਤੇਜਿੱਥੇ ਟੀਕੇ ਲਗਵਾਉਂਦਾ ਹਾਂ, ਉਥੇ ਕਈ ਥਾਵਾਂ 'ਤੇ ਚਮੜੀ ਉੱਚੀ ਨੀਵੀਂ ਹੋ ਗਈ ਹੈ, ਖੱਡੇ ਪੈ ਗਏ ਹਨ ਤੇ ਗੱਠਾਂ ਬਣ ਗਈਆਂ ਹਨ। ਇਸ ਸਮੱਸਿਆ ਦਾ ਕੀ ਹੱਲ ਹੈ?*

ਉੱਤਰ : ਇਸ ਸਮੱਸਿਆ ਦਾ ਹੱਲ ਬਿਲਕੁਲ ਸਰਲ ਹੈ – ਰੋਜ਼ ਟੀਕੇ ਦੀ ਥਾਂ ਬਦਲਦੇ ਰਹੋ। ਇਕ ਦਿਨ ਟੀਕਾ ਇਕ ਪੁੜੇ ਉਤੇ ਤੇ ਦੂਜੇ ਦਿਨ ਦੂਜੇ ਪੁੜੇ ਉਤੇ, ਤੀਜੇ ਦਿਨ ਸੱਜੇ ਕੁੱਲ੍ਹੇ ਉਤੇ, ਚੌਥੇ ਦਿਨ ਖੱਬੇ ਕੁੱਲ੍ਹੇ ਉਤੇ, ਪੰਜਵੇਂ ਦਿਨ ਪੇਟ ਉਤੇ, ਛੇਵੇਂ ਦਿਨ ਬਾਂਹ 'ਤੇ – ਇਸੇ ਤਰ੍ਹਾਂ ਟੀਕੇ ਦੀ ਥਾਂ ਬਦਲਦੇ ਰਹੋਗੇ ਤਾਂ ਇਹ ਪ੍ਰੇਸ਼ਾਨੀ ਨਹੀਂ ਹੋਵੇਗੀ।

*ਪ੍ਰਸ਼ਨ : ਮੈਂ ਡਾਇਬਟਿਕ ਹਾਂ ਤੇ ਇਨਸੁਲੀਨ ਦੇ ਟੀਕੇ ਲੈਂਦਾ ਹਾਂ। ਕੀ ਮੈਂ ਕਾਰ ਚਲਾ ਸਕਦਾ ਹਾਂ?*

ਉੱਤਰ : ਹਾਂ, ਕਿਉਂ ਨਹੀਂ ! ਬਸ ਇੰਨਾ ਧਿਆਨ ਰੱਖੋ ਕਿ ਇਨਸੁਲੀਨ ਲੈਣ ਤੋਂ ਬਾਦ ਸਮੇਂ ਸਿਰ ਖਾ-ਪੀ ਲਵੋ ਅਤੇ ਬਲੱਡ ਸ਼ੂਗਰ ਨੂੰ ਘੱਟ ਨਾ ਹੋਣ ਦਿਉ। ਹਾਇਪੋਗਲਾਇਸੀਮੀਆ ਦੀ ਹਾਲਤ ਵਿਚ ਕਾਰ ਚਲਾਉਣਾ ਠੀਕ ਨਹੀਂ। ਉਸ ਨਾਲ ਮਾਨਸਿਕ ਸਮਰਥਾ ਉਤੇ ਬੁਰਾ ਅਸਰ ਪੈਂਦਾ ਹੈ ਅਤੇ ਤੁਸੀਂ ਕੋਈ ਗਲਤੀ ਕਰ ਸਕਦੇ ਹੋ।

*ਪ੍ਰਸ਼ਨ : ਜੇ ਮੈਂ ਬੀਮਾਰ ਹੋ ਜਾਵਾਂ ਅਤੇ ਭੋਜਨ ਨਾ ਕਰ ਸਕਾਂ ਤਾਂ ਕੀ ਮੇਰੇ ਲਈ ਇਨਸੁਲੀਨ ਲੈਂਦੇ ਰਹਿਣਾ ਚਾਹੀਦਾ ਹੈ?*

ਉੱਤਰ : ਬਿਲਕੁਲ ਨਹੀਂ। ਉਸ ਸਮੇਂ ਬਲੱਡ ਸ਼ੂਗਰ ਦਾ ਪੱਧਰ ਨਾਪ ਕੇ ਹੀ ਸਹੀ ਫ਼ੈਸਲਾ ਲਿਆ ਜਾ ਸਕਦਾ ਹੈ। ਅਚਾਨਕ ਕਿਸੇ ਬੀਮਾਰੀ ਦੇ ਆਉਣ 'ਤੇ ਜਾਂ ਕਿਸੇ ਲਾਗ ਦੇ ਸਮੇਂ ਸਰੀਰ ਦੀ ਇਨਸੁਲੀਨ ਦੀ ਲੋੜ ਵਧ ਸਕਦੀ ਹੈ। ਇਸ ਤੋਂ ਉਲਟ ਕਈ ਘੰਟਿਆਂ ਤਕ ਕੁਝ ਨਾ ਖਾਉ-ਪੀਉ ਤਾਂ ਬਲੱਡ ਸ਼ੂਗਰ ਵੀ ਘਟ ਸਕਦੀ ਹੈ। ਦੋਹਾਂ ਹਾਲਤਾਂ ਨਾਲ ਤਾਲਮੇਲ ਕਰਨ ਦਾ ਸਭ ਤੋਂ ਵਿਹਾਰਕ ਤਰੀਕਾ ਬਲੱਡ ਸ਼ੂਗਰ ਨੂੰ ਠੀਕ ਤਰ੍ਹਾਂ ਜਾਂਚ ਕੇ ਇਨਸੁਲੀਨ ਦੀ ਮਾਤਰਾ ਤੈ ਕਰਨਾ ਹੈ।

*ਪ੍ਰਸ਼ਨ : ਮੈਨੂੰ ਡਾਇਬਟੀਜ਼ ਹੋ ਗਈ ਹੈ। ਕੀ ਮੈਂ ਆਮ ਵਾਂਗ ਕੰਮ ਕਰ ਸਕਦਾ ਹਾਂ? ਮੈਨੂੰ ਆਪਣੀ ਨੌਕਰੀ ਬਦਲਨੀ ਤਾਂ ਨਹੀਂ ਪਵੇਗੀ?*

ਉੱਤਰ : ਡਾਇਬਟੀਜ਼ ਹੋਣ ਨਾਲ ਕਾਰਜ-ਸਮਰਥਾ ਉਤੇ ਕੋਈ ਮਾੜਾ ਅਸਰ ਨਹੀਂ ਪੈਂਦਾ। ਰੋਗ ਦੇ ਕਾਰਨ ਕੋਈ ਰੋਕਾਂ ਨਹੀਂ ਲਗਦੀਆਂ। ਪਰ ਫਿਰ ਵੀ ਅਜਿਹੀ ਨੌਕਰੀ ਹੋਵੇ ਜਿਸ ਵਿਚ ਸਮੇਂ ਸਿਰ ਆਉਣਾ-ਜਾਣਾ ਹੋਵੇ ਤਾਂ ਬੇਹਤਰ ਹੁੰਦਾ ਹੈ। ਜਿਨ੍ਹਾਂ ਨੌਕਰੀਆਂ ਵਿਚ ਸ਼ਿਫਟ ਡਿਊਟੀ ਹੁੰਦੀ ਹੈ, ਉਨ੍ਹਾਂ ਵਿਚ ਸਮੇਂ ਸਿਰ ਦਵਾਈ ਲੈਣ ਨਾਲ ਅਤੇ ਖਾਣ-ਪੀਣ ਵਿਚ ਮੁਸ਼ਕਿਲ ਆ ਸਕਦੀ ਹੈ।

*ਪ੍ਰਸ਼ਨ : ਮੇਰੇ ਬੇਟੇ ਨੂੰ ਡਾਇਬਟੀਜ਼ ਹੈ। ਇਸ ਕਾਰਨ ਉਸ ਨੂੰ ਨੌਕਰੀ ਮਿਲਣ ਵਿਚ ਪਰੇਸ਼ਾਨੀ ਤਾਂ ਨਹੀਂ ਹੋਵੇਗੀ?*

ਉੱਤਰ : ਇਹ ਇਸ ਉਤੇ ਨਿਰਨਭਰ ਕਰੇਗਾ ਕਿ ਉਹ ਕੀ ਕਰਨਾ ਚਾਹੁੰਦਾ ਹੈ। ਬਹੁਤੀਆਂ ਸਰਕਾਰੀ ਨੌਕਰੀਆਂ ਵਿਚ ਡਾਇਬਟੀਜ਼ ਹੋਣ 'ਤੇ ਪ੍ਰਵੇਸ਼ ਮੁਸ਼ਕਿਲ ਹੈ। ਪਰ ਪ੍ਰਾਈਵੇਟ ਨੌਕਰੀਆਂ ਵਿਚ ਕੰਪਨੀ 'ਤੇ ਹੈ ਕਿ ਉਹ ਕੀ ਨੀਤੀ ਰੱਖੇ। ਫਿਰ ਤੁਹਾਡਾ ਪੁੱਤਰ ਆਪਣਾ ਕਾਰੋਬਾਰ ਸ਼ੁਰੂ ਕਰਨ ਬਾਰੇ ਵੀ ਫ਼ੈਸਲਾ ਲੈ ਸਕਦਾ ਹੈ।

*ਪ੍ਰਸ਼ਨ : ਮੈਂ ਸੁਣਿਆ ਹੈ ਕਿ ਸੈਕਰੀਨ ਸਿਹਤ ਲਈ ਨੁਕਸਾਨਦੇਹ ਹੈ। ਉਸ ਨਾਲ ਕੈਂਸਰ ਹੋ ਜਾਂਦਾ ਹੈ। ਕੀ ਇਹ ਸੱਚ ਹੈ?*

ਉੱਤਰ : ਨਹੀਂ, ਜੇ ਅਜਿਹਾ ਹੁੰਦਾ ਤਾਂ ਸੈਕਰੀਨ ਦੀ ਵਰਤੋਂ ਕਦੋਂ ਦੀ ਬੰਦ ਹੋ ਚੁੱਕੀ ਹੁੰਦੀ। ਸੈਕਰੀਨ ਦੇ ਉਪਰ ਵਿਚ-ਵਿਚ ਸ਼ੱਕ ਦੇ ਬੱਦਲ ਮੰਡਰਾਉਂਦੇ ਜ਼ਰੂਰ ਹਨ ਪਰ ਉਨ੍ਹਾਂ ਨੂੰ ਵਿਗਿਆਨਕਾਂ ਤੋਂ ਵੱਧ ਮੀਡੀਆ ਨੇ ਸ਼ਹਿ ਦਿਤੀ ਹੈ। ਸਚਾਈ ਇਹ ਹੈ ਕਿ ਅਮਰੀਕਾ ਦੇ ਫੂਡ ਐਂਡ ਡਰੱਗ ਐਡਮਿਨਿਸਟਰੇਸ਼ਨ ਨੇ ਵੀ ਸੈਕਰੀਨ ਨੂੰ ਪੂਰੀ ਪ੍ਰਵਾਨਗੀ ਦਿਤੀ ਹੋਈ ਹੈ। ਸੈਕਰੀਨ ਨਾਲ ਕੈਂਸਰ ਹੋਣ ਦੀ ਗੱਲ ਜੇ ਜ਼ਰਾ ਵੀ ਸੱਚ ਹੁੰਦੀ ਤਾਂ ਉਸ ਉਤੇ ਪਾਬੰਦੀ ਲੱਗ ਗਈ ਹੁੰਦੀ।

*ਪ੍ਰਸ਼ਨ : ਮੇਰੇ ਇਕ ਜਾਣਕਾਰ ਮੁਤਾਬਿਕ ਸਦਾਬਹਾਰ ਦੀਆਂ ਜੜ੍ਹਾਂ, ਜਾਮਣ ਦੀਆਂ ਗਿਟਕਾਂ, ਮੇਥੀ, ਕਰੇਲੇ ਅਤੇ ਨਿੰਮ ਦੇ ਪੱਤੇ ਖਾਣ ਨਾਲ ਡਾਇਬਟੀਜ਼ ਜੜ੍ਹ ਤੋਂ ਹਟ ਜਾਂਦੀ ਹੈ। ਕੀ ਇਹ ਸੱਚੀ ਗੱਲ ਹੈ?*

ਉੱਤਰ : ਜਾਮਣ, ਮੇਥੀ, ਕਰੇਲੇ ਉਤੇ ਆਯੁਰਵੇਦ ਵਿਚ ਇਹ ਵਿਸ਼ਵਾਸ ਸੈਂਕੜੇ ਸਾਲ ਪੁਰਾਣਾ ਹੈ ਕਿ ਇਹ ਸ਼ੂਗਰ ਵਿਚ ਫਾਇਦੇਮੰਦ ਹੈ। ਕੁਝ ਨਵੀਆਂ ਪਰਖਾਂ ਵਿਚ ਵੀ ਜੈਵ-

**ਬਾਕੀ ਸਫ਼ਾ 72 ਉੱਤੇ**

## ਖ਼ਬਰਾਂ ਵਿਚੋਂ ਖ਼ਬਰਾਂ

*ਦਿੱਲੀ ਵਿਚ 1 ਕਰੋੜ 19 ਲੱਖ 32 ਹਜ਼ਾਰ 69 ਵੋਟਰ*

16ਵੀਂ ਲੋਕ ਸਭਾ ਲਈ ਰਾਸ਼ਟਰੀ ਰਾਜਧਾਨੀ ਖੇਤਰ ਦੇ 7 ਸੰਸਦੀ ਖੇਤਰਾਂ ਵਿਚ 10 ਅਪ੍ਰੈਲ, 2014 ਨੂੰ ਵੋਟਾਂ ਪਾਈਆਂ ਜਾਣਗੀਆਂ। 2,534 ਮਦਤਾਨ ਥਾਵਾਂ ਉੱਤੇ ਬਣੇ 11,763 ਮਤਦਾਨ ਕੇਂਦਰਾਂ 'ਤੇ ਵੋਟਾਂ ਪਾਈਆਂ ਜਾਣਗੀਆਂ। 16 ਦਸੰਬਰ, 2013 ਦੇ ਅੰਕੜਿਆਂ ਅਨੁਸਾਰ ਰਾਜ ਦੇ ਕੁੱਲ 1 ਕਰੋੜ 19 ਲੱਖ 32 ਹਜ਼ਾਰ 69 ਵੋਟਰਾਂ ਵਿਚ 18 ਤੋਂ 25 ਸਾਲ ਦੀ ਉਮਰ ਵਰਗ ਦੇ 19.60 ਪ੍ਰਤਿਸ਼ਤ ਵੋਟਰ ਹਨ ਅਤੇ ਮਹਿਲਾ ਵੋਟਰ 44.58 ਪ੍ਰਤਿਸ਼ਤ ਹਨ। ਰਾਜ ਵਿਚ ਪ੍ਰਤਿ ਉਮੀਦਵਾਰ ਚੋਣ ਖਰਚੇ ਦੀ ਸੀਮਾ 70 ਲੱਖ ਰੁਪਏ ਹੈ।

*ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ ਦੇ 2 ਲੱਖ 57 ਹਜ਼ਾਰ 856 ਵੋਟਰ*

16ਵੀਂ ਲੋਕ ਸਭਾ ਲਈ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਦੇ ਇਕੱਲੇ ਸੰਸਦੀ ਖੇਤਰ ਵਿਚ 10 ਅਪ੍ਰੈਲ, 2014 ਨੂੰ ਚੋਣ ਹੋਵੇਗੀ। 300 ਮਤਦਾਨ ਥਾਵਾਂ ਵਿਚ 386 ਕੇਂਦਰਾਂ ਉਤੇ ਵੋਟਾਂ ਪਾਈਆਂ ਜਾਣਗੀਆਂ। 7 ਜਨਵਰੀ, 2014 ਤਕ ਦੇ ਅੰਕੜਿਆਂ ਅਨੁਸਾਰ ਰਾਜ ਵਿਚ ਕੁੱਲ 2 ਲੱਖ 57 ਹਜ਼ਾਰ 856 ਵੋਟਰਾਂ ਵਿਚੋਂ 18 ਤੋਂ 25 ਸਾਲ ਦੀ ਉਮਰ ਵਰਗ ਦੇ 12.75 ਪ੍ਰਤਿਸ਼ਤ ਵੋਟਰ ਹਨ ਅਤੇ ਮਹਿਲਾ ਵੋਟਰ 47.12 ਪ੍ਰਤਿਸ਼ਤ ਹਨ। ਸੂਬੇ ਵਿਚ ਪ੍ਰਤਿ ਉਮੀਦਵਾਰ ਚੋਣ ਖਰਚੇ ਦੀ ਹੱਦ 54 ਲੱਖ ਰੁਪਏ ਹੈ।

*ਮੇਘਾਲਿਆ ਵਿਚ 15 ਲੱਖ 53 ਹਜ਼ਾਰ 28 ਵੋਟਰ*

ਮੇਘਾਲਿਆ ਵਿਚ 16ਵੀਂ ਲੋਕ ਸਭਾ ਲਈ ਦੋ ਸੰਸਦੀ ਚੋਣ ਖੇਤਰਾਂ ਵਿਚ 9 ਅਪ੍ਰੈਲ ਨੂੰ ਵੋਟਾਂ ਪੈਣਗੀਆਂ। ਇਹ ਵੋਟਾਂ 2165 ਥਾਵਾਂ ਉਤੇ ਬਣਾਏ ਗਏ 2 ਹਜ਼ਾਰ 562 ਮਤਦਾਨ ਕੇਂਦਰਾਂ ਉਤੇ ਪਾਈਆਂ ਜਾਣਗੀਆਂ। ਇਸ ਵਿਚ 28 ਫ਼ਰਵਰੀ, 2014 ਤਕ 18 ਤੋਂ 25 ਸਾਲ ਦੇ ਉਮਰ ਵਰਗ ਦੇ ਵੋਟਰ 22.62 ਪ੍ਰਤਿਸ਼ਤ ਹਨ। ਜਦ ਕਿ ਮਹਿਲਾਵਾਂ ਦੀ ਗਿਣਤੀ 50.43 ਪ੍ਰਤਿਸ਼ਤ ਹੈ। ਹਰੇਕ ਉਮੀਦਵਾਰ ਲਈ ਸਾਰੇ ਚੋਣ ਖੇਤਰਾਂ ਵਿਚ ਚੋਣ ਖਰਚੇ ਦੀ ਹੱਦ 70 ਲੱਖ ਰੁਪਏ ਤੈ ਕੀਤੀ ਗਈ ਹੈ।

*ਮਣੀਪੁਰ ਵਿਚ 17 ਲੱਖ 39 ਹਜ਼ਾਰ 5 ਵੋਟਰ*

ਮਣੀਪੁਰ ਵਿਚ 16ਵੀਂ ਲੋਕ ਸਭਾ ਲਈ ਦੋ ਸੰਸਦੀ ਚੋਣ ਖੇਤਰਾਂ ਵਿਚ ਦੋ ਦਿਨ ਵੋਟ ਪਾਏ ਜਾਣਗੇ। ਵੋਟਾਂ 9 ਅਤੇ 17 ਅਪ੍ਰੈਲ ਨੂੰ ਪਾਈਆਂ ਜਾਣਗੀਆਂ। ਵੋਟਾਂ ਪਾਉਣ ਲਈ 2 ਹਜ਼ਾਰ 57 ਥਾਵਾਂ ਉਤੇ 2 ਹਜ਼ਾਰ 662 ਮਤਦਾਨ ਕੇਂਦਰ ਬਣਾਏ ਗਏ ਹਨ। ਰਾਜ ਵਿਚ ਕੁੱਲ 17 ਲੱਖ 39 ਹਜ਼ਾਰ 5 ਵੋਟਰ ਹਨ। 15 ਜਨਵਰੀ ਤਕ 18 ਤੋਂ 25 ਸਾਲ ਦੀ ਉਮਰ ਵਰਗ ਦੇ ਵੋਟਰ 18.86 ਪ੍ਰਤਿਸ਼ਤ ਹਨ। ਮਹਿਲਾ ਵੋਟਰਾਂ ਦੀ ਗਿਣਤੀ 50.95 ਪ੍ਰਤਿਸ਼ਤ ਹੈ। ਹਰੇਕ ਉਮੀਦਵਾਰ ਲਈ ਸਾਰੇ ਚੋਣ ਖੇਤਰਾਂ ਵਿਚ ਚੋਣ ਖਰਚੇ ਦੀ ਹੱਦ 70 ਲੱਖ ਰੁਪਏ ਤੈ ਕੀਤੀ ਗਈ ਹੈ।

*ਨਾਗਾਲੈਂਡ ਵਿਚ ਕੁੱਲ ਵੋਟਾਂ 11 ਲੱਖ 74 ਹਜ਼ਾਰ 663*

ਨਾਗਾਲੈਂਡ ਵਿਚ 16ਵੀਂ ਲੋਕ ਸਭਾ ਲਈ ਇਕ ਸੰਸਦੀ ਚੋਣ ਖੇਤਰ ਵਿਚ ਵੋਟਾਂ 9 ਅਪ੍ਰੈਲ ਨੂੰ ਪਾਈਆਂ ਜਾਣਗੀਆਂ। 1856 ਥਾਵਾਂ ਉਤੇ 2,059 ਮਤਦਾਨ ਕੇਂਦਰ ਬਣਾਏ ਜਾਣਗੇ। ਰਾਜ ਵਿਚ ਕੁੱਲ ਵੋਟਾਂ 11 ਲੱਖ 74 ਹਜ਼ਾਰ 663 ਹਨ। 10 ਫ਼ਰਵਰੀ 3014 ਤਕ 18 ਤੋਂ 25 ਸਾਲ ਉਮਰ ਵਰਗ ਦੇ ਵੋਟਰ 15.87 ਪ੍ਰਤਿਸ਼ਤ ਹਨ ਜਦ ਕਿ ਮਹਿਲਾਵਾਂ ਦੀ ਗਿਣਤੀ 50.61 ਪ੍ਰਤਿਸ਼ਤ ਹੈ। ਹਰੇਕ ਉਮੀਦਵਾਰ ਲਈ ਸਾਰੇ ਚੋਣ ਖੇਤਰਾਂ ਵਿਚ ਚੋਣ ਖਰਚੇ ਦੀ ਹੱਦ 70 ਲੱਖ ਰੁਪਏ ਤੈ ਕੀਤੀ ਗਈ ਹੈ।

*2009 ਦੀਆਂ ਆਮ ਚੋਣਾਂ ਵਿਚ ਜੰਮੂ-ਕਸ਼ਮੀਰ ਵਿਚ ਘੱਟ ਤੇ ਨਾਗਾਲੈਂਡ ਵਿਚ ਵੱਧ ਵੋਟਰ*

ਆਮ ਚੋਣਾਂ 2009 ਵਿਚ 58 ਪ੍ਰਤਿਸ਼ਤ ਤੋਂ ਵੱਧ ਵੋਟਰਾਂ ਨੇ ਆਪਣੇ ਅਧਿਕਾਰ ਦੀ ਵਰਤੋਂ ਕੀਤੀ। ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ, ਮਹਾਰਾਸ਼ਟਰ, ਮੱਧ ਪ੍ਰਦੇਸ਼, ਗੁਜਰਾਤ ਵਰਗੇ ਵੱਡੇ ਰਾਜਾਂ ਵਿਚ ਵੋਟਰਾਂ ਦੀ ਔਸਤ 58.19 ਪ੍ਰਤਿਸ਼ਤ ਦੇ ਰਾਸ਼ਟਰੀ ਔਸਤ ਤੋਂ ਘੱਟ ਰਹੀ। ਵੱਡੇ ਰਾਜ ਉੱਤਰ ਪ੍ਰਦੇਸ਼ ਵਿਚ 47.78 ਪ੍ਰਤਿਸ਼ਤ ਮਤਦਾਨ ਹੋਇਆ ਜਦ ਕਿ ਬਿਹਾਰ ਵਿਚ 44.46 ਪ੍ਰਤਿਸ਼ਤ ਵੋਟਾਂ ਪਈਆਂ। ਜੰਮੂ-ਕਸ਼ਮੀਰ ਵਿਚ 39.68 ਪ੍ਰਤਿਸ਼ਤ ਮਤਦਾਨ ਕੀਤਾ ਗਿਆ ਜੋ ਸਭ ਤੋਂ ਘੱਟ ਸੀ। ਗੁਜਰਾਤ ਵਿਚ 47.9 ਪ੍ਰਤਿਸ਼ਤ ਅਤੇ ਰਾਜਸਥਾਨ ਵਿਚ 48.4 ਪ੍ਰਤਿਸ਼ਤ ਵੋਟਾਂ ਪਾਈਆਂ ਗਈਆਂ। ਮਹਾਂਰਾਸ਼ਟਰ, ਝਾਰਖੰਡ ਅਤੇ ਮੱਧ ਪ੍ਰਦੇਸ਼ ਵਿਚ ਵੀ ਰਾਸ਼ਟਰੀ ਔਸਤ ਤੋਂ ਘੱਟ ਮਤਦਾਨ ਹੋਇਆ। ਇਨ੍ਹਾਂ ਵੋਟਰਾਂ ਦਾ ਪ੍ਰਤਿਸ਼ਤ ਲੜੀਵਾਰ 50.71,50.80 ਅਤੇ 51.16 ਪ੍ਰਤਿਸ਼ਤ ਰਿਹਾ। ਉੱਤਰ-ਪੂਰਬ ਰਾਜਾਂ ਵਿਚ ਮਿਜ਼ੋਰਮ 51.8 ਪ੍ਰਤਿਸ਼ਤ ਨੂੰ ਛੱਡ ਕੇ ਵੋਟਰਾਂ ਦੀ ਔਸਤ ਬਹੁਤ ਚੰਗੀ ਰਹੀ। ਸਭ ਤੋਂ ਵੱਧ ਵੋਟਾਂ ਨਾਗਾਲੈਂਡ ਵਿਚ 89.99 ਪ੍ਰਤਿਸ਼ਤ ਦਰਜ ਕੀਤੀਆਂ ਗਈਆਂ। ਪੱਛਮੀ ਬੰਗਾਲ ਵਿਚ ਵੀ 81.4 ਪ੍ਰਤਿਸ਼ਤ ਵੋਟਾਂ ਪਈਆਂ। ਦੱਖਣੀ ਰਾਜਾਂ ਵਿਚ ਵੀ ਵੋਟਰਾਂ ਦੀ ਮੌਜੂਦਗੀ ਵਧੀਆ ਰਹੀ। ਇਨ੍ਹਾਂ ਵਿਚ ਕੇਰਲ ਵਿਚ 73.36 ਪ੍ਰਤਿਸ਼ਤ, ਤਮਿਲਨਾਡੂ ਵਿਚ 73.03 ਪ੍ਰਤਿਸ਼ਤ ਅਤੇ ਆਂਧਰ ਪ੍ਰਦੇਸ਼ ਵਿਚ 72.63 ਪ੍ਰਤਿਸ਼ਤ ਵੋਟਾ ਪਈਆਂ। ਕਰਨਾਟਕ ਵਿਚ 58.81 ਪ੍ਰਤਿਸ਼ਤ ਵੋਟਾਂ ਪਾਈਆਂ ਗਈਆਂ ਜੋ ਰਾਸ਼ਟਰੀ ਔਸਤ ਤੋਂ ਕੁਝ ਵੱਧ ਰਹੀਆਂ।

ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿਚ ਰਾਸ਼ਟਰੀ ਰਾਜਧਾਨੀ ਦਿੱਲੀ ਵਿਚ ਸਿਰਫ਼ 51.85 ਪ੍ਰਤਿਸ਼ਤ ਵੋਟਾਂ ਪਾਈਆਂ ਗਈਆਂ ਜੋ ਰਾਸ਼ਟਰੀ ਔਸਤ ਤੋਂ ਘੱਟ ਸੀ। ਲਕਸ਼ਦੀਪ ਵਿਚ 85.9 ਪ੍ਰਤਿਸ਼ਤ ਵੋਟਾਂ ਪਾਈਆਂ ਗਈਆਂ ਇਸ ਦਾ ਸਥਾਨ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਪਹਿਲਾ ਤੇ ਸਮੁੱਚੇ ਤੌਰ ਤੇ ਦੂਜਾ ਰਿਹਾ।

*ਝਾਰਖੰਡ ਵਿਚ 1 ਕਰੋੜ 99 ਲੱਖ 58 ਹਜ਼ਾਰ 394 ਵੋਟਰ*

16ਵੀਂ ਲੋਕ ਸਭਾ ਲਈ ਝਾਰਖੰਡ ਦੇ 14 ਪਾਰਲੀਮਾਨੀ ਹਲਕਿਆਂ ਵਿਚ 10, 17 ਅਤੇ 24 ਅਪ੍ਰੈਲ ਨੂੰ ਚੋਣ ਹੋਵੇਗੀ। ਅਠਾਰਾਂ ਹਜ਼ਾਰ 627 ਮਤਦਾਨ ਥਾਵਾਂ ਦੇ 24 ਹਜ਼ਾਰ 648 ਮਤਦਾਨ ਕੇਂਦਰਾਂ 'ਤੇ ਵੋਟਾਂ ਪਾਈਆਂ ਜਾਣਗੀਆਂ। ਨੌਂ ਜਨਵਰੀ 2014 ਤਕ ਝਾਰਖੰਡ ਵਿਚ 1 ਕਰੋੜ 99 ਲੱਖ 58 ਹਜ਼ਾਰ 394 ਵੋਟਰ ਸਨ। ਇਨ੍ਹਾਂ ਵਿਚ 18 ਤੋਂ 25 ਸਾਲ ਦੀ ਉਮਰ ਵਰਗ ਦੇ 20.88 ਤੇ ਮਹਿਲਾ ਵੋਟਰਾਂ ਦੀ ਗਿਣਤੀ 47.34 ਪ੍ਰਤਿਸ਼ਤ ਹੈ। ਸੂਬੇ ਵਿਚ ਉਮੀਦਵਾਰ ਚੋਣ ਖਰਚੇ ਦੀ ਹੱਦ 70 ਲੱਖ ਰੁਪਏ ਤੈ ਕੀਤੀ ਗਈ ਹੈ। *– ਪੀ.ਆਈ.ਬੀ. ਜਲੰਧਰ*

# ਪੁਸਤਕ ਪੜਚੋਲ

**ਪੁਸਤਕ : ਪੰਜਾਬੀ ਸੱਭਿਆਚਾਰ : ਸਿਧਾਂਤ ਤੇ ਸਰੂਪ**
**ਲੇਖਕ : ਡਾ. ਸੁਦਰਸ਼ਨ ਗਾਸੋ**
**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ**
**ਪੰਨੇ :224, ਮੁੱਲ : 300 ਰੁਪਏ**

ਡਾ. ਸੁਦਰਸ਼ਨ ਗਾਸੋ ਇਕੋ ਸਮੇਂ ਪੰਜਾਬੀ ਕਵਿਤਾ, ਪੰਜਾਬੀ ਆਲੋਚਨਾ-ਸਾਹਿਤ, ਸੱਭਿਆਚਾਰ ਦਾ ਖੋਜੀ ਵਿਦਵਾਨ, ਸੰਪਾਦਨਾ ਅਤੇ ਅਨੁਵਾਦ ਦੇ ਖੇਤਰ ਵਿਚ ਜਾਣਿਆ-ਪਛਾਣਿਆ ਹਸਤਾਖ਼ਰ ਹੈ। ਇਨ੍ਹਾਂ ਵਿਭਿੰਨ ਖੇਤਰਾਂ ਸੰਬੰਧੀ ਉਸ ਦੀਆਂ ਹੁਣ ਤਕ ਡੇਢ ਦਰਜਨ ਤੋਂ ਉਪਰ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਅਤੇ ਵਿਸ਼ੇਸ਼ ਚਰਚਾ ਦਾ ਕੇਂਦਰ ਬਿੰਦੂ ਵੀ ਰਹੀਆਂ ਹਨ। ਹੱਥਲੀ ਪੁਸਤਕ ਵੀ ਜਿਥੇ ਮੌਲਿਕ ਖੋਜ ਦੇ ਪ੍ਰਤਿਮਾਨਾਂ ਨੂੰ ਸਥਾਪਤ ਕਰਦੀ ਹੈ, ਉਥੇ ਵਿਵਹਾਰਕ ਵਿਸ਼ਲੇਸ਼ਣ ਦੇ ਜ਼ਰੀਏ ਪੰਜਾਬੀ ਸੱਭਿਆਚਾਰ ਸੰਬੰਧੀ ਹੋ ਚੁੱਕੀ ਖੋਜ ਨੂੰ ਨਿਰਖ-ਪਰਖ ਕੇ ਅਗਾਂਹ ਹੋਰ ਨਵੀਆਂ ਸੰਭਾਵਨਾਵਾਂ ਉਜਾਗਰ ਕਰਦੀ ਹੈ। ਵਿਦਵਾਨ ਖੋਜੀ ਦੀ ਪ੍ਰਾਪਤੀ ਹੈ ਕਿ ਉਸ ਨੇ ਪੰਜਾਬੀ ਸੱਭਿਆਚਾਰ ਦੇ ਪ੍ਰਗਟਾਵੇ ਦੀ ਪ੍ਰਸੰਗ ਸਥਿਤੀ ਅਤੇ ਪਾਸਾਰ ਸੀਮਾ ਨੂੰ ਕੇਵਲ ਪੰਜਾਬ ਤਕ ਸੀਮਤ ਨਾ ਕਰਕੇ ਹਰਿਆਣਾ ਖੇਤਰ ਦੇ ਪੰਜਾਬੀ ਸੱਭਿਆਚਾਰ ਸਰੋਕਾਰਾਂ ਨੂੰ ਵੀ ਖ਼ੂਬ ਤਨਦੇਹੀ ਨਾਲ ਘੋਖਿਆ-ਪਰਖਿਆ ਅਤੇ ਪ੍ਰਗਟਾਇਆ ਹੈ। ਇਸ ਸਮੁੱਚੇ ਵਿਵਰਣ ਲਈ ਡਾ. ਗਾਸੋ ਨੇ ਪੁਸਤਕ ਨੂੰ ਸਤਾਰਾਂ ਕਾਂਡਾਂ ਵਿਚ ਵੰਡਿਆ ਹੈ ਅਤੇ ਕਿਸੇ ਵੀ ਖਿੱਤੇ ਦੇ ਸੱਭਿਆਚਾਰ ਦੇ ਬੁਨਿਆਦੀ ਨੁਕਤਿਆਂ, ਹਵਾਲਿਆਂ ਅਤੇ ਪ੍ਰਗਟਾਅ-ਸੰਦਰਭਾਂ ਨੂੰ, ਵਿਸ਼ੇਸ਼ ਕਰਕੇ ਪੰਜਾਬੀ ਸੱਭਿਆਚਾਰ ਦੀ ਪ੍ਰਸੰਗਤਾ ਵਿਚ ਰੱਖ ਕੇ ਤੁਲਨਾਤਮਕ ਦ੍ਰਿਸ਼ਟੀ ਦੇ ਤਹਿਤ ਪ੍ਰਾਪਤ ਸਿੱਟਿਆਂ ਦੀ ਸਥਾਪਨਾ ਕੀਤੀ ਹੈ।

ਡਾ. ਗਾਸੋ ਦਾ ਬੜਾ ਸਰਲ ਤੇ ਸਪੱਸ਼ਟ ਵਿਚਾਰ ਹੈ ਕਿ ਸੱਭਿਆਚਾਰ ਮਨੁੱਖ ਦੀ ਅਗਿਆਨ ਤੋਂ ਗਿਆਨ ਵੱਲ ਦੀ ਯਾਤਰਾ ਹੈ। ਉਸ ਦਾ ਨਿਰਣਾ ਹੈ ਕਿ ਪੰਜਾਬੀ ਸੱਭਿਆਚਾਰ, ਗ਼ੈਰ-ਫਿਰਕੂ, ਮਾਨਵਵਾਦੀ, ਵਿਵੇਕਸ਼ੀਲ, ਵਰਤਮਾਨਮੁਖੀ, ਉੱਚ ਨੈਤਿਕਤਾ ਆਧਾਰਿਤ, ਤਰਕਸ਼ੀਲ, ਭੈ-ਰਹਿਤ, ਕਲਿਆਣਕਾਰੀ, ਭਵਿੱਖਮੁਖੀ, ਹਰ ਕਿਸਮ ਦੇ ਸ਼ੋਸ਼ਣ ਅਤੇ ਜ਼ੁਲਮ ਦੇ ਖ਼ਿਲਾਫ਼ ਅੜਣ ਤੇ ਲੜਨ ਵਾਲਾ, ਸੁਹਜ-ਸੰਪੰਨ, ਕਿਰਤ ਆਧਾਰਿਤ ਅਤੇ ਵਿਸ਼ਾਲ ਦ੍ਰਿਸ਼ਟੀ ਨੂੰ ਅਪਣਾਇਆ ਹੋਇਆ ਸੱਭਿਆਚਾਰ ਹੈ।

ਪੁਸਤਕ ਦੀ ਵਿਸ਼ੇਸ਼ ਪ੍ਰਾਪਤੀ ਪਾਠਕ ਨੂੰ ਉਦੋਂ ਪ੍ਰਗਟ ਹੁੰਦੀ ਹੈ, ਜਦੋਂ ਡਾ. ਗਾਸੋ ਪੰਜਾਬੀ ਸੱਭਿਆਚਾਰ ਦੇ ਪਛਾਣ ਚਿੰਨ੍ਹਾਂ ਦੀ ਨਿਸ਼ਾਨਦੇਹੀ ਕਰਕੇ, ਉਸ ਦੀ ਪ੍ਰਾਚੀਨਤਾ ਨੂੰ ਘੋਖ ਕੇ, ਫਿਰ ਮੱਧਕਾਲ ਅਤੇ ਉਸ ਉਪਰੰਤ ਹੋਏ ਰੂਪਾਂਤਰਣ ਦੀਆਂ ਪ੍ਰਸਥਿਤੀਆਂ ਨੂੰ ਨਿਰਧਾਰਿਤ ਕਰਦਾ ਹੈ ਅਤੇ ਨੱਚਦੇ ਗਾਉਂਦੇ ਤੇ ਹੱਸਦੇ ਸੱਭਿਆਚਾਰਕ ਪਹਿਲੂਆਂ ਨੂੰ ਵੀ ਪਾਠਕਾਂ ਦੇ ਸਨਮੁੱਖ ਕਰਦਾ ਹੈ। ਲੇਖਕ ਦੇ ਪ੍ਰਗਟਾਅ-ਸੰਦਰਭ ਦੇ ਪੁਖਤਾ ਪਹਿਲੂ ਉਦੋਂ ਵੀ ਸਪੱਸ਼ਟ ਭਾਂਤ ਦ੍ਰਿਸ਼ਟੀ ਗੋਚਰ ਹੁੰਦੇ ਹਨ, ਜਦੋਂ ਇਹ ਵਿਦਵਾਨ 'ਸੱਭਿਆਚਾਰਕ ਚੇਤਨਾ ਦੀ ਯਾਤਰਾ', 'ਨਾਇਕਮੁਖੀ ਪੰਜਾਬੀ ਸੱਭਿਆਚਾਰ', 'ਪੰਜਾਬੀ ਸੱਭਿਆਚਾਰ ਸੁਹਜਾਤਮਕ ਅਤੇ ਕਲਾਤਮਕ ਪਹਿਲੂ', 'ਵਿਸ਼ਵੀਕਰਨ ਅਤੇ ਪੰਜਾਬੀ ਸੱਭਿਆਚਾਰ' ਆਦਿ ਅਧਿਆਇ ਵਿਚ ਗੂਹੜ-ਗਿਆਨ ਨੂੰ ਪ੍ਰਗਟ ਕਰਦਾ ਹੈ।

ਪੰਜਾਬੀ ਸੱਭਿਆਚਾਰ ਦੇ ਵਿਸ਼ਵ ਭਾਈਚਾਰੇ ਵਿਚ ਪਾਏ ਹੋਏ ਵੱਡਮੁੱਲੇ ਯੋਗਦਾਨ, ਇਸ ਦੀ ਵਿਲੱਖਣਤਾ ਅਤੇ ਪੰਜਾਬੀਅਤ ਦੇ ਉਘੜਵੇਂ ਚਿੰਨ੍ਹਾਂ ਦੇ ਵਿਖਿਆਨ ਸਮੇਂ ਡਾ. ਗਾਸੋ ਤਹਿ-ਦਰ-ਤਹਿ ਤਕ ਉਤਰ ਗਿਆ ਪ੍ਰਤੀਤ ਹੁੰਦਾ ਹੈ। ਲੇਖਕ ਦੀ ਖੋਜ-ਮੂਲਕ ਪ੍ਰਾਪਤੀ ਹੈ ਕਿ ਉਸ ਨੇ 'ਸੱਭਿਆਚਾਰ ਦੀ ਗ਼ੈਰ-ਹਾਜ਼ਰੀ', 'ਹਨ੍ਹੇਰੇ ਤੋਂ ਰੌਸ਼ਨੀ ਵੱਲ' ਅਤੇ 'ਹਰਿਆਣੇ ਦੀ ਲੋਕ-ਸੰਸਕ੍ਰਿਤੀ ਅਤੇ ਪੰਜਾਬੀ ਸੱਭਿਆਚਾਰ' ਸਿਰਲੇਖ ਤਹਿਤ ਮੂਲੋਂ ਹੀ ਨਵੀਨ ਜਾਣਕਾਰੀ ਭਰਪੂਰ ਅਧਿਆਇ ਇਸ ਪੁਸਤਕ ਦਾ ਅੰਗ ਬਣਾਏ ਹਨ। ਪੰਜਾਬੀ ਵਿਚ ਪ੍ਰਯੋਗ ਹੋ ਰਹੇ ਸ਼ਬਦ ਅਤੇ ਹਰਿਆਣਵੀ ਵਿਚ ਪ੍ਰਯੋਗ ਹੋ ਰਹੇ ਸ਼ਬਦਾਂ ਦੀ ਘੋਖਵੀਂ ਸੂਚੀ ਵਿਚੋਂ ਪ੍ਰਗਟ ਹੁੰਦੀ ਸਾਂਝ-ਭਿਆਲੀ ਅਤੇ ਅਰਥ-ਸੰਚਾਰ ਦੀ ਸਮਰੂਪਤਾ ਪੰਜਾਬ ਅਤੇ ਹਰਿਆਣਾ-ਖੇਤਰ ਦੀ ਪੀੜ੍ਹੀਆਂ ਤੋਂ ਚਲੀ ਆ ਰਹੀ ਸਾਂਝ ਅਤੇ ਪਿਆਰ ਦੀ ਸੂਚਕ ਤਾਂ ਹੈ ਹੀ ਨਾਲ-ਨਾਲ ਸਾਂਝੀ ਭਾਸ਼ਾ ਅਤੇ ਸਾਂਝੇ ਸੱਭਿਆਚਾਰ ਦੀ ਪ੍ਰਤੀਕ ਵੀ ਹੋ ਨਿੱਬੜੀ ਹੈ।

ਪੁਸਤਕ ਦੀ ਹੋਰ ਖ਼ੂਬੀ ਇਹ ਵੀ ਹੈ ਕਿ ਲੇਖਕ ਨੇ ਆਪਣੇ ਮੌਲਿਕ-ਖੋਜ-ਸਿੱਟਿਆਂ ਦੀ ਸਥਾਪਤੀ ਲਈ ਜਿਥੇ ਲੋਕ-ਸਾਹਿਤ ਦੇ ਪੁਖਤਾ ਹਵਾਲਿਆਂ ਦੀ ਜੁਗਤ ਧਾਰਨ ਕੀਤੀ ਹੈ, ਉਥੇ ਗੁਰਮਤਿ-ਸਾਹਿਤ, ਸੂਫ਼ੀ-ਸਾਹਿਤ, ਕਿੱਸਾ-ਸਾਹਿਤ ਅਤੇ ਆਧੁਨਿਕ-ਸਾਹਿਤ ਦੇ ਹਵਾਲੇ ਵੀ ਦਿਤੇ ਹਨ, ਜਿਨ੍ਹਾਂ ਤੋਂ ਪੰਜਾਬੀ ਸਾਹਿਤ ਦੇ ਮੂਲ-ਵਿਧਾਨ ਅਤੇ ਵਰਤਾਰੇ ਦਾ ਸਪੱਸ਼ਟ-ਭਾਂਤ ਬੋਧ ਹੋ ਜਾਂਦਾ ਹੈ। ਉਰਦੂ, ਅੰਗਰੇਜ਼ੀ ਜਾਂ ਹੋਰ ਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ ਵੀ ਲੇਖਕ ਕੋਲੋਂ ਸਹਿਜ-ਭਾਵ ਹੋ ਗਈ ਹੈ। ਇਹ ਸਾਰੇ ਗੁਣ ਪੰਜਾਬੀ-ਸੱਭਿਆਚਾਰ ਦੀ ਵਿਸ਼ਾਲਤਾ ਅਤੇ ਉਸ ਦੀ ਸਮੋਣ ਸ਼ਕਤੀ ਦਾ ਸੂਚਕ ਵੀ ਹਨ। ਸੱਚਮੁਚ ਇਹ ਪੁਸਤਕ ਪੰਜਾਬੀ ਸੱਭਿਆਚਾਰ ਦੀ ਵੱਖਰੀ ਪਛਾਣ ਤਾਂ ਕਰਾਉਂਦੀ ਹੈ, ਨਾਲ ਦੀ ਨਾਲ ਸਮੁੱਚੇ ਭਾਰਤੀ ਸੱਭਿਆਚਾਰ ਦੇ ਮਹੱਤਵਪੂਰਨ ਪਹਿਲੂਆਂ ਅਤੇ ਗੌਰਵਮਈ ਵਿਸ਼ੇਸ਼ਤਾਵਾਂ ਦਾ ਪ੍ਰਗਟਾਵਾ ਵੀ ਕਰਦੀ ਹੈ। ਪੁਸਤਕ ਦੇ ਅੰਤਮ ਪੰਨਿਆਂ ਉਤੇ ਅੰਕਿਤ, ਪੰਜਾਬੀ, ਹਿੰਦੀ, ਅੰਗਰੇਜ਼ੀ ਆਦਿ ਭਾਸ਼ਾਵਾਂ ਦੀਆਂ ਅਨਮੋਲ ਹਵਾਲਾ-ਪੁਸਤਕਾਂ, ਦੁਰਲਭ ਗ੍ਰੰਥਾਂ ਅਤੇ ਖੋਜ ਰਿਸਾਲਿਆਂ ਦੀ ਸੂਚੀ ਵੀ ਪਾਠਕਾਂ ਅਤੇ ਖੋਜੀਆਂ ਲਈ ਲਾਭਕਾਰੀ ਸਾਬਤ ਹੋ ਸਕਦੀ ਹੈ। ਨਿਰਸੰਦੇਹ, ਇਹ ਪੁਸਤਕ ਇਕ ਮਿਆਰੀ ਖੋਜ ਪੁਸਤਕ ਹੈ।

*- ਪਰਮਜੀਤ ਕੌਰ ਨੂਰ*

**ਪੁਸਤਕ : ਇਸ਼ਤਿਹਾਰ ਧੁੱਪ-ਛਾਂ ਦੇ**
**ਲੇਖਕ : ਕਸ਼ਮੀਰ ਸਿੰਘ ਪੰਨੂੰ**
**ਪੰਨੇ : 120, ਮੁੱਲ : 150 ਰੁਪਏ**
**ਪ੍ਰਕਾਸ਼ਕ: ਲੋਕ ਪ੍ਰਕਾਸ਼ਨ, ਚੰਡੀਗੜ੍ਹ**

'ਇਸ਼ਤਿਹਾਰ ਧੁੱਪ-ਛਾਂ ਦੇ' ਪੁਸਤਕ ਕਹਾਣੀਕਾਰ ਤੇ ਵਾਰਤਕਕਾਰ ਕਸ਼ਮੀਰ ਸਿੰਘ ਪੰਨੂੰ ਲਿਖਤ ਸ਼ਬਦ ਚਿਤਰਾਂ ਦਾ ਸੰਗ੍ਰਹਿ ਹੈ। ਜਿਸ ਵਿਚ ਵੱਖ-ਵੱਖ ਸ਼ਖ਼ਸੀਅਤਾਂ ਦੇ ਅੱਠ ਰੇਖਾ ਚਿੱਤਰ ਹਨ। ਆਰੰਭ ਵਿਚ ਜਸਬੀਰ ਭੁੱਲਰ ਵੱਲੋਂ ਪੁਸਤਕ

ਬਾਰੇ ਤੇ ਲੇਖਕ ਬਾਰੇ ਅਤੇ ਲੇਖਕ ਨਾਲ ਹੋਏ ਹਾਦਸਿਆਂ ਪਿੱਛੋਂ ਉਸ ਦੀ ਆਪਣੇ ਰਚਨਾ ਸੰਸਾਰ ਨਾਲ ਫਿਰ ਤੋਂ ਰੂਬਰੂ ਹੋਣ ਦੇ ਨਵੇਂ ਪਹੁ-ਫੁਟਾਲੇ ਦੀ ਰੰਗਤ ਬਾਰੇ ਕੁਝ ਸ਼ਬਦ ਹਨ। ਲੇਖਕ ਨੇ ਆਪਣੇ ਨਾਲ ਉੱਤੋਂ-ਤਿੱੜੀ ਹੋਏ ਹਾਦਸਿਆਂ ਦੇ ਵਿਸਥਾਰ ਨੂੰ ਪੜ੍ਹਨ ਪਿੱਛੋਂ ਪਾਠਕ ਲੇਖਕ ਪੰਨੂੰ ਦੀ ਕਲਮ ਦੀ ਬਾਰੀਕਬੀਨੀ, ਸੰਵੇਦਨਾਤਮਕ ਤੇ ਸਮਰੱਥਾ ਦੇਖ ਕੇ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿੰਦਾ। ਕਲਮ ਦਾ ਨਿਵੇਕਲਾਪਣ ਟੁੰਬਦਾ ਹੈ।

ਪਹਿਲਾ ਰੇਖਾ ਚਿੱਤਰ ਅੰਮ੍ਰਿਤਾ ਪ੍ਰੀਤਮ ਬਾਰੇ ਹੈ। ਉਹ ਅੰਮ੍ਰਿਤਾ ਦੇ ਆਪਣੇ ਨਾਲ ਸੰਬੰਧਿਤ ਪਲਾਂ ਦੇ ਕੋਣਾਂ 'ਤੇ ਰੋਸ਼ਨੀ ਪਾਉਂਦਾ ਉਸ ਦੀ ਸ਼ਖ਼ਸੀਅਤ ਦੇ ਕਈ ਉਹ ਪੱਖ ਵੀ ਉਭਾਰਦਾ ਹੈ ਜੋ ਆਮ ਤੌਰ ਤੇ ਪਹਿਲਾਂ ਨਹੀਂ ਲਿਖੇ ਗਏ। ਉਸ ਕੋਲੋਂ ਖਾਧੀਆਂ ਮਿੱਠੀਆਂ ਝਿੜਕਾਂ ਨੂੰ ਲੇਖਕ ਮਾਣਦਾ ਹੈ ਤੇ ਆਪਣੇ ਲੇਖਕ ਵਜੋਂ ਉਭਾਰੇ ਜਾਣ ਦਾ ਸਿਹਰਾ ਅੰਮ੍ਰਿਤਾ ਨੂੰ ਹੀ ਦਿੰਦਾ ਹੈ। ਦੂਜਾ ਲੇਖ, ਨਾਮਵਰ ਸ਼ਾਇਰ ਸ.ਸ. ਮੀਸ਼ਾ ਦੀ ਪਤਨੀ ਬਾਰੇ ਹੈ। ਲੇਖਕਾਂ ਦੇ ਰੇਖਾ ਚਿੱਤਰ ਤਾਂ ਬਹੁਤ ਲੋਕ ਲਿਖਦੇ ਹਨ, ਪਰ ਉਨ੍ਹਾਂ ਦੀਆਂ ਪਤਨੀਆਂ ਜੋ ਉਨ੍ਹਾਂ ਦੇ ਵੰਨ-ਸੁਵੰਨੇ ਸੁਭਾਵਾਂ ਨਾਲ ਨਿਭਦੀਆਂ ਘਰਾਂ ਦੀ ਸਾਰੀ ਜ਼ਿੰਮੇਵਾਰੀ ਚੁੱਕੀ ਫਿਰਦੀਆਂ ਹਨ, ਬਾਰੇ ਘੱਟ ਹੀ ਪਤਾ ਲਗਦਾ ਹੈ।

ਇਸ ਤਰ੍ਹਾਂ ਦਾ ਇਕ ਹੋਰ ਲੇਖ ਵੀ ਇਸ ਪੁਸਤਕ ਵਿਚ ਹੈ, 'ਇਕਹਿਰੇ ਸਫ਼ਰ : ਮਹਿੰਦਰ ਭਗਵੰਤ ਦੇ'। ਅਜਿਹੇ ਲੇਖਾਂ ਵਿਚ ਉਨ੍ਹਾਂ ਲੇਖਕਾਂ ਦੀ ਸ਼ਖ਼ਸੀਅਤ ਦੇ ਉਹਲਿਆਂ ਵਿਚ ਪਾਠਕ ਦੀ ਝਾਤੀ ਮਰਵਾਈ ਗਈ ਹੈ ਤੇ ਨਾਲ ਹੀ ਇਹ ਵੀ ਪਤਾ ਲਗਦਾ ਹੈ ਕਿ ਪਤਨੀਆਂ ਨੂੰ ਆਪਣੇ ਲੇਖਕ ਪਤੀਆਂ ਦਾ ਕਿੰਨਾ ਕੁ ਸਾਥ ਮਿਲਦਾ ਹੈ ਤੇ ਉਹ ਉਨ੍ਹਾਂ ਨਾਲ ਵਰ੍ਹਿਆਂ ਬੱਧੀ ਜੀਂਦੀਆਂ, ਉਨ੍ਹਾਂ ਦੀ ਰਚਨਾਤਮਕਤਾ ਦੀਆਂ ਗਵਾਹ ਹੁੰਦੀਆਂ ਹਨ, ਕਿੰਜ ਉਨ੍ਹਾਂ ਨੂੰ ਸਹਾਰਾ ਵੀ ਦੇਈ ਰੱਖਦੀਆਂ ਹਨ। ਨਾਲ ਹੀ ਇਹ ਵੀ ਕਿ ਇਨ੍ਹਾਂ ਲੇਖਕਾਂ ਦਾ ਆਪਣੇ ਪਰਿਵਾਰਾਂ ਪ੍ਰਤਿ ਵਤੀਰਾ ਕਿਸ ਤਰ੍ਹਾਂ ਦਾ ਹੈ। ਇਕ ਲੇਖ ਪੰਜਾਬੀ ਦੇ ਮਸ਼ਹੂਰ ਕਹਾਣੀਕਾਰ ਮਰਹੂਮ ਕੁਲਵੰਤ ਸਿੰਘ ਵਿਰਕ ਸੰਬੰਧੀ ਹੈ ਜੋ ਵਿਰਕ ਦੀ ਬਿਨਾਂ ਕਿਸੇ ਲੱਗ ਲਬੇੜ ਜਾਂ ਸਿਆਸਤ ਦੇ ਆਪਣੇ ਕੰਮ ਵਿਚ ਮਗਨ ਦਰਸਾਉਂਦਾ ਹੈ। ਲੇਖਕ ਵਿਰਕ ਨੂੰ 'ਗੋਲਾ ਕਬੂਤਰ : ਕੁਲਵੰਤ ਸਿੰਘ ਵਿਰਕ' ਲਿਖਿਆ ਹੈ। ਤਿੰਨ ਹੋਰ ਆਪਣੇ ਖੇਤਰ ਵਿਚ ਚਰਚਿਤ ਰਚਨਾਕਾਰਾਂ ਪ੍ਰੀਤਮ ਸਿੰਘ ਆਈ ਏ ਐੱਸ, ਰਾਜਿੰਦਰ ਸਿੰਘ ਭਸੀਨ ਤੇ ਹਰਸਰਨ ਸਿੰਘ ਬਾਰੇ ਹਨ। ਇਨ੍ਹਾਂ ਸ਼ਖ਼ਸੀਅਤਾਂ ਦੇ ਵਰਨਣ ਵਿਚ ਵੀ ਲੇਖਕ ਦੇ ਮਨ ਦੀ ਸੁਹਿਰਦਤਾ ਤੇ ਕਲਮ ਦੀ ਬੇਬਾਕੀ ਉੱਭਰ ਕੇ ਆਉਂਦੀ ਹੈ। ਇਕ ਹੋਰ ਲੇਖ 'ਸਾਹਿਤ ਦਾ ਮਸੀਹਾ – ਗਿਆਨੀ ਜ਼ੈਲ ਸਿੰਘ' ਪੰਜਾਬ ਦੇ ਮੁੱਖ ਮੰਤਰੀ ਤੇ ਭਾਰਤ ਦੀ ਰਾਸ਼ਟਰਪਤੀ ਰਹੀ ਜਾਣੀ-ਪਛਾਣੀ ਸ਼ਖ਼ਸੀਅਤ ਬਾਰੇ ਹੈ। ਉਸ ਨੇ ਬੜੇ ਹੀ ਨਾਟਕੀ ਪਰ ਸਚਾਈ ਭਰੇ ਅੰਦਾਜ਼ ਵਿਚ ਗਿਆਨੀ ਜ਼ੈਲ ਸਿੰਘ ਦੀ ਸ਼ਖ਼ਸੀਅਤ ਦੇ ਲੁਕਵੇਂ ਪੱਖ ਨੂੰ ਉਘੇੜਿਆ ਹੈ ਕਿ ਉਹ ਕਿਸੇ ਲੇਖਕ ਦੀ ਮਦਦ ਕਰਨ ਵਾਸਤੇ ਆਪਣੇ ਵੱਡੇ ਤੋਂ ਵੱਡੇ ਅਫ਼ਸਰ ਦੇ ਬਿਆਨ ਨੂੰ ਵੀ ਅਣਗੌਲਿਆ ਕਰ ਦਿੰਦਾ ਸੀ। ਪੰਨੂੰ ਨੂੰ ਵੀ ਉਸ ਦੀਆਂ ਹੋਈਆਂ ਭਿਆਨਕ ਦੁਰਘਟਨਾਵਾਂ ਕਾਰਨ ਸਰੀਰਕ ਪੱਖੋਂ ਕੰਮ ਕਰਨ ਦੇ ਯੋਗ ਨਾ ਹੁੰਦਿਆਂ ਉਸ ਦੇ ਅਫ਼ਸਰ ਤੇ ਮਹਿਕਮੇ ਵਾਲੇ ਹੋਰ ਲੋਕ ਨੌਕਰੀਉਂ ਕੱਢਣਾ ਚਾਹੁੰਦੇ ਸਨ ਜਿਵੇਂ ਕਿ ਸਾਡੇ ਲੋਕਾਂ ਦੇ ਸੁਭਾਅ ਆਮ ਤੌਰ ਤੇ ਹੁੰਦੇ ਹਨ ਪਰ ਗਿਆਨੀ ਜ਼ੈਲ ਸਿੰਘ ਉਸ ਨੂੰ ਉਸ ਦੇ ਲੇਖਕ ਹੋਣ ਦੇ ਨਾਤੇ ਹੀ ਉਸ ਨਾਲ ਹੋਣ ਵਾਲੀ ਜ਼ਿਆਦਤੀ ਤੋਂ ਬਚਾ ਲੈਂਦਾ ਹੈ। ਸੱਚਮੁਚ ਅਜਿਹੇ ਮਨੁੱਖ ਘੱਟ ਹੀ ਹੁੰਦੇ ਹਨ।

ਆਖ਼ਰ 'ਤੇ ਇਕ ਲੇਖ 'ਮੈਂ ਤੇ ਮੈਂ' ਵਿਚ ਕਸ਼ਮੀਰ ਸਿੰਘ ਪੰਨੂੰ ਨੂੰ ਆਪਣੇ ਆਪ ਨੂੰ ਵੀ ਉਸੇ ਬੇਬਾਕੀ ਤੇ ਸਚਾਈ ਨਾਲ ਚਿਤਰਿਆ ਹੈ, ਜਿਸ ਨਾਲ ਉਹ ਦੂਜਿਆਂ ਨੂੰ ਦਿਖਾਉਂਦਾ ਹੈ। ਉਸ ਦੀ ਇਸ ਸਵੈ-ਜੀਵਨੀ ਨੁਮਾ ਵਾਰਤਾ ਵਿਚ ਕਈ ਤਰ੍ਹਾਂ ਦੇ ਇਨਸਾਨਾਂ ਦੇ ਰਿਸ਼ਤਿਆਂ ਦੇ ਤੇ ਕਿਰਦਾਰਾਂ ਦੇ ਪਰਦੇ ਖੁੱਲ੍ਹਦੇ ਹਨ। ਲੇਖਕ ਆਪਣੇ ਆਪ ਦਾ ਵੀ ਲਿਹਾਜ਼ ਨਹੀਂ ਕਰਦਾ, ਨਾ ਹੀ ਆਪਣੇ ਬਾਰੇ ਕੋਈ ਲੁਕ-ਲੁਕਾ ਵਾਲਾ ਓਹਲਾ ਸਿਰਜਦਾ ਹੈ।

ਹਥਲੀ ਵਾਰਤਕ ਪੁਸਤਕ ਪੜ੍ਹਦਿਆਂ ਪੰਨੂੰ ਦਾ ਕਿਸੇ ਵੀ ਗੱਲ, ਘਟਨਾ ਜਾਂ ਵਿਅਕਤੀ ਨੂੰ ਬਿਆਨ ਕਰਨ ਦਾ ਇਕ ਖ਼ਾਸ ਅੰਦਾਜ਼ ਸਾਹਮਣੇ ਆਉਂਦਾ ਹੈ। ਉਹ ਕਿਸੇ ਦੇ ਕਿਸੇ ਇਕ ਵਾਕ, ਸ਼ਬਦ ਜਾਂ ਇਸ਼ਾਰੇ ਮਾਤਰ ਦੀ ਕੰਨੀ ਪਕੜ ਕੇ, ਉਸ ਦੇ ਅੰਦਰਲੀਆਂ ਕੰਦਰਾਂ ਦੀ ਅਸਲੀਅਤ, ਆਪਣੇ ਹੀ ਅੰਦਾਜ਼ ਵਿਚ ਬਿਆਨ ਕਰਨ ਲਗਦਾ ਹੈ ਤੇ ਇਕ ਇਕ ਪਲ ਨੂੰ ਬੇਹੱਦ ਖ਼ੂਬਸੂਰਤੀ ਨਾਲ ਬਿਆਨ ਕਰਦਾ ਹੈ। ਇਸ ਤਰ੍ਹਾਂ ਉਹ ਵਾਰਤਕ ਵਿਚ ਬਹੁਤ ਮਿੱਠਾ-ਮਿੱਠਾ ਤੇ ਉਤਸੁਕਤਾ ਭਰਪੂਰ ਬਣਾ ਲੈਂਦਾ ਹੈ। ਕਹਾਣੀ ਰਸ ਪੈਦਾ ਕਰਦਾ ਹੈ ਤੇ ਫਿਰ ਅਣਗੌਲੇ ਪਾਤਰਾਂ ਨੂੰ ਵੀ ਮਹੱਤਵਪੂਰਨ ਬਣਾ ਦਿੰਦਾ ਹੈ।

ਕੁਲ ਮਿਲਾ ਕੇ 'ਇਸ਼ਤਿਹਾਰ ਧੁੱਪ-ਛਾਂ ਦੇ' ਵਿਚਲੇ ਲੇਖ, ਕਸ਼ਮੀਰ ਸਿੰਘ ਪੰਨੂੰ ਨੂੰ ਇਕ ਨਿਵੇਕਲੇ ਸੁਹਿਰਦ, ਸੰਵੇਦਨਸ਼ੀਲ ਪਰ ਬੇਬਾਕ ਤੇ ਸਮਰੱਥ ਕਲਾਕਾਰ ਵਜੋਂ ਚਿਤਰਦੇ ਉਸ ਦੀ ਰਚਨਾਤਮਕ ਪ੍ਰਤਿਭਾ ਦਾ ਇਕ ਖ਼ੂਬਸੂਰਤ ਤੇ ਬੇਜੋੜ ਰੰਗ ਪੇਸ਼ ਕਰਦੇ ਹਨ। ਹਾਦਸੇ ਕਿਸੇ ਨੂੰ ਨਹੀਂ ਬਖ਼ਸ਼ਦੇ, ਪਰ ਅਜਿਹੀ ਕਲਮ ਦੇ ਧਨੀ ਵਿਅਕਤੀ ਨੂੰ ਉਸ ਦੀ ਲਿਖਣ ਸ਼ਕਤੀ, ਕੁਦਰਤ, ਪਹਿਲਾਂ ਵਾਂਗ ਹੀ, ਦੇਵੇ, ਇਨ੍ਹਾਂ ਸ਼ੁਭ ਇੱਛਾਵਾਂ ਨਾਲ ਪੁਸਤਕ ਦਾ ਸਵਾਗਤ ਹੈ।

*– ਅਰਤਿੰਦਰ ਸੰਧੂ*

***ਸਫ਼ਾ 69 ਦੀ ਬਾਕੀ***

ਵਿਗਿਆਨਕਾਂ ਨੇ ਉਨ੍ਹਾਂ ਵਿਚ ਡਾਇਬਟੀਜ਼ ਰੋਕੂ ਗੁਣ ਹੋਣ ਦੀ ਪੁਸ਼ਟੀ ਕੀਤੀ ਹੈ। ਪਰ ਇਹ ਗੁਣ ਅਜਿਹੇ ਨਹੀਂ ਹਨ ਕਿ ਇਕੱਲਿਆਂ ਉਨ੍ਹਾਂ ਦੀ ਮਦਦ ਨਾਲ ਬਲੱਡ ਸ਼ੂਗਰ ਸੰਤੁਲਿਤ ਹੋ ਜਾਵੇ। ਇਸ ਲਈ ਵਰਤਮਾਨ ਜਾਣਕਾਰੀ ਦੇ ਆਧਾਰ 'ਤੇ ਉਨ੍ਹਾਂ ਨੂੰ ਸ਼ੂਗਰ ਔਸ਼ਧੀ ਦੇ ਬਦਲ ਵਜੋਂ ਦੇਖਣਾ ਉੱਚਿਤ ਨਹੀਂ ਹੋਵੇਗਾ। ਉਨ੍ਹਾਂ ਦੀ ਵਰਤੋਂ ਭੋਜਨ ਤੋਂ ਬਾਦ ਬਲੱਡ ਸ਼ੂਗਰ ਨੂੰ ਕਿਸੇ ਹੱਦ ਤਕ ਨਿਯਮਤ ਕਰਨ ਤਕ ਸੀਮਤ ਹੈ।

*ਪ੍ਰਸ਼ਨ : ਵਿਜਯਸਾਰ ਬਾਰੇ ਤੁਹਾਡੀ ਕੀ ਰਾਇ ਹੈ?*

ਉੱਤਰ : ਇਹ ਡੂੰਘੀ ਦਿਲਚਸਪੀ ਦਾ ਵਿਸ਼ਾ ਹੈ। ਵਿਜਯਸਾਰ ਯਾਨੀ ਪੇਟ੍ਰੋਕਾਰਪਸ ਮਾਰਸੁਪਿਅਮ ਮੱਧ ਪ੍ਰਦੇਸ਼ ਵਿਚ ਉੱਗਣ ਵਾਲੀ ਬੂਟੀ ਹੈ। ਆਯੁਰਵੇਦ ਉਸ ਨੂੰ ਸ਼ੂਗਰ ਵਿਚ ਫਾਇਦੇਮੰਦ ਮੰਨਦਾ ਹੈ। ਉਸ ਤੋਂ ਬਣੇ ਵਰਤਨ ਵਿਚ ਰੱਖਿਆ ਪਾਣੀ ਅਤੇ ਉਸ ਦਾ ਪਾਊਡਰ ਨੇਮ ਨਾਲ ਲੈਣ ਨਾਲ ਬਲੱਡ ਸ਼ੂਗਰ ਉਤੇ ਢੁੱਕਵਾਂ ਅਸਰ ਦੇਖਿਆ ਗਿਆ ਹੈ।

*(ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਿਤ ਪੁਸਤਕ 'ਡਾਇਬਟੀਜ਼ ਦੇ ਨਾਲ ਜੀਣ ਦੀ ਕਲਾ ਵਿਚੋਂ)*